



ਟੈਗੋਰ-ਤ੍ਰਿਬੈਣੀ

ਪਿਆਰਾ ਸਿੰਘ ਪਦਮ

ਟੈਗੋਰ ਤ੍ਰਿਬੈਣੀ – ਪ੍ਰੋ. ਪਿਆਰਾ ਸਿੰਘ ਪਦਮ

ਕਲਮ ਮੰਦਿਰ ਲੋਅਰਮਾਲ, ਪਟਿਆਲਾ।



ਇਸੇ ਕਲਮ ਤੋਂ ....

ਗੁਰੂ ਘਰ, ਗੁਰੂ ਨਾਨਕ ਸਾਗਰ, ਗੋਬਿੰਦ ਸਾਗਰ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਦਸਮ ਗ੍ਰੰਥ ਦਰਸ਼ਨ, ਦਰਬਾਰੀ ਰਤਨ, ਸੰਖੇਪ ਸਿੱਖ ਇਤਿਹਾਸ, ਸਿੱਖ ਸੰਪ੍ਰਦਾਵਲੀ, ਸਿੱਖ ਗ੍ਰੰਥਾਵਲੀ, ਰਹਿਤਨਾਮੇ, ਤੇਗ ਬਹਾਦਰ ਸਿਮਰੀਐ, ਕਲਾਮ ਭਾ. ਨੰਦ ਲਾਲ, ਜ਼ਫਰਨਾਮਾ, ਗੁਰੂ ਕੀਆਂ ਸਾਖੀਆਂ, ਪ੍ਰਾਚੀਨ ਸੌ ਸਾਖੀ, ਚਾਰ ਸਾਹਿਬਜ਼ਾਦੇ, ਸਾਡੇ ਗੁਰਦੇਵ, ਪੰਜ ਦਰਿਆ, ਪੰਜਾਬੀ ਬੋਲੀ ਦਾ ਇਤਿਹਾਸ, ਪੰਜਾਬੀ ਬਾਰਾਂਮਾਹੇ, ਪੰਜਾਬੀ ਵਾਰਾਂ, ਪੰਜਾਬੀ ਮਾਝਾਂ ਤੇ ਆਸਾਵਰੀਆਂ, ਪੰਜਾਬੀ ਜੰਞਾਂ, ਪੰਜਾਬੀ ਝਗੜੇ, ਪੰਜਾਬੀ ਸਾਹਿਤ ਦੀ ਰੂਪ ਰੇਖਾ, ਗੁਰਮੁਖੀ ਲਿਪੀ ਦਾ ਇਤਿਹਾਸ, ਸੂਫੀ ਕਾਵਿਧਾਰਾ, ਹਾਸ਼ਮ ਰਚਨਾਵਲੀ, ਖਲੀਲ ਜਿਬ੍ਰਾਨ ਦੇ ਬਚਨ ਬਿਲਾਸ, ਮਿਰਜ਼ੇ ਦੀਆਂ ਸੱਦਾਂ, ਪੁਸ਼ਪਾਂਜਲੀ, ਪ੍ਰਾਚੀਨ ਪੰਜਾਬੀ ਗੱਦ, ਕਲਮ ਦੇ ਧਨੀ, ਗੁਰੂ ਗ੍ਰੰਥ ਮਹਿਮਾ ਕੋਸ਼, ਗੁਰੂ ਗ੍ਰੰਥ ਵਿਚਾਰ ਕੋਸ਼, ਗੁਰੂ ਗ੍ਰੰਥ ਸੰਕੇਤ ਕੋਸ਼, ਮਹਾਤਮਾ ਸੰਤਰੇਣ, ਬੋਲੈ ਸ਼ੇਖ ਫਰੀਦ, ਮਹਾਂਕਵੀ ਸੰਤੋਖ ਸਿੰਘ, ਹਿੰਦੁਸਤਾਨੀ ਕਲਾ, ਹਿੰ. ਕਵੀ, ਹਿੰਦੁਸਤਾਨੀ ਕਵਿਤਾ, ਪੰਜਾਬ ਦੀ ਗੌਰਵ ਗਾਥਾ ਆਦਿਕ।

5 $

ਫੋਨ ਨੰ: 221258

2000 ਪਹਿਲੀ ਵਾਰ 100-00

ਤਤਕਰਾ

ਸਮਰਪਣ

ਅਮਰੀਕਾ ਦੇ ਦੀਨਬੰਧੂ, ਦਾਨੇ, ਦਰਵੇਸ਼ ਸ਼ਾਇਰ ਵਾਲਟ ਵਿਟ੍ਹਮੈਨ
ਦੇ ਸਕੇ ਭਾਈ

ਪ੍ਰੋ. ਪੂਰਨ ਸਿੰਘ ਜੀ ਦੇ ਨਾਂ

ਜਿਨ੍ਹਾਂ ਕਰਤਾਰੀ ਰਚਨਾ ਵਿੱਚ ਕਰਤੇ ਦਾ ਦੀਦਾਰ ਦੇਖਣ ਦੀ
ਜੁਗਤਿ ਸਮਝਾਈ ਤੇ ਰੂਹਾਨੀ ਮਸਤੀ ਵਿੱਚ ਜ਼ਿੰਦਗੀ ਬਿਤਾਈ।
ਟੈਗੋਰ-ਕਾਵਿ-ਦਰਸ਼ਨ, ਇਸੇ ਗੁਰਮਤਿ ਮਾਰਗ ਦਾ ਪਾਂਧੀ ਹੈ।

ਦੋ ਸ਼ਬਦ

ਇਹ ਗੱਲ 1940-50 ਦੇ ਦਰਮਿਆਨ ਦੀ ਹੈ ਜਦੋਂ ਕਿ ਮੈਂ ਆਪਣੇ ਪਿੰਡ ਘੁੰਗਰਾਣਾ (ਜਿਲ੍ਹਾ ਲੁਧਿਆਣਾ) ਤੋਂ ਪਹਿਲੀ ਵਾਰੀ ਅੰਮ੍ਰਿਤਸਰ ਆਇਆ ਤੇ ਅੱਠ ਦਸ ਸਾਲ ਇਥੇ ਰਿਹਾ। ਪੜ੍ਹਨ ਦਾ ਸ਼ੌਂਕ ਸੀ, ਜੋ ਕੁਝ ਮਿਲਿਆ ਪੜ੍ਹਿਆ ਤੇ ਕਈ ਉਤਮ ਰਚਨਾਵਾਂ ਵਿਚੋਂ ਨੋਟ ਵੀ ਲੈਂਦਾ ਰਿਹਾ, ਇਹ ਇਕ ਤਰ੍ਹਾਂ ਲਿਖਣ ਦੀ ਮੁਢਲੀ ਮਸ਼ਕ ਸੀ। ਇਸ ਅਧਿਐਨ ਸਮੇਂ ਮੈਨੂੰ ਏਸ਼ੀਆ ਦੇ ਦੋ ਮਹਾਨ ਸਾਹਿਤਕਾਰ ਵਧੇਰੇ ਚੰਗੇ ਲਗੇ-ਰਾਬਿੰਦਰਨਾਥ ਟੈਗੋਰ ਤੇ ਖਲੀਲ ਜਿਬਰਾਨ। ਟੈਗੋਰ ਦੀਆਂ ਇਕ ਦੋ ਰਚਨਾਵਾਂ ਦੇ ਉਦੋਂ ਅਨੁਵਾਦ ਕੀਤੇ, ਇਸੇ ਤਰ੍ਹਾਂ ਖਲੀਲ ਜਿਬਰਾਨ ਦੇ ਕੁਝ ਮਨਪਸੰਦ ਟੋਟਕੇ ਵੀ ਤਰਜਮਾਏ। ਮੈਂ ਅਪ੍ਰੈਲ 1950 ਵਿਚ ਮਹਿਕਮਾ ਪੰਜਾਬੀ ਪਟਿਆਲੇ ਦੀ ਸਰਵਿਸ ਵਿਚ ਆ ਗਿਆ ਜਿਥੇ ਕਿ 'ਪੰਜਾਬੀ ਦੁਨੀਆਂ' ਮਾਸਕ ਪੱਤਰ ਦੇ ਸੰਪਾਦਨ ਦੀ ਜ਼ਿੰਮੇਵਾਰੀ ਸੀ। ਇਥੇ ਆ ਕੇ ਸਾਹਿਤਕ ਖੋਜ ਵੱਲ ਵਧੇਰੇ ਧਿਆਨ ਹੋ ਗਿਆ। ਫਿਰ ਪੰਜਾਬੀ ਯੂਨੀਵਰਸਿਟੀ (ਜੂਨ 1966-ਦਸੰਬਰ 1983) ਵਿਚ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਹਵਾਲਾ-ਪੁਸਤਕਾਂ ਤਿਆਰ ਕਰਨ ਵਿਚ ਲਗਾ ਰਿਹਾ। ਸੇਵਾ-ਮੁਕਤ ਹੋਣ ਉਪਰੰਤ ਪੁਰਾਣੇ ਬਸਤੇ ਖੋਲ੍ਹ ਕੇ, ਰਹਿੰਦੇ ਕੰਮ ਨਜਿੱਠਣ ਦਾ ਜਤਨ ਕੀਤਾ, ਜੋ ਸਰਿਆ ਸੋ ਕਰਿਆ, ਦਾਅਵਾ ਕੋਈ ਨਹੀਂ।

ਉਪਰੋਕਤ ਦੋਵੇਂ ਮਹਾਨ ਸਾਹਿਤਕਾਰ ਮੇਰੇ ਧਿਆਨ ਵਿੱਚ ਸਨ। ਸੋ 'ਖਲੀਲ ਜਿਬਰਾਨ ਦੇ ਬਚਨ ਬਿਲਾਸ' ਪੁਸਤਕ 1988 ਵਿੱਚ ਪ੍ਰਕਾਸ਼ਤ ਕੀਤੀ ਜਿਸ ਵਿੱਚ ਇਸ ਸਾਹਿਤਕਾਰ ਦੀਆਂ ਦਸ ਕੁ ਕਿਤਾਬਾਂ ਦਾ ਚੋਣਵਾਂ ਸਾਰ ਸੀ। ਇਹ 'ਟੈਗੋਰ ਤ੍ਰਿਬੈਣੀ' ਮਹਾਨ ਕਵੀਰਾਜ ਰਾਬਿੰਦਰਨਾਥ ਟੈਗੋਰ ਦੀਆਂ ਤਿੰਨ ਪ੍ਰਮੁੱਖ ਰਚਨਾਵਾਂ-ਗੀਤਾਂਜਲੀ, ਮਾਲੀ ਤੇ ਰਮਤੇ ਪੰਛੀ ਦਾ ਸੰਗ੍ਰਹਿ ਹੈ। ਟੈਗੋਰ ਪ੍ਰਮੁੱਖ ਤੌਰ ਤੇ ਮਹਾਨ ਗੀਤਕਾਰ ਸੀ, ਬੰਗਾਲ ਦੀ ਨ੍ਰਿਤਕਾਰੀ ਤੇ ਸੰਗੀਤਕਾਰੀ ਤਾਂ ਪ੍ਰਸਿੱਧ ਹੀ ਹੈ ਤੇ ਕਵੀ ਦੇ ਗੀਤਾਂ ਵਿੱਚ ਰੂਹਾਨੀਅਤ ਇਨ੍ਹਾਂ ਹੁਸੀਨ ਖੰਭਾਂ ਉੱਤੇ ਪ੍ਰਵਾਜ਼ ਕਰਦੀ ਦਿਖਾਈ ਦਿੰਦੀ ਹੈ। ਪੱਛਮ ਦੇ ਪਦਾਰਥਵਾਦੀ ਵਾਤਾਵਰਣ ਵਿੱਚ 'ਗੀਤਾਂਜਲੀ' ਰਾਹੀਂ ਜੋ ਪ੍ਰੀਤਿ-ਪੈਗ਼ਾਮ ਪ੍ਰਸਾਰਿਆ, ਉਹ ਸਚਮੁਚ ਅਨੂਪਮ ਕਾਰ ਹੈ। ਉਹ ਲੋਕ ਇਥੋਂ ਤੱਕ ਕਹਿੰਦੇ ਸੁਣੀਂਦੇ ਸਨ ਕਿ ਪੂਰਬ ਦਾ ਅਧਿਆਤਮਕ ਸੰਦੇਸ਼ ਤਾਂ ਸਾਡੇ ਲਈ ਅਮੁੱਲੀ ਸੁਗਾਤ ਹੈ ਹੀ ਪਰ ਕਵੀਰਾਜ ਨੇ ਜੋ ਅੰਗ੍ਰੇਜ਼ੀ ਬੋਲੀ ਤੇ ਸ਼ੈਲੀ ਵਰਤੀ ਹੈ, ਉਹ ਸਾਡੇ ਲਈ ਸਚਮੁਚ ਅਨੋਖੀ ਤੇ ਅਚੰਭਾ ਕਰਨ ਵਾਲੀ ਹੈ। ਮੁੱਢ ਤੋਂ ਮੇਰੀ ਸੋਚ ਇਸ ਤਰ੍ਹਾਂ ਰਹੀ ਹੈ ਕਿ ਅਸੀਂ ਸੰਸਕ੍ਰਿਤ, ਹਿੰਦੀ, ਫ਼ਾਰਸੀ, ਉਰਦੂ ਤੇ ਅੰਗ੍ਰੇਜ਼ੀ ਦੇ ਪ੍ਰਮੁੱਖ ਕਵੀਆਂ ਬਾਰੇ ਜਾਣੂ ਹੋਈਏ ਤੇ ਉਨ੍ਹਾਂ ਦੀਆਂ ਰਚਨਾਵਾਂ ਪੜ੍ਹ ਵਿਚਾਰਕੇ ਆਪਣੇ ਅਧਿਐਨ, ਅਧਿਆਪਨ ਨੂੰ ਹੋਰ ਅਮੀਰ ਕਰਨ ਦੇ ਉਪਰਾਲੇ ਕਰੀਏ। *-ਪਿਆਰਾ ਸਿੰਘ ਪਦਮ*

ਟੈਗੋਰ-ਤ੍ਰਿਬੈਣੀ

ਪ੍ਰਸਤਾਵਨਾ

(ੳ) ਸਭਿਆਚਾਰਕ ਰਾਜਦੂਤ

(ਅ) ਸ਼ਾਰਦਾ ਸਪੂਤ-ਲਾਸਾਨੀ ਗੀਤਕਾਰ

ਪ੍ਰਸਤਾਵਨਾ-

ਸਾਹਿਤ-ਸਮਰਾਟ ਰਾਬਿੰਦਰਨਾਥ ਟੈਗੋਰ

ਪੰਡਤ ਜਵਾਹਰ ਲਾਲ ਨੇ ਸ਼੍ਰੀ ਕ੍ਰਿਸ਼ਨ ਕ੍ਰਿਪਲਾਨੀ ਨੂੰ ਇਕ ਵਾਰ ਇਕ ਪੱਤਰ ਵਿਚ ਲਿਖਦਿਆਂ ਕਿਹਾ ਸੀ, 'ਮੈਂ ਦੁਨੀਆਂ ਦੇ ਮੁਖਤਲਿਫ ਹਿੱਸਿਆਂ ਵਿਚ ਕਈ ਵੱਡੇ ਆਦਮੀਆਂ ਨੂੰ ਮਿਲਿਆ ਹਾਂ। ਪਰ ਮੈਨੂੰ ਜ਼ਰਾ ਵੀ ਸ਼ੱਕ ਨਹੀਂ ਕਿ ਜਿਨ੍ਹਾਂ ਸਭ ਤੋਂ ਵੱਡੇ ਦੋ ਮਹਾਂਪੁਰਸ਼ਾਂ ਨੂੰ ਮਿਲਣ ਦਾ ਮੈਨੂੰ ਸੁਭਾਗ ਮਿਲਿਆ ਹੈ, ਉਹ ਗਾਂਧੀ ਤੇ ਟੈਗੋਰ ਹੀ ਹਨ। ਮੇਰਾ ਖ਼ਿਆਲ ਹੈ ਕਿ ਦੁਨੀਆਂ ਦੀ ਪਿਛਲੀ ਚੌਥਾਈ -ਸਦੀ ਵਿਚ ਇਹ ਦੋਵੇਂ ਮਹਾਨ ਸ਼ਖਸੀਅਤਾਂ, ਵਿਸ਼ੇਸ਼ ਵਰਣਨ-ਯੋਗ ਰਹੀਆਂ ਹਨ। ਮੈਨੂੰ ਭਰੋਸਾ ਹੈ ਕਿ ਜਿਉਂ ਜਿਉਂ ਸਮਾਂ ਲੰਘਦਾ ਜਾਵੇਗਾ ਤੇ ਸਾਰੇ ਜਰਨੈਲ, ਫੀਲਡ ਮਾਰਸ਼ਲ, ਡਿਕਟੇਟਰ ਤੇ ਬਕਵਾਦੀ ਸਿਆਸਤਦਾਨ ਇਥੋਂ ਟੁਰ ਜਾਣਗੇ, ਲੋਕ ਉਹਨਾਂ ਨੂੰ ਭੁਲਾ ਦੇਣਗੇ ਪਰ ਇਨ੍ਹਾਂ ਦੋਹਾਂ ਸ਼ਖਸੀਅਤਾਂ ਨੂੰ ਲੋਕ ਸਦਾ ਯਾਦ ਰਖਣਗੇ ..... ਮੈਨੂੰ ਬੜੀ ਹੈਰਾਨੀ ਹੁੰਦੀ ਹੈ ਕਿ ਭਾਰਤ ਨੇ ਆਪਣੀ ਅਜੇਹੀ ਹਾਲਤ ਵਿਚ ਵੀ ਇਕੋ ਪੀੜ੍ਹੀ ਵਿਚ ਦੋ ਅਜੇਹੇ ਮਹਾਂਰਥੀ ਪੈਦਾ ਕੀਤੇ ਹਨ। ਇਸ ਨਾਲ ਮੇਰਾ ਭਾਰਤ ਦੀ ਗਹਿਰੀ ਸ਼ਕਤੀ ਉਤੇ ਵਿਸ਼ਵਾਸ ਹੋ ਜਾਂਦਾ ਹੈ ਤੇ ਮੈਂ ਆਸ਼ਾ-ਭਰਪੂਰ ਹੋ ਜਾਂਦਾ ਹਾਂ।'

ਪੰਡਤ ਨਹਿਰੂ ਜੀ ਦੇ ਸ਼ਬਦਾਂ ਵਿਚ ਕਿਤਨੀ ਸਚਾਈ ਹੈ। ਜੇਕਰ ਮਹਾਤਮਾ ਗਾਂਧੀ ਜੀ ਦੇ ਸਾਹਮਣੇ ਮੁਖ ਤੌਰ ਤੇ ਰਾਜਨੀਤਕ ਆਦਰਸ਼ ਸੀ ਤਾਂ ਟੈਗੋਰ ਦੇ ਸਾਹਮਣੇ ਸਭਿਆਚਾਰਕ ਆਦਰਸ਼ ਸੀ। ਉਹ ਇਸੇ ਸਭਿਆਚਾਰ ਦਾ ਕਵੀ, ਲੇਖਕ ਤੇ ਚਿਤ੍ਰਕਾਰ ਸੀ। ਇਹ ਸੱਚ ਹੈ ਰਾਬਿੰਦਰਨਾਥ ਟੈਗੋਰ ਵਰਗਾ ਰਾਜਦੂਤ ਧਰਤੀ ਦੇ ਕਿਸੇ ਦੇਸ਼ ਨੂੰ ਨਹੀਂ ਮਿਲਿਆ। ਇਸ ਨਾਲ ਭਾਰਤ ਦੀ ਸੰਸਾਰ ਵਿਚ ਸ਼ਾਨ ਵਧੀ ਹੈ।

(ੳ) ਸਭਿਆਚਾਰਕ ਰਾਜਦੂਤ

ਪੱਛਮੀ ਸਭਿਅਤਾ ਦੇ ਟਾਕਰੇ ਦਾ ਸਮਾਂ ਸੀ ਤੇ ਸ਼੍ਰੀ ਰਾਬਿੰਦਰ ਨਾਥ ਠਾਕੁਰ ਨੇ ਪੂਰਬੀ ਸਭਿਅਤਾ ਲਈ ਲੜਨਾ ਪਰਵਾਨ ਕੀਤਾ ਤੇ ਇਸ ਸਭਿਅਤਾ ਨੂੰ ਉਚੇਰਿਆਂ ਕਰਨ ਲਈ ਉਸ ਆਯੂ ਭਰ ਅਣਥੱਕ ਮੇਹਨਤ

ਕੀਤੀ। ਕਲਾਕਾਰ ਜਰਨੈਲ ਨੇ ਇਹ ਪ੍ਰਤਗਿਆ ਕੀਤੀ - 'ਹੇ ਮਾਤਾ ! ਮੈਂ ਤੇਰਾ ਝੰਡਾ ਅੱਗੇ ਅੱਗੇ ਲੈ ਕੇ ਜਾਵਾਂਗਾ।' ਏਸ ਪ੍ਰਣ ਅਨੁਸਾਰ ਉਸ ਭਾਰਤ ਤੇ ਭਾਰਤੀ ਸਭਿਆਚਾਰ ਦਾ ਝੰਡਾ ਦੇਸ਼ਾਂ ਪਰਦੇਸ਼ਾਂ ਵਿਚ ਉਚਾ ਝੁਲਾ ਕੇ ਕੇਵਲ ਆਪ ਹੀ ਕੀਰਤੀ ਪਰਾਪਤ ਨਹੀਂ ਕੀਤੀ ਸਗੋਂ ਦੇਸ਼ ਦਾ ਗੌਰਵ ਵੀ ਵਧਾਇਆ।

ਏਸ ਸਫ਼ਲਤਾ ਦਾ ਵੱਡਾ ਰਾਜ਼ ਇਹ ਸੀ ਕਿ ਉਹ ਭਾਰਤੀ ਸਭਿਆਚਾਰ ਨਾਲ ਇਕਮਿਕ ਸਨ, ਜੀਵਨ ਤੇ ਕਲਾ ਵਿਚ ਉਹ ਭੇਦ ਨਹੀਂ ਸੀ ਕਰਦੇ ਤੇ ਨਾ ਹੀ ਪ੍ਰਕਿਰਤੀ ਤੇ ਮਨੁੱਖ ਵਿਚ ਉਹਨਾਂ ਨੂੰ ਕੋਈ ਫਰਕ ਜਾਪਦਾ ਸੀ। ਉਹ ਕਰਮਯੋਗੀ ਕਲਾਕਾਰ ਬਣ ਕੇ ਮੈਦਾਨ ਵਿਚ ਨਿਤਰੇ ਸਨ। ਪ੍ਰੋ. ਹਮਾਯੂੰ ਕਬੀਰ ਇਸ ਦਾ ਵਿਸ਼ਲੇਸ਼ਨ ਕਰਦੇ ਇਉਂ ਲਿਖਦੇ ਹਨ, 'ਸਚਮੁਚ ਰਾਬਿੰਦਰ ਨਾਥ ਇਸ ਮਾਮਲੇ ਵਿਚ ਭਾਗਵਾਨ ਸਨ ਕਿ ਪ੍ਰਾਚੀਨ ਤੇ ਮੱਧਕਾਲੀਨ ਭਾਰਤੀ ਕਦਰਾਂ ਕੀਮਤਾਂ ਨੂੰ ਬਿਨਾਂ ਛੱਡੇ ਹੀ ਉਨ੍ਹਾਂ ਨੇ ਨਵੀਆਂ ਕੀਮਤਾਂ ਦਾ ਚੈਲੰਜ ਮਨਜ਼ੂਰ ਕੀਤਾ।' ਜੋ ਲੋਕ ਆਪਣੀ ਸਭਿਅਤਾ ਤੋਂ ਬੇਮੁਖ ਹੋ ਚਲੇ ਸਨ ਤੇ ਪੱਛਮ ਵਲੋਂ ਆਈ ਨਵੀਂ ਰੋਸ਼ਨੀ ਤੇ ਹੀ ਆਪਣੇ ਆਪ ਨੂੰ ਨਿਰਭਰ ਕਰਦੇ ਸਨ, ਉਹ ਲੋਕ ਅਸਲ ਵਿਚ ਕੌਮੀ ਜੀਵਨ ਵਲੋਂ ਉਖੜ ਗਏ ਸਨ। ਇਸੇ ਲਈ ਉਹਨਾਂ ਦੇ ਪ੍ਰੇਰਨਾ-ਸੋਮੇ ਸੁੱਕਦੇ ਗਏ ਤੇ ਉਹਨਾਂ ਦੀ ਅਧਿਆਤਮਕ ਪੂੰਜੀ ਮੁਕਦੀ ਗਈ। ਇਹੋ ਕਾਰਣ ਹੈ ਕਿ ਉਹਨਾਂ ਵਿਚੋਂ ਕਈ ਪ੍ਰਤਿਭਾਵਾਨ ਤੇ ਗੁਣਵਾਨ ਹੋਣ ਦੇ ਬਾਵਜੂਦ ਭਾਰਤੀ ਜੀਵਨ ਅਤੇ ਸਾਹਿਤ ਉਤੇ ਡੂੰਘਾ ਪ੍ਰਭਾਵ ਨਾ ਪਾ ਸਕੇ। ਪ੍ਰਤਿਭਾਵਾਨ ਮਹਾਨ ਵਿਅਕਤੀ ਕੌਮ ਦੀ ਅੰਦਰਲੀਆਂ ਪ੍ਰੇਰਨਾਵਾਂ ਦੇ ਨਾਲ ਆਪਣੇ ਆਪ ਨੂੰ ਇਕਮਿਕ ਕਰਕੇ ਜੋ ਸ਼ਕਤੀ ਹਾਸਲ ਕਰਦਾ ਹੈ, ਉਸ ਦੀ ਉਹਨਾਂ ਲੋਕਾਂ ਵਿਚ ਅਣਹੋਂਦ ਸੀ।

ਇਕ ਹੋਰ ਵੀ ਚੀਜ਼ ਸੀ ਜਿਸ ਕਰਕੇ ਟੈਗੋਰ ਨੂੰ ਲੋਕ-ਜੀਵਨ ਨਾਲ ਆਪਣੇ ਆਪ ਨੂੰ ਅਭੇਦ ਕਰਨ ਵਿਚ ਸਹਾਇਤਾ ਮਿਲੀ। ਜੀਵਨ ਦੇ ਮੁਢਲੇ ਸਮੇਂ ਵਿਚ ਪਦਮਾ ਨਦੀ ਦੇ ਕਿਨਾਰੇ ਤੇ, ਕਈ ਮਹੀਨੇ ਉਹ ਬਜਰੇ (ਇਕ ਤਰ੍ਹਾਂ ਦੀ ਵੱਡੀ ਬੇੜੀ) ਵਿਚ ਰਹੇ ਤੇ ਇਉਂ ਦੇਸ਼ ਦੀ ਸਿੱਧੀ-ਸਾਦੀ ਪੇਂਡੂ ਤਹਿਜ਼ੀਬ ਦੇ ਨਿਕਟ ਸਬੰਧ ਵਿਚ ਆਏ। ਇਸ ਸਮੇਂ ਤੋਂ ਜੀਵਨ ਦਾ ਜੋ ਅਨੁਭਵ ਉਹਨਾਂ ਨੂੰ ਪਰਾਪਤ ਹੋਇਆ, ਉਸ ਦੀ ਜੜ ਦੇਸ਼ ਦੇ ਮੁਢਲੇ ਤੇ

ਪ੍ਰਾਚੀਨ ਇਤਿਹਾਸ ਵਿਚ ਸੀ। ਮੱਧ ਯੁਗ ਵਿਚ ਪ੍ਰਫੁਲਤ ਹੋਣ ਵਾਲੀ ਸ਼ਹਿਰੀ ਸਭਿਅਤਾ ਨਾਲੋਂ ਕਿਤੇ ਵਧ ਇਹ ਸਭਿਅਤਾ ਲੋਕਾਂ ਦੇ ਜੀਵਨ ਵਿਚ ਘਰ ਕਰ ਚੁਕੀ ਸੀ ਤੇ ਸੁਭਾਵਕ ਸੀ। ਇਸ ਤਰ੍ਹਾਂ ਰਾਬਿੰਦਰ ਨਾਥ ਨੇ ਇਕ ਅਜੇ ਹੇ ਵਾਯੂਮੰਡਲ ਵਿਚ ਪ੍ਰਵਰਸ਼ ਪਾਈ, ਜਿਸ ਤੋਂ ਆਮ ਤੌਰ ਤੇ ਸ਼ਹਿਰੀ ਲੋਕ ਅਨਜਾਣ ਹੁੰਦੇ ਹਨ। ਕੌਮੀ ਜਾਗ੍ਰਤੀ ਦੀਆਂ ਗਹਿਰਾਈਆਂ ਵਿਚ ਉਨ੍ਹਾਂ ਦੀਆਂ ਜੜ੍ਹਾਂ ਲਗੀਆਂ ਹੋਈਆਂ ਸਨ। ਸਾਧਾਰਨ ਲੋਕ-ਜੀਵਨ ਦੀ ਭਰਪੂਰ ਛੁਹ ਹੀ ਉਨ੍ਹਾਂ ਦੀ ਰਚਨਾ-ਸ਼ਕਤੀ ਦਾ ਮੂਲ ਸੋਮਾ ਸੀ, ਇਹੋ ਗੱਲ ਹੈ ਕਿ ਉਨ੍ਹਾਂ ਨੂੰ ਕਦੀ ਪ੍ਰੇਰਨਾ ਸ਼ਕਤੀ ਦੀ ਘਾਟ ਮਹਿਸੂਸ ਨਹੀਂ ਹੋਈ।'

ਮਹਾਤਮਾ ਟੈਗੋਰ ਦਾ ਸੰਦੇਸ਼ 'ਗੀਤਾਂਜਲੀ' ਹੈ ਅਤੇ 'ਸ਼ਾਂਤੀ ਨਿਕੇਤਨ' ਅਤੇ 'ਵਿਸ਼ਵ ਭਾਰਤੀ' ਉਸਦੀਆਂ ਸਾਕਾਰ ਮੂਰਤੀਆਂ, ਮਹਾਨ ਸੰਸਥਾਵਾਂ। ਆਪ ਦੇ ਕਲਾਤਮਕ ਤੇ ਅਧਿਆਤਮਕ ਮਹੱਤਵ ਨੂੰ ਵੇਖ ਕੇ ਹੀ ਲੋਕ ਉਨ੍ਹਾਂ ਨੂੰ 'ਗੁਰਦੇਵ' ਕਹਿ ਕੇ ਯਾਦ ਕਰਦੇ ਸਨ, ਇਥੋਂ ਤਕ ਕਿ ਮਹਾਤਮਾ ਗਾਂਧੀ ਵੀ ਉਨ੍ਹਾਂ ਨੂੰ ਇਸੇ ਨਾਂ ਨਾਲ ਪੁਕਾਰ ਕੇ ਪ੍ਰਸੰਨ ਹੁੰਦੇ ਸਨ। ਇਕ ਵਾਰ ਸ਼ਾਂਤੀ ਨਿਕੇਤਨ ਵਿਚ ਭਾਸ਼ਨ ਦਿੰਦਿਆਂ ਉਹਨਾਂ ਮਹਾਤਮਾ ਟੈਗੋਰ ਦੀ ਕਿਸੇ ਅੰਡੇ ਉਤੇ ਖੰਭ ਫੈਲਾਈ ਬੈਠੇ ਪੰਛੀ ਨਾਲ ਤੁਲਨਾ ਕਰਦਿਆਂ ਕਿਹਾ ਸੀ, 'ਉਨ੍ਹਾਂ ਦੇ ਖੰਭਾਂ ਦੇ ਨਿੱਘ ਨਾਲ ਸ਼ਾਂਤੀ ਨਿਕੇਤਨ ਨੂੰ ਅੱਜ ਵਾਲੀ ਸ਼ਕਲ ਮਿਲੀ ਹੈ। ਬੰਗਾਲ ਉਨ੍ਹਾਂ ਦੇ ਗੀਤਾਂ ਨਾਲ ਗੂੰਜ ਰਿਹਾ ਹੈ, ਉਨ੍ਹਾਂ ਹਿੰਦੁਸਤਾਨ ਦੀ ਕੀਰਤੀ ਨਾ ਕੇਵਲ ਆਪਣੇ ਗੀਤਾਂ ਰਾਹੀਂ ਬਲਕਿ ਆਪਣੀ ਕਲਮ ਤੇ ਬੁਰਸ਼ ਰਾਹੀਂ ਵੀ ਸਾਰੀ ਦੁਨੀਆਂ ਵਿਚ ਫੈਲਾਈ ਹੈ।'

ਭਾਰਤੀ ਸਭਿਅਤਾ ਦਾ ਰੂਹਾਨੀ ਸੰਦੇਸ਼ ਜਿਤਨਾ ਕਲਾਮਈ ਤੇ ਸੁੰਦਰ ਬਣਾ ਕੇ ਟੈਗੋਰ ਨੇ ਸੰਸਾਰ ਸਾਮ੍ਹਣੇ ਰਖਿਆ, ਉਹ ਸਚਮੁਚ ਹੀ ਜਾਦੂ-ਭਰਪੂਰ ਤੇ ਮਨ ਨੂੰ ਮੋਹਣ ਵਾਲਾ ਹੈ। ਜਦੋਂ ਅਧਿਆਤਮਕ ਵਿਸ਼ਵਾਸ ਤੇ ਰੱਬੀ ਪ੍ਰੇਮ ਦੀਆਂ ਗੱਲਾਂ ਨੂੰ ਲੋਕ ਓਪਰੀਆਂ ਤੇ ਅਜਨਬੀ ਖ਼ਿਆਲ ਕਰ ਰਹੇ ਹੋਣ, ਉਸ ਸਮੇਂ ਗੀਤਾਂ ਰਾਹੀਂ ਪ੍ਰਭੂ-ਪ੍ਰੇਮ ਦੀ ਵੀਣਾ ਝੰਕ੍ਰਿਤ ਕਰਨਾ ਆਪ ਦਾ ਹੀ ਕੰਮ ਸੀ। ਉਹ ਆਪਣੇ ਗੀਤਾਂ ਤੇ ਕਥਨਾਂ ਬਾਰੇ ਇਥੋਂ ਤਕ ਕਿਹਾ ਕਰਦੇ ਸਨ ਕਿ 'ਹੇ ਪ੍ਰਭੂ ! ਕਵੀ ਦੇ ਸ਼ਬਦਾਂ ਦੇ ਅਰਥ ਲੋਕ, ਆਪਣੀ ਮਨ-ਮਰਜ਼ੀ

ਅਨੁਸਾਰ ਕਰ ਲੈਂਦੇ ਹਨ ਪਰ ਉਨ੍ਹਾਂ ਦਾ ਅਸਲ ਨਿਸ਼ਾਨਾ ਭੂੰ ਹੀ ਹੈਂ।'

ਟੈਗੋਰ, ਕਲਾ-ਭਰਪੂਰ ਮਹਾਂਪੁਰਸ਼ ਸੀ। ਆਮ ਮਹਾਂਪੁਰਸ਼ ਪ੍ਰਬੀਨ ਕਲਾਕਾਰ ਦੇ ਰੂਪ ਵਿਚ ਘਟ ਹੀ ਦਿਸਦੇ ਹਨ ਤੇ ਆਮ ਕਲਾਕਾਰ ਮਹਾਂਪੁਰਸ਼ ਘੱਟ ਹੁੰਦੇ ਹਨ, ਭਾਵੇਂ ਇਨ੍ਹਾਂ ਦੋਹਾਂ ਸਿਫ਼ਤਾਂ ਨੂੰ ਨਿਖੇੜਨਾ ਕਠਿਨ ਹੈ ਪਰ ਟੈਗੋਰ ਮਹਾਂਪੁਰਸ਼ ਤੇ ਕਲਾਕਾਰ ਦੋਵੇਂ ਹੀ ਸੀ। ਉਹ ਰਵੀ-ਇੰਦ੍ ਸੂਰਜਾਂ ਦਾ ਸੂਰਜ ਜੀਵਨ-ਭਰ ਦੁਨੀਆਂ ਨੂੰ ਆਪਦੇ ਗੀਤਾਂ ਤੇ ਮਨੋਹਰ ਵਖਿਆਨਾਂ ਰਾਹੀਂ ਚਾਨਣ ਵੰਡਦਾ ਰਿਹਾ। ਉਹ ਕਲਾਕਾਰ ਵੀ ਸੀ, ਜਿਸ ਕਰਕੇ ਉਹ ਆਪਣੇ ਪ੍ਰਕਾਸ਼ ਤੇ ਨਿੱਘ ਨੂੰ ਹਮੇਸ਼ਾਂ ਲਈ ਚਿਤ੍ਰਾਂ ਤੇ ਗੀਤਾਂ ਵਿਚ ਗੁੰਦ ਕੇ ਦੇ ਗਿਆ ਜਿਸ ਤੋਂ ਸਦੀਆਂ ਤਕ ਮਨੁੱਖਤਾ ਜੀਵਨ-ਜਾਚ ਸਿਖਦੀ ਰਹੇਗੀ। ਇਸੇ ਕਰਕੇ ਡਨਮਾਰਕ ਵਾਲਿਆਂ ਗੁਰਦੇਵ ਦੁਆਲੇ ਦੀਪਮਾਲਾ ਕਰਕੇ ਉਸ ਨੂੰ 'ਭਾਵੜ ਦਾ ਚਾਨਣ' ਤੇ ਚੀਨੀਆਂ 'ਚੂੰ ਚੇਨ ਤਾ' - 'ਭਾਰਤ ਦਾ ਸੂਰਜ' ਤੇ ਹਿੰਦੁਸਤਾਨ ਨੇ ਵੀ ਉਸਨੂੰ 'ਭਾਰਤ ਭਾਸਕਰ' ਦਾ ਲਕਬ ਦਿੱਤਾ ਹੋਇਆ ਸੀ।

ਸੋ ਆਪ ਦੇ ਕਾਰਨਾਮੇ ਆਪ ਦੇ ਨਾਂ ਦੀ ਪ੍ਰਤੱਖ ਗਵਾਹੀ ਭਰਦੇ ਹਨ।

ਮਹਾਂਕਵੀ ਟੈਗੋਰ ਦੀ ਸ਼ਖਸੀਅਤ, ਕਲਾਤਮਕ ਤੇ ਸਭਿਆਚਾਰਕ ਸਰਗਰਮੀਆਂ ਦਾ ਸੁੰਦਰ ਸੰਗਮ ਸੀ, ਉਨ੍ਹਾਂ ਜੋ ਵਿਚਾਰਧਾਰਾ ਆਪਣੇ ਗੀਤਾਂ ਵਿਚ ਗਾਈ ਤੇ ਉਹੋ ਸ਼ਾਂਤੀ ਨਿਕੇਤਨ ਤੇ ਵਿਸ਼ਵ ਭਾਰਤੀ ਦੀ ਸਿਖਿਆ-ਪ੍ਰਣਾਲੀ ਵਿਚ ਲਿਆਕੇ ਸ਼ਕਤੀਮਾਨ ਬਣਾਈ। ਉਨ੍ਹਾਂ ਦਾ 80-ਸਾਲਾ ਜੀਵਨ ਇਕ ਜਗਮਗਾਉਂਦਾ ਚਾਨਣ ਮੁਨਾਰਾ ਸੀ। 'ਗੋਲਡਨ ਬੁਕ ਆਫ ਟੈਗੋਰ' ਵਿਚ ਇਕ ਜਰਮਨ ਵਿਦਵਾਨ ਕੈਸਰਲੰਗ ਠੀਕ ਲਿਖਦਾ ਹੈ ਕਿ ਉਹ ਮਹਾਂਪੁਰਸ਼ ਅਦਭੁਤ ਜਲਵੇ ਦਾ ਮਾਲਕ ਸੀ, ਅਜੇਹੇ ਰੌਸ਼ਨ-ਦਿਮਾਗ ਉੱਚ ਅਚਾਰੀ ਵਿਅਕਤੀ ਕਦੀ ਕਦਾਈਂ ਹੀ ਪਰਗਟ ਹੁੰਦੇ ਹਨ।

ਜੀਵਨ ਤੇ ਰਚਨਾ ਸੰਸਾਰ - ਆਪ ਦਾ ਜਨਮ ਮਹਾਂਰਿਸ਼ੀ ਸ੍ਰੀ ਦੇਵਿੰਦਰ ਨਾਥ ਦੇ ਘਰ ਮਾਤਾ ਸ਼ਾਰਦਾ ਦੇਵੀ ਦੀ ਕੁਖੋਂ 6 ਮਈ 1861 ਨੂੰ ਕਲਕੱਤੇ ਤੇ ਦੇਹਾਂਤ 7 ਅਗਸਤ 1941 ਈ. ਨੂੰ ਮੁਢਲੀ ਪੜ੍ਹਾਈ ਓਰੀਐਂਟਲ ਸੈਮਿਨਰੀ ਤੇ ਬੰਗਾਲ ਅਕਾਡਮੀ ਤੇ ਫਿਰ ਲੰਡਨ ਜਾ ਕੇ ਕੁਝ

ਅਰਸਾ ਯੂਨੀਵਰਸਿਟੀ ਕਾਲਜ ਵਿਚ ਵੀ ਪੜ੍ਹਾਈ ਕੀਤੀ। ਵਾਪਸ ਆ ਕੇ ਬ੍ਰਹਿਮੂਧਮਾਜ ਦੇ ਸਕੱਤਰ ਬਣਕੇ ਸੁਧਾਰਕ ਕੰਮਾਂ ਵਿਚ ਲਗੇ ਰਹੇ ਤੇ ਨਾਲ ਨਾਲ ਸਾਧਨਾ, ਭਾਰਤੀ, ਬੰਗਲਾ ਦਰਸਨ ਤੇ ਭੰਡਾਰ ਆਦਿਕ ਪੱਤ੍ਰਿਕਾਵਾਂ ਦਾ ਸੰਪਾਦਨ ਕਰਦੇ ਰਹੇ। 1901 ਵਿਚ ਸ਼ਾਂਤੀ ਨਿਕੇਤਨ ਅੰਦਰ 'ਬ੍ਰਹਿਮਚਰਯ ਆਸ਼੍ਰਮ ਸਥਾਪਤ ਕੀਤਾ। ਪਿਛੋਂ 10-12 ਦਫਾ ਯੂਰਪ ਤੇ ਏਸ਼ੀਆ ਦੇ ਵੱਖੋ ਵੱਖ ਮੁਲਕਾਂ ਵਿਚ ਗਏ ਜਿਥੇ ਕਿ ਵਖਿਆਨਾਂ ਰਾਹੀਂ, ਥਾਂ ਥਾਂ ਭਾਰਤੀ ਸਭਿਅਤਾ ਦਾ ਪ੍ਰਮੁੱਖ ਰੂਹਾਨੀ ਸੰਦੇਸ਼ ਦਿੰਦੇ ਗਏ, ਸਾਹਿਤਕ ਖੇਤਰ ਵਿੱਚ ਆਪ ਦੀ ਵਿਲੱਖਣ ਛਾਪ ਬਣਦੀ ਗਈ, ਖਾਸ ਕਰਕੇ ਗੀਤ ਰਚਨਾ ਕਾਰਣ। ਆਪਨੇ ਦੋ ਹਜ਼ਾਰ ਬੰਗਾਲੀ ਗੀਤ ਲਿਖੇ, ਇਸ ਤੋਂ ਇਲਾਵਾ ਅਨੇਕਾਂ ਨਾਟਕ, ਨਾਵਲ, ਕਹਾਣੀਆਂ ਤੇ ਨਿਬੰਧ ਰਚਨਾ ਦੀਆਂ ਦਰਜਨਾਂ ਬੰਗਾਲੀ ਤੇ ਅੰਗ੍ਰੇਜ਼ੀ ਪੁਸਤਕਾਂ ਲਿਖੀਆਂ। ਨਾਟਕ ਖੇਤਰ ਵਿਚ ਵੀ ਲਗਭਗ ਚਾਰ ਦਰਜਨ ਤੋਂ ਉਤੇ ਆਪ ਦੇ ਬੰਗਾਲੀ ਨਾਟਕ ਮਿਲਦੇ ਹਨ ਤੇ ਉਨ੍ਹਾਂ ਦੀ ਰੰਗ ਮੰਚ ਉਤੇ ਪੇਸ਼ਕਾਰੀ ਵਿਚ ਵੀ ਆਪ ਦਾ ਵਿਸ਼ੇਸ਼ ਅਸਥਾਨ ਰਿਹਾ ਹੈ। 1912 ਵਿਚ ਚੋਣਵੇਂ ਰੂਹਾਨੀ ਗੀਤਾਂ ਦੀ ਸੰਚੀ 'ਗੀਤਾਂਜਲੀ' ਅੰਗ੍ਰੇਜ਼ੀ ਵਿਚ ਪ੍ਰਕਾਸ਼ਤ ਹੋਈ ਤੇ 1913 ਵਿਚ ਇਸਨੂੰ ਅੱਠ ਹਜ਼ਾਰ ਪੌਂਡ ਦੇ ਨੋਬਲ ਪੁਰਸਕਾਰ ਦਾ ਸਨਮਾਨ ਮਿਲਿਆ। ਫਿਰ ਕੀ ਸੀ, ਦਿਨਾਂ ਵਿਚ ਹੀ ਆਪ ਦੀ ਕੀਰਤੀ ਪੂਰਬ ਤੇ ਪੱਛਮ ਵਿਚ ਇਸ ਤਰ੍ਹਾਂ ਫੈਲ ਗਈ ਕਿ ਆਪ ਬਤੌਰ 'ਵਿਸ਼ਵ ਕਵੀ' ਦੇ ਸੰਸਾਰ ਭਰ ਵਿਚ ਪ੍ਰਸਿੱਧ ਹੋ ਗਏ। ਅੱਧੀ ਦਰਜਨ ਯੂਨੀਵਰਸਿਟੀਆਂ ਨੇ ਕਲਕੱਤਾ ਯੂਨੀਵਰਸਿਟੀ, ਬਨਾਰਸ ਯੂਨੀਵਰਸਿਟੀ, ਉਸਮਾਨੀਆ ਯੂ., ਢਾਕਾ ਯੂ. ਤੇ ਔਕਸਫੋਰਡ ਯੂਨੀਵਰਸਿਟੀ ਲੰਡਨ ਨੇ ਵੀ ਸ਼ਾਂਤੀ ਨਿਕੇਤਨ ਵਿਚ ਨੁਮਾਇੰਦੇ ਭੇਜ ਕੇ ਆਪ ਨੂੰ ਮਾਨਾਰਥ ਡਿਗਰੀ ਪ੍ਰਦਾਨ ਕੀਤੀ ਤੇ ਇਸੇ ਅਵਸਰ ਤੇ ਹਿੰਦ ਸਰਕਾਰ ਨੇ ਆਪ ਨੂੰ 'ਸਰ' ਦਾ ਖਿਤਾਬ ਦੇ ਕੇ ਸਤਿਕਾਰਿਆ।

ਭਾਵੇਂ ਆਪ ਨੇ ਬੰਗਾਲੀ ਸਾਹਿਤ ਦੇ ਹਰ ਖੇਤਰ ਵਿਚ ਕਲਮ ਚਲਾਈ ਪਰੰਤੂ ਸਭ ਤੋਂ ਵੱਧ ਆਪਦੇ ਪ੍ਰੀਤਿ-ਗੀਤ ਥਾਂ ਥਾਂ ਸਲਾਹੇ ਗਏ। ਅੱਧੀ ਦਰਜਨ ਤੋਂ ਵੱਧ 'ਗੀਤ-ਸੰਗ੍ਰਹਿ' ਅੰਗ੍ਰੇਜ਼ੀ ਵਿਚ ਪ੍ਰਕਾਸ਼ਤ ਹੋਏ ਜੈਸਾ ਕਿ ਗੀਤਾਂਜਲੀ, ਗਾਰਡਨਰ, ਫਰੂਟ ਗੈਦਰਿੰਗ, ਲਵਰ 'ਜ਼ ਗਿਫਟ, ਵਿੰਗਜ਼

ਆਫ ਡੈੱਥ, ਕ੍ਰੀਸੈਂਟ ਮੂਨ ਆਦਿ। ਇਸੇ ਤਰ੍ਹਾਂ ਸਾਧਨਾ, ਪ੍ਰਸਨੈਲਿਟੀ, ਨੈਸ਼ਨਲਿਜ਼ਮ, ਕ੍ਰੀਏਟਿਵ ਯੂਨਿਟੀ, ਰਿਲੀਜਨ ਆਫ ਮੈਨ, ਰਿਲੀਜਨ ਆਫ ਐਨ ਆਰਟਿਸਟ, ਟੂਵਾਰਡਸ ਯੂਨੀਵਰਸਲ ਮੈਨ, ਕ੍ਰਾਇਸਿਸ ਇਨ ਸਿਵਲੀਜ਼ੇਸ਼ਨ, ਗਲਿੰਪਸ ਆਫ ਬੰਗਾਲ ਆਦਿ ਰਚਨਾਵਾਂ ਜਿਥੇ ਵਿਚਾਰ-ਪ੍ਰੇਰਕ ਤੇ ਦਾਰਸ਼ਨਿਕ ਗੰਭੀਰਤਾ ਨਾਲ ਭਰਪੂਰ ਹਨ, ਉਥੇ ਇਨ੍ਹਾਂ ਵਿਚ ਆਇਆ ਕਾਵਿ-ਰੰਗ ਵੀ ਆਕਰਸ਼ਣ ਦਾ ਕਾਰਣ ਹੈ।

ਸਾਹਿਤ ਕਲਾ ਤੋਂ ਇਲਾਵਾ ਚਿਤ੍ਰਕਲਾ ਵੀ ਆਪਦਾ ਪਿਆਰਾ ਸ਼ੌਕ ਰਿਹਾ, ਉਹ ਵੀ ਬੰਗਾਲੀ ਕਲਾਕਾਰਾਂ ਦੀ ਰੂਢੀਵਾਦੀ ਪਰੰਪਰਾ ਤੋਂ ਬਿਲਕੁਲ ਨਿਵੇਕਲੀ ਭਾਂਤ ਦਾ ਹੀ ਸੀ।

ਕੁਝ ਲੋਕ ਇਹ ਕਹਿੰਦੇ ਸੁਣੇ ਗਏ ਹਨ ਕਿ ਕਲਾਕਾਰਾਂ ਨੂੰ ਦੁਖੀਆਂ, ਪੀੜਤਾਂ ਨਾਲ ਕੋਈ ਹਮਦਰਦੀ ਜਾਂ ਸਨੇਹ ਨਹੀਂ ਹੁੰਦਾ, ਉਹ ਤਾਂ ਆਪਣੀ ਧੁਨ ਵਿਚ ਮਸਤ ਰਹਿੰਦੇ ਹਨ ਪਰ ਇਹ ਠੀਕ ਨਹੀਂ। ਸੱਚਾ ਕਲਾਕਾਰ ਕੋਈ ਉਦੋਂ ਤਕ ਨਹੀਂ ਬਣ ਸਕਦਾ, ਜਦ ਤਕ ਵਿਸ਼ਵ-ਪੀੜਾ ਉਸ ਦੇ ਸੀਨੇ ਵਿਚ ਤੜਪ ਪੈਦਾ ਨਾ ਕਰੇ, ਟੈਗੋਰ ਵਿਚ ਇਹ ਵੇਦਨਾ ਬਹੁਤ ਗੰਭੀਰ ਰੂਪ ਵਿਚ ਸੀ। ਉਨ੍ਹਾਂ ਦਾ ਆਪਣੀ ਪੀੜਤ ਧਰਤੀ ਲਈ ਬਹੁਤ ਸਨੇਹ ਸੀ। 'ਬੰਗ ਭੰਗ' ਸਮੇਂ ਉਨ੍ਹਾਂ ਦਾ ਲਿਖਿਆ ਇਹ ਗੀਤ 'ਆਮੇਰ ਮਿਲੇਛਿ ਮਾਯੇਰ ਡਾਕੇ' 'ਅਸੀਂ ਆਪਣੀ ਮਾਂ ਦੀ ਪੁਕਾਰ ਤੇ ਇਕੱਠੇ ਹੋਏ ਹਾਂ।' ਇਸੇ ਵੇਦਨਾ ਨੂੰ ਪ੍ਰਗਟ ਕਰਦਾ ਹੈ। ਇਕ ਗੀਤ ਵਿਚ ਉਹ ਭਾਰਤ ਮਾਤਾ ਦੀ ਦੁਖ-ਭਰੀ ਹਾਲਤ ਨੂੰ ਅਪਣੱਤ ਭਾਵ ਨਾਲ ਇਸ ਤਰ੍ਹਾਂ ਅੰਕਿਤ ਕਰਦੇ ਹਨ -

'ਇਹ ਕੌਣ ਹੈ ਜੋ ਨਿਤ ਆਉਂਦਾ ਤੇ ਮੁੜ ਜਾਂਦਾ ਹੈ ? ਕਿਸ ਦੀਆਂ ਅੱਖਾਂ ਵਿਚ ਹੰਝੂ ਉਮਡ ਰਹੇ ਹਨ ? ਇਹ ਕੌਣ ਸਾਡੇ ਵਲ ਅਕਾਰਥ ਆਸ਼ਾ ਨਾਲ ਤੱਕਦਾ ਪਿਆ ਹੈ ?

'ਇਹ ਸਾਡੀ ਮਾਂ ਹੈ। ਇਹ ਸਾਡੀ ਮਾਂ ਹੈ ! ਹਨੇਰੇ ਘਰ ਵਿਚ ਕਿਸ ਉਦਾਸੀ-ਭਰੇ ਮੁਖੜੇ ਨੇ ਸਾਡੀ ਰੋਟੀ ਤਿਆਰ ਕੀਤੀ ਹੈ ? ਇਹ ਕਿਸ ਦੀ ਰੋਟੀ ਹੈ, ਜੋ ਸਾਨੂੰ ਕੁਝ ਸੁਆਦ ਨਹੀਂ ਲਗਦੀ ? ਇਹ ਸਾਡੀ ਮਾਂ ਦੀ ਹੈ, ਇਹ ਸਾਡੀ ਮਾਂ ਦੀ ਹੈ।'

ਇਸੇ ਤਰ੍ਹਾਂ ਉਨ੍ਹਾਂ ਦਾ ਭਾਰਤ ਮਾਤਾ ਸਬੰਧੀ ਇਕ ਹੋਰ ਗੀਤ ਵੀ ਅਸੀਂ ਆਪਣੇ ਪਾਠਕਾਂ ਨੂੰ ਸੁਣਾਉਣਾ ਚਾਹਾਂਗੇ ਜਿਸ ਵਿਚ ਕਵੀ ਆਪਣੀ ਸੁੰਦਰ ਕਲਪਨਾ ਦੇ ਆਸਰੇ ਇਸ ਦੁਖੀ ਭਾਰਤ ਮਾਂ ਦੇ ਮਨਮੋਹਣੇ, ਪ੍ਰਭਾਵਸ਼ਾਲੀ ਤੇ ਗੌਰਵਮਈ ਚਿਤ੍ਰ ਨੂੰ ਚਿਤਰ ਰਿਹਾ ਹੈ। ਕਿਵੇਂ ਅਲੰਕਾਰਾਂ ਦੀ ਬੁਣਤ ਨਾਲ ਇਸ ਤਸਵੀਰ ਨੂੰ ਉਲੀਕਿਆ ਗਿਆ ਹੈ :-

'ਤੇਰੀ ਧਰਤੀ, ਸੂਰਜ ਦੇ ਸੁਨਹਿਰੀ ਜਸ ਨਾਲ ਚਮਕਦੀ ਹੈ। ਤੂੰ ਸਾਡੇ ਮਾਪਿਆਂ ਦੀ ਮਾਂ ਹੈਂ। ਤੇਰੇ ਪੈਰਾਂ ਦੀਆਂ ਤਲੀਆਂ ਨੂੰ ਨੀਲੇ ਸਾਗਰਾਂ ਦੇ ਪਾਣੀ ਧੋਂਦੇ ਹਨ। ਤੇਰੀ ਹਰੀ ਘੱਗਰੀ ਨੂੰ ਹਵਾ ਫਰਫਰਾਉਂਦੀ ਹੈ। ਤੇਰੇ ਮਸਤਕ-ਹਿਮਾਲਾ ਨੂੰ ਅਸਮਾਨ ਚੁੰਮਦੇ ਹਨ। ਤੇਰੇ ਸਿਰ-ਉਜਲ ਬਰਫਾਂ ਦਾ ਮੁਕਟ ਹੈ। ਤੇਰੀਆਂ ਬਣ-ਕੁਟੀਆਂ ਵਿਚ ਹੀ ਪਹਿਲੇ ਸ਼ਬਦ ਗਾਏ ਗਏ। ਤੇਰੇ ਬਣਮੰਦਰਾਂ ਵਿਚ ਹੀ ਸਿਆਣਪ, ਧਰਮ, ਕਵਿਤਾ ਤੇ ਇਤਿਹਾਸ ਦਾ ਪਹਿਲਾ ਜਨਮ ਹੋਇਆ।

ਤੂੰ ਧੰਨ ਹੈਂ; ਧੰਨ ਹੈਂ, ਸੱਚ ਦੀ ਵੰਡਣਹਾਰੀ !!
ਤੂੰ ਦੇਸ਼ਾਂ ਵਿਦੇਸ਼ਾਂ ਨੂੰ ਰਿਜ਼ਕ ਵੰਡਦੀ ਹੈਂ
ਗੰਗਾ ਤੇ ਜਮਨਾ ਤੇਰੀ ਰਹਿਮਤ ਦਾ ਦੁੱਧ ਹੈ,
ਜੋ ਤੇਰੀ ਮਾਂ-ਛਾਤੀ ਵਿਚੋਂ ਸਦਾ ਵਗਦਾ ਰਹਿੰਦਾ ਹੈ।'

ਕਿਤਨਾ ਪਿਆਰ ਹੈ ਕਵੀ ਦਾ ਆਪਣੀ ਧਰਤੀ ਲਈ। ਇਤਨੇ ਸੱਚੇ ਸੁੱਚੇ, ਡੂੰਘੇ ਪਿਆਰ ਤੇ ਸ਼ਰਧਾ ਬਿਨਾ ਇਸ ਧਰਤੀ ਦੀ ਪਰੰਪਰਾ ਤੇ ਸੰਸਕ੍ਰਿਤੀ ਨਾਲ ਸਨੇਹ ਵੀ ਜੋੜਿਆ ਨਹੀਂ ਸੀ ਜਾ ਸਕਦਾ। ਇਸੇ ਸਨੇਹ ਸਦਕੇ ਉਹ ਇਸ ਦੇ ਦੁਖਾਂ-ਗ਼ਮਾਂ ਤੇ ਵੀ ਸਦਾ ਚਿੰਤਾਵਾਨ ਰਹਿੰਦੇ ਸਨ। ਉਨ੍ਹਾਂ ਵੇਖਿਆ ਕਿ ਦੇਸ਼ ਦੇ ਲੋਕ ਮੁਰਦਾ ਹੋਏ ਗੰਗਾ ਤੇ ਜਮਨਾ ਦੀ ਰਹਿਮਤ ਦੇ ਦੁਧ ਤੋਂ ਵਾਂਝੇ ਪਏ ਤੜਫ ਰਹੇ ਹਨ। ਪੂਰਬੀ ਸਭਿਆਚਾਰ ਦੇ ਸੋਮਿਆਂ ਨਾਲ ਉਨ੍ਹਾਂ ਦਾ ਸਬੰਧ ਟੁਟ ਚੁਕਾ ਹੈ। ਕਵੀ ਦੇ ਸ਼ਬਦਾਂ ਵਿਚ 'ਸਾਡੇ ਸਕੂਲਾਂ ਵਿਚ ਜਿਤਨੀ ਲੋਕਾਂ ਨੂੰ ਤਾਲੀਮ ਦਿੱਤੀ ਜਾਂਦੀ ਹੈ, ਉਤਨਾ ਗਿਆਨ ਨਹੀਂ ਵਧਦਾ। ਸਾਡੇ ਘਰ ਤੇ ਸਕੂਲਾਂ-ਕਾਲਜਾਂ ਦੇ ਦਰਮਿਆਨ ਟ੍ਰਾਮ, ਸਾਈਕਲ ਤੇ ਮੋਟਰਾਂ ਤਾਂ ਚਲਦੀਆਂ ਹਨ, ਮਨ ਨਹੀਂ ਚਲ ਰਹੇ। ਸਾਡੇ ਮਨਾਂ ਤੇ ਸਕੂਲ

ਦੀਆਂ ਨੋਟ-ਬੁਕਾਂ ਪਈਆਂ ਰਾਜ ਕਰਦੀਆਂ ਹਨ ਤੇ ਸਾਡਾ ਮਨ ਸਕੂਲ ਤੋਂ ਬਾਹਰ ਹੈ। ਇਹ ਤਾਂ ਇਸੇ ਤਰ੍ਹਾਂ ਹੀ ਹੈ ਜਿਵੇਂ ਵਹੁਟੀ ਰਹਿ ਗਈ ਏਸ ਪਾਰ ਆਪਣੇ ਪੇਕੇ ਤੇ ਉਸਦਾ ਪੀਆ ਰਹਿ ਗਿਆ ਨਦੀ ਦੇ ਉਸ ਪਾਰ, ਬਰੇਤੀ ਤੋਂ ਵੀ ਅੱਗੇ, ਆਖਰ ਪਾਰ ਕਰਨ ਵਾਲੀ ਕਿਸ਼ਤੀ ਕਿਥੇ ਰਹਿ ਗਈ?'

ਰਾਬਿੰਦਰ ਨਾਥ ਟੈਗੋਰ ਨੇ ਉਹ ਕਿਸ਼ਤੀ ਤਿਆਰ ਕੀਤੀ ਜਿਸ ਨਾਲ ਦੂਲਹਾ ਤੇ ਦੁਲਹਨ ਆਪਸ ਵਿਚ ਮਿਲ ਸਕਣ, ਪ੍ਰਾਚੀਨਤਾ ਅਤੇ ਨਵੀਨਤਾ ਦਾ ਮੇਲ ਹੋ ਸਕੇ। ਇਸੇ ਲਈ ਉਨ੍ਹਾਂ ਸਰਕਾਰ ਦੇ 'ਤੋਤਾ-ਰਟਣ' ਤਾਲੀਮੀ ਸਿਸਟਮ ਤੋਂ ਤੰਗ ਆ ਕੇ, ਜੋ ਉਸ ਲਈ ਕੇਵਲ ਮਸ਼ੀਨੀ ਪੁਰਜ਼ੇ ਤਿਆਰ ਕਰਦਾ ਸੀ ਤੇ ਮਨੁਖੀ ਆਤਮਾ ਤਕ ਨਹੀਂ ਸੀ ਪਹੁੰਚਦਾ, 'ਸ਼ਾਂਤੀ ਨਿਕੇਤਨ' ਦੀ ਨੀਂਹ ਰਖਕੇ ਭਾਰਤੀ ਢੰਗ ਦੀ ਵਿਦਿਅਕ ਪ੍ਰਣਾਲੀ ਅਰੰਭੀ ਤਾਂ ਕਿ ਲੋਕਾਂ ਵਿਚ ਆਪਣੇ ਦੇਸ਼ ਦੇ ਸਭਿਆਚਾਰ ਲਈ ਮੁਢੋਂ ਸਨੇਹ ਤੇ ਅਪਣੱਤ ਪੈਦਾ ਹੋ ਸਕੇ ਤੇ ਉਹ ਆਪਣੇ ਮਹਾਨ ਵਿਰਸੇ ਨੂੰ ਮਾਣ ਨਾਲ ਮਾਣ ਸਕਣ। ਉਨ੍ਹਾਂ ਦਾ ਖ਼ਿਆਲ ਸੀ ਕਿ ਪੱਛਮੀ ਵਿਦਿਆ ਨੇ ਸਾਡੀ ਸਹੀ ਨਜ਼ਰ ਖੋ ਦਿਤੀ ਹੈ, ਜਿਸ ਕਰਕੇ ਅਸੀਂ ਆਪਣੇ ਆਪ ਤੇ ਆਪਣੇ ਗੌਰਵ ਨੂੰ ਤੱਕ ਹੀ ਨਹੀਂ ਸਕਦੇ। ਉਹ ਲਿਖਦੇ ਹਨ, 'ਮੱਧ ਏਸ਼ੀਆ ਦੇ ਰੇਗਸਤਾਨ ਵਿਚ ਜਿਨ੍ਹਾਂ ਸੈਲਾਨੀਆਂ ਨੇ ਪ੍ਰਾਚੀਨ ਯੁਗ ਦੇ ਨਿਸ਼ਾਨਾਂ ਦੀ ਖੋਜ ਕੀਤੀ ਹੈ, ਉਨ੍ਹਾਂ ਤੱਕਿਆ ਹੈ ਕਿ ਉਥੇ ਕਿਤਨੀਆਂ ਆਲੀਸ਼ਾਨ ਸਭਿਅਤਾਵਾਂ ਰੇਤ ਹੇਠ ਦਬ ਕੇ ਖਤਮ ਹੋ ਗਈਆਂ। ਕਦੀ ਉਥੇ ਪਾਣੀ ਸੀ, ਨਦੀਆਂ-ਦਰਿਆਵਾਂ ਦੇ ਨਿਸ਼ਾਨ ਹੁਣ ਤਕ ਉਥੇ ਮਿਲਦੇ ਹਨ। ਫਿਰ ਪਤਾ ਨਹੀਂ ਕਦੋਂ, ਇਹ ਪਾਣੀ ਸੁੱਕਣ ਲੱਗਾ ਤੇ ਰੇਗਸਤਾਨ ਆਪਣੀ ਖੁਸ਼ਕ ਜੀਭ ਨਾਲ ਦੋ ਕਦਮ ਅੱਗੇ ਵਧਕੇ ਸਾਨੂੰ ਚੱਟਣ ਲਗਿਆ। ਅਣਗਿਣਤ ਪੇਂਡੂ-ਵਸੋਂ ਵਾਲੇ ਸਾਡੇ ਦੇਸ਼ ਦੀ ਮਾਨਸਕ ਭੂਮੀ ਵਿਚ ਰਸ ਦਾ ਵਹਾਉ ਅੱਜ ਉੱਕਾ ਰੁਕ ਗਿਆ ਹੈ। ਇਹ ਮਾਰੂ ਰੇਗਸਤਾਨ ਤ੍ਰਿਸ਼ਨਾਲੂ ਅਜਗਰ ਵਾਂਗ ਅੱਗੇ ਵਧ ਵਧ ਕੇ ਸਾਡੇ ਪਿੰਡਾਂ ਦੇ ਦੇਸ਼ ਨੂੰ ਆਪਣਾ ਖਾਜਾ ਬਣਾ ਰਿਹਾ ਹੈ ਪਰ ਰੇਗਸਤਾਨ ਦਾ ਇਹ ਹਮਲਾ ਸਾਡੇ ਦੇਖਣ ਵਿਚ ਨਹੀਂ ਆਉਂਦਾ ਕਿਉਂਕਿ ਇਕ ਖਾਸ ਕਿਸਮ ਦੀ ਤਾਲੀਮ ਦੇ ਕਾਰਣ ਸਾਡੀ ਅੱਖਾਂ ਦੀ ਨਜ਼ਰ ਵੀ ਗੁਆਚ ਗਈ ਹੈ।'

ਮਹਾਂ ਕਵੀ ਇਹ ਨਜ਼ਰ ਲੱਭ ਕੇ ਤੇ ਦੇਸ਼ ਨੂੰ ਪੱਛਮੀ ਮਾਰ ਤੋਂ ਬਚਾ ਕੇ ਨਿਰੋਲ ਹਿੰਦੁਸਤਾਨੀ ਸਭਿਆਚਾਰਕ ਸਵਰਾਜ ਕਾਇਮ ਕਰਨਾ ਚਾਹੁੰਦੇ ਸਨ। ਬਿਦੇਸ਼ੀ ਵਾਯੂ-ਮੰਡਲ ਅਤੇ ਹਰ ਤਰ੍ਹਾਂ ਦੀ ਬਿਦੇਸ਼ੀ ਸਭਿਆਚਾਰ ਦੀ ਝੂਠੀ ਮੂਠੀ ਨਕਲ ਉਨ੍ਹਾਂ ਨੂੰ ਭਾਉਂਦੀ ਨਹੀਂ ਸੀ। ਇਕ ਵਾਰ ਇਕ ਸੱਜਣ, ਜੋ ਚਿਤ੍ਰਕਾਰੀ ਸਿਖਣ ਲਈ ਵਲੈਤ ਜਾ ਰਹੇ ਸਨ, ਉਨ੍ਹਾਂ ਨੂੰ ਕਵੀ ਟੈਗੋਰ ਨੇ ਇਕ ਪੱਤਰ ਵਿਚ ਲਿਖਿਆ ਸੀ, 'ਅਗਰ ਤੁਸੀਂ ਸਾਇੰਸ ਦੀ ਤਾਲੀਮ ਲਈ ਉਥੇ ਜਾਂਦੇ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਸੀ। ਪਰ ਚਿਤ੍ਰਕਲਾ? ਇਸ ਸਬੰਧ ਵਿਚ ਕੀ ਤੁਸੀਂ ਇਹ ਸਾਬਤ ਕਰਨ ਜਾ ਰਹੇ ਹੋ ਕਿ ਇਸ ਅਭਾਗੇ ਦੇਸ਼ ਵਿਚ ਕਿਸੇ ਗੱਲ ਲਈ ਵੀ ਸ਼ਕਤੀ ਬਾਕੀ ਨਹੀਂ ਰਹੀ। ਅਸੀਂ ਲੋਕ ਕੀ ਹੁਣ ਪਿੱਠ ਤੇ ਉਨ੍ਹਾਂ ਦੀ ਮੋਹਰ ਲਗਵਾਕੇ ਬਾਜ਼ਾਰ ਵਿਚ ਵਿਕਣ ਜਾਵਾਂਗੇ?"

ਕਵੀ ਦੇ ਦਿਲ ਵਿਚ ਕਿਤਨਾ ਸਵੈਮਾਨ ਸੀ ਆਪਣੇ ਦੇਸ਼ ਦਾ, ਆਪਣੇ ਸਭਿਆਚਾਰ ਦਾ ਤੇ ਆਪਣੇ ਹੁਨਰ ਦਾ। ਦੇਸ਼ ਦੀ ਆਜ਼ਾਦੀ ਲਈ ਵੀ ਉਨ੍ਹਾਂ ਦੀ ਇਕੋ ਇਕ ਤਜਵੀਜ਼ ਸੀ ਕਿ ਅਸੀਂ 'ਗੋਲਮੇਜ਼ ਕਾਨਫ੍ਰੰਸਾਂ' ਦੀ ਘੁੰਮਣ-ਘੇਰੀ ਵਿਚ ਆਪਣੀਆਂ ਗੁੰਝਲਾਂ ਦੀ ਕੁੰਜੀ ਨਹੀਂ ਲੱਭ ਸਕਦੇ। ਸਾਨੂੰ ਆਪਣੀ ਕਿਸ਼ਤੀ ਦੇ ਫੱਟਿਆਂ ਵਿਚ ਜਿਥੇ ਕੁ ਛੇਕ ਹੋ ਗਿਆ ਹੈ, ਖ਼ੁਦ ਉਥੇ ਹੱਥ ਲਾਉਣਾ ਚਾਹੀਦਾ ਹੈ।'

ਭਾਵੇਂ ਉਹ ਰਾਜਨੀਤਕ ਆਗੂ ਨਹੀਂ ਵੀ ਸਨ ਪਰ ਫਿਰ ਵੀ ਜਦੋਂ ਦੇਸ਼ ਦੇ ਸਵੈਮਾਨ ਦਾ ਸਵਾਲ ਆਉਂਦਾ ਸੀ ਤਾਂ ਉਹ ਚੁਪ ਕਰਕੇ ਨਹੀਂ ਸੀ ਬੈਠੇ ਰਹਿ ਸਕਦੇ। ਜਦੋਂ ੧੯੧੯ ਈ: ਵਿਚ ਜੱਲ੍ਹਿਆਂ ਵਾਲਾ ਬਾਗ ਦਾ ਹੱਤਿਆ ਕਾਂਡ ਹੋਇਆ ਤਾਂ ਆਪ ਨੇ ਦੇਸ਼ ਦੇ ਅਪਮਾਨ ਨੂੰ ਆਪਣਾ ਅਪਮਾਨ ਸਮਝਦਿਆਂ ਬਰਤਾਨਵੀ ਸਰਕਾਰ ਨੂੰ 'ਸਰ' ਦਾ ਖਿਤਾਬ ਵਾਪਸ ਕਰਦਿਆਂ ਲਿਖਿਆ ਸੀ, 'ਵੇਲਾ ਆ ਗਿਆ ਹੈ ਜਦੋਂ ਇੱਜ਼ਤ ਦੇ ਤਗ਼ਮੇ ਸਾਡੇ ਉੱਤੇ ਹੋਏ ਅਪਮਾਨ ਦੀ ਸ਼ਰਮ ਨੂੰ ਵਧੇਰੇ ਉਘੇੜ ਰਹੇ ਹਨ, ਇਸ ਲਈ ਮੈਂ ਬਿਨਾਂ ਕਿਸੇ ਖਾਸ ਅੱਡਰੇ ਨਿਸ਼ਾਨ ਦੇ ਆਪਣੇ ਭਰਾਵਾਂ ਦੀ ਕਤਾਰ ਵਿਚ ਖੜੋਣਾ ਚਾਹੁੰਦਾ ਹਾਂ ਤੇ ਮੈਨੂੰ 'ਸਰ' ਦੇ ਖ਼ਿਤਾਬ ਤੋਂ ਸੁਰਖ਼ਰੂ ਕਰ ਦਿਤਾ ਜਾਵੇ।' ਇਸੇ ਤਰ੍ਹਾਂ ਉਨ੍ਹਾਂ ਮਿਸ ਰਾਥਬੋਨ ਦੀ ਹਿੰਦੁਸਤਾਨੀਆਂ ਸਬੰਧੀ ਲਿਖੀ

ਅਪਮਾਨ-ਭਰੀ ਚਿੱਠੀ ਦਾ ਬੀਮਾਰੀ ਦੇ ਬਿਸਤਰੇ ਤੋਂ ਉੱਤਰ ਦਿੰਦਿਆਂ ਕਿਹਾ ਸੀ ਕਿ ਕੀ ਮਿਸ ਰਾਥਬੋਨ ਸਾਡੇ ਪਾਸੋਂ ਉਮੀਦ ਰਖਦੇ ਹਨ ਕਿ ਅਸੀਂ ਉਨ੍ਹਾਂ ਅੰਗਰੇਜ਼ੀ ਹੱਥਾਂ ਨੂੰ ਪਲੋਸੀਏ ਜਿਨ੍ਹਾਂ ਸਾਡੇ ਬੰਧਨਾਂ ਦੀਆਂ ਜੰਜ਼ੀਰਾਂ ਨੂੰ ਪੀਡਿਆਂ ਕਰਕੇ ਕਸਿਆ ਹੋਇਆ ਹੈ ? ਹਰਗਿਜ਼ ਨਹੀਂ, ਹਰਗਿਜ਼ ਨਹੀਂ।"

ਇਸ ਤੋਂ ਇਹ ਨਾ ਸਮਝਿਆ ਜਾਵੇ ਕਿ ਮਹਾਂ ਕਵੀ ਟੈਗੋਰ ਕੇਵਲ ਦੇਸ਼ ਭਗਤੀ ਦੀਆਂ ਸੀਮਤ ਹੱਦਾਂ ਅੰਦਰ ਹੀ ਆਪਣਾ ਜੀਵਨ-ਸੰਗ੍ਰਾਮ ਰਚਾ ਰਹੇ ਸਨ। ਉਹ ਇਸ ਵਿਗਿਆਨਕ ਯੁਗ ਨਾਲ ਪੈਦਾ ਹੋਏ ਨਵੇਂ ਕੌਮਾਂਤਰੀ ਸੰਕਟਾਂ ਨੂੰ ਚੰਗੀ ਤਰ੍ਹਾਂ ਅਨੁਭਵ ਕਰਦੇ ਤੇ ਇਕ ਆਸ਼ਾਵਾਦੀ ਕਲਾਕਾਰ ਵਾਂਗ ਉਨ੍ਹਾਂ ਦਾ ਹੱਲ ਲੱਭਣ ਦਾ ਵੀ ਜਤਨ ਕਰਦੇ। 'ਗੀਤਾਂਜਲੀ' ਉਨ੍ਹਾਂ ਦਾ ਉਹ ਅਮਰ ਸੰਦੇਸ਼ ਹੈ, ਜੋ ਮਨੁਖ ਦੀ ਮੌਜੂਦਾ ਪਦਾਰਥਵਾਦੀ ਸੰਕਟਾਂ ਵਿਚ ਰਹਿਨੁਮਾਈ ਕਰ ਸਕਦਾ ਹੈ। ਉਹ ਕਵੀ ਹੁੰਦਿਆਂ ਵੀ ਇਕ ਵਿਗਿਆਨਕ ਮਨੁਖ ਵਾਂਙ ਸੋਚਦੇ, ਬੜੀ ਸਪਸ਼ਟਤਾ ਨਾਲ ਆਖਦੇ ਹਨ, "ਮੈਂ ਜੀਵਨ ਵਿਚ ਉਦੋਂ ਤਕ ਵਿਸ਼ਵਾਸ ਰਖਦਾ ਹਾਂ, ਜਦ ਤਕ ਇਸ ਵਿਚ ਹਰਕਤ ਹੈ ਤੇ ਜਦ ਤਕ ਇਸ ਵਿਚ ਸਰਬ-ਸਾਂਝੀਵਾਲਤਾ ਦੀ ਭਾਵਨਾ ਹੈ। ਮੈਂ ਦਾਨਵੀ ਸ਼ਕਤੀ ਤੋਂ ਮਨੁਖ ਦੀ ਨਿਜਾਤ ਦਾ ਪਰਚਾਰ ਕਰਦਾ ਹਾਂ। ਮੈਂ ਗਿਆਨ ਦਾ ਦੁਸ਼ਮਣ ਨਹੀਂ ਬਣ ਸਕਦਾ ਕਿਉਂਕਿ ਮੈਂ ਇਤਿਹਾਸਕ ਮਨੁੱਖ ਦਾ ਮੁੱਦਈ ਹਾਂ, ਉਸ ਮਨੁਖ ਦਾ ਜੋ ਪਸ਼ੂਪਣ ਨੂੰ ਲਲਕਾਰਦਾ ਤੇ ਅੰਤ ਵਿਜਈ ਹੁੰਦਾ ਹੈ।'

'ਅੱਜ ਸਨਅਤੀ ਇਨਕਲਾਬ ਨਾਲ ਮਾਲਕ ਤੇ ਮਜ਼ਦੂਰ ਦੀ, ਅਮੀਰ ਤੇ ਗ਼ਰੀਬ ਦੀ ਜੋ ਨਵੀਂ ਸੱਮਸਿਆ ਪੈਦਾ ਹੋਈ ਹੈ, ਉਹ ਗੁਰਦੇਵ ਦੇ ਸਾਹਮਣੇ ਸੀ। ਫਿਰ ਨਵੀਆਂ ਵਿਗਿਆਨਕ ਖੋਜਾਂ ਦੇ ਸਦਕੇ ਮਨੁਖ ਨੂੰ ਮਸ਼ੀਨੀ ਸ਼ਕਤੀ ਦੀ ਲੱਭਤ ਜੋ ਹੋਈ, ਉਹ ਤਾਂ ਉਨ੍ਹਾਂ ਤੋਂ ਲੁਕੀ-ਛਿਪੀ ਨਹੀਂ ਸੀ। ਇਨ੍ਹਾਂ ਦੋਹਾਂ ਗੱਲ੍ਹਾਂ ਨੇ ਅੱਜ ਸਾਰੇ ਸੰਸਾਰ ਨੂੰ ਇਕ ਅਜੀਬ ਗੁੰਝਲ ਵਿਚ ਪਾਇਆ ਹੋਇਆ ਹੈ। ਪਹਿਲੀ ਦਾ ਹੱਲ ਉਹ 'ਸਮਾਜਕ ਏਕਤਾ' ਕਹਿੰਦੇ ਹਨ ਤੇ ਦੂਜੀ ਦਾ ਉਪਾਉ ਉਨ੍ਹਾਂ ਇਹ ਦਸਿਆ ਹੈ ਕਿ ਮਸ਼ੀਨ ਨੂੰ ਮਨੁਖ ਦੀ ਦਾਸੀ ਹੀ ਰੱਖਿਆ ਜਾਵੇ, ਇਸ ਨੂੰ ਮਨੁੱਖ ਦੀ ਮਾਲਕ ਨਾ ਬਣਨ ਦਿੱਤਾ ਜਾਵੇ। ਦੋਹਾਂ ਮਸਲਿਆਂ ਬਾਰੇ ਉਨ੍ਹਾਂ ਦੇ ਵਿਚਾਰ ਜਾਣਨ ਲਈ ਹੇਠ ਅਸੀਂ ਦੋ ਟੂਕਾਂ ਪੇਸ਼ ਕਰਦੇ ਹਾਂ।

'ਫੈਕਟਰੀ ਦੇ ਮੈਦਾਨ ਵਿਚ ਹੋ ਰਹੇ ਸਮਾਜਵਾਦ ਤੇ ਪੂੰਜੀਵਾਦ ਦੇ ਘੋਲ ਦਾ ਅਸਲ ਕਾਰਣ ਦੱਸਦੇ ਆਪ ਲਿਖਦੇ ਹਨ :-

''ਅਜ ਮਨੁਖ ਹੀ ਮਨੁਖ ਦਾ ਸਭ ਤੋਂ ਵੱਡਾ ਦੁਸ਼ਮਣ ਹੈ ਤੇ ਇਸ ਦਾ ਇੱਕੋ ਇਕ ਕਾਰਣ ਧਨ ਦਾ ਲੋਭ ਹੈ। ਧਨ ਦੇ ਲਾਲਚ ਵਰਗੀ ਸਖ਼ਤ ਪੱਥਰ ਤੇ ਅਨਿਆਂ-ਭਰੀ ਬਿਰਤੀ ਹੋਰ ਨਹੀਂ ਪਰ ਧਨ ਬਿਨਾਂ ਸਾਡਾ ਕੰਮ ਵੀ ਨਹੀ ਚਲਦਾ, ਦੁਨਿਆਵੀ ਜੀਵਨ-ਯਾਤਰਾ ਲਈ ਇਹ ਜ਼ਰੂਰੀ ਵੀ ਹੈ ਪਰ ਇਹ ਧਨ ਬਿਲਕੁਲ ਅੱਗ ਵਾਂਙ ਹੈ। ਚੁਲ੍ਹੇ ਵਿਚ ਤੇ ਦੀਵੇ ਵਿਚ ਦੋਹੀਂ ਥਾਈਂ ਅੱਗ ਦੀ ਵਰਤੋਂ ਹੁੰਦੀ ਹੈ। ਲੇਕਿਨ ਇਹੋ ਅੱਗ ਜੇ ਛੱਪਰ ਤੇ ਜਾ ਚੜ੍ਹੇ ਤਾਂ ਸਭ ਕੁਝ ਫੂਕ ਛੱਡਦੀ ਹੈ। ਅੱਗ ਨੂੰ ਮਨੁਖ ਨੇ ਚੁਲ੍ਹੇ, ਦੀਵੇ ਤੇ ਖਾਸ ਤਰ੍ਹਾਂ ਦੇ ਅਗਨੀ-ਕੁੰਡ ਵਿਚ ਕਾਬੂ ਕਰਕੇ ਜੀਵਨ ਲਈ ਲੋੜ ਅਨੁਸਾਰ ਵਰਤ ਲਿਆ ਹੈ। ਪਰੰਤੂ ਧਨ ਦੇ ਲੋਭ ਉਤੇ ਅਜੇ ਤਕ ਵੀ ਕੋਈ ਕਾਬੂ ਨਹੀਂ ਪਾ ਸਕਿਆ।'

ਪੱਛਮੀ ਦੇਸ਼ਾਂ ਵਿਚ ਜੋ ਧਨੀ ਲੋਕ ਹਨ ਤੇ ਜੋ ਧਨ ਪੈਦਾ ਕਰਨ ਵਾਲੇ ਕਿਰਤੀ ਮਿਹਨਤਕਸ਼ ਮਜ਼ਦੂਰ ਹਨ, ਉਨ੍ਹਾਂ ਦਾ ਪਰਸਪਰ ਵਿਰੋਧ ਮਿਟਣ ਵਿਚ ਨਹੀਂ ਆਉਂਦਾ। ਲੋਭ ਦੋਹੀਂ ਪਾਸੀਂ ਹੈ। ਇਹ ਸਮਝ ਨਹੀਂ ਆਉਂਦਾ, ਆਖਰ ਇਹ ਖਿਚੋਤਾਣ ਤੇ ਵੈਰ-ਵਿਰੋਧ ਕਿਥੇ ਕੁ ਜਾ ਕੇ ਮੁਕੇਗਾ।'

ਅਜ ਯੂਰਪ ਦੇ ਢਾਂਚੇ ਵਿਚ ਇਹ ਗੱਲ ਦੇਖੀ ਜਾਂਦੀ ਹੈ ਕਿ ਬੇ-ਗਿਣਤ ਗ਼ੁਲਾਮਾਂ ਨੂੰ ਮਜੂਰੀ ਦੇ ਰੱਸੇ ਵਿਚ ਬੰਨ੍ਹ ਕੇ ਚਾਬਕ ਨਾਲ ਚਲਾਇਆ ਜਾਂਦਾ ਹੈ। ਸਾਰੇ ਹੀ ਬਦ-ਕਿਸਮਤ ਗਰੀਬ ਲੋਕਾਂ ਨੂੰ ਇਕੋ ਵਿਹੜੇ ਵਿਚ ਇਕੱਠਿਆਂ ਕਰਕੇ ਉਨ੍ਹਾਂ ਦੇ ਲਹੂ ਚੂਸਣ ਦਾ ਮਾਰੂ ਕੰਮ ਚਲ ਰਿਹਾ ਹੈ। ਇਸ ਵਿਹੜੇ ਦਾ ਨਾਂ ਹੈ 'ਫੈਕਟਰੀ।' ਜਦੋਂ ਧਨੀਆਂ ਨੇ ਧਰਮ ਦੀ ਦੁਹਾਈ ਵੀ ਨਹੀਂ ਸੁਣੀ ਤਾਂ ਮਰਣ-ਕੰਢੇ ਪਏ ਮਜ਼ਲੂਮਾਂ ਨੇ ਕਿਹਾ, 'ਹੁਣ ਦੁਹਾਈਆਂ ਨਾਲ ਕੁਝ ਨਹੀਂ ਬਣੇਗਾ, ਆਓ, ਸਾਰੇ ਇਕੱਠੇ ਹੋਈਏ। ਜੋ ਲੋਕ ਸਾਡਾ ਖ਼ੂਨ ਚੂਸ ਚੂਸ ਕੇ ਅਮੀਰ ਬਣੇ ਹਨ, ਹੁਣ ਅਸੀਂ ਉਨ੍ਹਾਂ ਤੋਂ ਹੋਰ ਲੁਟਾਈ ਨਹੀਂ ਖਾਵਾਂਗੇ। ਕਿਸੇ ਤਰ੍ਹਾਂ ਦੇ ਲੋਭ ਨੂੰ ਅਸੀਂ ਨੇੜੇ ਨਹੀਂ ਫਟਕਣ ਦਿਆਂਗੇ। ਆਓ, ਅਸੀਂ ਰਲ ਕੇ ਧਨ ਕਮਾਈਏ ਤੇ ਵੰਡ ਕੇ ਖਾਈਏ। ਇਸੇ ਦਾ ਨਾਂ ਸਮੂਹਕ ਭਲਾਈ ਦੀ ਨੀਤੀ ਹੈ।'

ਇਵੇਂ ਜਿਵੇਂ ਹੋਰ ਕੌਮਾਂਤਰੀ ਗੁੰਝਲਾਂ ਕਿਵੇਂ ਕਵੀ ਦੇ ਹਿਰਦੇ ਨੂੰ ਪੀੜਤ ਕਰਦੀਆਂ ਅਤੇ ਕਿਵੇਂ ਉਹ ਆਸ਼ਾਵਾਦੀ ਕਲਾਕਾਰ ਵਾਂਙ ਮਨੁੱਖ ਦਾ ਉਜਲ ਭਵਿਖਤ ਤੱਕਦੇ ਸਨ, ਇਹ ਉਨ੍ਹਾਂ ਦੇ ਇਸ ਕਥਨ ਤੋਂ ਜ਼ਾਹਰ ਹੋ ਸਕੇਗਾ। ਦਰਅਸਲ ਉਹ ਨਵੇਂ ਯੁਗ ਦੀ ਮਨੁੱਖੀ ਸਭਿਅਤਾ ਦੇ ਪੈਗ਼ੰਬਰ ਸਨ, ਉਹ ਲਿਖਦੇ ਹਨ :-

'ਇਹ ਸਾਡਾ ਯੁਗ, ਜੋ ਚੱਲ ਰਿਹਾ ਹੈ, ਇਹ ਮਨੁਖੀ ਸਭਿਅਤਾ ਦਾ ਸਭ ਤੋਂ ਹੀਣਾ ਤੇ ਅੰਧਕਾਰ-ਯੁਗ ਕਿਹਾ ਜਾਣਾ ਚਾਹੀਦਾ ਹੈ। ਲੇਕਿਨ ਫਿਰ ਵੀ ਮੈਂ ਨਿਰਾਸ਼ ਨਹੀਂ ਹਾਂ। ਸੁਨਹਿਰੀ ਪ੍ਰਭਾਤ ਦੇ, ਅਨ੍ਹੇਰੇ ਵਿਚ ਛੁਪੇ ਰਹਿਣ ਦੇ ਬਾਵਜੂਦ, ਜਿਸ ਤਰ੍ਹਾਂ ਪ੍ਰਭਾਤ ਦਾ ਪੰਛੀ ਗਾ ਗਾ ਕੇ ਸੂਰਜ ਚੜ੍ਹਨ ਦਾ ਐਲਾਨ ਕਰਦਾ ਹੈ, ਉਸੇ ਤਰ੍ਹਾਂ ਮੇਰਾ ਹਿਰਦਾ ਵੀ ਵਰਤਮਾਨ ਯੁਗ ਦੇ ਅਨ੍ਹੇਰੇ ਵਿਚ ਗਾ ਗਾ ਕੇ ਇਹ ਐਲਾਨ ਕਰ ਰਿਹਾ ਹੈ ਕਿ ਸਾਡਾ ਮਹਾਨ ਤੇ ਉੱਜਲ ਭਵਿਖਤ ਹੁਣ ਬਹੁਤ ਨੇੜੇ ਹੈ। ਇਸ ਨਵੇਂ ਯੁਗ ਦਾ ਸੁਆਗਤ ਕਰਨ ਲਈ ਸਾਨੂੰ ਤਿਆਰ ਰਹਿਣਾ ਚਾਹੀਦਾ ਹੈ। ਕੁਝ ਲੋਕ ਅਭਿਮਾਨੀ, ਚਤੁਰ ਤੇ ਵਿਹਾਰੀ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਮਨੁੱਖ ਦੇ ਸੁਭਾਉ ਵਿਚ ਦਾਨ ਦੀ ਜਾਂ ਤਿਆਗ ਬ੍ਰਿਤੀ ਹੈ ਹੀ ਨਹੀਂ, ਮਨੁਖ ਹਮੇਸ਼ਾਂ ਪਰਸਪਰ ਲੜਦੇ ਹੀ ਰਹਿਣਗੇ। ਤਕੜਾ ਮਾੜੇ ਤੇ ਫਤਹਿ ਪਾਉਂਦਾ ਰਹੇਗਾ ਤੇ ਸਭਿਅਤਾ ਲਈ ਕੋਈ ਸਦਾਚਾਰਕ ਅਧਾਰ ਹੋ ਹੀ ਨਹੀਂ ਸਕਦਾ।'

'ਮੈਂ ਉਨ੍ਹਾਂ ਨੂੰ ਉਸ ਪੁਰਾਣੇ ਜ਼ਮਾਨੇ ਦਾ ਚੇਤਾ ਕਰਾਉਣਾ ਚਾਹੁੰਦਾ ਹਾਂ, ਜਦੋਂ ਕੁਦਰਤ, ਕੇਵਲ ਵੱਡੇ ਵੱਡੇ ਰਾਖਸ਼ਾਂ ਤੇ ਦੈਂਤਾਂ ਨੂੰ ਹੀ ਪੈਦਾ ਕਰਦੀ ਸੀ। ਉਸ ਸਮੇਂ ਕੋਈ ਕਿਸੇ ਨੂੰ ਇਹ ਖ਼ਿਆਲ ਹੀ ਨਹੀਂ ਸੀ ਕਿ ਕਦੀ ਦੈਂਤ-ਯੁਗ ਵੀ ਖ਼ਤਮ ਹੋ ਸਕਦਾ ਹੈ। ਪਰ ਇਸ ਤੋਂ ਬਾਦ ਇਕ ਬੜੀ ਅਜੀਬ ਘਟਨਾ ਵਾਪਰੀ। ਸਰੀਰਕ ਸ਼ਕਤੀਆਂ ਦੇ ਇਸ ਅਨ੍ਹੇਰ-ਖਾਤੇ ਵਿਚ ਇਕ-ਦਮ ਬੇਹਥਿਆਰ, ਅਨਾਥ, ਨਗਨ ਤੇ ਕੋਮਲ ਸਰੀਰ ਵਾਲਾ ਮਨੁੱਖ ਪਰਗਟ ਹੋਇਆ। ਉਸ ਨੇ ਆਪਣੀਆਂ ਸ਼ਕਤੀਆਂ ਦੀ ਪਛਾਣ ਕੀਤੀ। ਬੁਧੀ-ਬਲ ਦੇ ਅਸਤਰ ਸ਼ਸ਼ਤ੍ਰ ਤਿਆਗ ਕੇ ਉਸ ਸਰੀਰਕ (ਜੜ੍ਹ) ਤਾਕਤ ਦਾ ਮੁਕਾਬਲਾ ਕੀਤਾ। ਨਤੀਜਾ ਇਹ ਹੋਇਆ ਕਿ ਨਿਤਾਣੇ ਜੇਹੇ ਜੁੱਸੇ ਵਾਲੇ ਮਨੁੱਖ ਨੇ ਵੱਡੇ ਵੱਡੇ ਦੈਂਤਾਂ ਉਤੇ ਜਾ ਫਤੇ੍ਹ ਪਾਈ।'

'ਪਰੰਤੂ ਅਜੇ ਵੀ ਮਨੁੱਖ ਆਪਣੀ ਅਸਲ ਫਤ੍ਹੇ ਹਾਸਲ ਨਹੀਂ ਕਰ ਸਕਿਆ, ਕਿਉਂਕਿ ਅਜ ਉਸਦੀ ਸੰਤਾਨ, ਜਿਸ ਵਿਚ ਅੱਧੀ ਹੈਵਾਨੀਅਤ ਤੇ ਅੱਧੀ ਇਨਸਾਨੀਅਤ ਹੈ, ਭਿਆਨਕ ਰੂਪ ਧਾਰ ਧਾਰ ਕੇ ਸਾਰੀ ਧਰਤੀ ਉਤੇ ਮੰਡਲਾ ਰਹੀ ਹੈ। ਇਹ ਪੂਰਬ-ਇਤਿਹਾਸਕ ਯੁਗ ਦੇ ਦੈਂਤਾਂ ਨਾਲੋਂ ਵੀ ਕਿਤੇ ਵਧੇਰੇ ਤਬਾਹ-ਕੁਨ ਹੈ। ਉਨ੍ਹਾਂ ਦੈਂਤਾਂ ਵਿਚ ਤਾਂ ਕੇਵਲ ਪਸ਼ੂਬਲ ਹੀ ਸੀ ਤੇ ਹੁਣ ਬੁਧੀ-ਬਲ ਵੀ ਇਸਦੇ ਨਾਲ ਸ਼ਾਮਲ ਹੋ ਗਿਆ ਹੈ। ਇਸ ਨੇ ਅਜੇਹੀ ਭਿਆਨਕਤਾ ਅਤੇ ਗਿਲਾਨੀ ਨੂੰ ਜਨਮ ਦਿਤਾ ਹੈ, ਜਿਸਦੀ ਭਾਵਨਾ ਹਿਰਦਿਉਂ-ਸੱਖਣੀ ਤੇ ਜਿਸਦੇ ਅਸਤਰ ਸ਼ਸਤਰ, ਕਪਟ ਤੇ ਛਲ ਫਰੇਬ ਵਾਲੇ ਹਨ। ਇਸ ਅੰਨ੍ਹੀ ਵਾਸ਼ਨਾ ਨੂੰ ਇਕ ਤਰ੍ਹਾਂ ਹੋਰ ਨਿਪੁਣ ਤੇ ਸਮੱਰਥਾਵਾਨ ਬਣਾ ਦਿੱਤਾ ਗਿਆ ਹੈ।'

'ਇਕ ਵਾਰ ਅਸਾਂ ਏਸ਼ੀਆ ਵਾਲਿਆਂ ਨੇ ਮਨੁੱਖ ਵਿਚ ਮੌਜੂਦ ਇਸ ਪਸ਼ੂ ਦਾ ਮੂੰਹ ਬੰਦ ਕਰਕੇ ਉਸਦੀ ਜਹਾਲਤ ਨੂੰ ਰੋਕਣ ਦੀ ਪੂਰੀ ਪੂਰੀ ਕੋਸ਼ਸ਼ ਕੀਤੀ ਸੀ। ਪਰੰਤੂ ਅਜ ਬੁੱਧੀ ਦੀ ਦੈਂਤ-ਸ਼ਕਤੀ ਨੇ ਸਾਡੀਆਂ ਸਦਾਚਾਰਕ ਤੇ ਅਧਿਆਤਮਕ ਕੀਮਤਾਂ ਦੀ ਸ਼ਰਧਾ ਨੂੰ ਉਥਲ-ਪੁਥਲ ਕਰ ਦਿੱਤਾ ਹੈ। ਪਸ਼ੂਆਂ ਦੀ ਸਮਰੱਥਾ ਜੜ੍ਹ ਨਹੀਂ ਸੀ, ਘਟ ਤੋਂ ਘਟ ਜੀਵਨ ਨਾਲ ਤਾਂ ਉਨ੍ਹਾਂ ਦਾ ਤੱਲਕ ਸੀ, ਇਹ ਪ੍ਰਾਣੀਆਂ ਦੀ ਤਾਕਤ ਹੀ ਸੀ। ਪਰੰਤੂ ਬੰਬ ਦੇ ਗੋਲੇ, ਜ਼ਹਿਰੀਲੀਆਂ ਗੈਸਾਂ, ਮਾਰੂ ਹਵਾਈ ਜਹਾਜ਼ ਆਦਿ ਨਵੀਆਂ ਵਿਗਿਆਨਕ ਕਾਢਾਂ ਦੇ ਭਿਆਨਕ ਅਸਤਰਾਂ ਵਿਚ ਇਹ ਗੱਲ ਨਹੀਂ, ਇਹ ਬਿਲਕੁਲ ਜੜ੍ਹ ਹਨ।'

'ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਚਾਈ ਸਭ ਦੇ ਲਈ ਹੈ। ਧਨ ਦੌਲਤ ਤੇ ਕਿਸੇ ਖਾਸ ਵਿਅਕਤੀ ਦਾ ਹੱਕ ਹੁੰਦਾ ਹੈ, ਪਰ ਸਚਾਈ ਦੇ ਮਾਮਲੇ ਵਿਚ ਇਹ ਗੱਲ ਨਹੀਂ। ਆਪਣੇ ਨਿਜੀ ਸੁਆਰਥ ਦੀ ਪੂਰਤੀ ਲਈ ਸਾਨੂੰ ਸਚਾਈ ਦੀ ਨਾਜਾਇਜ਼ ਵਰਤੋਂ ਨਹੀਂ ਕਰਨੀ ਚਾਹੀਦੀ। ਇਹ ਤਾਂ ਆਪਣੇ ਫਾਇਦੇ ਖਾਤਰ ਰੱਬ ਦੀ ਮਿਹਰਬਾਨੀ ਨੂੰ ਵੇਚਣ ਬਰਾਬਰ ਹੈ। ਵਿਗਿਆਨ ਵੀ ਇਕ ਸਚਾਈ ਹੈ। ਇਸਦੀ ਵੀ ਖਾਸ ਥਾਂ, ਤੇ ਵਰਤੋਂ ਹੈ, ਜਿਵੇਂ ਬੀਮਾਰਾਂ ਨੂੰ ਰਾਜ਼ੀ ਕਰਨਾ, ਜ਼ਿਆਦਾ ਅੰਨ ਪੈਦਾ ਕਰਨਾ, ਪ੍ਰਾਣੀਆਂ

ਨੂੰ ਵੱਧ ਤੋਂ ਵੱਧ ਸੁਖ-ਸਹੂਲਤਾਂ ਦੇਣਾ ਵਗੈਰਾ। ਪਰੰਤੂ ਜਦ ਇਹ ਜਾਬਰ ਦਾ ਨਿਤਾਣੇ ਲੋਕਾਂ ਦੇ ਕੁਚਲਣ ਵਾਸਤੇ ਮੱਦਦਗਾਰ ਬਣਦਾ ਹੈ, ਤਾਂ ਇਸ ਸਚਾਈ ਦੀ ਅਧਰਮ ਲਈ ਅਯੋਗ ਵਰਤੋਂ ਹੁੰਦੀ ਹੈ। ਪਵਿਤਰ ਵਸਤੂ ਦਾ ਐਸਾ ਭੈੜਾ ਪ੍ਰਯੋਗ ਕਰਨ ਵਾਲਿਆਂ ਨੂੰ ਆਖਰ ਦੁਖ ਤੇ ਸਜ਼ਾ ਭੁਗਤਣੀ ਹੀ ਪਵੇਗੀ ਤੇ ਉਨ੍ਹਾਂ ਦੇ ਹਥਿਆਰ ਉਨ੍ਹਾਂ ਵਿਰੁਧ ਹੀ ਚਲਾਏ ਜਾਣਗੇ।'

ਇਸੇ ਤਰ੍ਹਾਂ ਦੇਹਾਂਤ ਤੋਂ ਮਹੀਨਾ ਕੁ ਪਹਿਲਾਂ ਉਨ੍ਹਾਂ ਭਿਆਨਕ ਜੰਗ ਦੇ ਰਾਹ ਤੋਂ ਵਰਜਦਿਆਂ ਮਨੁੱਖਤਾ ਨੂੰ ਇਹ ਸੰਦੇਸ਼ ਦਿੱਤਾ ਸੀ :-

'ਇਹ ਸਭ ਕੁੱਝ ਤੱਕ ਕੇ ਮਨ ਵਿਚ ਸੁਆਲ ਉਠਦਾ ਹੈ ਕਿ ਆਖ਼ਰ ਇਸ ਅਨੰਤ ਸ੍ਰਿਸ਼ਟੀ ਦਾ ਅਸਲੀ ਮੰਤਵ ਕੀ ਹੈ ? ਕੀ ਇਹ ਅਹਿੰਸਾਤਮਕ ਨਾਚ ਦੀ ਮੰਜ਼ਲ ਕਿਸੇ ਲਹੂ-ਭਿਜੇ ਕੁਰਖੇਤਰ ਦੀ ਵਡੀ ਸਾਰੀ ਚਿਤਾ ਵਿਚਲੀ ਸੁਆਹ ਕੋਲ ਹੀ ਮੁਕਣੀ ਹੈ ? ਅਸੀਂ ਇਤਿਹਾਸ ਵਿਚ ਪਠਾਣਾਂ, ਤਾਤਾਰਾਂ, ਮੁਗ਼ਲਾਂ ਦਾ ਜ਼ਿਕਰ ਪੜ੍ਹਿਆ ਹੈ। ਇਨ੍ਹਾਂ ਸਾਰਿਆਂ ਨੇ ਆਪਣੀਆਂ ਜਿੱਤਾਂ ਨੂੰ ਅਜਿੱਤ ਉਚਾਈਆਂ ਤਕ ਪਹੁੰਚਾਣ ਦੀ ਕੋਸ਼ਿਸ਼ ਕੀਤੀ ਸੀ। ਫਤ੍ਹੇ ਦੇ ਨਾਅਰੇ ਬੁਲਾਂਉਂਦਿਆਂ ਉਨ੍ਹਾਂ ਨੂੰ ਆਪਣੀ ਪਹੁੰਚ ਤੋਂ ਉਤੇ ਕੁਝ ਵੀ ਨਹੀਂ ਸੀ ਦਿਸਿਆ ਪਰ ਇਹ ਅੱਜ ਸਾਰੇ ਕਿੱਥੇ ਨੇ ? ਮਿਟੀ ਵਿਚ ਰੁਲਦੀ ਫਤਿਹ ਦੀ ਕਸੌਟੀ ਕੀ ਤੱਕ ਰਹੀ ਹੈ ? ਹਿੰਸਾ ਕੋਈ ਅੰਤਮ ਸਚਾਈ ਨਹੀਂ - ਮਨੁੱਖ ਨੇ ਇਹ ਬੜੀ ਵਾਰ ਜਾਣਿਆ ਹੈ।'

'ਅੱਜ ਕਲ੍ਹ ਫੇਰ ਅਸੀਂ ਆਪਣੇ ਆਲੇ-ਦੁਆਲੇ ਇਹਦਾ ਵਿਨਾਸ਼ਕਾਰੀ ਨਾਟਕ ਤੱਕ ਰਹੇ ਹਾਂ। ਅੰਤ ਕਿਥੇ ਹੈ ? ਸਾਨੂੰ ਪਤਾ ਹੈ ਕਿ ਮੌਤ ਹੀ ਅੰਤ ਹੈ ਪਰ ਕੀ ਇਹਦਾ ਏਨਾ ਘਿਰਣਾਜਨਕ ਹੋਣਾ ਵੀ ਜ਼ਰੂਰੀ ਹੈ ? ਬਹੁਤੇ ਦੇਸ਼ਾਂ ਦੇ ਮਹਾਂਪੁਰਸ਼ਾਂ ਨੇ ਅੰਤਮ ਸੱਚਾਈ ਦੇ ਮੁਖ ਗੁਣ ਸਿਖਾਏ ਨੇ ਤੇ ਸਾਡੇ ਵਿਚੋਂ ਹਰ ਇਕ ਨੇ ਆਪਣੇ ਆਪਣੇ ਝੁਕਾਉ ਮੁਜਬ ਸਦਾ ਕਿਸੇ ਨਾ ਕਿਸੇ ਵਿਚ ਵਿਸ਼ਵਾਸ ਕੀਤਾ ਹੈ ਪਰ ਫੇਰ ਵੀ ਉਨ੍ਹਾਂ ਤੋਂ ਪਿਛੋਂ ਸਮੇਂ ਦੇ ਰਬ ਦੇ ਪਹੀਏ ਉਨ੍ਹਾਂ ਦੇ ਸਿਖਿਆ-ਮੰਤਰਾਂ ਦੀ ਅਵਾਜ਼ ਨੂੰ ਆਪਣੀ ਖੜ ਖੜ ਨਾਲ ਦੱਬਦੇ, ਹਿੰਸਾ ਦੇ ਬਦਲਦੇ ਕੋਝ ਉਘਾੜਨ ਲਈ ਆਪਣੇ ਰਾਹਾਂ ਤੋਂ ਅਮਨ ਤੇ ਸੁਹਜ ਸੁੰਦਰਤਾ ਨੂੰ ਮਸਲਦੇ ਅਗਾਂਹ ਲੰਘ ਆਏ ਹਨ। ਜੇ ਇਹੀ ਸ੍ਰਿਸ਼ਟੀ

ਦਾ ਮੰਤਵ ਹੈ ਤਾਂ ਕੀ ਕਿਸੇ ਹੋਰ ਅਣ-ਸਾਜੇ ਖ਼ਲਾਅ ਵਿਚ ਮਨੁਖ ਦੀ ਕਲਪਨਾ ਸੁਰਗ ਭਾਲ ਰਹੀ ਹੈ ? ਉਸੇ ਸੁਰਗ ਵਲ ਸਾਨੂੰ ਲੈ ਚਲ, ਕਿਸੇ ਪਾਸੇ ਅਮਨ ਸ਼ਾਂਤੀ ਦੇ ਅਮੁਕ ਪੈਂਡਿਆਂ ਉਤੇ।'

ਫਿਰ ਉਹ ਮਨੁਖਤਾ ਦੇ ਨਾਂ ਤੇ ਅਪੀਲ ਕਰਦੇ ਰਹਿੰਦੇ ਹਨ ;

'ਆਓ ਮੱਦਦ ਕਰੋ, ਮਨੁਖੀ ਆਤਮਾ ਨੂੰ ਮਸ਼ੀਨੀ ਦੈਂਤ ਦੀ ਕੈਦ ਤੋਂ ਆਜ਼ਾਦ ਕਰਾਓ, ਆਤਮਾ ਦੀ ਫਤ੍ਹੇ ਗਜਾਓ ਤੇ ਇਹ ਸਾਬਤ ਕਰ ਦਿਓ ਕਿ ਮਨੁਖੀ ਆਤਮਾ ਦਾ ਸਮਾਨ-ਚਤੁਰਾਈ, ਸਿਆਣਪ ਜਾਂ ਤੋਪਾਂ ਨਹੀਂ ਬਲਕਿ ਸ਼ਰਧਾ ਤੇ ਤਿਆਗ ਹੈ। ਮੇਰੀ ਸਾਰੇ ਧਰਮੀਆਂ ਨੂੰ ਚਾਹੇ ਉਹ ਦੁਨੀਆਂ ਦੇ ਕਿਸੇ ਕੋਨੇ ਵਿਚ ਰਹਿੰਦੇ ਹੋਣ, ਬੇਨਤੀ ਹੈ ਕਿ ਉਹ ਮਨੁੱਖਤਾ ਦੇ ਦੇਵਤੇ ਨੂੰ ਭੇਟਾ ਅਰਪਨ ਕਰਨ। ਉਹ ਕੇਵਲ ਮਨੁੱਖਤਾ ਦਾ ਦਾਅਵਾ ਕਰਕੇ ਆਪਣੇ ਆਪ ਵਿਚ ਭਰਾਤਰੀ ਭਾਵ ਪੈਦਾ ਕਰਨ। ਮੈਂ ਫਿਰ ਪੂਰਬ ਤੇ ਪੱਛਮ ਦੇ ਏਕੇ ਦੇ ਸੁਪਨੇ ਵੇਖਣ ਵਾਲਿਆਂ ਨੂੰ ਕਹਾਂਗਾ, ਉਹ ਉਸ ਜੀਵਨ ਵਿਚ ਅਤੁੱਟ ਵਿਸ਼ਵਾਸ ਰੱਖਣ ਜੋ ਸਭ ਕੁਝ ਸਿਰਜਦਾ ਹੈ, ਮਸ਼ੀਨਾਂ ਵਿਚ ਨਹੀਂ, ਜੋ ਕੇਵਲ ਘੜਦੀ ਹੈ।' ਇਹ ਸੀ ਗੁਰਦੇਵ ਦਾ ਕੌਮਾਂਤਰੀ ਆਦਰਸ਼ ਜੋ ਕਿ ਉਨ੍ਹਾਂ ਉਮਰ ਭਰ ਆਪਣੀ ਕਲਮ ਰਾਹੀਂ ਅਤੇ ਦੇਸ਼ ਬਿਦੇਸ਼ ਵਿਚ ਵਿਚਰ ਕੇ ਏਸ਼ੀਆ ਤੇ ਯੂਰਪ ਵਿਚ ਥਾਂ ਥਾ ਦਿਤੇ ਭਾਸ਼ਨਾਂ ਦੁਆਰਾ ਲੋਕਾਂ ਪ੍ਰਤੀ ਉਜਾਗਰ ਕੀਤਾ।

(ਅ) ਪ੍ਰੀਤਿ ਰੀਤਿ ਦਾ ਲਾਸਾਨੀ ਗੀਤਕਾਰ

ਗੀਤਾਂਜਲੀ ਵਾਲਾ ਮਹਾਂਕਵੀ ਟੈਗੋਰ ਵਿਸ਼ੇਸ਼ ਪ੍ਰਤਿਭਾ ਦਾ ਮਾਲਕ, ਇਕ ਪਰਮ ਮਨੁੱਖ ਤੇ ਪਰਮ ਕਲਾਕਾਰ ਸੀ। ਉਹ ਸਾਹਿਤਕਾਰ, ਸੰਗੀਤਕਾਰ, ਫਿਲਾਸਫਰ, ਵਿਦਿਆਪਤੀ ਤੇ ਸਭਿਆਚਾਰਕ-ਰਾਜਪੂਤ, ਸੰਤ, ਰਿਸ਼ੀ ਕਿੰਨਾ ਕੁਝ ਸੀ ਪਰ ਉਹ ਸਭ ਤੋਂ ਵਧੇਰੇ ਕਵੀ ਸੀ, ਕਵੀ ਵੀ ਗੀਤਕਾਰ। ਉਸ ਨੇ ਇਕ ਹਜ਼ਾਰ ਕਵਿਤਾਵਾਂ ਤੇ ਦੋ ਹਜ਼ਾਰ ਦੇ ਲਗਭਗ ਗੀਤ ਲਿਖ ਕੇ ਦੁਨੀਆਂ ਵਿਚ ਸਭ ਤੋਂ ਵਧ ਸਫਲ ਗੀਤ-ਲੇਖਕ ਹੋਣ ਦਾ ਮਾਣ ਖੱਟਿਆ। ਇਨ੍ਹਾਂ ਗੀਤਾਂ ਦੀ ਝਨਕਾਰ ਨੇ ਹੀ ਪੱਛਮ ਨੂੰ ਉਸ ਦਾ ਸ਼ੈਦਾਈ ਬਣਾਇਆ। ਗੀਤਾਂਜਲੀ, ਉਸ ਦਾ ਸਰਬੋਤਮ ਗੀਤ-ਸੰਗ੍ਰਹਿ ਹੈ, ਜਿਸ ਨੂੰ

1913 ਵਿਚ ਨੋਬਲ ਪ੍ਰਾਈਜ਼ ਦੇ ਕੇ ਕੋਮਾਂਤਰੀ ਵਿਦਵਾਨ ਮੰਡਲੀ ਨੇ ਇਸ ਦੀ ਸਰਬੋਤਮਤਾ ਨੂੰ ਪਰਣਾਮ ਕੀਤਾ। ਏਸ਼ੀਆ ਦੀ ਇਹ ਪਹਿਲੀ ਕਿਤਾਬ ਹੈ ਜਿਸ ਨੂੰ ਇਹ ਸਨਮਾਨ ਮਿਲਿਆ। ਸਾਹਿਤਕ ਜਗਤ ਵਿਚ ਹਿੰਦੁਸਤਾਨ ਦੀ ਹੋਰ ਕਿਸੇ ਵੀਹਵੀਂ ਸਦੀ ਦੀ ਆਧੁਨਿਕ ਰਚਨਾ ਨੂੰ ਵੀ ਅਜੇਹੀ ਵਡਿਆਈ ਪ੍ਰਾਪਤ ਕਰਨ ਦਾ ਸੁਭਾਗ ਨਹੀਂ ਮਿਲਿਆ।

ਟੈਗੋਰ ਦੇ ਗੀਤਾਂ ਦੀ ਇਕ ਬੰਗਾਲੀ ਕਿਤਾਬ ਦਾ ਨਾਂ ਵੀ 'ਗੀਤਾਂਜਲੀ' ਹੈ ਪਰ ਇਸ ਅੰਗ੍ਰੇਜ਼ੀ ਗੀਤਾਂਜਲੀ ਵਿਚ ਉਹ 103 ਗੀਤ ਜੋ ਕਵੀ ਨੇ ਆਪ ਆਪਣੇ ਬੰਗਾਲੀ ਕਾਵਿ-ਸੰਗ੍ਰਹਿ 'ਨੈਵੇਦ', 'ਗੀਤਾਂਜਲੀ' ਤੇ 'ਖੇਯਾ' ਵਿਚੋਂ ਚੁਣੇ ਸਨ ਤੇ ਕੁਝ ਕੁ ਹੋਰ ਰਸਾਲਿਆਂ ਵਿਚ ਛਪੇ ਵੀ ਲਏ ਸਨ। ਇਹ ਗੱਲ 1912 ਦੇ ਸ਼ੁਰੂ ਦੀ ਹੈ, ਜਦੋਂ ਟੈਗੋਰ ਨੇ ਵਲਾਇਤ-ਯਾਤਰਾ ਸਮੇਂ ਸਮੁੰਦਰੀ ਸਫ਼ਰ ਕਰਦਿਆਂ ਆਪਣੇ ਮਨ-ਪਰਚਾਵੇ ਲਈ ਇਨ੍ਹਾਂ ਚੋਣਵੇਂ ਬੰਗਾਲੀ ਗੀਤਾਂ ਦਾ ਆਪ ਹੀ ਅੰਗ੍ਰੇਜ਼ੀ ਤਰਜਮਾ ਕੀਤਾ। ਕੁਝ ਕੁ ਤਰਜਮਾ ਪਹਿਲਾਂ ਵੀ ਕੀਤਾ ਹੋਇਆ ਸੀ ਤੇ ਕੁਝ ਇਸ ਸਫ਼ਰ ਵਿਚ ਮੁਕਾਇਆ ਤੇ ਇਉਂ ਇਹ ਤਰਜਮੇ ਵਾਲਾ ਖਰੜਾ ਮੁਕੰਮਲ ਹੋ ਗਿਆ। ਇਹ ਖਰੜਾ ਉਨ੍ਹਾਂ ਲੰਡਨ ਜਾ ਕੇ ਆਪਣੇ ਮਿਤਰ ਪ੍ਰਸਿੱਧ ਚਿਤ੍ਰਕਾਰ ਵਿਲੀਅਮ ਰੋਥੇਨ ਸਟਾਇਨ ਨੂੰ ਦਿਤਾ ਤੇ ਉਨ੍ਹਾਂ ਅੱਗੇ ਮਸ਼ਹੂਰ ਕਵੀ ਡਬਲਯੂ. ਬੀ. ਯੀਟਸ ਨੂੰ ਇਹ ਸੰਚੀ ਪੜ੍ਹਨ ਲਈ ਦੇ ਦਿਤੀ। ਯੀਟਸ ਇਨ੍ਹਾਂ ਗੀਤਾਂ ਨੂੰ ਪੜ੍ਹ ਕੇ ਇਤਨੇ ਮਸਤ ਹੋਏ ਕਿ ਉਨ੍ਹਾਂ ਦਾ ਲੂੰ ਲੂੰ ਕਿਸੇ ਅਨੋਖੇ ਰੰਗ ਵਿਚ ਰੰਗਿਆ ਗਿਆ। ਉਹ ਗੱਡੀਆਂ, ਮੋਟਰ ਬਸਾਂ ਵਿਚ ਸਫ਼ਰ ਕਰਦੇ ਵੀ ਇਨ੍ਹਾਂ ਗੀਤਾਂ ਦੀ ਲੈਅ ਵਿਚ ਗੁਆਚੇ ਰਹਿੰਦੇ। ਇਕ ਥਾਂ ਉਹ ਕਹਿੰਦੇ ਹਨ, 'ਇਨ੍ਹਾਂ ਟੈਗੋਰ-ਗੀਤਾਂ ਨੇ ਮੇਰੇ ਖ਼ੂਨ ਵਿਚ ਇਕ ਨਵੀਂ ਹਲਚਲ ਪੈਦਾ ਕਰ ਦਿੱਤੀ, ਜੈਸਾ ਕਿ ਅਗੇ ਕਦੀ ਨਹੀਂ ਸੀ ਹੋਇਆ। ਮੈਂ ਕਵੀ ਦੇ ਜੀਵਨ ਤੋਂ ਵੀ ਜਾਣੂ ਨਹੀਂ ਤੇ ਨਾ ਹੀ ਮੈਨੂੰ ਉਨ੍ਹਾਂ ਦੀ ਵਿਚਾਰਧਾਰਾ ਦਾ ਬਹੁਤਾ ਪਤਾ ਹੈ ਪਰ ਇਹ ਇਕ ਕ੍ਰਿਸ਼ਮਾ ਹੈ ਕਿ ਉਸ ਦੀ ਇਕ ਇਕ ਸਤਰ ਦੇ ਪਾਠ ਨੇ ਮੇਰੇ ਸਾਰੇ ਦੁਖ ਭੁਲਾ ਦਿਤੇ। ਆਖ਼ਿਰ ਯੀਟਸ ਨੇ ਇਸ ਦੀ ਭੂਮਿਕਾ ਵੀ ਲਿਖੀ ਤੇ 1912 ਈ. ਦੇ ਅੰਤ ਵਿਚ ਇੰਡੀਅਨ ਸੁਸਾਇਟੀ ਲੰਡਨ ਵਲੋਂ 'ਗੀਤਾਂਜਲੀ'

(ਅੰਗ੍ਰੇਜ਼ੀ) ਨੂੰ ਪ੍ਰਕਾਸ਼ਤ ਕੀਤਾ ਗਿਆ।

ਗੀਤਾਂਜਲੀ ਦੇ ਗੀਤਾਂ ਦੀ ਤਾਸੀਰ ਜਾਦੂਭਰੀ ਸੀ ਤੇ ਇਸ ਦਾ ਨਿਰਮਲ ਹਿਰਦਿਆਂ ਤੇ ਚੇਤੰਨ ਬੁਧਿ ਉੱਤੇ ਫੌਰਨ ਅਸਰ ਹੋਇਆ। ਸੋ ਜੌਹਰੀ ਨਜ਼ਰਾਂ ਇਸ ਕੀਮਤੀ ਲਾਲ ਦੀ ਅਹਿਮੀਅਤ ਨੂੰ ਕਿਵੇਂ ਅਣਡਿੱਠ ਕਰ ਸਕਦੀਆਂ ਹਨ, ਸੋ 1913 ਈ. ਵਿਚ ਹੀ ਇਸ ਨੂੰ ਨੋਬਲ ਪੁਰਸਕਾਰ ਦੇ ਕੇ ਸਨਮਾਨਿਆ ਗਿਆ। ਹੁਣ ਤਕ ਇਹ ਕਿਤਾਬ ਸੈਂਕੜੇ ਜ਼ਬਾਨਾਂ ਵਿਚ ਤਰਜਮਾ ਹੋ ਕੇ ਲੱਖਾਂ ਦੀ ਤਾਦਾਦ ਵਿਚ ਛਪ ਚੁਕੀ ਹੈ ਤੇ ਕਰੋੜਾਂ ਦੀ ਗਿਣਤੀ ਵਿਚ ਪੜ੍ਹੀ ਗਈ ਹੈ। ਪੱਛਮ ਲਈ ਇਸ ਦੀ ਮਹੱਤਤਾ ਪੂਰਬ ਦਾ ਉਹ ਸੰਦੇਸ਼ ਹੈ, ਜੋ ਹਮੇਸ਼ਾਂ ਹੀ ਮਨੁੱਖ ਦੇ ਸੀਨੇ ਨੂੰ ਠੰਢ ਪਾਉਂਦਾ ਰਿਹਾ ਹੈ। ਪੂਰਬ ਵਾਲਿਆਂ ਲਈ ਇਸ ਦੀ ਵਡਿਆਈ ਏਸ ਵਿਚ ਹੈ ਕਿ ਸੰਦੇਸ਼ ਨੂੰ ਬਹੁਤ ਹੀ ਕਲਾਮਈ ਸੌਂਦਰਯ, ਵਚਿਤਰਤਾ ਤੇ ਅਜੇਹੀਆਂ ਸੰਗੀਤਕ ਛੋਹਾਂ ਨਾਲ ਚਿਤ੍ਰਿਆ ਗਿਆ ਹੈ ਕਿ ਇਹ ਅਧਿਆਤਮਕ ਪੈਗ਼ਾਮ ਇਸ ਨਵੇਂ ਯੁਗ ਦੀ ਇਕ ਨਵੀਂ 'ਗੀਤਾ' ਜਾਂ ਨਵੀਂ 'ਬਾਈਬਲ' ਬਣ ਗਈ ਹੈ। ਅਧਿਆਤਮਕ ਰਹੱਸ ਦੀ ਸੁੰਦਰ ਤੇ ਮਨੋਹਰ ਵਿਆਖਿਆ ਜਿਸ ਤਰ੍ਹਾਂ ਇਨ੍ਹਾਂ ਗੀਤਾਂ ਨੇ ਕੀਤੀ, ਉਸ ਦੀ ਮਿਸਾਲ ਆਧੁਨਿਕ ਯੁਗ ਵਿਚ ਹੋਰ ਨਹੀਂ। ਉਪਨਿਸ਼ਧਾਂ ਤੋਂ ਲੈ ਕੇ ਭਗਤੀ ਲਹਿਰ ਦੇ ਵੈਸ਼ਨਵ ਸੰਤਾਂ ਤਕ ਦੇ ਭਜਨ ਕਵੀ ਦੀਆਂ ਨਜ਼ਰਾਂ ਹੇਠ ਸਨ ਤੇ ਇਨ੍ਹਾਂ ਪ੍ਰਭਾਵਾਂ ਨੂੰ ਉਨ੍ਹਾਂ ਆਪਣੇ ਆਪ ਵਿਚ ਰਚਾ ਮਿਚਾ ਕੇ ਅਤੇ ਕਲਾ ਦੀ ਵਚਿੱਤਰ ਪਾਹ ਦੇ ਕੇ ਇਉਂ ਸ਼ਿੰਗਾਰਿਆ ਕਿ ਹਰ ਗੀਤ ਇਕ ਜੀਉਂਦਾ- ਜਾਗਦਾ ਚਿੱਤਰ ਬਣ ਗਿਆ, ਦੂਰ ਦਿਸਦੀ ਅਧਿਆਤਮਕਤਾ ਵਾਲੀ ਜੋਤਿ ਲਟ ਲਟ ਕਰਦੀ ਸਾਮ੍ਹਣੇ ਜਗਣ ਲੱਗੀ। ਇਹ ਕਵੀ ਦੇ ਅਨੁਭਵ ਤੇ ਕਲਾ ਦਾ ਕ੍ਰਿਸ਼ਮਾ ਸੀ ਕਿ ਉਨ੍ਹਾਂ ਆਪਣੇ ਗੀਤਾਂ ਰਾਹੀਂ ਭਾਰਤੀ ਅਦ੍ਵੈਤਵਾਦ ਤੇ ਪ੍ਰਭੂ-ਪ੍ਰੇਮ ਦੇ ਪੈਗ਼ਾਮ ਨੂੰ ਆਧੁਨਿਕਤਮ ਰੂਪ ਦਿਤਾ। ਸੰਤ-ਕਾਵਿ ਵਿਚ ਇਤਨਾ ਹੁਸੀਨ ਅੰਦਾਜ਼ ਲਿਆਉਣਾ ਤੇ ਤੱਤ ਗਿਆਨ ਨੂੰ ਸੰਗੀਤ ਦੇ ਜਾਮ ਵਿਚ ਪਾਉਣਾ ਵੀਹਵੀਂ ਸਦੀ ਦੇ ਮਹਾਨ ਕਲਾਕਾਰ ਟੈਗੋਰ ਦੀ ਕਰਾਮਾਤ ਸੀ।

'ਗੀਤਾਂਜਲੀ' ਮਨੁੱਖੀ ਸਭਿਅਤਾ ਦੀ ਬਾਣੀ ਹੈ, ਜਿਸ ਵਿਚ ਕੁਦਰਤ

ਦਾ ਸੁਹਜ ਤੇ ਕਾਦਰ ਦੀ ਅਨੰਤਤਾ ਅਤੇ ਮਨੁਖ ਦੀ ਉਸ ਅਨੰਤ ਲਈ ਗੰਭੀਰ ਲੋਚਾ ਕਈ ਕਈ ਵੇਸ ਧਾਰ ਕੇ ਗੁਣਗੁਣਾਉਂਦੀ ਆਉਂਦੀ ਹੈ। ਰਹੱਸਵਾਦੀ ਰੋਮਾਂਸ, ਇਸ ਅਨੁਭਵ ਦਾ ਆਮ ਰੂਪ ਹੈ, ਬਿੰਬਾਵਲੀ ਤੇ ਚਿਤ੍ਰਾਵਲੀ ਪਰੰਪਰਾ ਤੋਂ ਲੈ ਕੇ ਨਵੇਂ ਰੰਗਾਂ ਵਿਚ ਸਜਾਈ ਗਈ ਹੈ। ਇਨ੍ਹਾਂ ਬਿੰਬਾਂ ਤੇ ਪ੍ਰਤੀਕਾਂ ਤੋਂ ਕਈ ਕਵੀ ਨੂੰ ਪਿਛਾਂਹ-ਖਿਚੂ ਸਮਝਣ ਦੀ ਭੁੱਲ ਕਰਦੇ ਸਨ ਪਰ ਗੱਲ ਇਉਂ ਨਹੀਂ। ਦੇਖਣ ਵਾਲੀ ਗੱਲ ਇਹ ਹੈ ਕਿ ਕਵੀ ਦੀ ਤਾਨ ਕਿਥੇ ਟੁਟਦੀ ਹੈ, ਉਹ ਮਨੁੱਖੀ ਵਿਕਾਸ ਤੇ ਅਨੰਤ ਦੇ ਮੇਲ ਦੀ ਮੰਜ਼ਲ ਹੈ, ਜਿਥੇ ਕਵੀ ਆਪਣੇ 'ਮਾਨਵ ਨਾਇਕ' ਨੂੰ ਪੁੱਜਿਆ ਵੇਖਣਾ ਚਾਹੁੰਦਾ ਹੈ।

ਪੰਧਰਵੀਂ ਸੋਲ੍ਹਵੀਂ ਸਦੀ ਦੇ ਭਾਰਤੀ ਸੰਤ ਕਵੀਆਂ ਨੇ ਜਿਸ ਪ੍ਰੇਮਾ ਭਗਤੀ ਨੂੰ ਆਪਣੀ ਕਵਿਤਾ ਦਾ ਵਿਸ਼ਾ-ਵਸਤੂ ਬਣਾਇਆ, ਵੀਹਵੀਂ ਸਦੀ ਦਾ ਸੰਤ ਟੈਗੋਰ ਉਸੇ ਨੂੰ 'ਗੀਤਾਂਜਲੀ' ਦੇ ਰੂਪ ਵਿਚ ਨਵੇਂ ਹੁਨਰ ਤੇ ਨਵੇਂ ਸੁਹੱਣਪ ਨਾਲ ਪੇਸ਼ ਕਰਦਾ ਹੈ। ਕਈ ਥਾਂ ਪ੍ਰਤੀਕ ਤੇ ਰੂਪਕ ਵੀ ਲਗਭਗ ਉਹੋ ਵਰਤੇ ਗਏ ਹਨ ਜਿਵੇਂ ਇਕ ਪਤੀਬ੍ਰਤਾ ਸੁੰਦਰੀ ਦਾ ਪਤੀ-ਪ੍ਰੇਮ। ਉਤਰੀ ਭਾਰਤ ਦੇ ਵੈਸ਼ਨਵ ਸਾਹਿਤ ਵਿਚ ਭਗਤਾਂ ਦੀ ਆਤਮਾ ਨੇ ਰਾਧਿਕਾ ਦਾ ਰੂਪਕ ਨਾ ਲੈ ਕੇ ਪਤੀਬ੍ਰਤਾ ਇਸਤਰੀ ਦਾ ਰੂਪਕ ਹੀ ਆਪਣੇ ਸਾਹਿਤ ਵਿਚ ਸਵੀਕਾਰ ਕੀਤਾ ਹੈ। ਟੈਗੋਰ ਰਾਧਾ ਦਾ ਨਾਂ ਤਾਂ ਨਹੀਂ ਲੈਂਦੇ ਪਰ ਨਦੀ ਦਾ ਘਾਟ, ਸੰਘਣੇ ਬਿਰਛਾਂ ਦਾ ਕੁੰਜ, ਸਖੀਆਂ ਦਾ ਘੜੇ ਭਰ ਭਰ ਲਿਆਉਣ ਦਾ ਦ੍ਰਿਸ਼ ਅਤੇ ਕਿਸੇ ਦਾ ਪਰਲੇ ਕਿਨਾਰੇ ਬੰਸਰੀ ਵਜਾ ਕੇ ਮੋਹ ਲੈਣ ਦਾ ਜਾਦੂ ਉਨ੍ਹਾਂ ਦੇ ਗੀਤਾਂ ਵਿਚ ਬਾਰ ਬਾਰ ਗੂੰਜਦਾ ਹੈ। ਇਕ ਹੋਰ ਰੂਪਕ ਜੋ ਉਨ੍ਹਾਂ ਨੂੰ ਸਭ ਤੋਂ ਵੱਧ ਪਿਆਰਾ ਹੈ, ਉਹ ਗਵਈਏ ਦਾ ਹੈ। ਉਹ ਆਪਣੇ ਆਪ ਨੂੰ ਪ੍ਰਭੂ ਦੇ ਦਰਬਾਰ ਦਾ ਗਵਈਆ ਕਹਿ ਕੇ ਪ੍ਰਸੰਨ ਹੁੰਦੇ ਹਨ। ਜਿਵੇਂ ਕਿ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ ਕਿ ਮੈਂ ਤਾਂ ਪ੍ਰਭੂ ਦਾ ਢਾਡੀ ਹਾਂ ਤੇ ਉਸ ਦਾ ਜਸ ਗਾਉਣ ਦਾ ਹੀ ਇਕੋ ਇਕ ਦਾਨ ਮੰਗਦਾ ਹਾਂ :

'ਹਉ ਢਾਢੀ ਵੇਕਾਰ ਕਾਰੇ ਲਾਇਆ
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ।'

ਟੈਗੋਰ ਕਹਿੰਦਾ ਹੈ ਕਿ ਮੈਂ ਇਕ ਗਵਈਆ ਹਾਂ, ਜਿਸ ਗੀਤ ਨੂੰ

ਗਾਉਣ ਲਈ ਮੈਂ ਆਇਆ ਸਾਂ ਉਹ ਗਾ ਨਹੀਂ ਸਕਿਆ। ਮੈਂ ਤਾਂ ਆਪਣੇ ਸਾਜ਼ ਦੀਆਂ ਤਾਰਾਂ ਸੁਰ ਕਰਦਿਆਂ ਹੀ ਆਪਣਾਂ ਸਮਾਂ ਲੰਘਾ ਦਿਤਾ ਹੈ।'

'ਮੈਨੂੰ ਪਤਾ ਹੈ, ਤੂੰ ਮੇਰੇ ਗੀਤਾਂ ਵਿਚ ਦਿਲਚਸਪੀ ਲੈਂਦਾ ਹੈ। ਮੈਂ ਇਹ ਵੀ ਜਾਣਦਾ ਹਾਂ ਕਿ ਮੈਂ ਇਕ ਗਵਈਏ ਦੇ ਤੌਰ ਤੇ ਹੀ ਤੇਰੀ ਹਜ਼ੂਰੀ ਵਿਚ ਆਇਆ ਹਾਂ। ਮੈਂ ਆਪਣੇ ਗੀਤਾਂ ਦੇ ਪਸਰਵੇਂ ਖੰਭਾਂ ਨਾਲ ਹੀ ਤੇਰੇ ਚਰਨਾਂ ਦੀ ਛੂਹ ਮਾਣ ਸਕਦਾ ਹਾਂ। ਸੰਗੀਤ ਦੇ ਨਸ਼ੇ ਵਿਚ ਮੈਂ ਆਪਣੀ ਸੁਧ ਬੁਧ ਖੋ ਬਹਿੰਦਾ ਹਾਂ ਤੇ ਤੈਨੂੰ ਜੋ ਕਿ ਮੇਰਾ ਮਾਲਕ ਹੈਂ, 'ਯਾਰ' ਕਹਿ ਕੇ ਬੁਲਾਉਂਦਾ ਹਾਂ।'

ਫਿਰ ਕਹਿੰਦੇ ਹਨ ਕਿ ਤੂੰ ਮੈਨੂੰ ਦੁਨੀਆਂ ਦੇ ਉਤਸਵ ਤੇ ਗਾਉਣ ਲਈ ਸੱਦਿਆ ਸੀ। ਮੇਰਾ ਫਰਜ਼ ਸੀ ਕਿ ਮੈਂ ਆਪਣਾ ਸਾਜ਼ ਵਜਾ ਕੇ ਤੈਨੂੰ ਰੀਝਾਵਾਂ। ਮੈਂ ਆਪਣਾ ਫਰਜ਼ ਪੂਰਾ ਕਰਨ ਦਾ ਜਤਨ ਕੀਤਾ ਹੈ ਤੇ ਹੁਣ ਮੈਨੂੰ ਤੇਰੇ ਦੀਦਾਰ ਦੀ ਇੱਛਾ ਹੈ ਅਤੇ ਤੈਨੂੰ ਆਪਣਾ ਪਰਣਾਮ ਪੇਸ਼ ਕਰਨਾ ਚਾਹੁੰਦਾ ਹਾਂ।'

'ਤੁਸੀਂ ਆਪਣੇ ਸਿੰਘਾਸਨ ਤੋਂ ਉਤਰ ਕੇ ਆਏ ਤੇ ਮੇਰੀ ਕੁਟੀਆ ਦੇ ਦਰਵਾਜ਼ੇ ਸਾਹਮਣੇ ਖੜੋ ਗਏ। ਮੈਂ ਅੰਦਰ ਕੱਲਮਕੱਲਾ ਗਾ ਰਿਹਾ ਸਾਂ ਤੇ ਮੇਰੀ ਮਧੁਰ ਤਾਨ ਨੇ ਆਖਿਰ ਤੁਹਾਨੂੰ ਮੇਰੇ ਵਲ ਖਿੱਚ ਹੀ ਲਿਆਂਦਾ।'

ਇਕ ਥਾਂ ਕਵੀ ਬੰਸਰੀ ਬਣ ਕੇ ਆਪਣਾ ਆਪਾ ਪ੍ਰਗਟ ਕਰਦਾ ਹੈ।

'ਮੇਰੇ ਗੀਤ ਨੇ ਆਪਣੇ ਸਾਰੇ ਹਾਰ ਸ਼ਿੰਗਾਰ ਉਤਾਰ ਦਿਤੇ ਹਨ। ਇਸ ਨੂੰ ਆਪਣੇ ਸ਼ਿੰਗਾਰ ਅਤੇ ਸਜਾਵਟ ਤੇ ਕੋਈ ਮਾਣ ਵੀ ਨਹੀਂ। ਇਹ ਗਹਿਣੇ ਤਾਂ ਤੇਰੇ ਤੇ ਮੇਰੇ ਦਰਮਿਆਨ ਦੀਵਾਰ ਬਣ ਜਾਂਦੇ ਅਤੇ ਮਿਲਾਪ ਵਿਚ ਭੰਗਣਾ ਪਾ ਦਿੰਦੇ ਹਨ। ਇਨ੍ਹਾਂ ਦੀ ਛਣਕਾਰ ਤੇਰੀਆਂ ਨਿੱਕੀਆਂ ਨਿੱਕੀਆਂ ਗੱਲਾਂ ਦੇ ਸੁਆਦ ਨੂੰ ਵਿਚੇ ਵਿਚ ਗੁੰਮ ਕਰ ਦਿੰਦੀ ਹੈ।'

'ਤੇਰੀਆਂ ਨਜ਼ਰਾਂ ਦੇ ਸਾਮ੍ਹਣੇ ਤਾਂ ਤੇਰੇ ਕਵੀ ਦਾ ਮਾਣ ਬਿਲਕੁਲ ਲੱਜਾ ਵਿਚ ਹੀ ਬਦਲ ਜਾਂਦਾ ਹੈ। ਓ ਮਹਾਨ ਕਵੀ ! ਮੇਰੇ ਜੀਵਨ ਨੂੰ ਸਰਲ, ਸਾਦਾ ਤੇ ਨਿਰਮਲ ਬਣਾ ਦੇ ਤੇ ਬੰਸਰੀ ਵਾਂਗ ਇਸ ਨੂੰ ਸੰਗੀਤ ਨਾਲ ਭਰ ਦੇ।'

ਇਵੇਂ ਜਿਵੇਂ ਹੋਰ ਗੀਤ ਵਿਚ ਕਵੀ ਫੁਲ ਬਣ ਕੇ ਆਪਣੀ ਤਾਂਘ ਨੂੰ ਇਉਂ ਬਿਆਨ ਕਰਦਾ ਹੈ।

'ਇਸ ਨਿਮਾਣੇ ਫੁਲ ਨੂੰ ਤੋੜ ਲੈ, ਤੂੰ ਤੋੜ ਲੈ, ਦੇਰ ਨਾ ਕਰ।

ਮੈਨੂੰ ਡਰ ਹੈ ਕਿ ਕਿਤੇ ਇਹ ਐਵੇਂ ਝੜ ਨ ਜਾਵੇ ਤੇ ਝੜ ਕੇ ਧੂੜ ਵਿਚ ਹੀ ਨਾ ਰੁਲ ਜਾਵੇ। ਹੋ ਸਕਦਾ ਹੈ ਕਿ ਇਸ ਨੂੰ ਤੇਰੇ ਹਾਰ ਵਿਚ ਗੁੰਦੇ ਜਾਣ ਦਾ ਸੁਭਾਗ ਨਾ ਮਿਲੇ। ਪਰ ਤੂੰ ਇਸ ਦਾ ਮਾਣ ਰੱਖ ਲੈ। ਆਪਣੇ ਹੱਥ ਦੀ ਪੀੜ-ਭਰੀ ਛੁਹ ਨਾਲ ਹੀ ਇਸ ਨੂੰ ਤੋੜ ਲੈ। ਮੈਨੂੰ ਡਰ ਹੈ ਕਿ ਕਿਤੇ ਦਿਨ ਢਲ ਨਾ ਜਾਵੇ ਤੇ ਕਿਤੇ ਮੇਰੇ ਜਾਗਣ ਤੋਂ ਪਹਿਲਾਂ ਹੀ ਪੂਜਾ ਭੇਟਾ ਦਾ ਸਮਾਂ ਨਾ ਲੰਘ ਜਾਵੇ।'

ਭਾਵੇਂ ਇਸ ਫੁਲ ਦਾ ਰੰਗ ਗੂੜ੍ਹਾ ਨਹੀਂ ਤੇ ਇਸ ਦੀ ਖੁਸ਼ਬੋ ਵੀ ਕੁਝ ਮੱਧਮ ਜਿਹੀ ਹੀ ਹੈ ਪਰ ਤੂੰ ਇਸ ਫੁੱਲ ਨੂੰ ਤੋੜ ਕੇ, ਆਪਣੀ ਸੇਵਾ ਵਿਚ ਲੈ ਆ, ਅਜੇ ਵੇਲਾ ਹੈ।'

ਇਉਂ ਭਾਵੇਂ ਇਨ੍ਹਾਂ ਗੀਤਾਂ ਦੀ ਪ੍ਰਧਾਨ ਸੁਰ ਰਹੱਸਵਾਦੀ ਹੈ ਪਰ ਥਾਂ ਥਾਂ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਵੀ ਇਸ ਦੇ ਰੰਗੀਨ ਕਲਾਵੇ ਵਿਚ ਲਿਆ ਕੇ ਪੇਸ਼ ਕੀਤਾ ਗਿਆ ਹੈ। ਟੈਗੋਰ ਪਲਾਇਨਵਾਦੀ ਕਵੀ ਨਹੀਂ, ਸਗੋਂ ਉਹ ਜੀਵਨ ਦੇ ਦੁਖਾਂ ਸੁਖਾਂ ਨਾਲ ਆਪਣਾ ਪੂਰਾ ਪੂਰਾ ਵਾਸਤਾ ਰਖਦੇ ਹਨ। ਗੀਤਾਂਜਲੀ ਦੇ ਇਕ ਗੀਤ ਵਿਚ ਇਹ ਦੱਸਿਆ ਗਿਆ ਹੈ ਕਿ ਪ੍ਰਭੂ ਦੇ ਚਰਣ, ਨੀਚ ਨਿਮਾਣੇ ਤੇ ਦਲਿਤ ਲੋਕਾਂ ਦੀ ਹਾਜ਼ਰੀ ਵਿਚ ਹੀ ਰਹਿੰਦੇ ਹਨ, ਸੋ ਜੇ ਕਿਸੇ ਨੇ ਪ੍ਰਭੂ ਨੂੰ ਪਾਉਣਾ ਹੈ ਤਾਂ ਉਸ ਨੂੰ ਮਾਣ ਛਡ ਕੇ ਨਿਰਮਾਣ ਹੋਣਾ ਪਵੇਗਾ ਤੇ ਉਹ ਗ਼ਰੀਬ ਦੀਨ ਲੋਕਾਂ ਵਿਚੋਂ ਹੀ ਪਾਇਆ ਜਾ ਸਕੇਗਾ।

ਗੁਰੂ ਨਾਨਕ ਸਾਹਿਬ ਦੇ ਇਸ ਬਚਨ ਦੀ ਸੁਰ ਇਸ ਗੀਤ ਨਾਲ ਕਿਤਨੀ ਮੇਲ ਖਾਂਦੀ ਹੈ :

'ਨੀਚਾ ਅੰਦਰ ਨੀਚ ਜਾਤਿ, ਨੀਚੀ ਹੂ ਅਤਿ ਨੀਚੁ
ਨਾਨਕ ਤਿਨ ਕੈ ਸੰਗ ਸਾਥਿ, ਵਡਿਆ ਸਿਉ ਕਿਆ ਰੀਸ
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ।'

(ਸਿਰੀ ਰਾਗ ੧)

ਅਗਲੇ ਗੀਤ ਵਿੱਚ ਰੱਬ ਦੇ ਭਗਤ ਪੁਜਾਰੀ ਨੂੰ ਸਮਝਾਇਆ ਹੈ ਕਿ ਤੂੰ ਮਾਲਾ ਫੇਰਨਾ ਛੱਡ ਦੇ, ਮੰਦਰ ਦੀ ਇਸ ਅਨ੍ਹੇਰ ਕੋਠੜੀ ਵਿੱਚ ਤੂੰ ਕਿਸ ਨੂੰ ਭਾਲ ਰਿਹਾ ਹੈਂ?

ਉਹ ਤਾਂ ਉਥੇ ਹੈ ਜਿਥੇ ਮੁੜ੍ਹਕੋ ਮੁੜ੍ਹਕੀ ਹੋਇਆ ਕਿਸਾਨ ਆਪਣਾ ਹਲ

ਵਾਹ ਰਿਹਾ ਹੈ। ਉਹ ਤਾਂ ਉਥੇ ਹੈ, ਜਿਥੇ ਮਜ਼ਦੂਰ ਸੜਕ ਦੀ ਰੋੜੀ ਕੁਟਦਾ ਪਿਆ ਹੈ।'

'ਮੁਕਤੀ : ਮੁਕਤੀ ਕਿਥੋਂ ਮਿਲੇਗੀ। ਸਾਡਾ ਸੁਆਮੀ ਤਾਂ ਆਪ ਖ਼ੁਸ਼ੀ ਖ਼ੁਸ਼ੀ ਸ੍ਰਿਸ਼ਟੀ ਦੇ ਬੰਧਨਾਂ ਵਿੱਚ ਜਕੜਿਆ ਹੋਇਆ ਤੇ ਉਹ ਹਮੇਸ਼ਾਂ ਲਈ ਸਾਡੇ ਨਾਲ ਬੱਧਾ ਹੋਇਆ ਹੈ।'

ਇਕ ਹੋਰ ਗੀਤ ਹੈ ਜਿਸ ਵਿੱਚ ਇਕ ਬੱਚੇ ਦੀ ਮਿਸਾਲ ਦੇ ਕੇ ਸਮਝਾਇਆ ਹੈ ਕਿ ਜੇਕਰ ਸ਼ਹਿਜ਼ਾਦਾ ਬਾਲਕ ਆਪਣੀ ਰੇਸ਼ਮੀ ਪੁਸ਼ਾਕ ਤੇ ਮੋਤੀਆਂ ਜਵਾਹਰਾਂ ਦੇ ਹਾਰ ਸ਼ਿੰਗਾਰ ਨਾਲ ਸਜਿਆ ਆਪਣੇ ਆਪ ਨੂੰ ਦੁਨੀਆ ਦੀ ਖੇਡ ਤੋਂ ਵੱਖਰਾ ਰਖੇਗਾ ਤਾਂ ਉਹ ਬਾਕੀ ਬੱਚਿਆਂ ਨਾਲ ਰਲ ਕੇ ਖੇਡ ਦਾ ਸੁਆਦ ਨਹੀਂ ਮਾਣ ਸਕੇਗਾ। ਉਸ ਨੂੰ ਡਰ ਹੈ ਕਿ ਮੇਰੀ ਪੁਸ਼ਾਕ ਕਿਤੇ ਮੈਲੀ ਨਾ ਹੋ ਜਾਵੇ। ਕਵੀ ਕਹਿੰਦਾ ਹੈ ਕਿ ਇਸ ਸਾਜ-ਸ਼ਿੰਗਾਰ ਦਾ ਕੀ ਫ਼ਾਇਦਾ ਜੇਕਰ ਇਹ ਸਾਜ ਸ਼ਿੰਗਾਰ ਦਾ ਬੰਨ੍ਹਣ ਧਰਤੀ ਦੀ ਸਿਹਤਮੰਦ ਮਿੱਟੀ ਦੀ ਛੂਹ ਤੋਂ ਬਾਲਕ ਨੂੰ ਵਾਂਝਿਆਂ ਹੀ ਰੱਖੇ। ਆਮ ਮਨੁੱਖੀ ਜ਼ਿੰਦਗੀ ਦੇ ਮਹਾਨ ਮੇਲੇ ਵਿੱਚ ਸ਼ਾਮਲ ਹੋਣ ਦਾ ਹੱਕ ਜੇ ਖੋਹ ਹੀ ਲਿਆ ਗਿਆ ਤਾਂ ਫਿਰ ਇਸ ਸਾਜ ਸ਼ਿੰਗਾਰ ਤੇ ਅਮੀਰੀ ਠਾਠ-ਬਾਠ ਦਾ ਕੀ ਫਾਇਦਾ?'

ਸੋ ਅਜੇਹੇ ਗੀਤਾਂ ਤੋਂ ਸਿਧ ਹੈ ਕਿ ਗੀਤਾਂਜਲੀ ਦੇ ਗੀਤ ਕੇਵਲ ਵਿਅਕਤੀਗਤ ਆਤਮਅਨੰਦ ਦਾ ਹੀ ਪ੍ਰਗਟਾਉ ਨਹੀਂ ਜੈਸਾ ਕਿ ਆਮ ਤੌਰ ਤੇ ਰਹੱਸਵਾਦੀ ਰਚਨਾ ਦਾ ਲੱਛਣ ਹੈ, ਇਨ੍ਹਾਂ ਗੀਤਾਂ ਵਿੱਚ ਜ਼ਿੰਦਗੀ ਨੂੰ ਕਰਮ ਯੋਗ ਦੇ ਖੇਤਰ ਵਿੱਚ ਆਉਣ ਦੀ ਭਰਪੂਰ ਪ੍ਰੇਰਨਾ ਵੀ ਦਿੱਤੀ ਗਈ ਹੈ। 'ਸੁਰਗ ਤੋਂ ਵਿਦੈਗੀ' ਟੈਗੋਰ ਦੀ ਇਕ ਬੜੀ ਪ੍ਰਸਿੱਧ ਕਵਿਤਾ ਹੈ, ਜਿਸ ਵਿੱਚ ਉਹ ਸਾਫ਼ ਕਹਿੰਦੇ ਹਨ :-

'ਸੁਰਗਾਂ ਵਾਲਿਓ : ਤੁਸੀਂ ਅੰਮ੍ਰਿਤ ਪੀਂਦੇ ਜਾਓ। ਸੁਰਗ ਤੁਹਾਡੇ ਲੋਕਾਂ ਲਈ ਮੌਜ-ਮੇਲੇ ਦੀ ਥਾਂ ਹੈ। ਅਸੀਂ ਤਾਂ ਇਥੇ ਆਪਣੇ ਆਪ ਨੂੰ ਪਰਦੇਸੀ ਮਹਿਸੂਸ ਕਰ ਰਹੇ ਹਾਂ। ਸਾਡੀ ਮਾਤ-ਭੂਮੀ ਭਾਵੇਂ ਸੁਰਗ ਤਾਂ ਨਹੀਂ ਪਰ ਇਹ ਮਾਤ ਭੂਮੀ ਹੈ। ਤਦੇ ਤਾਂ ਇਸ ਦੀਆਂ ਅੱਖੀਆਂ ਵਿੱਚ ਹੰਝੂਆਂ ਦੀ ਝੜੀ ਲਗੀ ਰਹਿੰਦੀ ਹੈ।'

ਭਾਰਤੀ ਸਾਹਿਤ ਵਿਚ ਟੈਗੋਰ ਇਕ ਵਿਅਕਤੀ ਨਹੀਂ ਸਗੋਂ ਇਕ

ਯੁਗ ਹੈ। ਉਸ ਦੀ ਸ਼ਖਸੀਅਤ ਵਿਚ ਪੂਰਬੀ ਤੇ ਪੱਛਮੀ ਸਾਹਿਤ ਦੇ ਗੁਣਾਂ ਦਾ ਸੁਮੇਲ ਹੈ। ਹੋਰਾਂ ਹਿੰਦੁਸਤਾਨੀ ਸਾਹਿਤਕਾਰਾਂ ਵਿਚ ਵੀ ਇਹ ਗੁਣ ਕੁਝ ਮਾਤਰਾ ਵਿੱਚ ਹੋ ਸਕਦਾ ਹੈ ਪਰ ਉਹ ਟੈਗੋਰ ਨਾ ਬਣ ਸਕੇ। ਮੂਲ ਰੂਪ ਵਿੱਚ ਟੈਗੋਰ ਦੀ ਕਵਿਤਾ ਬੰਗਾਲੀ ਵਿੱਚ ਹੈ ਪਰ ਉਹ ਉਥੇ ਵੀ ਇਕ ਤਰ੍ਹਾਂ ਹਿੰਦੁਸਤਾਨੀ ਆਤਮਾ ਦੀ ਪ੍ਰਤਿਨਿਧਤਾ ਕਰਦੀ ਹੈ। ਫਿਰ ਉਹ ਹਿੰਦੁਸਤਾਨੀ ਹੁੰਦਿਆਂ ਵਿਸ਼ਵਆਤਮਾ ਦੀ ਸੁਰ ਨਾਲ ਇਕ-ਮਿਕ ਹੈ, ਜਿਸ ਕਰਕੇ ਸਾਰਾ ਸੰਸਾਰ ਉਸ ਦੇ ਗੀਤਾਂ ਵਿੱਚ ਆਪਣੀ ਆਤਮਾ ਨੂੰ ਦੇਖ ਸਕਿਆ ਹੈ। ਕਿਸੇ ਸਮੇਂ ਬੰਗਾਲ ਵਿੱਚ ਆਪ ਦੇ ਕੁਝ ਵਿਰੋਧੀ ਵੀ ਉਠੇ ਦਰਅਸਲ ਸਾਹਿਤਕਾਰ ਦੀ ਸਾਹਿਤਕ ਸ਼ਾਨ ਤੇ ਮਹਿਮਾ ਹੀ ਕਈ ਵਾਰ ਸੌਂਕਣ ਬਣਕੇ ਇਜੇਹੇ ਝਗੜੇ ਝੇੜੇ ਛੇੜਦੀ ਹੈ ਲੇਕਿਨ ਅੰਤ ਕੀ ਹੋਇਆ, ਉਹ ਵਿਰੋਧੀ ਸੁਰਾਂ ਕਿਧਰੇ ਛਾਈਂ ਮਾਈਂ ਹੋ ਗਈਆਂ ਤੇ ਟੈਗੋਰ ਦੇ ਪ੍ਰੀਤਿ-ਗੀਤਾਂ ਦੀ ਜੈ ਜੈ ਕਾਰ ਹੋਰ ਉਚੇਰੀ ਹੁੰਦੀ ਗਈ।

ਇਨ੍ਹਾਂ ਗੀਤਾਂ ਦਾ ਸੋਂਦਰਯ ਕਮਾਲ ਦਾ ਹੈ, ਅਸਲ ਗੱਲ ਇਹ ਹੈ ਕਿ ਕੁਦਰਤ ਦੀ ਸੁਹੱਣਪ ਤੇ ਕੋਮਲਤਾ ਨੂੰ ਗੀਤਾਂ ਦੀ ਪ੍ਰਿਸ਼ਠਭੂਮੀ ਵਿੱਚ ਇਉਂ ਸਜਾ ਕੇ ਵਰਤਿਆ ਗਿਆ ਹੈ ਕਿ ਉਸ ਮਸਤੀ-ਭਰਪੂਰ ਵਾਤਾਵਰਣ ਵਿੱਚ ਕੋਈ ਨਾਂਹ ਹੋ ਹੀ ਨਹੀਂ ਸਕਦੀ। ਕਵੀ ਦੀ ਕਲਾਕਾਰੀ, ਵਾਤਾਵਰਣ ਬੰਨ੍ਹਣ ਵਿੱਚ ਹੈ, ਬਹੁਤੇ ਰੰਗਾਂ ਦੀ ਵਰਤੋਂ ਵੀ ਨਹੀਂ, ਫਿਰ ਵੀ ਸਰਲਤਾ, ਨਿਸ਼ਕਪਟਤਾ, ਵਿਸ਼ਵਾਸ ਤੇ ਖਿਆਨੀਆ-ਸ਼ੈਲੀ ਇਕ ਅਨੋਖੀ ਧੂਹ ਪਾਉਂਦੀ ਪਾਠਕ ਨੂੰ ਆਪਣੇ ਵਲ ਖਿੱਚੀ ਲਈ ਜਾਂਦੀ ਹੈ।

ਇਕ ਥਾਂ ਟੈਗੋਰ ਨੇ ਖੁਦ ਕਿਹਾ ਹੈ, 'ਮੈਂ ਆਪਣੇ ਗੀਤਾਂ ਨਾਲ ਹੀ ਲੋਕਾਂ ਨੂੰ ਵਸ ਕੀਤਾ ਹੈ, ਜਦੋਂ ਮੇਰੀ ਦੂਜੀ ਕਵਿਤਾ ਨੂੰ ਲੋਕ ਭੁਲ ਜਾਣਗੇ ਤਾਂ ਇਹ ਗੀਤ ਕਿਵੇਂ ਵੀ ਭੁਲਾਏ ਨਹੀਂ ਜਾ ਸਕਣਗੇ।' ਸੋ ਇਨ੍ਹਾਂ ਗੀਤਾਂ ਦੀ ਅਮਰਤਾ ਇਕ ਅਟੱਲ ਹਕੀਕਤ ਹੈ। ਇਹ ਤਾਂ ਅਸੀਂ ਪਹਿਲਾਂ ਹੀ ਕਹਿ ਚੁੱਕੇ ਹਾਂ ਕਿ ਇਨ੍ਹਾਂ ਗੀਤਾਂ ਉਤੇ ਰਹੱਸਵਾਦੀ ਸੰਤ-ਬਾਣੀ ਦੀ ਝਾਲ ਫਿਰੀ ਹੋਈ ਹੈ ਤੇ ਇਨ੍ਹਾਂ ਗੀਤਾਂ ਦਾ ਮੁੱਖ ਵਿਸ਼ਾ ਰਹੱਸਵਾਦ ਹੈ, ਕੇਵਲ ਰਹੱਸਵਾਦ ਕਰਕੇ ਨਹੀਂ ਸਾਦਗੀ ਤੇ ਸੁਹੱਣਪ-ਭਰੀ ਦਿਲ-ਟੁੰਬਵੀਂ ਪੇਸ਼ਕਾਰੀ ਵੀ ਕਮਾਲ

ਦੀ ਹੈ।ਕਵੀ ਕੋਲ ਕਲਪਨਾ ਦਾ ਐਸਾ ਸ਼ਕਤੀਸ਼ਾਲੀ ਸਾਜ਼ ਹੈ ਜੋ ਰਹੱਸਵਾਦ ਦੀ ਤਾਨ ਤੋਂ ਬਿਨਾਂ ਹੋਰ ਵੀ ਕਈ ਮਧੁਰ ਮੀਂਡਾਂ ਅਲਾਪਦਾ ਸ੍ਰੋਤਿਆਂ ਨੂੰ ਆਪਣੇ ਵੱਲ ਆਕਰਸ਼ਤ ਕਰੀ ਜਾਂਦਾ ਹੈ।

ਆਮ ਤੌਰ 'ਤੇ ਸੰਸਾਰ ਦੇ ਪ੍ਰਸਿੱਧ ਮਹਾਂਕਵੀਆਂ ਮਹਾਂਕਾਵਿ ਲਿਖ ਕੇ ਜਸ ਖੱਟਿਆ ਹੈ ਜਿਵੇਂ ਹੋਮਰ, ਮਿਲਟਨ, ਡਾਂਟੇ, ਵਰਜਿਲ, ਬਾਲਮੀਕਿ ਤੇ ਕਾਲੀਦਾਸ ਆਦਿ ਨੇ। ਪਰ ਟੈਗੋਰ ਨੇ ਕੋਈ ਮਹਾਂਕਾਵਿ ਨਹੀਂ ਲਿਖਿਆ ਪਰ ਫਿਰ ਵੀ ਉਹ ਮਹਾਂਕਵੀ ਹਨ ਤੇ ਇਨ੍ਹਾਂ ਕਵੀਆਂ ਨਾਲੋਂ ਕਈ ਪੱਖਾਂ ਤੋਂ ਵਧੇਰੇ ਮਹੱਤਤਾ ਤੇ ਵਡਿਆਈ ਦੇ ਮਾਲਕ ਹਨ। ਇਕ ਥਾਂ ਉਨ੍ਹਾਂ ਖੁਦ ਲਿਖਿਆ ਵੀ ਹੈ ਕਿ ਮੇਰਾ ਮਹਾਂਕਾਵਿ ਰਚਣ ਦਾ ਸੰਕਲਪ ਤੇਰੀ ਨਜ਼ਰ ਦੀ ਬਖ਼ਸ਼ੀ ਮਸਤੀ ਕਾਰਣ ਟੁਕੜੇ ਟੁਕੜੇ ਹੋ ਕੇ ਵੱਖੋ ਵੱਖ ਗੀਤਾਂ ਵਿੱਚ ਇਧਰ ਉਧਰ ਖਿੰਡ ਪੁੰਡ ਗਿਆ ਹੈ।' ਇਹ ਗੀਤ ਆਪਣੇ ਆਪ ਵਿੱਚ ਮਹਾਨ ਛਬਿ ਦੇ ਮਾਲਕ ਸਨ। ਮਾਲੂਮ ਹੁੰਦਾ ਹੈ ਕਿ ਕਵੀ ਦੀ ਇਹ ਭਵਿੱਸ਼ਤ-ਬਾਣੀ ਉਨ੍ਹਾਂ ਦੇ ਆਪਣੇ ਲਈ ਵੀ ਸੱਚ ਸਿੱਧ ਹੋਈ। ਇਸ ਕਰਕੇ ਜਾਂ ਕਿਸੇ ਹੋਰ ਗੱਲੋਂ ਉਨ੍ਹਾਂ ਮਹਾਂ-ਕਾਵਿ ਨਹੀਂ ਲਿਖਿਆ। 'ਗੀਤਾਂਜਲੀ' ਅਜੇਹੇ ਗੀਤਾਂ ਦਾ ਇਕ ਸ਼ਿਰੋਮਣੀ ਤੇ ਪ੍ਰਮੁੱਖ ਸੰਗ੍ਰਹਿ ਹੈ, ਜਿਸ ਦੀ ਵਿਸ਼ਾਵਸਤੂ ਦੀ ਗੰਭੀਰਤਾ ਤੇ ਡੂੰਘਿਆਈ, ਕਲਾ ਦੀ ਸੁਹਾਵਣੀ ਛਹਿਬਰ ਨਾਲ ਇਤਨੀ ਲੋਕ-ਪ੍ਰਿਯ ਤੇ ਆਕਰਸ਼ਕ ਹੋ ਗਈ ਕਿ ਇਸ ਨੂੰ ਕਲਾ ਦੀ ਇਕ ਜਾਦੂਗਰੀ ਹੀ ਮੰਨਣਾ ਪੈਂਦਾ ਹੈ। 'ਗੀਤਾਂਜਲੀ' ਆਤਮਾ ਦਾ ਪਰਮਾਤਮਾ ਨਾਲ ਸੰਵਾਦ ਹੈ। ਇਹ ਇਸ਼ਕ ਹਕੀਕੀ ਦਾ ਕਾਵਿ ਹੈ ਅਤੇ 'ਮਾਲੀ' ਇਸ਼ਕ ਮਜਾਜ਼ੀ ਦਾ। ਦੋਹਾਂ ਬਗ਼ੈਰ ਗੁਜ਼ਾਰਾ ਨਹੀਂ। ਕਾਸ਼ ! ਅਸੀਂ ਵੀ ਇਸ ਮਸਤਾਨਾ ਮਹਿਕ ਦੇ ਮੁਸ਼ਤਾਕ ਹੋਈਏ। ਪੂਰਬ ਤੇ ਪੱਛਮ ਦੇ ਸਾਹਿਤਕਾਰਾਂ ਦਾ ਪ੍ਰਣਾਮ ਇਸ ਗੱਲ ਦੀ ਸ਼ਹਾਦਤ ਹੈ ਕਿ ਗੀਤਾਂਜਲੀ ਵਾਲੇ ਦੇ ਗੀਤਾਂ ਦੀ ਸਾਹਿਤਕ ਉਚਤਾ ਅਤੇ ਸਭਿਆਚਾਰਕ ਸੁੱਚਤਾ ਦਾ ਸਿੰਘਨਾਦ ਯੁਗੋ ਯੁਗ ਗੂੰਜਦਾ ਰਹੇਗਾ। ਸਰੋਜਨੀ ਨੈਡੋ ਦੇ ਸ਼ਬਦਾਂ ਵਿੱਚ 'ਉਸ ਦੇ ਗੀਤ, ਪੀੜ੍ਹੀਉਂ ਪੀੜ੍ਹੀ ਬਹਾਰ ਦੇ ਪਹਿਲੇ ਫੁੱਲਾਂ ਵਾਂਙ ਚਾਨਣੀ ਰਾਤ ਵਿੱਚ ਖਿੜਦੇ ਹੀ ਰਹਿਣਗੇ ਤੇ ਜਗਤ ਨੂੰ ਸਦਾ ਸੁਗੰਧੀ ਵੰਡਦੇ ਰਹਿਣਗੇ।'

-ਪਿਆਰਾ ਸਿੰਘ ਪਦਮ

(ੳ)

ਗੀਤਾਂਜਲੀ

'ਜਾਨਿਆਮਿ ਏਇ ਗਾਨੇਰ ਬਲੇ, ਬਸ ਗਇ ਤੋਮ੍ਹਾਰ ਸੰਮੁਖੇ।

ਪ੍ਰਾਣ ਦੀਏ ਜਾਗ੍ਹਾ ਨ ਪਾਇ, ਗਾਨ ਦੀਏ ਚਰਣ ਛੁਇ ਜਾਇ।'

ਮੈਂ ਜਾਣਦਾ ਹਾਂ ਕਿ ਇਸ ਗਾਉਣ ਕਲਾ ਦੇ ਆਸਰੇ ਮੈਂ ਤੁਹਾਡੀ ਹਜ਼ੂਰੀ ਵਿੱਚ ਸਨਮੁੱਖ ਬੈਠ ਸਕਿਆ ਹਾਂ। ਪ੍ਰਾਣ ਭੇਟਾ ਕਰਕੇ ਵੀ ਜਿਥੇ ਥਾਂ ਨਹੀਂ ਸੀ ਮਿਲਦੀ, ਉਥੇ ਗਾਉਣ ਸਦਕੇ ਮੈਂ ਚਰਨ ਛੂਹਣ ਦਾ ਵੀ ਮਾਣ ਪਾ ਰਿਹਾ ਹਾਂ।'

(ਗੀਤਾਂਜਲੀ (ਬੰਗਲਾ)

ਗੀਤਾਂਜਲੀ

੧

ਤੂੰ ਮੈਨੂੰ ਅਸੀਮ ਅਨੰਤ ਬਣਾਇਆ, ਇਹ ਤੇਰੀ ਮੌਜ ਹੈ। ਇਸ ਪੁਰਾਣੇ-ਸਰਾਣੇ ਜਰਜਰੇ ਭਾਂਡੇ ਨੂੰ ਤੂੰ ਬਾਰ ਬਾਰ ਖਾਲੀ ਕਰਦਾ ਤੇ ਮੁੜ ਮੁੜ ਨਵੀਂ ਸੱਜਰੀ ਜ਼ਿੰਦਗੀ ਨਾਲ ਭਰਦਾ ਹੈਂ। ਤੂੰ ਇਸ ਨਿੱਕੀ ਜੇਹੀ ਨੜੇ ਦੀ ਬੰਸਰੀ ਨੂੰ ਪਹਾੜਾਂ ਅਤੇ ਵਾਦੀਆਂ ਵਿੱਚ ਨਾਲ ਨਾਲ ਲਈ ਫਿਰਦਾ ਹੈਂ ਅਤੇ ਏਸ ਰਾਹੀਂ ਕਰੁਣਾ- ਭਰਪੂਰ ਅੰਦਰੂਨੀ ਨਵੀਆਂ ਨਵੀਆਂ ਧੁਨਾਂ ਛੇੜਦਾ ਰਹਿੰਦਾ ਹੈਂ। ਤੇਰੇ ਕਰ-ਕਮਲਾਂ ਦੀ ਅਮਰ ਛੂਹ ਦਾ ਸਦਕਾ ਮੇਰਾ ਨਿਕਾ ਜੇਹਾ ਦਿਲ ਖੁਸ਼ੀਆਂ, ਚਾਵਾਂ ਦੇ ਉਛਾਲੇ ਵਿੱਚ ਆਪਣੇ ਹੱਦ ਬੰਨੇ ਖੋ ਬਹਿੰਦਾ ਹੈ ਅਤੇ ਬੇਲੋੜੇ ਜਿਹੇ ਬੋਲਾਂ ਨੂੰ ਜਨਮ ਦਿੰਦਾ ਹੈ। ਤੇਰੀਆਂ ਅਨੰਤ ਵਿਸ਼ਾਲ ਸੁਗਾਤਾਂ ਮੇਰੇ ਇਨ੍ਹਾਂ ਨਿੱਕੇ ਨਿੱਕੇ ਹੱਥਾਂ ਵਿੱਚ ਪਹੁੰਚਦੀਆਂ ਨੂੰ ਜੁਗ ਬੀਤਦੇ ਰਹੇ ਹਨ। ਤੂੰ ਝੋਲੀਆਂ ਭਰੀ ਜਾ ਰਿਹਾ ਹੈਂ ਅਤੇ ਅਜੇ ਵੀ ਇਸ ਨਿਕੇ ਭਾਂਡੇ ਵਿੱਚ ਹੋਰ ਪੈਣ ਦੀ ਗੁੰਜੈਸ਼ ਬਾਕੀ ਰਹਿੰਦੀ ਹੈ।

੨

ਜਦੋਂ ਤੂੰ ਮੈਨੂੰ ਗਾਉਣ ਲਈ ਆਗਿਆ ਕਰਦਾ ਹੈਂ ਤਾਂ ਇਉਂ ਮਾਲੂਮ ਹੁੰਦਾ ਹੈ ਜਿਵੇਂ ਕਿ ਏਸ ਗਰਬ ਨਾਲ ਮੇਰਾ ਹਿਰਦਾ ਚੂਰ ਚੂਰ ਹੋ ਜਾਵੇਗਾ ਅਤੇ ਮੈਂ ਤੇਰੇ ਮੁਖੜੇ ਵੱਲ ਤੱਕਦਾ ਤੇ ਮੁੜ ਮੁੜ ਪਿਆ ਤੱਕਦਾ ਹਾਂ। ਮੇਰੀਆਂ ਅੱਖਾਂ ਵਿੱਚ ਹੰਝੂ ਆ ਜਾਂਦੇ, ਜੋ ਕੁਛ ਵੀ ਮੇਰੇ ਜੀਵਨ ਵਿੱਚ ਖਰ੍ਹਵਾ ਤੇ ਬੇਸੁਰਾਪਣ ਹੈ, ਉਹ ਸਾਰੇ ਦਾ ਸਾਰਾ ਮਧੁਰ ਇਕ-ਸੁਰਤਾ ਵਿਚ ਬਦਲ ਜਾਂਦਾ ਹੈ ਅਤੇ ਮੇਰੀ ਪ੍ਰੇਮ-ਅਰਾਧਨਾ, ਸਾਗਰ ਪਾਰ ਕਰਨ ਲਈ ਉਡਾਰੀ ਲਾ ਰਹੇ ਪ੍ਰਸੰਨ ਪੰਛੀ ਵਾਂਙ ਲਗਣ ਲਗ ਪੈਂਦੀ ਹੈ। ਮੈਂ ਜਾਣਦਾ ਹਾਂ, ਤੂੰ ਮੇਰੀ ਗਵੈਸ਼

ਵਿਚ ਦਿਲਚਸਪੀ ਲੈਂਦਾ ਹੈਂ ਤੇ ਮੈਨੂੰ ਇਹ ਵੀ ਪਤਾ ਹੈ ਕਿ ਮੈਂ ਬਤੌਰ ਗਵਈਏ ਦੇ ਹੀ ਤੇਰੀ ਸੇਵਾ ਵਿੱਚ ਹਾਜ਼ਰ ਹੋਇਆ ਸਾਂ। ਮੈਂ ਆਪਣੇ ਗੀਤਾਂ ਦੇ ਦੂਰ ਤਕ ਫੈਲੇ ਖੰਭਾਂ ਰਾਹੀਂ ਤੇਰੇ ਚਰਣਾਂ ਨੂੰ ਛੂਹਣ ਦਾ ਤਰਲਾ ਜ਼ਰੂਰ ਕਰਦਾ ਹਾਂ ਤੇ ਤੂੰ ਜੋ ਮੇਰਾ ਮਾਲਕ ਹੈਂ, ਮੈਂ ਤੈਨੂੰ 'ਯਾਰ ! ਕਹਿਕੇ ਵੀ ਬੁਲਾਉਂਦਾ ਹਾਂ। ਪਰ ਮੈਂ ਕਦੀ, ਹੇ ਮਾਲਕ! ਤੇਰੇ ਤੱਕ ਪਹੁੰਚ ਨਹੀਂ ਸਕਿਆ, ਗਾਇਨ ਦੀ ਖ਼ੁਸ਼ੀ ਦੇ ਨਸ਼ੇ ਵਿੱਚ ਮਸਤ ਹੋ ਕੇ ਮੈਂ ਤਾਂ ਆਪਣਾ ਆਪ ਵੀ ਭੁੱਲ ਜਾਂਦਾ ਹਾਂ।

੩

ਮੇਰੇ ਮਾਲਕ ! ਮੈਂ ਨਹੀਂ ਜਾਣਦਾ ਤੂੰ ਕਿਹੋ ਜੇਹਾ ਸੁਰੀਲਾ ਗਾਉਂਦਾ ਹੈਂ, ਮੈਂ ਚੁਪ-ਵਿਸਮਾਦ ਵਿੱਚ ਇਸ ਗਾਇਨ ਨੂੰ ਸੁਣਦਾ ਰਹਿੰਦਾ ਹਾਂ। ਤੇਰੇ ਸੰਗੀਤ ਦਾ ਜਲੌਂ ਸਾਰੇ ਸੰਸਾਰ ਨੂੰ ਪ੍ਰਕਾਸ਼ਮਾਨ ਕਰਦਾ ਹੈ। ਤੇਰੇ ਸੰਗੀਤ ਦਾ ਜ਼ਿੰਦਾ ਸੁਆਸ, ਲੋਕ ਲੋਕਾਂਤਰਾਂ ਵਿੱਚ ਛਾ ਰਿਹਾ ਹੈ। ਤੇਰੇ ਸੰਗੀਤ ਦਾ ਪਵਿੱਤਰ ਚਸ਼ਮਾ ਤਮਾਮ ਪੱਥਰੀ ਰੁਕਾਵਟਾਂ ਦੂਰ ਕਰਕੇ ਉਛਲ ਉਛਲ ਫੁੱਟ ਰਿਹਾ ਹੈ। ਮੇਰਾ ਦਿਲ ਤੇਰੇ ਸੰਗੀਤ ਦਾ ਸਾਥ ਕਰਨ ਲਈ ਕਿੰਨਾ ਕਾਹਲਾ ਪੈਂਦਾ, ਪਰ ਇਹ ਤੱਰਦਦ ਬਿਅਰਥ ਹੀ ਲਗਦਾ ਹੈ। ਮੈਂ ਬੋਲਦਾ ਤਾਂ ਹਾਂ ਪਰ ਮੇਰੇ ਬੋਲ ਗੀਤ ਦਾ ਰੂਪ ਨਹੀਂ ਧਾਰਨ ਕਰਦੇ ਤੇ ਮੈਂ ਘਬਰਾ ਕੇ ਕੂਕ ਉੱਠਦਾ ਹਾਂ, 'ਮੇਰੇ ਸੁਆਮੀ ! ਤੂੰ ਅਨੰਤ ਸੰਗੀਤ ਦੇ ਤਰੰਗ-ਜਾਲ ਵਿੱਚ ਮੇਰੇ ਦਿਲ ਨੂੰ ਸਚਮੁਚ ਕੈਦੀ ਹੀ ਬਣਾ ਲਿਆ ਹੈ।'

੪

ਮੇਰੇ ਜੀਅ ਦੇ ਜੀਵਨ ! ਮੈਂ ਆਪਣੀ ਕਾਇਆਂ ਨੂੰ ਪਵਿੱਤਰ ਰੱਖਣ ਦਾ ਹਰ ਜਤਨ ਕਰਾਂਗਾ, ਇਹ ਜਾਣ ਕੇ ਕਿ ਤੇਰੀ ਜੀਵਨ-ਛੂਹ ਮੇਰੇ ਅੰਗ ਅੰਗ ਤੇ ਛਾਈ ਹੋਈ ਹੈ। ਮੈਂ ਆਪਣੇ ਖਿਆਲਾਂ ਵਿਚੋਂ ਤਮਾਮ ਅਸੱਤ, ਬਾਹਰ ਕੱਢਣ ਦਾ ਉਪਰਾਲਾ ਕਰਾਂਗਾ, ਇਹ ਜਾਣ ਕੇ ਕਿ ਤੂਹੀਉਂ ਉਹ ਪਰਮ ਸਤਿ ਹੈਂ ਜਿਸ ਨੇ ਮੇਰੇ ਅੰਦਰ ਗਿਆਨ ਦੀ ਜੋਤਿ ਜਗਾਈ ਹੈ। ਮੈਂ ਆਪਣੇ ਦਿਲ ਨੂੰ ਤਮਾਮ ਬੁਰਿਆਈਆਂ ਤੋਂ ਪਾਕ ਕਰਨ ਦਾ ਜਤਨ ਕਰਾਂਗਾ ਅਤੇ ਪਿਆਰ ਨੂੰ ਪ੍ਰਫੁੱਲਤ ਰੱਖਾਂਗਾ, ਇਹ ਜਾਣਕੇ ਕਿ ਤੂੰ ਮੇਰੇ ਮਨ ਮੰਦਰ ਵਿੱਚ ਵਸਦਾ

ਹੈਂ ਅਤੇ ਮੇਰੀ ਇਹ ਦਿਲੀ ਕੋਸ਼ਿਸ਼ ਹੋਵੇਗੀ ਕਿ ਮੈਂ ਤੈਨੂੰ ਆਪਣੇ ਅਮਲਾਂ ਰਾਹੀਂ ਪ੍ਰਗਟਾਵਾਂ, ਇਹ ਤੇਰੀ ਹੀ ਸ਼ਕਤੀ ਹੈ ਜੋ ਮੈਨੂੰ ਕੁਛ ਕਰਨ ਦੀ ਸੱਤਿਆ ਬਖਸ਼ਦੀ ਹੈ।

੫

ਮੈਂ ਤੁਹਾਡੇ ਕੋਲ ਬੈਠਣ ਦੀ ਆਗਿਆ ਚਾਹੁੰਦਾ ਹਾਂ, ਇਹ ਹਥਲੇ ਕੰਮ ਤਾਂ ਮੈਂ ਫਿਰ ਵੀ ਕਰ ਲਵਾਂਗਾ। ਤੁਹਾਡੇ ਦਰਸ਼ਨਾਂ ਤੋਂ ਦੂਰ ਰਹਿ ਕੇ ਚਿਤ ਟਿਕਦਾ ਨਹੀਂ, ਨਾ ਹੀ ਚੈਨ ਆਉਂਦੀ ਹੈ ਅਤੇ ਮੇਰਾ ਕੰਮਾਂ ਕਾਰਾਂ ਦਾ ਬੋਝ ਤਾਂ ਇਕ ਅਥਾਹ ਸਮੁੰਦਰ ਹੀ ਬਣ ਜਾਂਦਾ ਹੈ। ਅਜ ਮੇਰੀ ਬਾਰੀਂ ਵਿੱਚੀਂ ਗ੍ਰਿਖਮ ਰੁਤ ਆਪਣੇ ਹੌਂਕਿਆਂ ਤੇ ਗੁਣਗੁਣਾਹਟ ਰਾਹੀਂ ਝਾਤੀ ਮਾਰ ਰਹੀ ਹੈ ਤੇ ਮਧੂ-ਮੱਖੀਆਂ ਫੁਲਵਾੜੀਆਂ ਵਿੱਚ, ਪਈਆਂ ਗੁੰਜਾਰਾਂ ਪਾ ਰਹੀਆਂ ਹਨ। ਹੁਣ ਇਹ ਵੇਲਾ ਹੈ, ਮੇਰਾ ਤੇਰੇ ਆਮ੍ਹੋ ਸਾਮ੍ਹਣੇ ਹੋ ਕੇ ਬੈਠਣ ਦਾ, ਇਹ ਖਾਮੋਸ਼ੀ ਤੇ ਵਿਹਲ ਦੇ ਸਮੇਂ ਜੀਵਨ-ਸਮਰਪਨ ਦੇ ਗੀਤ ਗਾਉਣ ਦਾ।

੬

ਇਸ ਨਿਕੇ ਜਿਹੇ ਫੁਲ ਨੂੰ ਤੋੜ ਲਓ, ਤੋੜ ਲਓ ਜੀ। ਦੇਰੀ ਨ ਕਰੋ,.... ਮੈਨੂੰ ਡਰ ਹੈ ਕਿ ਇਹ ਕਿਤੇ ਐਵੇਂ ਖੰਭੜੀ ਖੰਭੜੀ ਹੋ ਕੇ ਮਿੱਟੀ ਵਿੱਚ ਹੀ ਨ ਮਿਲ ਜਾਵੇ। ਤੁਹਾਡੇ ਗਲ ਦੇ ਹਾਰ ਦਾ ਸ਼ਿੰਗਾਰ ਭਾਵੇਂ ਇਹ ਬਣੇ, ਭਾਵੇਂ ਨ ਬਣੇ। ਪਰ ਇਸ ਨੂੰ ਇਤਨਾ ਕੁ ਮਾਣ ਤਾਂ ਬਖਸ਼ੋ ਕਿ ਤੁਹਾਡੇ ਹੱਥਾਂ ਦੀ ਛੋਹ ਨਾਲ ਤੋੜਿਆ ਜਾਵੇ। ਮੈਨੂੰ ਡਰ ਹੈ ਕਿ ਕਿਤੇ ਮੇਰੇ ਜਾਗਣ ਤੋਂ ਪਹਿਲਾਂ ਪੂਜਾ ਦਾ ਵੇਲਾ ਹੀ ਲੰਘ ਨ ਜਾਵੇ। ਭਾਵੇਂ ਇਸ ਫੁੱਲ ਦਾ ਰੰਗ ਵੀ ਗੂੜ੍ਹਾ ਨਹੀਂ ਤੇ ਇਸ ਦੀ ਮਹਿਕ ਵੀ ਮੱਧਮ ਜੇਹੀ ਹੈ ਜੀ, ਫਿਰ ਵੀ ਇਸ ਫੁੱਲ ਨੂੰ ਆਪਣੀ ਸੇਵਾ ਵਿੱਚ ਵਰਤ ਲਓ, ਇਸ ਨੂੰ ਤੋੜ ਲਓ, ਤੋੜ ਲਓ ਜੀ, ਅਜੇ ਵੀ ਵੇਲਾ ਹੈ।

੭

ਮੇਰੇ ਗੀਤ ਨੇ ਆਪਣੇ ਸਭ ਹਾਰ ਸ਼ਿੰਗਾਰ ਉਤਾਰ ਦਿਤੇ ਹਨ। ਹੁਣ ਇਸ ਨੂੰ ਆਪਣੇ ਪਹਿਰਾਵੇ ਤੇ ਸ਼ਾਨ ਸ਼ੌਕਤ ਤੇ ਕੋਈ ਮਾਣ ਨਹੀਂ। ਗਹਿਣੇ

ਸਾਡੇ ਮਿਲਾਪ ਵਿੱਚ ਰੁਕਾਵਟ ਬਣਨਗੇ, ਤੁਹਾਡੇ ਤੇ ਮੇਰੇ ਦਰਮਿਆਨ ਇਕ ਤਰ੍ਹਾਂ ਦਾ ਅੜਿੱਕਾ ਸਾਬਤ ਹੋਣਗੇ। ਅਤੇ ਉਨ੍ਹਾਂ ਗਹਿਣਿਆਂ ਦੀ ਛਣਕਾਰ ਵਿੱਚ ਤੁਹਾਡੀ ਗੁਣਗੁਣਾਂਦੀ ਧੁਨਿ ਵੀ ਗੁੰਮ ਹੋ ਜਾਵੇਗੀ। ਤੇਰੀਆਂ ਨਜ਼ਰਾਂ ਦੇ ਸਾਮ੍ਹਣੇ ਮੇਰੇ ਕਵੀਪੁਣੇ ਦਾ ਫੋਕਾ ਅਭਿਮਾਨ, ਲੱਜਾ ਨਾਲ ਟੁਕੜੇ ਟੁਕੜੇ ਹੋ ਜਾਂਦਾ ਹੈ। ਓ ਮਹਾਨ ਕਵੀ, ਮੈਂ ਤੇਰੀ ਚਰਣ ਸ਼ਰਣ ਆ ਗਿਆ ਹਾਂ, ਮੇਰੀ ਜ਼ਿੰਦਗੀ ਨੂੰ ਸਿੱਧੀ-ਸਾਦੀ ਤੇ ਸਪਸ਼ਟ ਜੇਹੀ ਬਣਾ ਦੇ ਤੇ ਆਪਣੀ ਬੰਸਰੀ ਵਾਂਙ, ਇਸਨੂੰ ਸੰਗੀਤ ਨਾਲ ਭਰਪੂਰ ਕਰ ਦੇ।

੮

ਜੋ ਬਾਲਕ ਸ਼ਹਿਜ਼ਾਦਿਆਂ ਵਾਂਙ ਸੁੰਦਰ ਗਹਿਣਿਆਂ, ਕਪੜਿਆਂ ਨਾਲ ਸ਼ਿੰਗਾਰਿਆ ਹੋਇਆ ਹੈ ਤੇ ਜਿਸ ਨੇ ਲਾਲ ਜਵਾਹਰਾਂ ਦੀ ਮਾਲਾ ਵੀ ਗਲ ਸਜਾਈ ਹੋਈ ਹੈ, ਉਹ ਜੀਵਨ ਦੀ ਖੇਡ ਦਾ ਕਦਾਚਿਤ ਸੁਆਦ ਨਹੀਂ ਮਾਣ ਸਕਦਾ। ਹਰ ਕਦਮ ਤੇ ਉਸ ਦੇ ਗਹਿਣੇ ਕਪੜੇ ਹੀ ਉਸ ਲਈ ਰੋਕ ਬਣ ਜਾਂਦੇ ਹਨ। ਇਸ ਭੈ ਹੇਠ ਕਿ ਕਿਤੇ ਚਿੱਟੇ ਬਸਤ੍ਰ ਮੈਲ਼ੇ ਨ ਹੋ ਜਾਣ, ਕਿਤੇ ਇਨ੍ਹਾਂ ਨੂੰ ਮਿੱਟੀ ਨ ਲੱਗ ਜਾਵੇ, ਉਹ ਦੁਨੀਆਂ ਤੋਂ ਦੂਰ ਦੂਰ ਰਹਿੰਦਾ ਹੈ, ਤੇ ਇਧਰ ਉਧਰ ਪੈਰ ਧਰਦਿਆਂ ਵੀ ਉਸ ਨੂੰ ਸੰਕੋਚ ਹੁੰਦਾ ਹੈ। ਹੇ ਮਾਂ ! ਜੇਕਰ ਕੋਈ ਬਾਲਕ ਸਿਹਤ ਬਖਸ਼ਣ ਵਾਲੀ ਧਰਤੀ ਦੀ ਛੋਹ ਤੋਂ ਵੀ ਵਾਂਝਿਆਂ ਰਹੇ, ਇਹ ਕੋਈ ਫਾਇਦੇਮੰਦ ਗੱਲ ਨਹੀਂ। ਕੀ ਲਾਭ ਹੈ ਇਨ੍ਹਾਂ ਗਹਿਣਿਆਂ ਕਪੜਿਆਂ ਦਾ, ਜੇ ਆਮ ਮਨੁੱਖੀ ਜੀਵਨ ਦੇ ਵਿਸ਼ਾਲ ਮੇਲੇ ਵਿੱਚ, ਸ਼ਾਮਲ ਹੋਣ ਦੇ ਅਧਿਕਾਰ ਤੋਂ ਹੀ ਕੋਈ ਵਾਂਝਿਆਂ ਰਹਿ ਜਾਵੇ।

੯

ਓ ਮੂਰਖ ! ਆਪਣੇ ਹੀ ਮੋਢਿਆਂ ਤੇ ਆਪਣਾ ਭਾਰ! ਓ ਮੰਗਤੇ ! ਆਪਣੇ ਹੀ ਦਰਵਾਜ਼ੇ ਤੇ ਖ਼ੈਰ ਮੰਗਣ ਦੀ ਪੁਕਾਰ! ਤੂੰ ਆਪਣਾ ਸਾਰਾ ਭਾਰ ਉਸ ਦੇ ਹੱਥਾਂ ਵਿੱਚ ਸੌਂਪ ਦੇ ਜੋ ਭਾਰ ਝੱਲ ਸਕਦਾ ਹੈ। ਨਾਲੇ ਤੂੰ ਪਛਤਾਵੇ ਵਿੱਚ ਬਾਰ ਬਾਰ ਪਿਛਾਂਹ ਝਾਤੀਆਂ ਨ ਮਾਰ। ਇਹ ਤ੍ਰਿਸ਼ਨਾ ਤਾਂ ਘੜੀ ਪਲ ਵਿੱਚ ਉਸ ਜਗਮਗਾਂਦੀ ਜੋਤਿ ਨੂੰ ਬੁਝਾ ਦਿੰਦੀ ਹੈ ਜਿਸ ਨੂੰ ਵੀ ਇਸ ਦਾ

ਹੌਂਕਾ ਲਗ ਜਾਵੇ। ਇਹ ਪਵਿੱਤਰ ਹੈ, ਇਸ ਦੇ ਮੈਲੇ ਹੱਥਾਂ ਦਾ ਪ੍ਰਸ਼ਾਦ ਨ ਲਓ, ਕੇਵਲ ਉਹ ਹੀ ਚੀਜ਼ ਪਰਵਾਣ ਕਰੋ, ਜੋ ਕੇਵਲ ਪਵਿੱਤਰ ਪਿਆਰ ਦੁਆਰਾ ਦਿੱਤੀ ਜਾਂਦੀ ਹੈ।

੧੦

ਇਹੋ ਤੇਰੇ ਚਰਨਾਂ ਦਾ ਟਿਕਾਣਾ ਹੈ, ਉਥੇ ਹੀ ਤੇਰੇ ਚਰਨ ਕਮਲ ਨਿਵਾਸ ਰੱਖਦੇ ਹਨ, ਜਿਥੇ ਕਿ ਅਤਿ ਗਰੀਬ, ਅਤਿ ਮੰਦ-ਭਾਗੇ, ਗਏ-ਗੁਆਚੇ ਦਲਿਤ ਲੋਕ ਰਹਿੰਦੇ ਹਨ। ਜਦੋਂ ਮੈਂ ਤੇਰੇ ਸਾਮ੍ਹਣੇ ਸਿਰ ਝੁਕਾਉਣ ਦਾ ਜਤਨ ਕਰਦਾ ਹਾਂ ਤਾਂ ਮੇਰਾ ਪਰਣਾਮ ਉਸ ਗਹਿਰਾਈ ਤੱਕ ਨਹੀਂ ਪਹੁੰਚਦਾ ਜਿਥੇ ਕਿ ਤੇਰੇ ਚਰਨ ਕਮਲ ਬਿਰਾਜਮਾਨ ਹਨ। ਅਤਿ ਗਰੀਬ ਤੇ ਅਤਿ ਮੰਦ-ਭਾਗੇ, ਗਏ-ਗੁਆਚੇ ਦਲਿਤ ਲੋਕਾਂ ਵਿੱਚ ਅਭਿਮਾਨ ਉਥੇ ਪਹੁੰਚ ਨਹੀਂ ਸਕਦਾ ਜਦੋਂ ਕਿ ਨਿਰਮਾਣਤਾ ਦੇ ਪਹਿਰਾਵੇ ਵਿੱਚ ਤੂੰ ਅਤਿ ਗਰੀਬ ਤੇ ਅਤਿ ਮੰਦ-ਭਾਗੇ ਦਲਿਤ ਲੋਕਾਂ ਵਿੱਚ ਵਿਚਰਦਾ ਰਹਿੰਦਾ ਹੈਂ। ਮੇਰੇ ਦਿਲ ਨੂੰ ਉਸ ਰਾਹ ਦਾ ਹੀ ਪਤਾ ਨਹੀਂ ਲਗਦਾ ਜਿਥੇ ਕਿ ਤੂੰ ਕੱਲਮਕੱਲੇ ਨਿਆਸਰੇ ਤੇ ਗਏ-ਗੁਆਚੇ, ਅਤਿ ਗਰੀਬ ਲੋਕਾਂ ਦਾ ਆਸਰਾ ਬਣਦਾ ਹੈਂ।

੧੧

ਇਹ ਮੰਤ੍ਰ-ਜਾਪ, ਇਹ ਗਾਉਣ ਵਜਾਉਣ ਅਤੇ ਮਾਲਾ ਦਾ ਫੇਰਨਾ ਛੱਡ ਦੇ। ਇਸ ਚਾਰੇ ਪਾਸਿਉਂ ਬੰਦ ਮੰਦਰ ਦੇ ਸੁੰਨਸਾਨ ਹਨੇਰੇ ਵਿੱਚ, ਬੈਠਾ ਤੂੰ ਕਿਸਨੂੰ ਧਿਆ ਰਿਹਾ ਹੈਂ? ਤੂੰ ਅੱਖਾਂ ਖੋਲ੍ਹ ਕੇ ਵੇਖ, ਤੇਰਾ ਭਗਵਾਨ ਤਾਂ ਤੇਰੇ ਕੋਲ ਨਹੀਂ ਹੈ। ਤੇਰਾ ਭਗਵਾਨ ਤਾਂ ਉਥੇ ਹੈ ਜਿਥੇ ਕਿਸਾਨ ਸਖ਼ਤ ਬੰਜਰ ਜ਼ਿਮੀਨ ਵਿਚ ਹਲ ਵਾਹ ਰਿਹਾ ਹੈ ਤੇ ਜਿਥੇ ਸੜਕ ਬਣਾਉਣ ਵਾਲਾ ਮਜ਼ਦੂਰ ਰੋੜੀ ਕੁੱਟ ਰਿਹਾ ਹੈ। ਉਹ ਤਪਦੀਆਂ ਧੁੱਪਾਂ ਤੇ ਵਰ੍ਹਦੇ ਮੀਹਾਂ ਝੱਖੜਾਂ ਵਿੱਚ ਉਨ੍ਹਾਂ ਦੇ ਨਾਲ ਖੜਾ ਹੈ। ਤੇ ਉਸ ਦਾ ਚੋਗਾ ਧੂੜ ਨਾਲ ਭਰਿਆ ਹੋਇਆ ਹੈ, ਤੂੰ ਵੀ ਆਪਣੀ ਕਫਨੀ ਉਤਾਰ ਦੇ, ਤੇ ਉਨ੍ਹਾਂ ਵਾਂਙ ਹੀ ਮਿੱਟੀ ਘੱਟੇ ਵਿੱਚ ਵਿਚਰ। ਮੁਕਤੀ, ਮੁਕਤੀ ਕਿੱਥੇ ਹੈ? ਸਾਡੇ ਭਗਵਾਨ ਨੇ ਤਾਂ ਖ਼ੁਸ਼ੀ ਖ਼ੁਸ਼ੀ ਖ਼ੁਦ ਆਪਣੇ ਆਪਨੂੰ ਸ੍ਰਿਸ਼ਟੀ ਦੇ ਬੰਧਨਾਂ ਨਾਲ ਬੰਨ੍ਹਿਆ ਹੋਇਆ ਹੈ। ਉਹ

ਹਮੇਸ਼ਾਂ ਲਈ ਸਾਡੇ ਨਾਲ ਬੱਧਾ ਹੈ। ਤੂੰ ਸੁੰਨ-ਸਮਾਧੀਆਂ ਛੱਡ ਕੇ ਜ਼ਰਾ ਬਾਹਰ ਆ ਤੇ ਇਹ ਪੁਸ਼ਪ ਤੇ ਧੂਫ ਬੱਤੀ ਇਕ ਪਾਸੇ ਧਰ ਦੇ। ਜੇ ਤੇਰੇ ਕੱਪੜੇ ਪੁਰਾਣੇ ਹੋ ਜਾਣ, ਜਾਂ ਮੈਲੇ ਵੀ ਹੋ ਜਾਵਣ ਤਾਂ ਕੀ ਹੋਇਆ, ਆ, ਉਸ ਨਾਲ ਮੋਢੇ ਨਾਲ ਮੋਢਾ ਜੋੜ ਕੇ ਮੁਸ਼ੱਕਤ ਕਰ ਤੇ ਕਿਰਤ ਕਮਾਈ ਦੁਆਰਾ ਉਸ ਦਾ ਵਸਲ ਮਾਣ।

੧੨

ਮੇਰੀ ਵਾਟ ਜ਼ਰਾ ਲੰਮੇਰੀ ਤੇ ਲੰਮਾ ਸਮਾਂ ਲੈਣ ਵਾਲੀ ਹੈ। ਮੈਂ ਸੂਰਜ ਦੀਆਂ ਨਿਕਲਦੀਆਂ ਕਿਰਣਾਂ ਨਾਲ ਰਥ ਤੇ ਸਵਾਰ ਹੋ ਕੇ ਆਇਆ ਅਤੇ ਅਸੰਖਾਂ ਤਾਰਿਆਂ ਤੇ ਸਿਆਰਿਆਂ ਵਿੱਚ ਆਪਣੀਆਂ ਪੈੜਾਂ ਛੱਡਦਾ ਲੋਕ ਲੋਕਾਂਤਰਾਂ ਦੇ ਸੰਘਣੇ ਜੰਗਲਾਂ ਵਿੱਚੀ ਲੰਘ ਕੇ ਮਸਾਂ ਮਸਾਂ ਆਪਣਾ ਰਸਤਾ ਬਣਾਇਆ। ਇਹ ਬੜਾ ਹੀ ਲੰਬਾ ਪੈਂਡਾ ਹੈ, ਜੋ ਤੇਰੇ ਤਕ ਪਹੁੰਚਦਾ ਹੈ ਅਤੇ ਇਹ ਸਿਖਲਾਈ ਵੀ ਬੜੀ ਔਖੀ ਤੇ ਕਠਿਨ ਹੈ, ਇਸ ਦੁਆਰਾ ਹੀ ਸੁਰਾਂ ਵਿੱਚ ਅਤਿਅੰਤ ਸਾਦਗੀ ਤੇ ਮਧੁਰਤਾ ਦਾ ਸੰਚਾਰ ਹੁੰਦਾ ਹੈ। ਮੁਸਾਫ਼ਰ ਨੂੰ ਆਪਣੇ ਘਰ ਪਹੁੰਚਣ ਲਈ ਕਈ ਅਣਪਛਾਤੇ ਦਰਵਾਜ਼ੇ ਵੀ ਖੜਕਾਉਣੇ ਪੈਂਦੇ ਹਨ। ਅਤੇ ਅੰਤ ਨੂੰ ਆਪਣੇ ਮਨ ਮੰਦਰ ਵਿੱਚ ਪੁੱਜਣ ਲਈ ਕਈ ਬਾਹਰਲੀਆਂ ਦੁਨੀਆਂ ਵੀ ਗਾਹੁਣੀਆਂ ਪੈਂਦੀਆਂ ਹਨ। ਅੱਖੀਆਂ ਮੀਟਣ ਤੋਂ ਪਹਿਲਾਂ ਮੇਰੀ ਨਜ਼ਰ ਦੂਰ ਥਾਈਂ ਭਟਕਦੀ ਫਿਰਦੀ ਹੈ। ਮੈਂ ਕਿਹਾ, 'ਤੂੰ ਤਾਂ ਇਥੇ ਹੀ ਹੈਂ।' ਇਹ ਸਵਾਲ ਤੇ 'ਤੂੰ ਕਿਥੇ ਹੈਂ? ਦੀ ਪੁਕਾਰ ਹੰਝੂਆਂ ਦੀਆਂ ਹਜ਼ਾਰਾਂ ਨਦੀਆਂ ਵਿੱਚ ਵਹਿੰਦੀ ਹੋਈ ਦੁਨੀਆਂ ਨੂੰ ਪੂਰੇ ਵਿਸ਼ਵਾਸ ਨਾਲ ਦਸਦੀ ਹੈ - 'ਮੈਂ ਹਾਂ'।

੧੩

ਮੈਂ ਜੋ ਗੀਤ ਗਾਉਣ ਲਈ ਇਸ ਸਭਾ ਵਿੱਚ ਆਇਆ ਸਾਂ, ਉਹ ਅਜੇ ਤਕ ਅਣਗਾਇਆ ਹੀ ਰਹਿ ਗਿਆ। ਮੇਰਾ ਸਾਰਾ ਸਮਾਂ ਸਤਾਰ ਸੁਰ ਕਰਨ ਵਿਚ ਹੀ ਬੀਤ ਗਿਆ। ਅਜੇ ਵੀ ਉਹ ਵੇਲਾ ਨਹੀਂ ਆਇਆ ਕਿਉਂਕਿ ਮੇਰੇ ਬੋਲ ਦੀ ਧੁਨਿ ਅਜੇ ਵੀ ਠੀਕ ਨਹੀਂ ਹੋ ਸਕੀ। ਦਿਲ ਅੰਦਰ ਕੇਵਲ

ਬਿਹਬਲ ਤਾਂਘ ਜ਼ਰੂਰ ਹੈ। ਇਉਂ ਲਗਦਾ ਹੈ ਜਿਵੇਂ ਅਜੇ ਕਲੀ ਖਿੜੀ ਨਹੀਂ, ਸਿਰਫ ਪੌਣ ਦਾ ਬੁੱਲਾ ਹੀ ਲੰਘਿਆ ਹੈ।

ਮੈਂ ਉਸਦਾ ਚੇਹਰਾ ਨਹੀਂ ਤੱਕਿਆ ਤੇ ਨਾ ਹੀ ਉਸਦੀ ਮਧੁਰ ਆਵਾਜ਼ ਹੀ ਸੁਣੀ ਹੈ, ਕੇਵਲ ਉਸਦੇ ਇਸ ਰਾਹੋਂ ਲੰਘਦਿਆਂ ਕਦਮਾਂ ਦੀ ਆਹਟ ਕੰਨੀਂ ਪਈ ਹੈ, ਮੇਰਾ ਸਾਰਾ ਦਿਨ ਵਿਛਾਈ ਕਰਦਿਆਂ ਲੰਘ ਗਿਆ, ਦੀਵਾ ਵੀ ਰੋਸ਼ਨ ਨਹੀਂ ਕਰ ਸਕਿਆ; ਮੈਂ ਉਸਨੂੰ ਘਰ ਆਉਣ ਦਾ ਸੱਦਾ ਵੀ ਤਾਂ ਨਹੀਂ ਦੇ ਸਕਿਆ। ਮੈਂ ਕੇਵਲ ਮਿਲਾਪ ਦੀ ਇੰਤਜ਼ਾਰ ਵਿਚ ਹਾਂ ਤੇ ਆਸ ਉਮੀਦ ਵਿੱਚ ਹੀ ਜੀਉ ਰਿਹਾ ਹਾਂ ਪਰ ਅਜੇ ਇਹ ਮਿਲਾਪ ਨਹੀਂ ਹੋਇਆ।

੧੪

ਮੇਰੀਆਂ ਅਨੇਕਾਂ ਖਾਹਸ਼ਾਂ ਹਨ ਤੇ ਮੇਰੀ ਫਰਿਆਦ ਦਰਦਾਂ-ਭਰੀ ਹੈ ਲੇਕਿਨ ਤੂੰ ਬੜੀ ਸਖ਼ਤੀ ਨਾਲ ਇਨਕਾਰ ਕਰਕੇ ਮੈਨੂੰ ਬਚਾ ਲਿਆ ਹੈ ਤੇਰੀ ਰਹਿਮਤ ਤੇ ਤਰਸ ਮੇਰੇ ਲੂੰ ਲੂੰ ਵਿੱਚ ਸਮਾ ਗਿਆ ਹੈ। ਤੂੰ ਆਪਣੀਆਂ ਬਖਸ਼ਸ਼ਾਂ ਨਾਲ ਅਣਮੰਗੀਆਂ ਦਾਤਾਂ ਦੇ ਕੇ ਮੈਨੂੰ ਇਸ ਯੋਗ ਬਣਾਇਆ, ਇਹ ਨੀਲਾ ਅਸਮਾਨ, ਚਾਨਣ, ਇਹ ਸਰੀਰ ਤੇ ਦਿਮਾਗ। ਤੂੰ ਮੈਨੂੰ ਹਮੇਸ਼ਾਂ ਮੇਰੀਆਂ ਵਾਧੂ ਖਾਹਸ਼ਾਂ ਦੀ ਭਟਕਣ ਤੋਂ ਬਚਾਉਂਦਾ ਆਇਆ ਹੈਂ। ਅਜੇਹੇ ਸਮੇਂ ਜਦ ਮੈਂ ਸੁੰਨਮਸੁੰਨ ਹੋ ਕੇ ਰੁਕ ਜਾਂਦਾ ਹਾਂ ਜਾਂ ਫਿਰ ਚੇਤੰਨ ਹੋ ਕੇ ਤੇਜ਼ੀ ਨਾਲ ਆਪਣੀ ਮੰਜ਼ਲ ਵੱਲ ਵਧਣ ਲਗਦਾ ਹਾਂ, ਤੂੰ ਸਖ਼ਤੀ ਕਰਕੇ ਆਪਣੇ ਆਪ ਨੂੰ ਛੁਪਾ ਲੈਂਦਾ ਹੈਂ। ਇਹ ਤੇਰੀ ਮਿਹਰਵਾਨੀ ਹੈ ਕਿ ਤੂੰ ਦਿਨ-ਬ ਦਿਨ ਮੈਨੂੰ ਆਪਣੀ ਪਰਵਾਨਗੀ ਦੇ ਯੋਗ ਬਣਾਉਂਦਾ ਜਾਂਦਾ ਹੈਂ, ਮੇਰੀਆਂ ਹੋਛੀਆਂ ਮੰਗਾਂ ਤੋਂ ਬਾਰ ਬਾਰ ਇਨਕਾਰ ਕਰਕੇ।

੧੫

ਮੈਂ ਇਥੇ ਤੇਰੀ ਮਹਿਫਲ ਵਿਚ ਤੈਨੂੰ ਆਪਣਾ ਗੀਤ ਸੁਣਾਉਣ ਲਈ ਆਇਆ ਹਾਂ ਤੇ ਮੇਰਾ ਟਿਕਾਣਾ ਇਕ ਕੋਨੇ ਵਿੱਚ ਹੈ। ਤੇਰੇ ਇਸ ਸੰਸਾਰ ਵਿੱਚ ਮੇਰੇ ਕਰਨ ਵਾਲਾ ਕੋਈ ਕੰਮ ਨਹੀਂ ਦਿਸਦਾ। ਮੇਰੀ ਬੇਕਾਰ ਜ਼ਿੰਦਗੀ ਕੇਵਲ ਇਸ ਲਈ ਹੈ ਕਿ ਇਸ ਵਿਚੋਂ ਅਜੇਹੇ ਨਗ਼ਮੇ ਪਰਗਟ ਹੋਣ ਜਿਨ੍ਹਾਂ

ਦੀ ਕੋਈ ਸਾਰਥਿਕਤਾ ਨਹੀਂ।

ਜਦ ਅੱਧੀ ਰਾਤ ਸਮੇਂ ਰਾਤ ਦੇ ਅਨ੍ਹੇਰੇ ਵਿੱਚ ਪੂਜਾ ਪਾਠ ਲਈ ਮੰਦਰ ਦੇ ਘੰਟੇ ਵੱਜਣਗੇ ਤਾਂ ਉਸ ਵੇਲੇ ਹੇ ਮੇਰੇ ਮਾਲਿਕ ! ਮੈਨੂੰ ਆਗਿਆ ਕਰਨਾ ਕਿ ਮੈਂ ਆਪਣਾ ਗੀਤ ਸੁਣਾਉਣ ਲਈ ਤੇਰੇ ਸਨਮੁਖ ਖੜ੍ਹਾ ਹੋ ਜਾਵਾਂ। ਜਦੋਂ ਪ੍ਰਭਾਤ ਦੀ ਰੁਮਕਦੀ ਪੌਣ ਸਮੇਂ, ਸੁਨਹਿਰੀ ਸਾਤਾਰ ਦੀਆਂ ਤਾਰਾਂ ਕੱਸੀਆਂ ਜਾ ਰਹੀਆਂ ਹੋਣ, ਤੁਸੀਂ ਹੁਕਮ ਦੇ ਕੇ ਮੇਰਾ ਮਾਣ ਵਧਾਉਣ ਦੀ ਕ੍ਰਿਪਾ ਕਰਨਾ ਜੀ !

੧੬

ਇਸ ਦੁਨੀਆਂ ਦੇ ਹੋ ਰਹੇ ਜ਼ਸ਼ਨ ਵਿੱਚ ਸ਼ਾਮਲ ਹੋਣ ਲਈ ਮੈਨੂੰ ਵੀ ਸੱਦਾ-ਪੱਤਰ ਮਿਲਿਆ, ਇਸ ਨਾਲ ਮੇਰੀ ਜ਼ਿੰਦਗੀ ਇਕ ਤਰ੍ਹਾਂ ਪਾਕ ਪਵਿੱਤਰ ਹੋ ਗਈ। ਇਹ ਗੱਲ ਮੇਰੇ ਨੈਣਾਂ ਨੇ ਤੱਕੀ ਤੇ ਕੰਨਾਂ ਨੇ ਸੁਣੀ।

ਇਸ ਸਮਾਗਮ ਤੇ ਮੈਂ ਆਪਣੇ ਸਾਜ਼ ਨਾਲ ਇਕ ਸਰਗਮ ਪੇਸ਼ ਕਰਨੀ ਸੀ, ਜਿਥੋਂ ਤੱਕ ਹੋ ਸਕਿਆ ਮੈਂ ਇਹ ਫਰਜ਼ ਨਿਭਾਇਆ। ਹੁਣ ਮੈਂ ਪੁੱਛ ਰਿਹਾ ਹਾਂ ਕਿ ਆਖ਼ਰਕਾਰ ਕੀ ਉਹ ਵਕਤ ਆ ਗਿਆ ਜਦ ਮੈਂ ਮੰਦਰ ਅੰਦਰ ਆ ਕੇ ਤੇਰੇ ਮੁਖੜੇ ਦਾ ਦਰਸ਼ਨ ਪਾ ਕੇ ਸ਼ਾਂਤੀ ਹਾਸਲ ਕਰਾਂ ਤੇ ਤੈਨੂੰ ਆਪਣਾ ਖਾਮੋਸ਼ ਸਲਾਮ ਪੇਸ਼ ਕਰ ਸਕਾਂ।

੧੭

ਮੈਂ ਉਸ ਮੁਹੱਬਤ ਦੀ ਇੰਤਜ਼ਾਰ ਵਿੱਚ ਹਾਂ ਜਿਸਦੇ ਆਉਂਦਿਆਂ ਹੀ ਸਦਾ ਲਈ ਆਪਣਾ ਆਪ ਸਮਰਪਨ ਕਰ ਸਕਾਂ, ਉਡੀਕਾਂ ਕਰਦਿਆਂ ਬਹੁਤ ਸਮਾਂ ਲੰਘ ਗਿਆ ਤੇ ਮੈਂ ਆਪਣੇ ਫਰਜ਼ ਵੀ ਪੂਰੀ ਤਰ੍ਹਾਂ ਨਿਭਾ ਨਹੀਂ ਸਕਿਆ। ਕਸੂਰਵਾਰ ਹਾਂ, ਲੋਕੀ ਮੈਨੂੰ ਆਪਣੇ ਕਾਇਦੇ ਕਾਨੂੰਨਾਂ ਵਿੱਚ ਬੰਨ੍ਹਣਾ ਚਾਹੁੰਦੇ ਹਨ ਪਰ ਮੈਂ ਜਿਵੇਂ ਕਿਵੇਂ ਇਨ੍ਹਾਂ ਤੋਂ ਬਚਦਾ ਚਲਿਆ ਆ ਰਿਹਾ ਹਾਂ ਤੇ ਮੇਰਾ ਨਿਸ਼ਾਨਾ ਕੇਵਲ ਆਪਣਾ ਆਪ ਉਸ ਪ੍ਰੀਤਮ ਦੇ ਸਮਰਪਨ ਕਰਨਾ ਹੈ ਤੇ ਮੈਂ ਉਸਦੀ ਉਡੀਕ ਵਿੱਚ ਹਾਂ।

ਲੋਕ ਮੈਨੂੰ ਇਹ ਦੋਸ਼ ਵੀ ਦਿੰਦੇ ਹਨ ਕਿ ਮੈਂ ਬੜਾ ਲਾਪਰਵਾਹ ਹਾਂ ਤੇ ਇਹ ਹੈ ਵੀ ਸੱਚ। ਕਾਰੋਬਾਰੀ ਲੋਕਾਂ ਦੇ ਬਾਜ਼ਾਰ ਦੇ ਕੰਮ ਲਗਭਗ

ਖ਼ਤਮ ਹੋ ਗਏ। ਮੈਨੂੰ ਸੱਦਾ ਦੇਣ ਵਾਲੇ ਲੋਕ, ਆਖਰ ਨਾਰਾਜ਼ ਹੋ ਕੇ ਵਾਪਸ ਚਲੇ ਗਏ। ਮੈਂ ਕੇਵਲ ਆਪਣੇ ਪ੍ਰੀਤਮ ਦੀ ਉਡੀਕ ਵਿੱਚ ਹਾਂ ਜਿਸਨੂੰ ਕਿ ਮੈਂ ਆਪਣਾ ਆਪ ਸਮਰਪਨ ਕਰਨਾ ਚਾਹੁੰਦਾ ਹਾਂ।

੧੮

ਬੱਦਲਾਂ ਉੱਪਰ ਬੱਦਲ ਚੜ੍ਹੇ ਆ ਰਹੇ ਤੇ ਘੁੱਪ ਅਨ੍ਹੇਰਾ ਹੋ ਰਿਹਾ ਹੈ। ਮੇਰੇ ਪ੍ਰੀਤਮ ! ਤੂੰ ਕਿਉਂ ਮੈਨੂੰ ਆਪਣੇ ਦਰਵਾਜ਼ੇ ਦੇ ਬਾਹਰ, ਇਕੱਲੇ ਨੂੰ ਇਥੇ ਉਡੀਕ ਵਿੱਚ ਖੜਾਇਆ ਹੋਇਆ ਹੈ?

ਦੁਪਹਿਰ ਦੇ ਭੀੜ-ਭੜਿਕੇ ਸਮੇਂ ਮੈਂ ਲੋਕਾਂ ਵਿੱਚ ਘਿਰਿਆ ਹੁੰਦਾ ਹਾਂ ਲੇਕਿਨ ਇਸ ਸੁੰਨਸਾਨ ਅਨ੍ਹੇਰੀ ਘੜੀ ਵਿੱਚ ਤਾਂ ਮੈਂ ਕੱਲਮ-ਕੱਲਾ ਕੇਵਲ ਤੇਰੀ ਉਡੀਕ ਵਿੱਚ ਹੀ ਖੜ੍ਹੋਤਾ ਹਾਂ। ਜੇਕਰ ਤੂੰ ਮੈਨੂੰ ਆਪਣਾ ਚੇਹਰਾ ਨ ਦਿਖਾਇਆ ਤੇ ਇਵੇਂ ਕੱਲਮ-ਕੱਲਾ ਹੀ ਛੱਡੀ ਰੱਖਿਆ ਤਾਂ ਮੈਂ ਇਸ ਸਰਾਟੇ ਦੇ ਮੀਂਹ ਵਿੱਚ ਕਿੰਨਾ ਕੁ ਚਿਰ ਕੱਟਾਂਗਾ। ਮੈਂ ਦੂਰ ਅਸਮਾਨ ਦੇ ਅੰਧੇਰੇ ਵੱਲ ਨਜ਼ਰਾਂ ਲਾਈਆਂ ਹੋਈਆਂ ਹਨ ਤੇ ਮੇਰਾ ਦਿਲ ਤੇਜ਼ ਹਵਾਵਾਂ ਨਾਲ ਫਰਿਆਦਾਂ ਪੁਕਾਰਾਂ ਕਰਦਾ ਪਰੇਸ਼ਾਨ ਹੋ ਰਿਹਾ ਹੈ।

੧੯

ਜੇਕਰ ਤੂੰ ਮੇਰੇ ਨਾਲ ਨਹੀਂ ਬੋਲਦਾ ਤਾਂ ਮੈਂ ਆਪਣਾ ਦਿਲ ਤੇਰੀ ਖਾਮੋਸ਼ੀ ਨਾਲ ਹੀ ਭਰ ਲਵਾਂਗਾ ਤੇ ਸਭ ਕੁਝ ਬਰਦਾਸ਼ਤ ਕਰਦਾ ਜਾਵਾਂਗਾ। ਮੈਂ ਤਾਰਿਆਂ ਭਰੀ ਰਾਤ ਵਾਂਙ ਸਬਰ ਨਾਲ ਸਿਰ ਝੁਕਾ ਕੇ ਤੇਰੀ ਉਡੀਕ ਕਰਾਂਗਾ ਤੇ ਮੈਨੂੰ ਇਹ ਵੀ ਪਤਾ ਹੈ ਕਿ ਪ੍ਰਭਾਤ ਜ਼ਰੂਰ ਆਏਗੀ। ਅਨ੍ਹੇਰਾ ਮਿਟੇਗਾ ਤੇ ਤੇਰੀ ਸੱਦ ਦੀ ਸੁਨਹਿਰੀ ਕਿਰਣ ਆਕਾਸ਼ ਨੂੰ ਚੀਰਦੀ ਲਿਸ਼ਕੇਗੀ। ਤੇਰੀ ਆਵਾਜ਼ ਮੇਰੇ ਬਾਗ ਵਿੱਚ ਵੱਸਦੇ ਪੰਛੀਆਂ ਦੇ ਬੋਲਾਂ ਵਿੱਚ ਗੀਤ ਬਣ ਬਣ ਉਜਾਗਰ ਹੋਵੇਗੀ ਤੇ ਤੇਰੇ ਨਗ਼ਮੇ, ਮੇਰੀ ਫੁਲਵਾੜੀ ਨੂੰ ਖੇੜਾ ਜ਼ਰੂਰ ਬਖਸ਼ਣਗੇ।

੨੦

ਜਿਸ ਦਿਨ ਕੌਲ ਫੁਲ ਖਿੜਿਆ, ਅਫਸੋਸ ਹੈ ਕਿ ਉਸ ਦਿਨ ਮੇਰਾ

ਧਿਆਨ ਹੋਰ ਪਾਸੇ ਸੀ ਤੇ ਮੈਨੂੰ ਪਤਾ ਹੀ ਨ ਲਗਾ। ਦੂਜੀ ਗੱਲ ਇਹ ਕਿ ਮੇਰੀ ਟੋਕਰੀ ਵੀ ਖ਼ਾਲੀ ਹੀ ਸੀ।

ਬਾਰ ਬਾਰ ਮੇਰੇ ਮਨ ਤੇ ਉਦਾਸੀ ਛਾਉਂਦੀ ਰਹੀ ਤੇ ਮੈਂ ਪਰੇਸ਼ਾਨ ਹੁੰਦਾ ਗਿਆ। ਦੱਖਣੀ ਪੌਣ ਚਲੀ ਤਾਂ ਅਨੋਖੀ ਕਿਸਮ ਦੀ ਮਧੁਰ ਮਹਿਕ ਮੇਰੇ ਵੱਲ ਆਈ, ਜਿਸਨੇ ਹਿਰਦੇ ਦੀ ਵੇਦਨਾ ਨੂੰ ਝੰਜੋੜ ਦਿੱਤਾ ਤੇ ਮੈਨੂੰ ਇਉਂ ਲੱਗਿਆ ਜਿਵੇਂ ਬਸੰਤ ਬਹਾਰ ਆਪਣੀ ਸੰਪੂਰਣਤਾ ਲਈ ਉਤਸਕ ਹੈ।

ਮੈਨੂੰ ਇਹ ਪਤਾ ਨਹੀਂ ਲਗਾ ਕਿ ਇਹ ਖੁਸ਼ਬੋ ਬਿਲਕੁਲ ਕਿਤੇ ਮੇਰੇ ਨੇੜੇ ਤੇੜੇ ਹੀ ਸੀ, ਮੇਰੀ ਹੀ ਸੀ, ਮਾਨੋ ਇਹ ਸੁਹਾਵਣੀ ਸੁਗੰਧ ਮੇਰੇ ਸੀਨੇ ਦੀਆਂ ਗਹਿਰਾਈਆਂ ਵਿਚੋਂ ਹੀ ਫੁੱਟ ਫੁੱਟ ਨਿਕਲ ਰਹੀ ਸੀ।

੨੧

ਬੇੜੀ ਨੂੰ ਕੰਢੇ ਤੋਂ ਦੂਰ ਦਰਿਆ ਵਿੱਚ ਲਿਆ ਕੇ ਠੇਲ੍ਹਣਾ ਬਹੁਤ ਜ਼ਰੂਰੀ ਹੈ। ਅ.ਫਸੋਸ ਹੈ ਕਿ ਮੈਂ ਕਿਨਾਰੇ ਤੇ ਬੇਕਾਰ ਬੈਠਿਆਂ ਕਿਤਨੇ ਪਹਰ ਬਿਤਾ ਦਿੱਤੇ ਹਨ। ਬਸੰਤ ਬਹਾਰ ਆਪਣੀ ਫੁਲਵਾੜੀ ਖਿੜਾ ਕੇ ਵਿਦਾ ਹੋ ਚੁਕਿਆ ਹੈ ਤੇ ਮੈਂ ਝੱਲਾ ਮੁਰਝਾਏ ਫੁੱਲਾਂ ਦੀ ਟੋਕਰੀ ਸਿਰ ਤੇ ਚੁੱਕੀਂ, ਫਜ਼ੂਲ ਅਜੇ ਵੀ ਉਡੀਕਾਂ ਕਰ ਰਿਹਾ ਹਾਂ।

ਨਦੀ ਦੀਆਂ ਲਹਿਰਾਂ ਵੀ ਸ਼ੋਰ ਮਚਾ ਰਹੀਆਂ ਹਨ ਤੇ ਕੰਢੇ ਲਾਗੇ ਖੜੋਤੇ ਰੁੱਖਾਂ ਦੇ ਪੀਲੇ ਪੱਤੇ ਡਿਗ ਡਿਗ ਉੱਡਦੇ ਜਾ ਰਹੇ ਹਨ।

ਤੂੰ ਕਿਸ ਸੋਚ ਵਿੱਚ ਮਗਨ ਹੈਂ, ਕੀ ਤੱਕਦਾ ਹੈਂ। ਤੈਨੂੰ ਪਤਾ ਨਹੀਂ ਲਗਦਾ ਕਿ ਪੌਣ ਦੇ ਜ਼ੋਰਦਾਰ ਬੁੱਲਿਆਂ ਰਾਹੀਂ, ਲਹਿਰਾਂ ਇਸ ਕਿਨਾਰੇ ਤੋਂ ਦੂਜੇ ਕਿਨਾਰੇ ਵੱਲ ਦੌੜਾਈਆਂ ਜਾ ਰਹੀਆਂ ਹਨ ਤੇ ਦੂਸਰੇ ਕਿਨਾਰੇ ਤੇ ਗਾਏ ਜਾ ਰਹੇ ਗੀਤਾਂ ਦਾ ਝਕਝੋਰਦਾ ਲਹਰਾ, ਕਿਵੇਂ ਇਧਰ ਵਧਿਆ ਆ ਰਿਹਾ ਹੈ?

੨੨

ਸਾਵਣ ਰੁੱਤ ਦੇ ਮੇਘਲਿਆਂ ਦੀ ਸ਼ਾਂਤ ਛਾਂ ਵਿੱਚ ਸੁੰਨਮਸੁੰਨ ਰਾਤ ਵਾਂਙ ਦਰਸ਼ਕਾਂ ਦੀ ਨਿਗਾਹ ਤੋਂ ਆਪਣਾ ਆਪ ਬਚਾ ਕੇ ਤੁਸੀਂ ਚੁਪ ਚੁਪਾਤੇ ਚਲਦੇ

ਜਾ ਰਹੇ ਹੋ।

ਪ੍ਰਭਾਤ ਨੇ ਵੀ ਅਜੇ ਅੱਖਾਂ ਮੀਟ ਛੱਡੀਆਂ ਹਨ ਤੇ ਫਤੂਰ ਮਚਾਉਣ ਵਾਲੀ ਪੁਰੇ ਦੀ ਪੌਣ ਦੀਆਂ ਬਲਾਵਾਂ ਨੂੰ ਉਹ ਅੱਖੋਂ ਉਹਲੇ ਕਰੀ ਜਾ ਰਹੀ ਹੈ। ਹਮੇਸ਼ਾਂ ਜਗਰਾਤਾ ਕੱਟਣ ਵਾਲੇ ਅਸਮਾਨ ਨੂੰ ਚਾਰੇ ਪਾਸਿਓਂ ਸੰਘਣੇ ਪੜਦਿਆਂ ਨਾਲ ਕਿਸੇ ਨੇ ਢਕ ਰੱਖਿਆ ਹੈ। ਜੰਗਲਾਂ, ਬੀਆਬਾਨਾਂ ਦੇ ਗੀਤ ਵੀ ਖਾਮੋਸ਼ ਹੋ ਗਏ ਹਨ। ਹਰ ਘਰ ਦੇ ਦਰਵਾਜ਼ੇ ਬੰਦ ਹਨ।

ਮੇਰੇ ਦੋਸਤ ! ਇਸ ਸੁੰਨਮਸਾਨ ਗਲੀ ਵਿੱਚ ਤੂੰ ਹੀ ਇਕੋ ਇਕ ਮੁਸਾਫ਼ਰ ਹੈਂ। ਪਿਆਰੇ ਮਹਿਬੂਬ ! ਦੇਖ, ਮੇਰੇ ਘਰ ਦਾ ਦਰਵਾਜ਼ਾ ਤਾਂ ਖੁਲ੍ਹਾ ਹੈ। ਤੂੰ ਕਿਸੇ ਸੁਪਨੇ ਵਾਂਙ ਚੁਪ-ਚੁਪਾਤਾ ਇਧਰੋਂ ਐਵੇਂ ਨ ਲੰਘ ਜਾਈਂ।

੨੩

ਮੇਰੇ ਮਿੱਤਰ! ਅੱਜ ਦੀ ਤੂਫ਼ਾਨੀ ਰਾਤ ਵਿੱਚ ਕੀ ਤੁਸੀਂ ਆਪਣੀ ਪ੍ਰੇਮ-ਯਾਤਰਾ ਲਈ ਬਾਹਰ ਨਿਕਲੇ ਹੋ? ਤੁਹਾਨੂੰ ਨਜ਼ਰ ਨਹੀਂ ਆਉਂਦਾ ਕਿ ਇਹ ਅਸਮਾਨ ਕਿਸ ਤਰ੍ਹਾਂ ਦਾ ਹਾਹਾਕਾਰ ਮਚਾ ਰਿਹਾ ਹੈ, ਜਿਵੇਂ ਕਿਸੇ ਦੀ ਬਿਲਕੁਲ ਆਸ ਉਮੀਦ ਟੁੱਟ ਗਈ ਹੋਵੇ।

ਅੱਜ ਮੈਨੂੰ ਨੀਂਦ ਵੀ ਨਹੀਂ ਆ ਰਹੀ। ਮੈਂ ਮੁੜ ਮੁੜ ਆਪਣਾ ਦਰਵਾਜ਼ਾ ਖੋਲ੍ਹਦਾ ਤੇ ਬਾਹਰਲੇ ਘੁੱਪ ਹਨੇਰੇ ਨੂੰ ਤੱਕਕੇ ਫਿਰ ਵਾਪਸ ਮੁੜ ਆਉਂਦਾ ਹਾਂ। ਮੈਨੂੰ ਕੁਝ ਸਮਝ ਨਹੀਂ ਆ ਰਿਹਾ। ਸੋਚਦਾ ਪਿਆ ਹਾਂ ਕਿ ਤੁਹਾਡੇ ਆਉਣ ਜਾਣ ਦਾ ਰਾਹ ਕਿਹੜਾ ਹੈ?

ਇਹ ਮੈਲੀ-ਕੁਚੈਲੀ ਕਾਲੀ ਕਲੂਟੀ ਨਦੀ ਦਾ ਧੁੰਦਲਾ ਕਿਨਾਰਾ, ਸੰਘਣਾ ਜੰਗਲ, ਟੇਢੇ ਮੇਢੇ ਊਭੜ ਖਾਭੜ ਰਸਤੇ, ਕੇਹਾ ਭਿਆਨਕ ਦ੍ਰਿਸ਼ ਹੈ। ਮੇਰੇ ਦੋਸਤ! ਮੇਰੇ ਵਲ ਆਉਣ ਲਈ ਇਹ ਤੁਸੀਂ ਕਿਹੋ ਜਿਹਾ ਬਿਖੜਾ ਮਾਰਗ ਚੁਣਿਆ ਹੈ?

੨੪

ਜੇ ਦਿਨ ਡੁੱਬ ਚੁੱਕਾ ਤੇ ਪੰਛੀਆਂ ਦਾ ਗਾਉਣਾ ਵੀ ਬੰਦ ਹੋ ਚੁੱਕਾ ਹੈ, ਹਵਾ ਵੀ ਥੱਕ ਕੇ ਸੁਸਤਾ ਗਈ, ਤਾਂ ਮੇਰੇ ਉਤੇ ਵੀ ਅਨ੍ਹੇਰੇ ਦੀ ਦੂਹਰੀ ਤੀਹਰੀ

ਚਾਦਰ ਪਾ ਛੱਡੋ ਜਿਸ ਤਰ੍ਹਾਂ ਕਿ ਤੁਸਾਂ ਧਰਤੀ ਨੂੰ ਨੀਂਦ ਦੀ ਓਢਣੀ ਵਿੱਚ ਲਪੇਟ ਛੱਡਿਆ ਹੈ, ਜਿਵੇਂ ਤੁਸਾਂ ਆਪਣੀਆਂ ਕੋਮਲ ਉਂਗਲੀਆਂ ਨਾਲ ਸ਼ਾਮਾਂ ਵੇਲੇ ਝੁਕਦੇ ਜਾ ਰਹੇ ਕੰਵਲ ਦੀਆਂ ਪੰਖੜੀਆਂ ਨੂੰ ਹੌਲੀ ਹੌਲੀ ਬੰਦ ਕਰ ਦਿੱਤਾ ਹੋਇਆ ਹੈ।

ਇਵੇਂ ਜਿਵੇਂ ਇਸ ਥੱਕੇ ਮਾਂਦੇ ਮੁਸਾਫ਼ਰ ਦਾ ਝੋਲਾ ਮੰਜ਼ਲ ਤੇ ਪਹੁੰਚਣ ਤੋਂ ਪਹਿਲਾਂ ਹੀ ਖ਼ਾਲੀ ਹੋ ਚੁੱਕਾ ਹੈ, ਜਿਸ ਵਿਚ ਇਸਨੇ ਆਪਣੇ ਖਾਣ ਪੀਣ ਤੇ ਪਹਿਨਣ ਦੇ ਕੱਪੜੇ ਰੱਖੇ ਹੋਏ ਸਨ, ਉਸ ਸਭ ਰਾਹਾਂ ਦੀ ਧੂੜ ਨਾਲ ਖਸਤਾ ਹਾਲ ਹੋ ਗਏ ਤੇ ਇਨ੍ਹਾਂ ਵਿੱਚ ਹੋਰ ਅੱਗੇ ਚਲਣ ਦੀ ਸਤਿਆ ਨਹੀਂ ਰਹੀ। ਇਸਦੀ ਗਰੀਬੀ ਤੇ ਸ਼ਰਮਸਾਰੀ ਦੂਰ ਕਰੋ ਜੀ ਅਤੇ ਰਾਤ ਦੇ ਅੰਧੇਰੇ ਪੜਦੇ ਵਿੱਚ ਇਸ ਨੂੰ ਨਵੇਂ ਸਿਰਿਓਂ ਫੁੱਲ ਵਾਂਗ ਪ੍ਰਫੁਲਤ ਕਰ ਦਿਓ ਜੀ।

੨੫

ਖ਼ੁਸ਼ੀ ਤੇ ਗ਼ਮੀ ਦੀ ਰਾਤ ਵਿੱਚ ਮੈਨੂੰ ਚੁਪ ਚਾਪ ਬਿਨਾਂ ਹੱਥ ਪੈਰ ਹਿਲਾਏ ਆਪਣੇ ਆਪ ਨੂੰ ਨੀਂਦ ਦੇ ਸਪੁਰਦ ਕਰਨ ਦੀ ਤੌਫੀਕ ਦੇ, ਮੈਨੂੰ ਤੇਰੇ ਉੱਤੇ ਪੂਰਾ ਪੂਰਾ ਭਰੋਸਾ ਹੈ।

ਤੇਰੀ ਪੂਜਾ ਉਪਾਸਨਾ ਲਈ ਸ਼ਾਯਦ ਮੇਰੀ ਤਿਆਰੀ ਬਹੁਤੀ ਅੱਛੀ ਨ ਵੀ ਹੋਵੇ ਤੇ ਮੈਨੂੰ ਥੱਕੀ ਮਾਂਦੀ ਨੂੰ ਮਜਬੂਰ ਕਰਨ ਦੀ ਵੀ ਲੋੜ ਨ ਭਾਸੇ। ਤੂੰ ਦਿਨ ਭਰ ਦੀਆਂ ਥੱਕੀਆਂ ਅੱਖੀਆਂ ਉੱਤੇ ਸਦਾ ਰਾਤ ਦਾ ਪੜਦਾ ਪਾਉਂਦਾ ਆਇਆ ਹੈਂ ਤਾਂ ਕਿ ਇਹ ਤਾਜ਼ਾ ਤਾਜ਼ਾ ਪ੍ਰਸੰਨਤਾ-ਭਰੀ ਜਾਗ ਨਾਲ ਮੁੜ ਮੁੜ ਖੁਲ੍ਹਣ।

੨੬

ਉਹ ਆਇਆ ਤੇ ਆ ਕੇ ਮੇਰੇ ਲਾਗੇ ਬਹਿ ਗਿਆ ਪਰੰਤੂ ਮੈਂ ਜਾਗ ਨਹੀਂ ਸਕੀ। ਅ਼ਫ਼ਸੋਸ! ਮੈਂ ਅਭਾਗਣ ਦੀ ਇਹ ਨੀਂਦ ਕਿਤਨੀ ਮਨਹੂਸ ਸੀ ਉਹ ਰਾਤ ਦੀ ਸੁੰਨਸਾਨ ਵਿੱਚ ਆਇਆ ਤੇ ਉਸਦੇ ਹੱਥ ਵਿੱਚ ਵੀਣਾ ਫੜੀ ਹੋਈ ਸੀ, ਉਸ ਦੀ ਗੂੰਜ ਨਾਲ ਮੇਰੇ ਸੁਪਨੇ ਮਚਲ ਉਠੇ। ਮੈਨੂੰ ਅ਼ਫ਼ਸੋਸ ਹੈ ਕਿ ਮੇਰੀਆਂ ਰਾਤਾਂ ਕਿਉਂ ਆਮ ਤੌਰ ਤੇ ਇਸੇ ਤਰ੍ਹਾਂ ਬਿਅਰਥ ਹੋ ਜਾਂਦੀਆਂ

ਨੇ ਤੇ ਮੈਂ ਉਨ੍ਹਾਂ ਦੇ ਦੀਦਾਰ ਤੋਂ ਕਿਵੇਂ ਮਹਿਰੂਮ ਰਹਿ ਜਾਂਦੀ ਹਾਂ ਜਿਸਦੇ ਸੁਾਸ ਸਦਾ ਮੇਰੀ ਨੀਂਦ ਤੱਕ ਨੂੰ ਵੀ ਛੂੰਹਦੇ ਰਹਿੰਦੇ ਹਨ।

੨੭

ਰੌਸ਼ਨੀ, ਉਹ ਕਿਥੇ ਹੈ ਰੌਸ਼ਨੀ? ਇਸਨੂੰ ਆਪਣੀ ਤੀਬਰ ਤਾਂਘ ਦੀ ਅਗਨੀ ਨਾਲ ਜਗਾ ਕੇ ਰੋਸ਼ਨ ਕਰੋ। ਦੀਵਾ ਤਾਂ ਸਾਮ੍ਹਣੇ ਪਿਆ ਹੈ, ਪਰ ਇਸ ਵਿਚ ਕਿਸੇ ਚੰਗਿਆੜੀ ਦੀ ਹਿਲਜੁਲ ਨਜ਼ਰੀ ਨਹੀਂ ਪੈਂਦੀ, ਹੇ ਮੇਰੇ ਦਿਲ! ਕੀ ਤੇਰੇ ਭਾਗਾਂ ਵਿੱਚ ਇਹੋ ਲਿਖਿਆ ਹੈ? ਇਸਤੋਂ ਅੱਛੀ ਤਾਂ ਮੌਤ ਸੀ।

ਸੰਤਾਪ ਤੇਰਾ ਦਰਵਾਜ਼ਾ ਖੜਕਾ ਰਿਹਾ ਹੈ ਤੇ ਉਹ ਦੱਸ ਰਿਹਾ ਹੈ ਕਿ ਤੇਰਾ ਮਾਲਕ ਜਾਗਦਾ ਹੈ ਤੇ ਤੈਨੂੰ ਬੁਲਾ ਰਿਹਾ ਹੈ, ਮੁਲਾਕਾਤੀ ਮੁਕਾਮ ਤੇ ਰਾਤ ਦੀਆਂ ਅਨ੍ਹੇਰੀਆਂ ਵਿੱਚ ਅਸਮਾਨ ਤੇ ਬੱਦਲ ਛਾਏ ਹੋਏ ਹਨ ਤੇ ਬਰਖਾ ਰੁਕਣ ਦਾ ਨਾਂ ਨਹੀਂ ਲੈਂਦੀ, ਮੈਨੂੰ ਪਤਾ ਨਹੀਂ ਲਗਦਾ ਕਿ ਮੇਰੇ ਅੰਦਰ ਕੀ ਕੁਝ ਵਾਪਰ ਰਿਹਾ ਹੈ? ਮੈਂ ਇਸ ਹਲਚਲ ਦਾ ਭਾਵ ਨਹੀਂ ਸਮਝ ਸਕਦਾ। ਪਲ ਭਰ ਲਈ ਬਿਜਲੀ ਲਿਸ਼ਕਕੇ ਮੇਰੀਆਂ ਅੱਖੀਆਂ ਚੁੰਧਿਆਉਂਦੀ, ਮੁੜ ਡੂੰਘੇ ਅਨ੍ਹੇਰੇ ਦਾ ਪੜਦਾ ਪਾ ਜਾਂਦੀ ਹੈ। ਮੇਰਾ ਦਿਲ ਰਸਤੇ ਦੀ ਭਾਲ ਵਿੱਚ ਅੱਗੇ ਵਧਦਾ ਜਾਂਦਾ ਹੈ ਜਿਥੋਂ ਦਾ ਗੁਣਗੁਣਾਉਂਦਾ ਸੰਗੀਤ ਮੈਨੂੰ ਬੁਲਾਵਾ ਦੇ ਰਿਹਾ ਹੈ।

ਚਾਨਣ ਕਿਥੇ ਹੈ, ਚਾਨਣ, ਦਿਲ ਦੀ ਤੀਬਰ ਤਾਂਘ ਦੀ ਚੰਗਿਆੜੀ ਹੀ ਦੀਪਕ ਨੂੰ ਰੋਸ਼ਨ ਕਰ ਸਕਦੀ ਹੈ। ਬੱਦਲ ਗਰਜ ਰਿਹਾ ਹੈ, ਤੇ ਪੌਣ ਸ਼ੋਰ ਮਚਾਉਂਦੀ ਤੇਜ਼ੀ ਨਾਲ ਦੌੜੀ ਜਾ ਰਹੀ ਹੈ, ਰਾਤ ਕਾਲੀ ਹੈ, ਕਾਲੇ-ਕਲੂਟੇ ਪੱਥਰ ਦੀ ਤਰ੍ਹਾਂ। ਇਹ ਘੜੀ ਪਲ ਐਵੇਂ ਅਨ੍ਹੇਰੇ ਵਿੱਚ ਹੀ ਨ ਲੰਘ ਜਾਣ, ਛੇਤੀ ਨਾਲ ਅੰਦਰਲੇ ਇਸ਼ਕ ਦੀ ਅੱਗ ਨਾਲ ਇਹ ਦੀਵਾ ਜਗਾਓ।

੨੮

ਮੈਨੂੰ ਜਕੜਨ ਵਾਲੀਆਂ ਜੰਜ਼ੀਰਾਂ ਬਹੁਤ ਸਖ਼ਤ ਹਨ। ਪਰ ਮੈਂ ਜਦ ਉਨ੍ਹਾਂ ਨੂੰ ਤੋੜਨ ਦਾ ਜਤਨ ਕਰਦਾ ਤਾਂ ਦਿਲ ਨੂੰ ਕੁਝ ਕੁਝ ਹੁੰਦਾ ਹੈ। ਮੈਂ ਕੇਵਲ ਆਜ਼ਾਦੀ ਚਾਹੁੰਦਾ ਹਾਂ, ਪਰ ਇਸਦੀ ਆਸ ਉਮੀਦ ਕਰਦਿਆਂ ਮੈਨੂੰ

ਕੁਝ ਸ਼ਰਮ ਵੀ ਆਉਂਦੀ ਹੈ।

ਮੈਨੂੰ ਇਹ ਵੀ ਭਰੋਸਾ ਹੈ ਕਿ ਤੂੰ ਮੇਰਾ ਵਧੀਆ ਦੋਸਤ ਹੈਂ ਤੇ ਤੇਰੇ ਪਾਸ ਇਕ ਅਮੋਲਕ ਖਜ਼ਾਨਾ ਵੀ ਹੈ। ਲੇਕਿਨ ਮੇਰਾ ਦਿਲ ਇਹ ਵੀ ਨਹੀਂ ਚਾਹੁੰਦਾ ਕਿ ਜੋ ਮੇਰੇ ਕਮਰੇ ਵਿੱਚ ਹਲਕੀਆਂ ਤੁੱਛ ਚੀਜ਼ਾਂ ਪਈਆਂ ਹਨ, ਉਹ ਇਕ ਦਮ ਬਾਹਰ ਸੁੱਟ ਦਿਆਂ।

ਜੋ ਖੱਫਣ ਮੇਰੇ ਉਪਰ ਪਿਆ ਹੋਇਆ ਐ, ਉਹ ਮਿੱਟੀ ਘੱਟੇ ਨਾਲ ਭਰਿਆ ਮੌਤ ਦਾ ਖੱਫਣ ਹੀ ਹੈ, ਭਾਵੇਂ ਮੈਂ ਇਸਨੂੰ ਪਸੰਦ ਨਹੀਂ ਕਰਦਾ, ਫਿਰ ਵੀ ਸੀਨੇ ਨਾਲ ਲਾਈ ਬੈਠਾ ਹਾਂ।

ਮੇਰੇ ਸਿਰ ਕਈ ਕਰਜ਼ੇ ਹਨ ਤੇ ਨਾਕਾਮਯਾਬੀਆਂ ਵੀ ਬੇਹਿਸਾਬ। ਮੇਰੀ ਲੱਜਾ ਲੁਕ ਲੁਕ ਕੇ ਦਿਨ ਕੱਟਦੀ ਹੈ। ਫਿਰ ਵੀ ਮੈਂ ਜਦ ਆਪਣੀ ਭਲਾਈ ਮੰਗਣ ਲਈ ਆਉਂਦਾ ਹਾਂ ਤੇ ਡਰ ਨਾਲ ਕੰਬ ਜਾਂਦਾ ਹਾਂ ਕਿ ਕਿਤੇ ਮੇਰੀ ਅਰਜ਼ੀ ਸਚੀ-ਮੁਚੀਂ ਮਨਜ਼ੂਰ ਹੀ ਨ ਹੋ ਜਾਵੇ।

੨੯

ਜਿਸ ਜਿਸ ਨੂੰ ਮੈਂ ਆਪਣਾ ਨਾਂ ਦੇ ਕੇ ਬੰਦ ਕਰ ਰੱਖਿਆ, ਉਹ ਤਹਿਖ਼ਾਨੇ ਵਿੱਚ ਪਿਆ ਵਿਰਲਾਪ ਕਰ ਰਿਹਾ ਹੈ। ਮੈਂ ਇਸ ਤਹਿਖਾਨੇ ਦੇ ਆਲੇ ਦੁਆਲੇ ਉਚੀ ਲੰਮੀ ਦੀਵਾਰ ਉਸਾਰਨ ਵਿਚ ਲਗਾ ਰਹਿੰਦਾ ਹਾਂ। ਦਿਨ-ਬ-ਦਿਨ ਇਹ ਦੀਵਾਰ ਅਸਮਾਨ ਛੂੰਹਦੀ ਜਾਂਦੀ ਤੇ ਇਸ ਦੇ ਅੰਧਕਾਰੀ ਪਰਛਾਵੇਂ ਐਸੇ ਪਸਰੇ ਹਨ ਕਿ ਮੈਂ ਅੱਜ ਆਪਣਾ ਅਸਲੀ ਵਜੂਦ ਦੇਖਣੋਂ ਵੀ ਅਸਮਰਥ ਹਾਂ।

ਮੈਂ ਇਸ ਵੱਡੀ ਦੀਵਾਰ ਦੀ ਉਸਾਰੀ ਉਤੇ ਫ਼ਖ਼ਰ ਵੀ ਕਰਦਾ ਆ ਰਿਹਾ ਹਾਂ ਤੇ ਰੋਜ਼ ਇਸ ਉਤੇ ਚੂਨੇ ਦਾ ਪਲਸਤਰ ਵੀ ਕਰੀ ਜਾ ਰਿਹਾ ਹਾਂ ਤਾਂ ਕਿ ਕੋਈ ਨਿੱਕੀ ਵੱਡੀ ਮੋਰੀ ਨ ਰਹਿ ਜਾਵੇ। ਮੇਰੀ ਇਸ ਮਿਹਨਤ ਤੇ ਨਿਗਰਾਨੀ ਦਾ ਇਹ ਬਦਲਾ ਮਿਲ ਰਿਹਾ ਹੈ ਕਿ ਮੈਂ ਆਪਣੇ ਅਸਲੀ ਸਰੂਪ ਨੂੰ, ਦੇਖ ਹੀ ਨਹੀਂ ਸਕਦਾ।

੩੦

ਮੈਂ ਕੱਲਮ-ਕੱਲਾ ਘਰੋਂ ਨਿਕਲ ਆਇਆ ਸਾਂ, ਆਪਣਾ ਵਾਅਦਾ

ਨਿਭਾਉਣ ਲਈ, ਪਰ ਇਹ ਕੌਣ ਹੈ ਜੋ ਇਸ ਖਾਮੋਸ਼ ਅਨ੍ਹੇਰੇ ਵਿੱਚ ਮੇਰੇ ਪਿਛੇ ਪਿਛੇ ਚਲਿਆ ਆ ਰਿਹਾ ਹੈ। ਮੈਂ ਇਸਦੀ ਹੋਂਦ ਤੋਂ ਬਚਣ ਲਈ, ਇਕ ਪਾਸੇ ਵੀ ਹਟ ਜਾਂਦਾ ਹਾਂ ਪਰ ਬਚਾਉ ਨਹੀਂ ਹੁੰਦਾ।

ਉਹ ਆਪਣੀ ਤੇਜ਼ ਚਾਲ ਨਾਲ ਧੂੜ ਉਡਾਉਂਦਾ ਅੱਗੇ ਵਧਦਾ ਹੈ, ਮੈਂ ਜੋ ਕੁਝ ਗੁਣਗੁਣਾਉਂਦਾ ਹਾਂ, ਉਹ ਮੱਲੋ ਮੱਲੀ ਉਸ ਵਿੱਚ ਕੋਈ ਟੱਪਾ ਜੋੜ ਛੱਡਦਾ ਹੈ। ਹੇ ਮੇਰੇ ਮਾਲਕ ! ਇਹ ਮੇਰੀ ਆਪਣੀ ਹੀ ਨਿਕੀ ਜੇਹੀ ਨਿਰਲੱਜ ਖ਼ੁਦੀ ਹੈ। ਪਰ ਮੈਂ ਇਸਦੇ ਸੰਗ, ਤੇਰੇ ਦੁਆਰ ਤੱਕ ਆਉਂਦਾ ਕੁਝ ਕੁਝ ਸ਼ਰਮ ਵੀ ਮਹਿਸੂਸ ਕਰਦਾ ਹਾਂ।

੩੧

ਹੇ ਕੈਦੀ ! ਤੂੰ ਮੈਨੂੰ ਖੋਲ੍ਹ ਕੇ ਦੱਸ ਕਿ ਤੈਨੂੰ ਇਹ ਜੰਜ਼ੀਰਾਂ ਕਿਸਨੇ ਪਹਿਨਾਈਆਂ? ਕੈਦੀ ਦਾ ਜਵਾਬ ਸੀ, 'ਉਹ ਮੇਰਾ ਮਾਲਕ ਹੀ ਸੀ।' ਮੇਰਾ ਖ਼ਿਆਲ ਸੀ ਕਿ ਧਨ ਦੌਲਤ ਤੇ ਸ਼ਕਤੀ ਦੇ ਮਾਮਲੇ ਵਿੱਚ ਮੈਂ ਸਭ ਤੋਂ ਅੱਗੇ ਹੋਵਾਂਗਾ ਤੇ ਮੈਂ ਰੁਪਈਆ ਜੋੜ ਜੋੜ ਘਰ ਵਿੱਚ ਦੌਲਤ ਦਾ ਢੇਰ ਲਾ ਲਿਆ ਜੋ ਕਿ ਮੈਂ ਆਪਣੇ ਮਾਲਕ ਰਾਜੇ ਨੂੰ ਦੇਣਾ ਸੀ।

ਬਹੁਤੀ ਥਕਾਵਟ ਬਾਦ ਮੈਨੂੰ ਗੂੜ੍ਹੀ ਨੀਂਦ ਇਤਨੀ ਆਈ ਕਿ ਮੈਂ ਆਪਣੇ ਮਾਲਕ ਦੇ ਪਲੰਘ ਉਤੇ ਹੀ ਸੌਂ ਗਿਆ ਤੇ ਜਦ ਜਾਗ ਆਈ ਤਾਂ ਮੈਨੂੰ ਇਉਂ ਲਗਿਆ ਕਿ ਮੈਂ ਤਾਂ ਆਪ ਹੀ ਆਪਣੇ ਖਜ਼ਾਨੇ ਵਾਲੇ ਘਰ ਦਾ ਕੈਦੀ ਬਣ ਗਿਆ ਹਾਂ।

ਹੇ ਕੈਦੀ ! ਮੈਂ ਤੈਨੂੰ ਪੁਛਦਾ ਹਾਂ ਉਹ ਕੌਣ ਸੀ, ਜਿਸਨੇ ਤੇਰੇ ਲਈ ਇਹ ਸਖ਼ਤ ਹੱਥਕੜੀਆਂ ਘੜੀਆਂ? ਕੈਦੀ ਦਾ ਜਵਾਬ ਸੀ ਉਹ ਮੈਂ ਖੁਦ ਹੀ ਸਾਂ, ਜਿਸਨੇ ਬੜੇ ਭਾਰੀ ਜਤਨਾਂ ਨਾਲ ਇਹ ਜੰਜ਼ੀਰਾਂ ਬਣਾਈਆਂ। ਮੈਂ ਸੋਚਦਾ ਸਾਂ ਕਿ ਮੇਰੀ ਅਜਿਤ ਸ਼ਕਤੀ ਸਾਰੀ ਦੁਨੀਆਂ ਨੂੰ ਬੰਦੀ ਬਣਾ ਲਵੇਗੀ ਤੇ ਮੈਂ ਹਰ ਤਰ੍ਹਾਂ ਨਾਲ ਆਜ਼ਾਦ ਹੋਵਾਂਗਾ। ਇਸੇ ਖ਼ਿਆਲ ਨੂੰ ਸਾਹਵੇਂ ਰੱਖਕੇ ਮੈਂ ਦਿਨ ਰਾਤ ਮਿਹਨਤ ਕੀਤੀ, ਅੱਗ ਦੀ ਭੱਠੀ ਵਿੱਚ ਲੋਹਾ ਤਪਾ ਤਪਾ ਕੇ ਤੇ ਹਥੌੜੇ ਮਾਰ ਮਾਰ ਇਹ ਜੰਜ਼ੀਰਾਂ ਤਿਆਰ ਕੀਤੀਆਂ ਪਰ

ਜਦ ਮੈਂ ਧਿਆਨ ਨਾਲ ਦੇਖਿਆ ਤਾਂ ਮੈਂ ਆਪ ਹੀ ਖ਼ੁਦ ਇਨ੍ਹਾਂ ਸਖ਼ਤ ਬੇੜੀਆਂ ਵਿੱਚ ਜਕੜਿਆ ਹੋਇਆ ਸਾਂ।

੩੨

ਜੋ ਲੋਕ ਮੈਨੂੰ ਪਿਆਰ ਕਰਦੇ ਹਨ, ਉਹ ਹਰ ਤਰ੍ਹਾਂ ਨਾਲ ਹਰ ਪਾਸਿਓਂ ਮੈਨੂੰ ਬੰਨ੍ਹ ਕੇ ਰੱਖਣ ਦੇ ਚਾਹਵਾਨ ਹਨ ਲੇਕਿਨ ਤੇਰੀ ਮੁਹੱਬਤ ਐਸੀ ਨਿਵੇਕਲੀ ਤੇ ਮਹਾਨ ਹੈ, ਕਿ ਇਹ ਮੈਨੂੰ ਕੈਦੀ ਬਣਾ ਕੇ ਨਹੀਂ ਰਖਦੀ। ਪੂਰੀ ਤਰ੍ਹਾਂ ਅਜ਼ਾਦ ਵਿਚਰਨ ਦੀ ਖੁਲ੍ਹ ਦਿੰਦੀ ਹੈ। ਲੋਕ ਸਮਝਦੇ ਹਨ ਕਿ ਮੈਂ ਉਨ੍ਹਾਂ ਨੂੰ ਕਿਤੇ ਭੁੱਲ ਹੀ ਨ ਜਾਵਾਂ, ਇਸੇ ਸ਼ੰਕਾ ਕਰਕੇ ਉਹ ਮੈਨੂੰ ਇਕੱਲਾ ਛੱਡਣ ਦੀ ਵੀ ਜੁਰਅਤ ਨਹੀਂ ਕਰਦੇ। ਪਰ ਜਿਉਂ ਜਿਉਂ ਦਿਨ ਬੀਤਦੇ ਜਾਂਦੇ ਹਨ, ਹੁਣ ਤੂੰ ਦਿਖਾਈ ਹੀ ਨਹੀਂ ਦਿੰਦਾ।

ਜੇਕਰ ਮੈਂ ਆਪਣੀਆਂ ਅਰਦਾਸਾਂ ਵਿਚ ਤੈਨੂੰ ਪੁਕਾਰਦਾ ਨਹੀਂ ਤੇ ਦਿਲ ਵਿਚ ਵੀ ਬਹੁਤਾ ਨਹੀਂ ਧਿਆਉਂਦਾ, ਫਿਰ ਵੀ ਮੇਰੇ ਲਈ ਤੇਰਾ ਪਿਆਰ, ਮੇਰੀ ਮੁਹੱਬਤ ਦਾ ਇੰਤਜ਼ਾਰ ਕਰਦਾ ਹੀ ਹੈ।

੩੩

ਇਕ ਦਿਨ ਦੀ ਗੱਲ ਹੈ, ਜਦ ਉਹ ਮੇਰੇ ਘਰ ਆਏ ਤਾਂ ਕਹਿਣ ਲੱਗੇ ਸਾਨੂੰ ਇਕ ਛੋਟਾ ਜਿਹਾ ਕਮਰਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜਦ ਤੁਸੀਂ ਅਪਣੇ ਇਸ਼ਟ ਦੀ ਪੂਜਾ ਉਪਾਸਨਾ ਕਰੋਗੇ ਤਾਂ ਅਸੀਂ ਬਾਅਦਬ ਤੇ ਨਿੰਮਰਤਾ ਸਹਿਤ ਸੇਵਾ ਨਿਭਾ ਕੇ ਉਸਦੀ ਮੇਹਰ ਦੇ ਪਾਤਰ ਬਣਾਂਗੇ। ਇਸ ਪਿਛੋਂ ਉਹ ਲੋਕ ਇਕ ਕੋਨੇ ਵਿੱਚ ਆਦਰ ਸਹਿਤ ਚੁਪਚਾਪ ਬੈਠ ਗਏ। ਲੇਕਿਨ ਰਾਤ ਦੇ ਅਨ੍ਹੇਰੇ ਵਿਚ ਐਸੀ ਦੁਰਘਟਨਾ ਵਾਪਰੀ ਕਿ ਉਨ੍ਹਾਂ ਧੱਕਾਖੋਰੀ ਕਰਦਿਆਂ ਇਸ ਪਵਿੱਤਰ ਮੰਦਰ ਦੀ ਭੰਨ ਤੋੜ ਸ਼ੁਰੂ ਕਰ ਦਿੱਤੀ ਤੇ ਲੋਭ-ਵਸ਼ ਦੇਵਤਾ ਦੇ ਸਨਮੁਖ ਪਈਆਂ ਤਮਾਮ ਭੇਟਾਵਾਂ, ਤੇ ਚੜ੍ਹਾਵਾ ਲੁਟ ਕੇ ਲੈ ਗਏ।

੩੪

ਮੈਂ ਜੋ ਕੁਝ ਵੀ ਹਾਂ, ਉਸਦਾ ਕੇਵਲ ਛੋਟੇ ਤੋਂ ਛੋਟਾ ਹਿੱਸਾ ਬਾਕੀ ਰਹਿਣ

ਦਿਓ, ਜੋ ਤੈਨੂੰ ਆਪਣੀ ਵੇਦਨਾ ਦੱਸ ਸਕੇ। ਮੇਰੀ ਇੱਛਾ ਸ਼ਕਤੀ ਦਾ ਵੀ ਨਿੱਕੇ ਤੋਂ ਨਿੱਕਾ ਹਿੱਸਾ ਬਕਾਯਾ ਰਹਿਣ ਦਿਓ ਜੋ ਹਰ ਪਾਸੇ ਤੇਰੀ ਹੋਂਦ ਦਾ ਅਹਿਸਾਸ ਕਰਾਵੇ ਤੇ ਹਰ ਗੱਲ ਵਿੱਚ ਮੈਨੂੰ ਤੇਰੇ ਹਜ਼ੂਰ ਲਿਆਉਣ ਅਤੇ ਆਪਣੀ ਮੁਹੱਬਤ ਤੈਨੂੰ ਸਮਰਪਣ ਕਰਨਾ ਦਾ ਸੁਭਾਗ ਬਖ਼ਸ਼ੇ। ਕੇਵਲ ਮੇਰਾ ਉਤਨਾ ਕੁ ਆਪਾ ਹੀ ਰਹਿਣ ਦਿਓ ਜਿਥੇ ਕਿ ਮੈਂ ਤੁਹਾਨੂੰ ਛਿਪਾ ਨ ਸਕਾਂ।

ਮੇਰੇ ਬੰਧਨ ਵੀ ਉਤਨੇ ਕੁ ਹੀ ਰਹਿਣ ਜੋ ਮੈਨੂੰ ਤੇਰੀ ਰਜ਼ਾ ਤੇ ਮਰਜ਼ੀ ਨਾਲ ਜੋੜੀ ਰੱਖਣ ਤਾਂ ਕਿ ਮੇਰਾ ਜੀਵਨ ਤੇਰੇ ਉਦੇਸ਼ ਦੀ ਪੂਰਤੀ ਦਾ ਵਸੀਲਾ ਬਣਿਆ ਰਹੇ। ਤੇ ਉਹ ਬੰਧਨ ਵੀ ਤੇਰੀ ਮੁਹੱਬਤ ਦੇ ਬੰਧਨ ਹੀ ਹੋਣ।

੩੫

ਜਿਥੇ ਮਨ ਬਿਨਾਂ ਭੈ ਦੇ ਵਿਚਰੇ ਤੇ ਸਿਰ ਸ੍ਵੈਮਾਨ ਨਾਲ ਉਭਰੇ, ਜਿਥੇ ਇਲਮ ਉਤੇ ਕੋਈ ਪਾਬੰਦੀ ਨ ਹੋਵੇ ਤੇ ਸਥਾਨਕ ਹਦਬੰਦੀਆਂ ਦੀਆਂ ਦੀਵਾਰਾਂ ਖਿਚ ਖਿਚਕੇ ਦੁਨੀਆਂ ਨੂੰ ਟੋਟੇ ਟੋਟੇ ਕਰਕੇ ਵੰਡਿਆ ਨ ਜਾਵੇ। ਜਿਥੇ ਬੋਲ, ਸਚਾਈ ਦੀ ਡੂੰਘਿਆਈ ਵਿਚੋਂ ਨਿਕਲਦੇ ਹੋਣ। ਜਿਥੇ ਬਾਂਹਾਂ, ਕਮਾਲ ਦੀ ਜਦੋ ਜਹਿਦ ਦੇ ਜੋਸ਼ ਵਿੱਚ ਸੰਪੂਰਣਤਾ ਵੱਲ ਫੈਲਦੀਆਂ ਦਿਸਣ, ਜਿਥੇ ਬਿਬੇਕ ਦਾ ਨਿਰਮਲ ਚਸ਼ਮਾ ਪੁਰਾਣੀਆਂ ਮੁਰਦਾ ਰੀਤਾਂ ਰਿਵਾਜਾਂ ਦੇ ਰੇਗਸਤਾਨ ਵਿੱਚ ਆਪਣਾ ਰਸਤਾ ਗੁਆ ਨ ਬੈਠੇ। ਹੇ ਮੇਰੇ ਪਿਤਾ ! ਆਜ਼ਾਦੀ ਦੇ ਉਸ ਸੁਰਗ ਧਾਮ ਵਿੱਚ ਮੇਰੇ ਦੇਸ਼ ਨੂੰ ਜਾਗ੍ਰਤ ਰੱਖ।

੩੬

ਹੇ ਮੇਰੇ ਸੁਆਮੀ! ਤੇਰੇ ਸਨਮੁਖ ਮੇਰੀ ਇਹੋ ਅਰਦਾਸ ਹੈ, ਮੇਰੇ ਦਿਲ ਦੀ ਕੰਗਾਲੀ ਤੇ ਕਮਜ਼ੋਰੀ ਉਤੇ ਜ਼ੋਰ ਜ਼ੋਰ ਦੀਆਂ ਚੋਟਾਂ ਮਾਰੋ। ਮੈਨੂੰ ਆਪਣੀਆਂ ਹੀ ਖੁਸ਼ੀਆਂ ਗ਼ਮੀਆਂ ਨੂੰ ਸਹਿਜ ਨਾਲ ਬਰਦਾਸ਼ਤ ਕਰਨ ਦੀ ਸ਼ਕਤੀ ਬਖ਼ਸ਼ੋ। ਮੇਰੀ ਮੁਹੱਬਤ ਨੂੰ ਅਜੇਹਾ ਸ਼ਕਤੀਵਾਨ ਬਣਾਓ ਕਿ ਉਹ ਸੇਵਾ ਟਹਿਲ ਵਿੱਚ ਆਪਣੀ ਸਾਰਥਿਕਤਾ ਸਿੱਧ ਕਰੇ। ਮੈਨੂੰ ਅਜੇਹੀ ਸਮਰੱਥਾ ਪ੍ਰਦਾਨ ਕਰੋ ਕਿ ਮੈਂ ਦੀਨ ਗਰੀਬਾਂ ਲਈ ਓਪਰਾ ਜਾਂ ਬੇਤੱਲਕਾ ਨ ਰਹਾਂ ਤੇ ਨਾ ਹੀ ਆਕੜ ਖ਼ਾਂ ਲੋਕਾਂ ਦੇ ਸਾਮ੍ਹਣੇ ਸਿਰ ਝੁਕਾਵਾਂ।

ਮੇਰੇ ਮਨ ਨੂੰ ਨਿਤ ਨਿਤ ਦੀਆਂ ਨਿਕੀਆਂ ਨਿਕੀਆਂ ਛੇੜਾਂ ਤੋਂ ਉੱਪਰ ਰੱਖ। ਅਤੇ ਮੈਨੂੰ ਇਹ ਦਾਨ ਦੇ ਕਿ ਮੈਂ ਆਪਣੇ ਬਲ ਤੇ ਸੱਤਾ ਨੂੰ ਪ੍ਰੇਮ-ਪੂਰਬਕ ਤੇਰੀ ਰਜ਼ਾ ਵਿੱਚ ਰੱਖ ਸਕਾਂ।

੩੭

ਮੈਂ ਜਾਣ ਲਿਆ ਸੀ ਕਿ ਮੇਰੀ ਸਮੁੰਦਰੀ ਯਾਤਰਾ ਖ਼ਤਮ ਹੋ ਗਈ ਤੇ ਮੈਂ ਆਪਣੀ ਸਮਰੱਥਾ ਦੀ ਆਖਰੀ ਹੱਦ ਤੱਕ ਪੁੱਜ ਚੁੱਕਾ ਹਾਂ। ਮੈਂ ਇਹ ਵੀ ਸਮਝ ਰੱਖਿਆ ਸੀ ਕਿ ਮੇਰੇ ਸਾਮ੍ਹਣੇ ਦਾ ਰਸਤਾ ਕਤਈ ਬੰਦ ਹੈ ਤੇ ਮੇਰੇ ਜਾਣ ਦੇ ਸਾਧਨ ਵੀ ਮੁੱਕ ਚੁੱਕੇ ਹਨ। ਉਹ ਵੇਲਾ ਆ ਗਿਆ ਹੈ ਕਿ ਮੈਂ ਚੁਪਚਾਪ ਗੁਮਨਾਮੀ ਦੀ ਗੋਦ ਵਿੱਚ ਸਮਾ ਜਾਵਾਂ।

ਲੇਕਿਨ ਮੈਂ ਦੇਖ ਰਿਹਾ ਹਾਂ ਕਿ ਮੇਰੇ ਅੰਦਰ ਤੇਰੇ ਮੰਤਵ ਦੀ ਕੋਈ ਸੀਮਾ ਨਹੀਂ। ਜਦੋਂ ਪੁਰਾਣੇ ਲਫ਼ਜ਼ ਵਰਤਦਿਆਂ ਵਰਤਦਿਆਂ ਮਰ ਮੁਕ ਜਾਂਦੇ ਹਨ ਤਾਂ ਦਿਲ ਵਿਚੋਂ ਨਵੀਆਂ ਸੁਰਾਂ ਗੂੰਜਣ ਲਗ ਪੈਂਦੀਆਂ ਹਨ। ਜਿਥੇ ਪੁਰਾਣੇ ਰਸਤੇ ਗੁੰਮ ਹੋ ਜਾਂਦੇ ਤਾਂ ਇਕ ਨਵਾਂ ਮਾਰਗ ਆਪਣੀ ਬਚਿਤ੍ਰਤਾ ਕਾਰਣ ਬਿਲਕੁਲ ਸਨਮੁਖ ਝਲਕਣ ਲਗ ਪੈਂਦਾ ਹੈ।

੩੮

ਮੈਂ ਇਕੋ ਇਕ ਤੇਰੀ ਹੀ ਤਾਂਘ ਰੱਖਦਾ ਹਾਂ, ਇਹੋ ਜਾਪ ਮੈਂ ਰਾਤ ਦਿਨ ਰਟਦਾ ਹਾਂ ਜੋ ਕਦੀ ਖ਼ਤਮ ਨ ਹੀ ਹੋਵੇ। ਉਹ ਹੋਛੀਆਂ ਖਾਹਸ਼ਾਂ ਜੋ ਰਾਤ ਦਿਨ ਮਨ ਨੂੰ ਭਟਕਾਉਂਦੀਆਂ ਰਹਿੰਦੀਆਂ, ਉਹ ਦਰਅਸਲ ਬਿਲਕੁਲ ਥੋਥੀਆਂ ਹੁੰਦੀਆਂ ਹਨ। ਜਿਵੇਂ ਰਾਤ ਆਪਣੇ ਅੰਧਕਾਰ ਵਿੱਚ ਚਾਨਣ ਦੀ ਲੋਅ ਲੁਕਾਈ ਰੱਖਦੀ ਹੈ, ਉਸੇ ਤਰ੍ਹਾਂ ਮੇਰੇ ਅਚੇਤ ਮਨ ਵਿੱਚ ਇਹ ਪੁਕਾਰ ਗੂੰਜਦੀ ਰਹਿੰਦੀ ਹੈ ਕਿ ਮੈਂ ਤੈਨੂੰ ਹੀ ਚਾਹੁੰਦਾ ਹਾਂ, ਤੇਰੀ ਹੀ ਲਾਲਸਾ ਰੱਖਦਾ ਹਾਂ। ਜਿਸ ਤਰ੍ਹਾਂ ਹਰੇਕ ਤੂਫ਼ਾਨ ਹਰ ਹਾਲ, ਆਖਰ ਸਾਂਤੀ ਤੇ ਟਿਕਾਉ ਹੀ ਚਾਹੁੰਦਾ ਹੈ ਭਾਵੇਂ ਟਕਰਾਉ ਵੀ ਕਰਦਾ ਹੈ। ਇਸ ਤਰ੍ਹਾਂ ਮੇਰੀ ਬਗ਼ਾਵਤ ਜਾਂ ਬਾਗ਼ੀ ਭਾਵਨਾ ਤੇਰੇ ਪਿਆਰ ਨਾਲ ਖਹਿੰਦੀ, ਟਕਰਾਉਂਦੀ, ਮੁੜ ਮੁੜ ਇਉਂ ਗੁਣਗੁਣਾਉਂਦੀ ਰਹੇ ਕਿ ਮੈਂ ਤੈਨੂੰ ਚਾਹੁੰਦਾ ਹਾਂ ਤੇ ਸਦਾ ਤੇਰੀ ਹੀ ਲਾਲਸਾ ਰੱਖਦਾ ਹਾਂ।

੩੯

ਜਦ ਦਿਲ ਸੁੱਕ ਕੇ ਲੱਕੜ ਹੋ ਜਾਵੇ, ਉਸ ਸਮੇਂ ਤੂੰ ਮੇਰੇ ਉਤੇ ਹਿੰਮਤ ਦੀ ਬਰਖਾ ਬਰਸਾ। ਜਦ ਜੀਵਨ ਬਰਕਤਾਂ ਤੋਂ ਸੱਖਣਾ ਹੋ ਜਾਵੇ ਤਾਂ ਤੂੰ ਗੀਤਾਂ ਦੀ ਵਾਛੜ ਵਰ੍ਹਾਉਂਦਾ ਇਧਰ ਆ। ਜਦੋਂ ਹੱਲਾ-ਗੁੱਲਾ ਸ਼ੋਰ ਮਚਾਉਂਦਾ ਮੇਰੇ ਸਿਰ ਆ ਚੜ੍ਹੇ, ਤਾਂ ਹੇ ਮੇਰੇ ਖ਼ਾਮੋਸ਼ੀ ਦੇ ਮਾਲਕ ! ਮੇਰੇ ਪਾਸ ਆ ਕੇ ਸ਼ਾਂਤੀ ਤੇ ਟਿਕਾਉ ਦੀ ਬਖਸ਼ਿਸ਼ ਕਰ।

ਜਦ ਮੇਰਾ ਗਰੀਬੜਾ ਦਿਲ ਤੰਗ ਆ ਕੇ ਇਕ ਕੋਨੇ ਵਿੱਚ ਗ਼ਮਗੀਨ ਹੋ ਬੈਠੇ ਤਾਂ ਹੇ ਮੇਰੇ ਸ਼ਹਿਨਸ਼ਾਹ! ਤਾਂ ਤੂੰ ਸ਼ਾਹਾਨਾ ਠਾਠ ਨਾਲ ਆ ਕੇ ਮੈਨੂੰ ਦਰਸ਼ਨ ਦੇਹ। ਜਦ ਕੋਈ ਮੰਦ ਵਾਸਨਾ, ਦਿਲ ਦਿਮਾਗ ਨੂੰ ਧੋਖੇ ਤੇ ਛਲ ਫਰੇਬ ਨਾਲ ਅੰਨ੍ਹਾ ਕਰ ਦੇਵੇ, ਉਸ ਸਮੇਂ, ਹੇ ਚੇਤਨ ਪਵਿੱਤਰ ਆਤਮਾ ! ਤੂੰ ਮੇਰੇ ਪਾਸ ਨੇਕੀ ਦੀ ਚਮਕ ਦਮਕ ਨਾਲ ਦਰਸ਼ਨ ਦੇਹੁ।

੪੦

ਮੇਰੇ ਰੁੱਖੇ ਹਿਰਦੇ ਉਤੇ ਕਈ ਦਿਨਾਂ ਤੋਂ ਬਰਖਾ ਦੀ ਕਣੀ ਨਹੀਂ ਪਈ। ਇਹ ਨੰਗ ਧੜੰਗਾ ਚੌਗਿਰਦਾ ਬੜੀ ਭਿਆਨਕ ਝਾਕੀ ਪੇਸ਼ ਕਰਦਾ ਹੈ, ਕਿਤੇ ਕੋਈ ਨਿੱਕੀ ਮੋਟੀ ਬਦਲੋਟੀ ਵੀ ਨਜ਼ਰੀ ਨਹੀਂ ਪੈ ਰਹੀ ਤੇ ਨਾਹੀ ਕਿਸੇ ਪਾਸਿਓਂ ਸ਼ੀਤਲ ਪੌਣ ਆਉਣ ਦੀ ਆਸ ਹੈ। ਜੇਕਰ ਤੇਰੀ ਅਜੇਹੀ ਹੀ ਮਰਜ਼ੀ ਹੈ ਤਾਂ ਬੇਸ਼ਕ ਕਹਰਾਂ-ਭਰਿਆ ਝੱਖੜ ਇਧਰ ਭੇਜਦੇ ਤਾਂਕਿ ਬਿਜਲੀਆਂ ਦੀ ਚਕਾਂਚੌਂਧ ਨਾਲ ਅਸਮਾਨ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਜਗਮਗਾ ਉਠੇ। ਲੇਕਿਨ ਮੇਰੇ ਮਾਲਕ ! ਇਸ ਹੁੰਮਸ, ਗਰਮੀ ਤੇ ਉਦਾਸੀਨਤਾ ਨੂੰ ਵਾਪਸ ਬੁਲਾ ਲੈ, ਵਾਪਸ ਬੁਲਾ ਲੈ ਜੋ ਦਿਲ ਨੂੰ ਮਾਯੂਸੀ ਤੇ ਬੇਦਰਦੀ ਨਾਲ ਤੜਫਾ ਰਹੀ ਹੈ। ਤੂੰ ਅਸਮਾਨੀ ਮੇਘਲਿਆਂ ਨੂੰ ਧਰਤੀ ਵੱਲ ਝੁਕਣ ਦੇ ਜਿਵੇਂ ਕਿ ਬਾਪ ਦੇ ਗਜ਼ਬਨਾਕ ਗੁਸੇ ਵਿਰੁੱਧ ਮਾਤਾ ਦੀਆਂ ਅੱਥਰੂ-ਭਰੀਆਂ ਅੱਖੀਆਂ ਸਹਮੀ ਔਲਾਦ ਵੱਲ ਝੁਕਦੀਆਂ ਹਨ।

੪੧

ਹੇ ਮੇਰੇ ਪ੍ਰੀਤਿਵਾਨ ! ਤੁਸੀਂ ਲੋਕਾਂ ਦੇ ਝੁਰਮਟ ਪਿਛੇ ਪਰਛਾਵਿਆਂ

ਵਿਚ ਲੁਕੇ ਛਿਪੇ ਕਿਥੇ ਕੁ ਖਲੋਤੇ ਹੋ? ਲੋਕ ਤੁਹਾਨੂੰ ਇਧਰ ਉਧਰ ਧਕੇਲਦੇ ਧੂੜਾਂ-ਭਰੇ ਰਾਹ ਵਿਚੀਂ ਲੰਘਦੇ ਜਾਂਦੇ ਹਨ। ਮੈਂ ਥਕਾ ਦੇਣ ਵਾਲੇ ਘੜੀਆਂ ਪਲਾਂ ਵਿੱਚ ਚਿਰ ਤੋਂ ਤੁਹਾਡੀ ਇੰਤਜ਼ਾਰ ਕਰ ਰਿਹਾ ਹਾਂ, ਫੁੱਲਾਂ ਦੇ ਵਿਛਾਉਣੇ ਵਿਛਾ ਕੇ। ਪਾਂਧੀ ਆਉਂਦੇ ਜਾਂਦੇ ਤੇ ਫੁਲ ਚੁਕ ਚੁਕ ਲਈ ਜਾਂਦੇ ਹਨ ਤੇ ਮੇਰੀ ਟੋਕਰੀ ਲਗਭਗ ਖਾਲੀ ਹੋ ਚੁੱਕੀ ਹੈ। ਪ੍ਰਭਾਤ ਖ਼ਤਮ, ਤੇ ਦੁਪਹਿਰਾ ਵੀ ਢਲਦਾ ਜਾ ਰਿਹਾ ਹੈ, ਸ਼ਾਮ ਦੇ ਪਰਛਾਵੇਂ ਵੱਧ ਰਹੇ ਹਨ ਤੇ ਮੇਰੇ ਨੀਂਦ੍ਰਾਵਲੇ ਨੈਣ ਭਾਰੇ ਭਾਰੇ ਹੋ ਰਹੇ ਹਨ। ਘਰੀਂ ਪਰਤਦੇ ਲੋਕ ਮੇਰੇ ਵਲ ਵੀ ਉਡਦੀ ਨਜ਼ਰ ਮਾਰਦੇ ਚਲਦੇ ਜਾਂਦੇ ਹਨ। ਉਹ ਤਾਂ ਹੱਸਦੇ ਮੁਸਕ੍ਰਾਉਂਦੇ ਜਾਂਦੇ ਤੇ ਮੈਂ ਸ਼ਰਮ ਵਿੱਚ ਡੁਬਦਾ ਜਾ ਰਿਹਾ ਹਾਂ। ਮੈਂ ਇਕ ਭਿਖਾਰੀ ਵਾਂਙ ਆਪਣੇ ਪੱਲੇ ਨਾਲ ਸਿਰ ਢਕੀ ਬੈਠੀ ਹਾਂ। ਜਦ ਮੈਨੂੰ ਲੋਕ ਪੁੱਛਦੇ ਹਨ ਕਿ ਤੈਨੂੰ ਕਿਸ ਚੀਜ਼ ਦੀ ਲੋੜ ਹੈ ਤਾਂ ਮੈਂ ਨੀਵੀਂ ਪਾ ਲੈਂਦੀ ਹਾਂ ਤੇ ਕੋਈ ਜਵਾਬ ਵੀ ਮੈਨੂੰ ਨਹੀਂ ਔੜਦਾ। ਆਹ ! ਮੈਂ ਇਨ੍ਹਾਂ ਲੋਕਾਂ ਨੂੰ ਕਿਵੇਂ ਦੱਸ ਸਕਦੀ ਹਾਂ, ਕਿ ਮੈਂ ਤਾਂ ਤੇਰੀ ਉਡੀਕ ਵਿੱਚ ਹਾਂ ਤੇ ਤੁਸਾਂ ਆਉਣ ਦਾ ਵਾਅਦਾ ਵੀ ਕੀਤਾ ਹੋਇਆ ਹੈ। ਮੈਂ ਲੱਜਾ ਦੀ ਮਾਰੀ ਇਹ ਕਿਵੇਂ ਦੱਸਾਂ ਕਿ ਇਹ ਗਰੀਬੀ ਹੀ ਮੇਰਾ ਦਾਜ ਦਹੇਜ ਹੈ। ਮੈਂ ਤਾਂ ਆਪਣੇ ਇਸ ਭੇਦ ਨੂੰ ਸੀਨੇ ਨਾਲ ਲਾ ਕੇ ਬੈਠੀ ਹੋਈ ਹਾਂ।

ਮੈਂ ਹਰੇ ਹਰੇ ਘਾਹ ਉਤੇ ਬੈਠੀ ਅਸਮਾਨਾਂ ਵੱਲ ਤੱਕਦੀ ਤੇਰੇ ਆਗਮਨ ਦਾ ਸੁਪਨਾ ਲੈ ਰਹੀ ਹਾਂ। ਜਦ ਰਾਤ ਦੇ ਦੀਵੇ ਜਗ ਪੈਣਗੇ ਤੇ ਤੁਹਾਡੇ ਰੱਥ ਉੱਤੇ ਸੁਨਹਿਰੀ ਝੰਡੇ ਝੂਲਦੇ ਹੋਣਗੇ, ਰਾਹੀ ਵੀ ਤੁਹਾਡੀ ਉਡੀਕ ਵਿੱਚ ਹੈਰਾਨ ਪ੍ਰੇਸ਼ਾਨ ਹੋਏ ਇਧਰ ਉੱਧਰ ਤੱਕ ਰਹੇ ਹੋਣਗੇ। ਜਦ ਉਹ ਤੱਕਣਗੇ ਤੁਸਾਂ ਰਥ ਵਿੱਚੋਂ ਹੇਠਾਂ ਉਤਰਕੇ ਧੂੜ ਵਿੱਚ ਬੈਠੀ ਨੂੰ ਮੈਨੂੰ ਉਠਾਇਆ ਤੇ ਪਾਟੇ ਪੁਰਾਣੇ ਲਿਬਾਸ ਵਿੱਚ ਲਿਪਟੀ ਲੱਜਾ ਤੇ ਮਾਣ ਨਾਲ ਧੁੱਪ ਦੀ ਸੁਕਾਈ ਬੇਲ ਵਾਂਙ ਕੰਬਦੀ ਹੋਈ ਇਸ ਮੁੜ੍ਹਕੋ ਮੁੜ੍ਹਕੀ ਹੋਈ ਭਿਖਾਰਨ ਨੂੰ ਤੁਸਾਂ ਖੁਦ ਰਥ ਵਿਚ ਆਪਣੇ ਬਰਾਬਰ ਬਿਠਾ ਲਿਆ।

ਸਮਾਂ ਲੰਘਦਾ ਜਾ ਰਿਹਾ ਹੈ, ਅਜੇ ਤੱਕ ਤੁਹਾਡੇ ਰਥ ਦੇ ਆਉਣ ਦੀ

ਆਵਾਜ਼ ਸੁਣਾਈ ਨਹੀਂ ਦਿੱਤੀ। ਲੋਕਾਂ ਦੇ ਜਲੂਸ ਲੰਘਦੇ ਜਾ ਰਹੇ ਹਨ, ਬੜੀ ਆਨ ਸ਼ਾਨ ਤੇ ਧੂੜ-ਧਮੱਕੇ ਨਾਲ। ਕੀ ਤੁਸੀਂ ਲੋਕਾਂ ਦੀ ਭੀੜ ਵਿੱਚ ਛਿਪੇ ਹੋਏ ਅਜੇ ਵੀ ਚੁਪਚਾਪ ਪਿਛੇ ਹੀ ਖੜੇ ਰਹੋਗੇ? ਕੀ ਮੈਂ ਹੀ ਉਡੀਕਾਂ ਕਰਦੀ ਇਉਂ ਵਿਰਲਾਪ ਕਰਦੀ ਰਹਾਂਗੀ ਤੇ ਕੋਈ ਆਸ ਉਮੀਦ ਪੂਰੀ ਨ ਹੋਣ ਦੇ ਗ਼ਮ ਵਿਚ ਆਪਣੀ ਜਾਨ ਗਵਾ ਬੈਠਾਂਗੀ?

੪੨

ਅੱਜ ਤੜਕਸਾਰ ਇਹ ਖ਼ਬਰ ਕੰਨੀਂ ਪਾਈ ਗਈ ਕਿ ਅੱਜ ਅਸੀਂ ਬੇੜੀ ਤੇ ਬੈਠਕੇ ਸੈਰ ਲਈ ਨਿਕਲਾਂਗੇ, ਤੁਸੀਂ ਹੋਵੋਗੇ ਜਾਂ ਫਿਰ ਮੈਂ। ਹੋਰ ਕਿਸੇ ਨੂੰ ਖ਼ਬਰ ਨਹੀਂ ਹੋਣ ਦਿੱਤੀ ਜਾਵੇਗੀ। ਇਸ ਸਾਡੀ ਯਾਤਰਾ ਜਾਂ ਸਫ਼ਰ ਦੀ ਕੋਈ ਖਾਸ ਮੰਜ਼ਲ ਵੀ ਨਹੀਂ ਹੋਵੇਗੀ ਤੇ ਨ ਦੇਸ। ਇਸ ਬੇ ਕਿਨਾਰੇ ਸਾਗਰ ਵਿੱਚ ਤੁਹਾਡੀ ਮੁਸਕ੍ਰਾਉਂਦੀ ਹੋਈ ਗਵੇਸ਼ ਵਲ ਧਿਆਨ ਤੇ ਮੇਰੇ ਗੀਤਾਂ ਦੇ ਸੁਰ ਤੇ ਉਨ੍ਹਾਂ ਦਾ ਅਲਾਪ ਲਹਿਰਾਂ ਵਾਂਙ ਆਜ਼ਾਦ ਤੇ ਲਫ਼ਜ਼ਾਂ ਦੀ ਬੰਦਸ਼ ਤੋਂ ਵੀ ਮੁਕਤ ਗੁੰਜਾਰਾਂ ਪਾਉਣਗੇ। ਕੀ ਅਜੇ ਵੇਲਾ ਨਹੀਂ ਹੋਇਆ, ਕੀ ਕੋਈ ਹੋਰ ਕੰਮ ਬਕਾਯਾ ਹੈ? ਧਿਆਨ ਦਿਓ ਜੀ, ਕਿਨਾਰੇ ਤੇ ਸ਼ਾਮਾਂ ਢਲਦੀਆਂ ਦਿਸ ਰਹੀਆਂ ਨੇ, ਤੇ ਪੰਛੀ ਕਾਹਲੀ ਕਾਹਲੀ ਆਪਣੇ ਆਲ੍ਹਣਿਆਂ ਵੱਲ ਪਰਤ ਰਹੇ ਹਨ। ਕੌਣ ਜਾਣਦਾ ਹੈ ਕਿ ਇਸ ਬੇੜੀ ਦੇ ਸੰਗਲ ਕਦ ਖੁਲ੍ਹਣਗੇ ਤੇ ਸੂਰਜ ਛਿਪਣ ਦੀ ਆਖ਼ਰੀ ਝਲਕ ਵਾਂਙ ਕਦੋਂ ਰਾਤ ਦੇ ਅਨ੍ਹੇਰੇ ਵਿੱਚ ਇਹ ਅੱਖੋਂ ਉਹਲੇ ਹੋ ਜਾਏਗੀ।

੪੩

ਉਹ ਵੀ ਦਿਨ ਸੀ ਜਦੋਂ ਮੈਂ ਤੁਹਾਡੀ ਖ਼ਾਤਰ ਆਪਣੇ ਆਪ ਨੂੰ ਤਿਆਰ ਨਹੀਂ ਸਾਂ ਕਰਦਾ। ਮੇਰੇ ਹਿਰਦੇ ਵਿੱਚ, ਅਣਸੱਦੇ ਹੀ ਅਚਾਨਕ ਕਿਸੇ ਅਜਨਬੀ ਵਾਂਙ ਮੇਰੇ ਰਾਜਨ ! ਤੁਸੀਂ ਮੇਰੀ ਜ਼ਿੰਦਗੀ ਦੇ ਗੁਜ਼ਰ ਰਹੇ ਘੜੀ ਪਲਾਂ ਉੱਤੇ ਅਨੰਤਤਾ ਦੀ ਛਾਪ ਲਾ ਦਿੱਤੀ।

ਅੱਜ ਜਦੋਂ ਮੈਂ ਇਨ੍ਹਾਂ ਬੀਤੇ ਹੋਏ ਪਲਾਂ ਉੱਤੇ ਅਚਾਨਕ ਨਿਗ੍ਹਾ ਫੇਰਦਾ ਤੇ ਉਨ੍ਹਾਂ ਤੇ ਤੁਹਾਡੇ ਹਸਤਾਖ਼ਰ ਤੱਕਦਾ ਹਾਂ ਤਾਂ ਮੈਨੂੰ ਇਉਂ ਲਗਦਾ ਹੈ ਕਿ

ਉਹ ਪਲ, ਖ਼ੁਸ਼ੀਆਂ ਦੀਆਂ ਯਾਦਾਂ ਦੀ ਤਰ੍ਹਾਂ ਇਕ ਤਰ੍ਹਾਂ ਮਿੱਟੀ ਵਿੱਚ ਮਿਲ ਗਏ ਹਨ।

ਜਦ ਮੈਂ ਬਚਪਨ ਦੀਆਂ ਖੇਡਾਂ ਖੇਡਦਾ ਹੁੰਦਾ ਸਾਂ, ਮਿੱਟੀ ਨਾਲ ਜਾਂ ਡੀਟੀਆਂ ਨਾਲ ਤਾਂ ਵੀ ਤੁਸੀਂ ਨਫ਼ਰਤ ਕਰਕੇ ਮੇਰੀਆਂ ਖੇਡਾਂ ਵਲੋਂ ਮੂੰਹ ਨਹੀਂ ਸੀ ਮੋੜਿਆ। ਤੁਹਾਡੇ ਪੈਰਾਂ ਦਾ ਖੜਾਕ ਜਦ ਮੈਂ ਆਪਣੀ ਖੇਡ-ਕੋਠੜੀ ਵਿੱਚ ਸੁਣਿਆ ਕਰਦਾ ਸਾਂ, ਉਹੋ ਭੁੱਲੀਆਂ ਵਿਸਰੀਆਂ ਅਵਾਜ਼ਾਂ ਅਜ ਫਿਰ ਮੈਨੂੰ ਦੂਰ ਦੂਰ ਤੱਕ ਗੂੰਜਦੀਆਂ ਸੁਣਾਈ ਦੇ ਰਹੀਆਂ ਹਨ।

੪੪

ਰਸਤੇ ਵਿੱਚ ਠਹਿਰ ਕੇ ਕਿਸੇ ਝਾਕੀ ਦਾ ਨਜ਼ਾਰਾ ਲੈ ਕੇ ਮੈਨੂੰ ਬਹੁਤ ਖ਼ੁਸ਼ੀ ਮਿਲਦੀ ਹੈ, ਜਦੋਂ ਕਿ ਪਰਛਾਵੇਂ ਚਾਨਣ ਦਾ ਪਿੱਛਾ ਕਰ ਰਹੇ ਹੋਵਣ ਤੇ ਜਦ ਹੁੰਮਸ ਤੋਂ ਬਾਦ ਬਰਖਾ ਪੈਂਦੀ ਹੋਵੇ। ਮੈਨੂੰ ਇਉਂ ਲੱਗਦਾ ਹੈ ਕਿ ਜਿਵੇਂ ਕੋਈ ਆ ਕੇ ਮੇਰਾ ਸੁਆਗਤ ਕਰਕੇ ਲੰਘ ਰਹੇ ਹੋਣ, ਇਹ ਤੱਕਕੇ ਮੈਂ ਅੰਦਰੋਂ ਅੰਦਰੀ ਨੱਚਣ ਲੱਗ ਪੈਂਦੀ ਹਾਂ ਤੇ ਵਗਦੀ ਪੌਣ ਦੇ ਬੁੱਲੇ ਬੜੇ ਸੁਹਾਵਣੇ ਲੱਗਦੇ ਹਨ। ਸਵੇਰ ਤੋਂ ਸ਼ਾਮ ਤੱਕ ਮੈਂ ਆਪਣੇ ਦਰਵਾਜ਼ੇ ਤੇ ਬੈਠੀ ਸੋਚਦੀ ਹਾਂ ਕਿ ਸ਼ਾਯਦ ਉਹ ਖ਼ੁਸ਼ੀ-ਭਰੀ ਘੜੀ ਆ ਹੀ ਜਾਏਗੀ, ਜਦ ਮੈਂ ਉਸਨੂੰ ਦੇਖ ਲਿਆ ਉਦੋਂ ਤੱਕ ਮੈਂ ਕਲਮ-ਕੱਲੀ ਮੁਸਕ੍ਰਾਉਂਦੀ ਹੋਈ ਗਾਉਂਦੀ ਰਹਿੰਦੀ ਹਾਂ ਤੇ ਕੀਤੇ ਵਾਅਦੇ ਦੀ ਮਹਿਕ, ਪੌਣ ਵਿੱਚ ਸਰ-ਸਰਾਉਂਦੀ ਰਹਿੰਦੀ ਹੈ।

੪੫

ਕੀ ਤੂੰ ਉਸਦੇ ਖਾਮੋਸ਼ ਕਦਮਾਂ ਦੀ ਆਵਾਜ਼ ਨਹੀਂ ਸੁਣੀ? ਉਹ ਆਉਂਦਾ ਹੈ, ਫਿਰ ਆਉਂਦਾ ਹੈ, ਬਾਰ ਬਾਰ ਆਉਂਦਾ ਹੈ। ਹਰ ਪਲ, ਹਰ ਸਮੇਂ ਦਿਨ ਰਾਤ ਉਹ ਆਉਂਦਾ ਰਹਿੰਦਾ ਹੈ, ਬਰਾਬਰ ਆਉਂਦਾ ਰਹਿੰਦਾ ਹੈ।

ਮੈਂ ਅਨੇਕਾਂ ਗੀਤ ਗਾਏ ਹਨ, ਆਪਣੀ ਮਨ ਦੀ ਮੌਜ ਵਿੱਚ ਇਨ੍ਹਾਂ ਗੀਤਾਂ ਦੀਆਂ ਸੁਰਾਂ ਨੇ ਹਮੇਸ਼ਾਂ ਇਹੋ ਸੁਨੇਹਾ ਦਿੱਤਾ 'ਉਹ ਆਉਂਦਾ ਹੈ, ਬਾਰ ਬਾਰ ਆਉਂਦਾ ਹੀ ਰਹਿੰਦਾ ਹੈ।' ਵਿਸਾਖ ਦੇ ਖਿੜੇ ਮਹਿਕੇ ਦਿਨਾਂ ਵਿੱਚ ਉਹ

ਜੰਗਲ ਦੇ ਰਸਤੇ ਆਉਂਦਾ ਹੀ ਰਹਿੰਦਾ ਹੈ। ਸੌਣ ਭਾਦੋਂ ਦੀਆਂ ਬਰਸਾਤਾਂ ਵਿੱਚ ਭਿੱਜੀਆਂ ਰਾਤਾਂ ਵਿੱਚ ਉਹ ਗਰਜਦੇ ਬੱਦਲਾਂ ਦੇ ਰਥ ਉਤੇ ਸਵਾਰ ਹੋ ਕੇ ਆਉਂਦਾ ਤੇ ਹਮੇਸ਼ਾਂ ਆਉਂਦਾ ਰਹਿੰਦਾ ਹੈ। ਗ਼ਮ ਪਿਛੋਂ ਗ਼ਮ ਆਉਣ ਸਮੇਂ, ਇਸੇ ਦੇ ਕਦਮ ਹੁੰਦੇ ਹਨ ਜਿਨ੍ਹਾਂ ਦਾ ਦਬਾਉ ਮੇਰੇ ਦਿਲ ਉੱਤੇ ਪੈਂਦਾ ਹੈ, ਇਨ੍ਹਾਂ ਦੀ ਸੁਨਹਿਰੀ ਛੋਹ ਹੀ ਮੇਰੀਆਂ ਖ਼ੁਸ਼ੀਆਂ ਵਿੱਚ ਹੋਰ ਰੌਣਕ ਲਾ ਦਿੰਦੀ ਹੈ।

੪੬

ਮੈਨੂੰ ਪਤਾ ਨਹੀਂ ਲਗਦਾ ਕਿ ਤੂੰ ਕਿਸ ਲੰਮੇ ਸਮੇਂ ਤੋਂ ਮੈਨੂੰ ਮਿਲਣ ਲਈ ਬਰਾਬਰ ਆਉਂਦਾ ਰਿਹਾ ਹੈਂ। ਤੇਰੇ ਸੂਰਜ ਤੇ ਸਤਾਰੇ ਤੈਨੂੰ ਮੇਰੀ ਅੱਖ ਤੋਂ ਲੁਕਾ ਨਹੀ ਸਕਦੇ। ਕਈ ਪ੍ਰਭਾਤਾਂ ਤੇ ਕਈ ਸ਼ਾਮਾਂ ਵੇਲੇ ਮੈਂ ਤੇਰੇ ਕਦਮਾਂ ਦੀ ਚਾਪ ਸੁਣਦਾ ਆ ਰਿਹਾ ਹਾਂ। ਤੇਰਾ ਕਾਸਦ ਵੀ ਮੇਰੇ ਦਿਲ ਅੰਦਰ ਪਹੁੰਚਕੇ ਤੇਰਾ ਇਕ ਗੁਪਤ ਸਨੇਹਾ ਦੇ ਰਿਹਾ ਹੈ। ਮੈਨੂੰ ਪਤਾ ਨਹੀਂ ਲਗਦਾ ਕਿ ਅੱਜ ਮੇਰੀ ਜ਼ਿੰਦਗੀ ਕਿਸ ਉਮੰਗਾਂ-ਭਰੀ ਤਰੰਗ ਨਾਲ ਸਰਸ਼ਾਰ ਹੈ। ਮੈਨੂੰ ਇਉਂ ਲੱਗਦਾ ਹੈ ਕਿ ਮੈਂ ਆਪਣਾ ਕਾਰ ਵਿਹਾਰ ਸਮੇਟ ਛੱਡਾਂ ਕਿਉਂਕਿ ਤੇਰੀ ਮੌਜੂਦਗੀ ਦੀ ਭਿੰਨੀ ਭਿੰਨੀ ਮਧੁਰ ਮਹਿਕ, ਮੇਰੇ ਆਪਣੇ ਆਪ ਨੂੰ ਮਸਤ ਕਰੀ ਜਾ ਰਹੀ ਹੈ।

੪੭

ਉਸਦੀਆਂ ਉਡੀਕਾਂ ਕਰਦਿਆਂ ਕਰਦਿਆਂ, ਰਾਤ ਸਾਰੀ ਐਵੇਂ ਖ਼ਤਮ ਹੋ ਗਈ। ਮੈਨੂੰ ਇਹ ਵੀ ਖਦਸ਼ਾ ਹੈ ਕਿ ਉਹ ਪ੍ਰਭਾਤ ਸਮੇਂ ਕਿਤੇ ਮੇਰੇ ਦੁਆਰੇ ਤੇ ਹੀ ਨ ਆ ਧਮਕੇ! ਜਦ ਮੈਂ ਲੰਮੀ ਉਡੀਕਾਂ ਕਾਰਣ ਥੱਕਕੇ ਸੌਂ ਗਈ ਹੋਵਾਂਗੀ, ਸਹੇਲੀਓ! ਦਰਵਾਜ਼ਾ ਖੁਲ੍ਹਾ ਰੱਖਣਾ ਤੇ ਉਸਨੂੰ ਆਉਣ ਤੋਂ ਮਨ੍ਹਾ ਨਹੀਂ ਕਰਨਾ।

ਜੇ ਉਸਦੇ ਕਦਮਾਂ ਦੀ ਆਵਾਜ਼ ਮੈਨੂੰ ਜਗਾ ਨ ਦੇਵੇ ਤਾਂ ਮੈਨੂੰ ਜਗਾਉਣ ਦੀ ਕੋਸ਼ਿਸ਼ ਨਹੀਂ ਕਰਨਾ, ਮੇਰੀ ਤੁਹਾਨੂੰ ਬਾਰ ਬਾਰ ਇਹੋ ਬੇਨਤੀ ਹੈ ਕਿ ਮੈਂ ਪੰਛੀਆਂ ਦੇ ਰੌਲੇ-ਰੱਪੇ ਵਾਲੇ ਗੀਤਾਂ ਨਾਲ ਵੀ ਜਾਗਣਾ ਨਹੀਂ ਚਾਹਾਂਗੀ

ਤੇ ਨਾ ਹੀ ਪ੍ਰਭਾਤ ਦੀ ਪੌਣ ਦੇ ਬੁੱਲਿਆਂ ਨਾਲ ਜਾਗ ਕੇ ਖ਼ੁਸ਼ ਹਾਂ। ਮੈਨੂੰ ਚੈਨ ਨਾਲ ਸੌਣ ਦਿਓ, ਭਾਵੇਂ ਮੇਰੇ ਮਹਿਬੂਬ ਅਚਾਨਕ ਮੇਰੇ ਦਰਵਾਜ਼ੇ ਤੇ ਆ ਹੀ ਕਿਉਂ ਨ ਜਾਣ।

ਓ ਮੇਰੀ ਨੀਂਦ ! ਅਮੁੱਲੀ ਨੀਂਦ! ਤੂੰ ਤਾਂ ਗ਼ਾਇਬ ਹੋਣ ਲਈ ਉਸ ਦੀ ਛੋਹ ਉਡੀਕ ਰਹੀ ਹੈਂ, ਓ ਮੇਰੀਆਂ ਬੰਦ ਅੱਖੀਓ! ਤੁਸੀਂ ਤਾਂ ਉਸ ਦੀ ਮੁਸਕ੍ਰਾਹਟ ਦੇ ਪ੍ਰਕਾਸ਼ ਨਾਲ ਹੀ ਖੁੱਲ੍ਹ ਸਕੋਂਗੀਆਂ। ਜਦੋਂ ਉਹ ਨੀਂਦ ਦੇ ਅੰਧਕਾਰ ਤੋਂ ਉਭਰੇ ਸੁਪਨੇ ਵਾਂਗੂ ਮੇਰੇ ਸਨਮੁਖ ਖਲੋਤਾ ਹੋਵੇਗਾ। ਹੋਰ ਗੱਲਾਂ ਛੱਡੋ, ਉਸਨੂੰ ਮੇਰੀਆਂ ਨਜ਼ਰਾਂ ਸਾਮ੍ਹਣੇ ਆਉਣ ਦਿਓ, ਮੇਰੀ ਜਾਗਦੀ ਰੂਹ ਦੀ ਖ਼ੁਸ਼ੀ ਦੀ ਪਹਿਲੀ ਲਹਿਰ ਨੂੰ ਉਸਦੀ ਤੱਕਣੀ ਨਾਲ ਹੀ ਉਠਣ ਦਿਉ, ਮੇਰੀ ਆਪਣੇ ਆਪ ਵਲ ਵਾਪਸੀ ਤੇ ਉਸ ਵਲ ਵਾਪਸੀ ਤੁਰੰਤ ਹੋਣ ਦਿਉ।

੪੭

ਪ੍ਰਭਾਤ ਸਮੇਂ ਦਾ ਖਾਮੋਸ਼ ਸਾਗਰ, ਪੰਛੀਆਂ ਦੇ ਬੇਗਿਣਤ ਨਗ਼ਮਿਆਂ ਦੇ ਰੂਪ ਵਿੱਚ ਟੋਟੇ ਟੋਟੇ ਹੋ ਕੇ ਪਸਰ ਗਿਆ ਸੀ ਤੇ ਸੜਕ ਦੇ ਆਲੇ-ਦੁਆਲੇ ਦੇ ਫੁੱਲ ਖੁਸ਼ੀਆਂ ਵਿੱਚ ਖਿੜ ਉਠੇ ਤੇ ਬੱਦਲਾਂ ਦੀਆਂ ਕੰਨੀਆਂ ਵਿਚੀਂ ਨਿਕਲ ਨਿਕਲ ਸੋਨਾ ਖਿਲਰਦਾ ਗਿਆ ਜਦੋਂ ਕਿ ਕਾਰਾਂ-ਵਿਹਾਰਾਂ ਵਿੱਚ ਲੀਨ ਰਾਹੀ ਆਪੋ ਆਪਣੇ ਰਾਹ ਚਲੇ ਜਾ ਰਹੇ ਸਨ।

ਅਸੀਂ ਕੋਈ ਖ਼ੁਸ਼ੀਆਂ ਦੇ ਗਾਣੇ ਵੀ ਨਹੀਂ ਸੀ ਗਾ ਰਹੇ ਤੇ ਨਾ ਹੀ ਕੋਈ ਖੇਡ ਖੇਡ ਰਹੇ ਸਾਂ ਅਤੇ ਨਾ ਹੀ ਜਿਣਸਾਂ ਦੇ ਵਟਾਂਦਰੇ ਵਾਲੇ ਸੌਦੇ ਲਈ ਪਿੰਡ ਵੱਲ ਆਏ ਸਾਂ। ਪਰਸਪਰ ਗੱਲਾਂ ਬਾਤਾਂ ਵੀ ਨਹੀਂ ਸਾਂ ਕਰਦੇ, ਨ ਹੀ ਠੱਠੇ ਮਖੌਲ, ਸਮਾਂ ਲੰਘਦਾ ਜਾਂਦਾ ਤੇ ਅਸੀਂ ਤੇਜ਼ ਕਦਮ ਚਲਦੇ ਜਾਂਦੇ।

ਦੁਪਹਿਰੇ ਸੂਰਜ ਸਿਰ ਤੇ ਆ ਗਿਆ ਤੇ ਹੌਲੀ ਹੌਲੀ ਘੁੱਗੀਆਂ ਵੀ ਗੁਣਗੁਣਾਉਣ ਲੱਗੀਆਂ। ਤੱਤੀ ਲੋਅ ਵਗਣ ਕਾਰਣ ਸੁੱਕੇ ਪੱਤੇ ਉੱਡਦੇ ਜਾ ਰਹੇ ਸਨ ਤੇ ਵਾਗੀ ਪਿੱਪਲ ਦੇ ਛਾਵੇਂ ਬੈਠਾ ਊਂਘਦਾ ਊਂਘਦਾ ਸੁਪਨਿਆਂ ਵਿੱਚ ਘੁੰਮ ਰਿਹਾ ਸੀ। ਮੈਂ ਵਗਦੇ ਝਰਨੇ ਦੇ ਲਾਗੇ ਸਰਸਬਜ਼ ਘਾਹ ਉਤੇ ਲੱਤਾਂ ਪਸਾਰ ਕੇ ਲੇਟ ਗਿਆ।

ਮੇਰੇ ਸਾਥੀ ਤੱਕ ਤੱਕ ਮੈਨੂੰ ਠੱਠਾ ਮਖੌਲ ਕਰਦੇ ਤੇ ਸਿਰ ਚੁੱਕੀਂ, ਕਾਹਲੀ ਕਾਹਲੀ ਦੌੜੇ ਜਾ ਰਹੇ ਸਨ, ਕਿਸੇ ਪਿਛੇ ਮੁੜ ਕੇ ਨ ਤੱਕਿਆ ਤੇ ਨਾ ਹੀ ਆਰਾਮ ਕੀਤਾ। ਹੌਲੀ ਹੌਲੀ ਉਹ ਧੁੰਦਲਕੇ ਵਿਚ ਗੁੰਮ ਹੁੰਦੇ ਗਏ। ਉਹ ਕਈ ਪਹਾੜੀਆਂ ਦੀਆਂ ਘਾਟੀਆਂ ਪਾਰ ਕਰਦੇ, ਦੂਰ ਦੂਰ ਦੇਸਾਂ ਵੱਲ ਚੱਲਦੇ ਗਏ । ਸਾਥੀਓ! ਤੁਹਾਨੂੰ ਸੌ ਸਲਾਮਾਂ, ਅਮੁਕ ਪੈਂਡਾ ਮਾਰਨ ਲਈ ਵਧਾਈ ਤੇ ਦ੍ਰਿੜ੍ਹਤਾ ਲਈ ਸ਼ਾਬਾਸ਼।

ਨਿੰਮੋਝੂਣਾ ਹੋ ਕੇ ਮੈਂ ਉਠ ਤਾਂ ਬੈਠਾ ਪਰ ਮੇਰੇ ਵਿੱਚ ਚੱਲਣ ਦੀ ਹਿੰਮਤ ਨਹੀਂ ਸੀ। ਆਪਣੇ ਆਪ ਨੂੰ ਹਾਨੀ ਭਰੀ ਹੀਣਤ ਵਿੱਚ ਮਹਿਸੂਸ ਕੀਤਾ। ਹਰਿਆਵਲ ਤੇ ਗੀਤਾਂ ਦੀ ਛਾਇਆ ਮੇਰੇ ਉਤੇ ਇਤਨੀ ਅਸਰਦਾਰ ਹੋਈ, ਮੈਂ ਭੁੱਲ ਹੀ ਗਿਆ ਕਿ ਮੇਰਾ ਇਸ ਯਾਤਰਾ ਦਾ ਮੰਤਵ ਕੀ ਹੈ? ਮੈਂ ਸੋਚਣਾ ਛੱਡਕੇ ਗੀਤਾਂ ਦੇ ਭੁੱਲ ਭੁਲਈਏ ਵਿੱਚ ਗੁੰਮਦਾ ਗਿਆ। ਜਦ ਜਾਗ ਆਈ, ਇਉਂ ਲੱਗਾ ਜਿਵੇਂ ਆਪਣੀ ਹੀ ਮੁਸਕ੍ਰਾਹਟ ਨਾਲ ਮੇਰੀ ਉਦਾਸੀ ਧੋਤੀ ਗਈ ਹੈ। ਮੈਂ ਤੱਕਿਆ, ਤੁਸੀਂ ਮੇਰੇ ਨਾਲ ਖਲੋਤੇ ਤੇ ਮੁਸਕ੍ਰਾਉਂਦੇ ਮੇਰੀ ਨੀਂਦ ਲਾਹ ਰਹੇ ਹੋ। ਮੈਨੂੰ ਡਰ ਸੀ ਕਿ ਵਾਟ ਲੰਮੀ ਤੇ ਥਕਾਵਟ ਵਾਲੀ ਹੋਵੇਗੀ ਤੇ ਤੇਰੇ ਤੱਕ ਪੁੱਜਣ ਲਈ ਸਚਮੁੱਚ ਬੜੀ ਹੋਰ ਸਖ਼ਤ ਘਾਲ ਦੀ ਲੋੜ ਹੈ।

੪੯

ਤੁਸੀਂ ਆਪਣੇ ਰਾਜ ਸਿੰਘਾਸਨ ਤੋਂ ਉਤਰਕੇ ਮੇਰੀ ਕੁਟੀਆ ਦੇ ਦੁਆਰ ਤੇ ਆ ਖੜੇ ਹੋਏ। ਮੈਂ ਉਸ ਸਮੇਂ ਕੱਲਮਕੱਲਾ ਇਕ ਕੋਨੇ ਵਿੱਚ ਬੈਠਾ ਗੀਤ ਗਾ ਰਿਹਾ ਸਾਂ ਤੇ ਉਸ ਗੀਤ ਦੀ ਕਰੁਣਾਮਈ ਧੁਨ ਤੁਹਾਡੇ ਕੰਨੀਂ ਪਈ ਤੇ ਤੁਸੀਂ ਇਕਦਮ ਮੇਰੇ ਦਰਵਾਜ਼ੇ ਤੇ ਆ ਖੜੋਤੇ। ਤੁਹਾਡੀ ਸੰਗੀਤ ਸਭਾ ਵਿੱਚ ਬੜੇ ਬੜੇ ਕਲਾਕਾਰ ਗੰਧਰਵ ਗਵਈਏ ਮੌਜੂਦ ਹਨ ਤੇ ਹਰ ਸਮੇਂ ਉਥੇ ਗਵੈਸ਼ ਚਲਦੀ ਰਹਿੰਦੀ ਹੈ। ਪਤਾ ਨਹੀਂ ਕਿਵੇਂ ਮੇਰੇ ਵਰਗੇ ਸਿਖਾਂਦਰੂ ਦੇ ਸਿੱਧੇ ਸਾਦੇ ਗੀਤ ਨੇ ਤੁਹਾਡੀ ਪ੍ਰੀਤ-ਭਾਵਨਾ ਨੂੰ ਜਾ ਉਭਾਰਿਆ ਤੇ ਉਹ ਨਿੱਕੀ ਜਿਹੀ ਸੋਜ਼-ਭਰੀ ਸੁਰ, ਸਾਰੀ ਫਿਜ਼ਾ ਵਿੱਚ ਹੀ ਘੁਲ-ਮਿਲ ਗਈ ਅਤੇ ਇਕ ਪੁਸ਼ਪ ਲੈ ਕੇ ਫੌਰਨ ਤੁਸੀਂ ਮੇਰੀ ਕੁਟੀਆ ਦੇ ਸਨਮੁਖ ਆ ਖਲੋਤੇ।

੫੦

ਭਿਖਿਆ ਲੈਣ ਲਈ ਮੈਂ ਦੂਰ ਪੈਂਦੇ ਇਕ ਪਿੰਡ ਦੇ ਰਾਹੇ ਪੈ ਗਈ ਸਾਂ ਤਾਂ ਇਕ ਦਮ ਤੁਹਾਡਾ ਸੁਨਹਿਰੀ ਸਜਾਵਟ ਵਾਲਾ ਰਥ ਰੰਗੀਲੇ ਸੁਪਨੇ ਵਾਂਙ ਦੂਰੋਂ ਮੈਨੂੰ ਨਜ਼ਰੀਂ ਪਿਆ, ਮੈਂ ਸੋਚਦੀ ਰਹੀ ਕਿ ਇਹ ਰਾਜਿਆਂ ਦਾ ਰਾਜਾ ਕੌਣ ਹੈ? ਮੇਰੀਆਂ ਉਮੀਦਾਂ ਵਧ ਗਈਆਂ ਤੇ ਇਉਂ ਜਾਪਿਆ ਕਿ ਮੇਰੇ ਭੈੜੇ ਦਿਨ ਮੁੱਕਣ ਵਾਲੇ ਹਨ। ਇਸ ਉਡੀਕ ਵਿੱਚ ਮੈਂ ਉਥੇ ਖੜ੍ਹੋ ਗਈ ਕਿ ਹੁਣ ਅਣਮੰਗਿਆ ਬੇਸ਼ੁਮਾਰ ਦਾਨ ਮਿਲੇਗਾ ਤੇ ਚਾਰੇ ਪਾਸੇ ਦੌਲਤਾਂ ਦੇ ਢੇਰ ਲਗ ਜਾਣਗੇ।

ਇਥੇ ਆ ਕੇ ਰਥ ਜ਼ਰਾ ਰੁਕ ਗਿਆ। ਤੁਹਾਡੀ ਨਜ਼ਰ ਮੇਰੇ ਉੱਤੇ ਪਈ ਤੇ ਤੁਸੀਂ ਮੁਸਕ੍ਰਾਉਂਦੇ ਮੁਸਕ੍ਰਾਉਂਦੇ ਰਥ ਤੋਂ ਹੇਠ ਉਤਰ ਆਏ ਤੇ ਮੈਨੂੰ ਇਉਂ ਲੱਗਾ ਜਿਵੇਂ ਮੇਰੇ ਸੁੱਤੇ ਭਾਗ ਜਾਗ ਪਏ ਹਨ, ਤੁਸੀਂ ਆਪਣਾ ਸੱਜਾ ਹੱਥ ਇਹ ਕਹਿੰਦਿਆਂ ਮੇਰੇ ਵੱਲ ਵਧਾਇਆ ਕਿ ਤੇਰੇ ਪਾਸ ਭੇਟਾ ਲਈ ਕੀ ਹੈ? ਆਹਾ! ਕਿੰਨਾ ਸ਼ਾਹਾਨਾ ਮਜ਼ਾਕ ਸੀ ਆਪਦਾ ਇਕ ਭਿਖਾਰਨ ਸਾਮ੍ਹਣੇ ਹੱਥ ਟੱਡਣ ਦਾ ਮੈਂ ਲੱਜਾ ਨਾਲ ਪਾਣੀ ਪਾਣੀ ਹੋ ਗਈ ਤੇ ਦੁਬਿਧਾ ਵਿਚ ਪੈ ਗਈ। ਹੌਲੀ ਹੌਲੀ ਮੈਂ ਆਪਣੀ ਪਾਟੀ ਝੋਲੀ ਵਿੱਚ ਹੱਥ ਪਾਇਆ ਤੇ ਇਕ ਮੁੱਠੀ ਦਾਣਿਆਂ ਦੀ ਕੱਢੀ ਤੇ ਤੁਹਾਨੂੰ ਭੇਂਟ ਕਰ ਦਿੱਤੀ। ਪਰ ਮੇਰੀ ਹੈਰਾਨੀ ਦੀ ਹੱਦ ਨ ਰਹੀ, ਜਦ ਮੈਂ ਘਰ ਜਾ ਕੇ ਸ਼ਾਮ ਵੇਲੇ ਝੋਲੀ ਉਲਟਾਈ ਤਾਂ ਉਸ ਨਿੱਕੀ ਢੇਰੀ ਵਿੱਚੋਂ ਮੈਨੂੰ ਸੋਨੇ ਦੀ ਡਲੀ ਮਿਲੀ। ਇਹ ਵੇਖਕੇ ਮੈਂ ਜ਼ਾਰੋ ਜ਼ਾਰ ਰੋਣ ਲੱਗ ਪਈ ਕਿ ਕਾਸ਼ ਮੈਂ ਉਦੋਂ ਕਿਉਂ ਨਾ ਸਾਰੀ ਝੋਲੀ, ਤੁਹਾਡੇ ਹਵਾਲੇ ਕੀਤੀ?

੫੧

ਰਾਤ ਦਾ ਅੰਧੇਰਾ ਛਾ ਗਿਆ ਸੀ, ਦਿਨ ਦੇ ਕਾਰੋਬਾਰ ਬੰਦ ਸਨ, ਸਾਡਾ ਖ਼ਿਆਲ ਸੀ ਕਿ ਰਾਤ ਦੇ ਆਖਰੀ ਪ੍ਰਾਹੁਣੇ ਵੀ ਆ ਹੀ ਚੁੱਕੇ ਤੇ ਪਿੰਡ ਦੇ ਦਰਵਾਜ਼ੇ ਬੰਦ। ਫਿਰ ਵੀ ਇਹ ਘੁਸਰ ਮੁਸਰ ਚਲ ਰਹੀ ਸੀ ਕਿ ਰਾਣਾ ਸਾਹਿਬ ਆਉਣ ਵਾਲੇ ਹਨ। ਇਹ ਸੁਣਕੇ ਅਸੀਂ ਹੱਸ ਛੱਡਦੇ ਤੇ ਕਹਿ ਦਿੰਦੇ, ਇਹ ਮੁਮਕਿਨ ਨਹੀਂ। ਫਿਰ ਸਾਨੂੰ ਇਉਂ ਲੱਗਿਆ ਕਿ ਦਰਵਾਜ਼ਾ

ਖੜਕ ਰਿਹਾ ਹੈ, ਕੋਈ ਕਹਿ ਰਿਹਾ ਸੀ ਕਿ ਇਹ ਤਾਂ ਹਵਾ ਦਾ ਬੁੱਲਾ ਸੀ। ਦੀਵੇ ਬੁਝਾ ਕੇ ਅਸੀਂ ਸੌਣ ਲਈ ਲੇਟ ਗਏ। ਫਿਰ ਕੁਝ ਕੁ ਵਿਚੋਂ ਹੀ ਕਹਿਣ ਲੱਗੇ, 'ਹਲਕਾਰਾ ਆ ਗਿਆ ਜੀ।' ਅਸੀਂ ਕਿਹਾ ਇਹ ਖੜਾਕਾ ਤੇਜ਼ ਚਲਦੀ ਹਵਾ ਕਾਰਣ ਹੈ। ਅੱਧੀ ਰਾਤ ਫਿਰ ਆਵਾਜ਼ ਆਈ, ਕਈਆਂ ਆਖਿਆ, 'ਇਹ ਤਾਂ ਰਥ ਦੇ ਪਹੀਆਂ ਦੀ ਆਵਾਜ਼ ਹੈ।' ਪਰ ਅਸੀਂ ਫਿਰ ਨੀਂਦ ਵਿਚ ਬੁੜ-ਬੁੜਾਉਂਦਿਆਂ ਕਿਹਾ - 'ਇਹ ਤਾਂ ਬੱਦਲ ਘੋਰਦਾ ਸੀ।'

ਅਜੇ ਥੋੜ੍ਹੀ ਰਾਤ ਬਾਕੀ ਸੀ, ਨਗਾਰਾ ਵੱਜਿਆ, ਆਵਾਜ਼ਾ ਹੋਇਆ 'ਜਾਗੋ, ਉਠੋ, ਦੇਰ ਨ ਕਰੋ।' ਅਸੀਂ ਆਪਣੇ ਦਿਲ ਤਲੀ ਤੇ ਰਖਕੇ ਕੰਬਦੇ ਕੰਬਦੇ ਉਠੇ। ਕੁਝ ਲੋਕ ਆਖਣ ਲੱਗੇ, 'ਲੈ ਔਹ ਦੇਖੋ, ਸ਼ਾਹੀ ਝੰਡਾ ਦਿਖਾਈ ਦੇ ਰਿਹਾ ਹੈ।' ਅਸੀਂ ਫਿਰ ਸਾਵਧਾਨ ਹੋ ਗਏ, ਕਿਹਾ ਕਿ ਹੁਣ ਦੇਰ ਨ ਕਰੋ।

ਰਾਣਾ ਸਾਹਿਬ ਆ ਗਏ। ਕਿੱਥੇ ਹੈ ਦੀਵਾ, ਕਿਥੇ ਹੈ ਫੁੱਲਾਂ ਦਾ ਹਾਰ ਤੇ ਕਿਥੇ ਹੈ ਵਿਛਾਇਆ ਸਿੰਘਾਸਨ ਜਿਥੇ ਉਨ੍ਹਾਂ ਨੂੰ ਬਿਠਾਈਏ।' ਕੋਈ ਵਿਚੋਂ ਬੋਲਿਆ, 'ਛੱਡੋ ਸਾਰੀਆਂ ਗੱਲਾਂ, ਐਵੇਂ ਜਿਵੇਂ ਅੰਦਰ ਲੈ ਆਓ। 'ਦਰਵਾਜ਼ੇ ਖੋਲ੍ਹੋ, ਸੰਖ ਵਜਾਓ, ਅਨ੍ਹੇਰ ਕੋਠੜੀਆਂ ਦਾ ਰਾਜਾ ਆ ਗਿਆ ਹੈ, ਬੱਦਲ ਗਰਜ ਰਹੇ ਤੇ ਬਿਜਲੀ ਦੀ ਕੜਕ ਨਾਲ ਅੰਧੇਰਾ ਵੀ ਕੰਬ ਰਿਹਾ ਹੈ। ਆਪਣੀਆਂ ਟੁੱਟੀਆਂ ਫੁਟੀਆਂ ਸਫਾਂ ਹੀ ਵਿਹੜੇ ਵਿੱਚ ਵਿਛਾ ਦਿਓ, ਇਸ ਭਿਆਨਕ ਰਾਤ ਸਮੇਂ ਸਾਡਾ ਰਾਣਾ ਅਚਾਨਕ ਆ ਪਧਾਰਿਆ।

੫੨

ਮੇਰਾ ਖ਼ਿਆਲ ਸੀ ਕਿ ਮੈਂ ਤੈਥੋਂ ਮੰਗ ਲਵਾਂਗਾ ਪਰ ਮੈਨੂੰ ਜੁਰਅਤ ਨਹੀਂ ਪਈ। ਤੂੰ ਆਪਣੇ ਗਲ ਵਿੱਚ ਸੋਹਣੇ ਫੁਲਾਂ ਦਾ ਹਾਰ ਪਾਇਆ ਹੋਇਆ ਹੈ, ਮੈਂ ਪ੍ਰਭਾਤ ਤੋਂ ਹੀ ਤੇਰੀ ਇੰਤਜ਼ਾਰ ਵਿੱਚ ਖੜੋਤੀ ਸਾਂ, ਖ਼ਿਆਲ ਇਹੋ ਕਰਦੀ ਰਹੀ ਕਿ ਜਦ ਤੁਸੀਂ ਇਥੋਂ ਵਿਦਾ ਹੋਵੋਂ ਤਾਂ ਤੁਹਾਡੇ ਹਾਰ ਦੇ ਕੁਝ ਟੁਟੇ-ਫੁਟੇ ਡਿਗੇ ਫੁਲ ਉਠਾ ਕੇ ਆਪਣੀ ਸੇਜਾ ਨੂੰ ਸਜਾਵਾਂ। ਮੈਂ ਇਕ ਮੰਗਤੀ ਵਾਂਙ ਸਵੇਰ ਦੇ ਚਾਨਣ ਵਿੱਚ ਅਜੇਹੀਆਂ ਪੰਖੜੀਆਂ ਦੀ ਤਲਾਸ਼ ਕਰਦੀ ਰਹੀ।

ਹਾਇ ਹਾਇ ! ਅਫ਼ਸੋਸ ਦੀ ਗੱਲ ਹੈ ਕਿ ਮੈਨੂੰ ਇੱਕ ਫੁੱਲ-ਪੱਤੀ ਵੀ

ਨਸੀਬ ਨ ਹੋਈ ਤੇ ਨਾ ਹੀ ਖੁਸ਼ਬੂਦਾਰ ਗੁਲਾਬਦਾਨੀ ਦੀ ਉਡਦੀ ਉਡਦੀ ਮਹਿਕ। ਤੇਰੀ ਚਮਕਦੀ ਤੇਜ਼ ਤਲਵਾਰ ਹੀ ਹੈ ਜੋ ਬਿਜਲੀ ਵਾਂਙ ਜਗਮਗਾ ਰਹੀ ਹੈ, ਸਵੇਰ ਦੀ ਚਾਨਣੀ ਬਾਰੀ ਥਾਈਂ, ਦਿਖਾਈ ਦੇ ਰਹੀ ਹੈ, ਜੋ ਤੇਰੇ ਬਿਸਤਰੇ ਤੇ ਫੈਲ ਰਹੀ ਹੈ। ਸਵੇਰੇ ਸਵੇਰੇ ਇਕ ਚਿੜੀ ਚਹਚਹਾ ਕੇ ਬੋਲਦੀ ਪੁੱਛ ਰਹੀ ਹੈ, 'ਹੇ ਸੁੰਦਰੀ ! ਤੈਨੂੰ ਕੀ ਮਿਲਿਆ? ਨ ਕੋਈ ਫੁੱਲ ਦੀ ਪੰਖੜੀ, ਨ ਸੁਗੰਧ ਤੇ ਨਾਹੀ ਗੁਲਾਬਦਾਨੀ, ਕੇਵਲ ਡਰਾਉਣੀ ਤਲਵਾਰ ਜ਼ਰੂਰ ਲਿਸ਼ਕ ਰਹੀ ਹੈ। 'ਮੈਂ ਬੈਠੀ ਸੋਚ ਰਹੀ ਹਾਂ ਕਿ ਤੇਰੇ ਵਲੋਂ ਮੈਨੂੰ ਭੇਜੀ ਸੁਗਾਤ ਕਿਸ ਕਿਸਮ ਦੀ ਹੈ, ਮੈਨੂੰ ਕੋਈ ਅਜੇਹੇ ਟਿਕਾਣੇ ਦਾ ਵੀ ਪਤਾ ਨਹੀਂ ਜਿਥੇ ਕਿ ਮੈਂ ਇਸਨੂੰ ਲੁਕਾ ਦਿਆਂ। ਮੈਨੂੰ ਲਾਉਂਦਿਆਂ ਸੰਕੋਚ ਵੀ ਹੈ ਕਿਉਂਕਿ ਮੈਂ ਕਮਜ਼ੋਰ ਅਬਲਾ ਹਾਂ, ਜੇ ਮੈਂ ਇਸਨੂੰ ਸੀਨੇ ਨਾਲ ਲਾ ਲਵਾਂ ਤੇ ਅੱਗੇ ਹੀ ਮੇਰੀ ਕਰਕ ਕਲੇਜੇ ਵਿੰਨ੍ਹਦੀ ਪਈ ਹੈ। ਫਿਰ ਵੀ ਤੇਰੀ ਸੁਗਾਤ ਦਾ ਆਦਰ ਕਰਦੀ ਹੋਈ ਇਹ ਬੋਝ ਵੀ ਮੈਂ ਉਠਾਉਣਾ ਪਰਵਾਣ ਕਰਾਂਗੀ। ਅੱਜ ਤੋਂ ਮੈਨੂੰ ਇਸ ਦੁਨੀਆਂ ਵਿੱਚ ਕੋਈ ਡਰ ਭਉ ਨਹੀਂ ਰਹੇਗਾ ਤੇ ਜ਼ਿੰਦਗੀ ਦੀ ਹਰ ਲੜਾਈ ਵਿੱਚ ਜੇਤੂ ਹੋ ਕੇ ਨਿਕਲਾਂਗੀ, ਤੂੰ ਮੌਤ ਨੂੰ ਮੇਰੀ ਸਹੇਲੀ ਬਣਾਕੇ ਭੇਜਿਆ ਹੈ ਤੇ ਮੈਂ ਇਸਨੂੰ ਜੀਵਨ ਦਾ ਸੁਨਹਿਰੀ ਤਾਜ ਪਹਿਨਾ ਦਿਆਂਗੀ। ਤੇਰੀ ਤਲਵਾਰ ਮੇਰੇ ਪਾਸ ਹੈ, ਮੈਂ ਇਸ ਨਾਲ ਸਭ ਜੰਜ਼ੀਰਾਂ ਕੱਟ ਛੱਡਾਂਗੀ ਤੇ ਨਿਰਭੈ ਹੋ ਕੇ ਵਿਚਰਾਂਗੀ।

ਹੁਣ ਤੋਂ ਮੈਂ ਨਿਕਾ ਮੋਟਾ ਸ਼ਿੰਗਾਰ ਕਰਨਾ ਵੀ ਛੱਡ ਦਿੱਤਾ ਹੈ। ਹੇ ਮੇਰੇ ਸੁਆਮੀ! ਮੈਂ ਹੁਣ ਕਿਸੇ ਕੋਨੇ ਵਿੱਚ ਬਹਿ ਕੇ ਰੋਣ ਧੋਣ ਕਰਨ ਜਾਂ ਉਡੀਕਾਂ ਵਿਚ ਸਮਾਂ ਗੁਆਉਣ ਦੀ ਲੋੜ ਨਹੀਂ ਸਮਝਦੀ, ਮੈਨੂੰ ਹੁਣ ਸ਼ਰਮਾਉਣ ਦੀ ਵੀ ਲੋੜ ਨਹੀਂ ਤੇ ਨਾ ਹੀ ਦਿਲ ਲਾਉਣ ਖਾਤਰ ਕੋਈ ਹੋਰ ਰੰਗੀਲੇ ਤੌਰ ਤਰੀਕੇ ਲੱਭਣ ਦੀ ਜ਼ਰੂਰਤ ਹੈ।

ਤੂੰ ਮੈਨੂੰ ਸ਼ਿੰਗਾਰ ਦੀ ਖ਼ਾਤਰ ਇਹ ਤਲਵਾਰ ਪ੍ਰਦਾਨ ਕੀਤੀ ਹੈ ਤੇ ਮੇਰੇ ਲਈ ਹੁਣ ਗੁੱਡੀਆਂ ਪਟੋਲਿਆਂ ਦੀ ਖੇਡ ਸਚਮੁੱਚ ਖ਼ਤਮ ਹੋ ਗਈ ਹੈ।

੫੩

ਤੁਹਾਡੇ ਹੱਥਾਂ ਦਾ ਕੰਗਣ ਬਹੁਤ ਹੀ ਸੋਹਣਾ ਹੈ, ਇਸ ਵਿਚ ਬੜੀ ਸੂਖਮ ਕਾਰੀਗਰੀ ਨਾਲ ਜੜੇ ਰੰਗ-ਬਰੰਗੇ ਹੀਰੇ ਮੋਤੀ ਸਤਾਰਿਆਂ ਵਾਂਗੂ ਜਗਮਗਾ ਰਹੇ ਹਨ। ਪਰੰਤੂ ਹੁਣ ਮੈਨੂੰ ਤੁਹਾਡੀ ਬਿਜਲੀ ਵਾਂਗੂ ਦਮਕਦੀ ਖ਼ਮਦਾਰ ਤਲਵਾਰ ਵਧੇਰੇ ਖਿੱਚ ਪਾ ਰਹੀ ਹੈ। ਜਿਵੇਂ ਕਿ ਛਿਪਦੇ ਸੂਰਜ ਦੀ ਲਿਸ਼ਕਦੀ ਲਾਲੀ ਵਾਂਙ ਇਹ ਵਿਸ਼ਨੂ ਭਗਵਾਨ ਦੇ ਗਰੜ ਪੰਛੀ ਦੇ ਫੈਲਾਏ ਰੰਗੀਨ ਖੰਭਾਂ ਦਾ ਝਾਉਲਾ ਪਾਉਂਦੀ ਹੋਵੇ।

ਇਹ ਤੁਹਾਡੀ ਤਲਵਾਰ ਮੌਤ ਦੀ ਆਖ਼ਰੀ ਚੋਟ ਵਾਂਙ ਜਿੰਦ ਜਾਨ ਉਤੇ ਵਾਰ ਕਰਦੀ, ਕਾਂਬੇ ਛੇੜ ਰਹੀ ਹੈ। ਇਹ ਤਾਂ ਸੜਦੇ ਬਲਦੇ ਚੰਗਿਆੜੇ ਵਾਂਙ ਇਸ ਮਾਦੀ ਸਰੀਰ ਨੂੰ ਵੀ ਫਨਾਹ ਕਰਦੀ ਦਿਸਦੀ ਹੈ।

ਤੁਹਾਡਾ ਕੰਗਣ ਸਚਮੁਚ ਕੋਈ ਜਾਦੂ ਹੈ ਜੋ ਕਿ ਹੀਰੇ ਮੋਤੀ ਜੜਤ ਹੋਣ ਕਾਰਣ ਸਤਾਰਿਆਂ ਵਾਂਙ ਜਗਮਗਾਉਂਦਾ ਦਿਸਦਾ ਹੈ ਪਰ ਤੁਹਾਡੀ ਤਲਵਾਰ ਤਾਂ ਬੜੇ ਖ਼ੂੰਖਾਰ ਹੁਸਨ ਨਾਲ ਸਜਾਈ ਫਬਾਈ ਲਗਦੀ ਹੈ। ਇਸਦਾ ਧਿਆਨ ਕਰਦਿਆਂ ਹੀ ਮੌਤ ਸਿਰ ਤੇ ਆਈ ਦਿਸਦੀ ਹੈ।

੫੪

ਮੈਂ ਤੁਹਾਥੋਂ ਕੁਝ ਮੰਗਿਆ ਨਹੀਂ ਤੇ ਨਾਹੀ ਤੁਹਾਡੇ ਕੰਨ ਵਿੱਚ ਆਪਣਾ ਨਾਮ ਸੁਣਾਇਆ ਹੈ। ਜਦ ਤੁਸੀਂ ਜਾਣ ਲੱਗੇ, ਮੈਂ ਚੁਪਚਾਪ ਖੂਹੀ ਤੇ ਬਿਰਛ ਦੀ ਛਾਂ ਹੇਠ ਕੱਲਮਕੱਲੀ ਖੜੋਤੀ ਸਾਂ, ਬਾਕੀ ਔਰਤਾਂ ਆਪੋ ਆਪਣੀਆਂ ਗਾਗਰਾਂ ਭਰ ਕੇ ਘਰਾਂ ਨੂੰ ਜਾ ਚੁੱਕੀਆਂ ਸਨ। ਉਨ੍ਹਾਂ ਮੈਨੂੰ ਉੱਚੀ ਅਵਾਜ਼ ਨਾਲ ਸੱਦਾ ਵੀ ਦਿੱਤਾ, 'ਆਓ, ਸਾਡੇ ਨਾਲ ਚਲੇ ਚਲੋ ਕਿਉਂਕਿ ਦੁਪਹਿਰਾ ਸਿਰ ਤੇ ਆਉਣ ਕਾਰਣ ਕਾਫ਼ੀ ਥਕਾਵਟ ਹੋ ਗਈ ਹੈ ਪਰ ਮੈਂ ਸੁਸਤਾਈ ਹੋਈ ਆਪਣੇ ਖਿਆਲਾਂ ਵਿੱਚ ਗੁੰਮ, ਉਥੇ ਹੀ ਖੜੀ ਰਹੀ।

ਤੁਹਾਡੇ ਆਉਣ ਦੀ ਆਵਾਜ਼ ਮੇਰੇ ਕੰਨੀਂ ਨਹੀਂ ਪਈ, ਜਦੋਂ ਤੁਸਾਂ ਮੈਨੂੰ ਤੱਕਿਆ ਤਾਂ ਤੁਹਾਡੇ ਨੈਣ ਉਦਾਸੀ-ਭਰੇ ਸਨ, ਤੁਹਾਡੀ ਅਵਾਜ਼ ਥੱਕੀ ਥੱਕੀ ਸੀ, ਜਦ ਤੁਸਾਂ ਕਿਹਾ, 'ਮੈਂ ਇੱਕ ਪਿਆਸਾ ਮੁਸਾਫ਼ਰ ਹਾਂ।' ਇਹ ਸੁਣਕੇ ਮੈਂ

ਆਪਣੇ ਸੁਪਨਿਆਂ ਵਿਚ ਘੁੰਮਦੀ ਫਿਰਦੀ ਚੌਂਕ ਪਈ ਤੇ ਆਪਣੀ ਘੜੀ ਦਾ ਪਾਣੀ ਤੁਹਾਡੀ ਬੁੱਕ ਵਿੱਚ ਉਲਟਾ ਦਿੱਤਾ। ਪੱਤੀਆਂ ਦੀ ਸਰਸਰਾਹਟ ਵਿੱਚ ਬੈਠੀ ਕੋਇਲ ਅਨ੍ਹੇਰੇ ਵਿੱਚ ਵੀ ਗਾ ਰਹੀ ਤੇ ਮੋੜ ਤੇ ਲਗੇ ਬੇਲੇ ਦੀ ਮਹਿਕ ਆਲੇ ਦੁਆਲੇ ਛਾ ਰਹੀ ਸੀ।

ਮੈਂ ਲੱਜਾ ਨਾਲ ਪਾਣੀ ਪਾਣੀ ਹੋਈ ਹੱਕੀ-ਬੱਕੀ ਹੋ ਕੇ ਰਹਿ ਗਈ ਜਦੋਂ ਤੁਸੀਂ ਮੇਰਾ ਨਾਂ ਪੁੱਛਿਆ। ਮੈਂ ਤੁਹਾਡੀ ਲਈ ਕੀ ਕੀਤਾ ਸੀ ਕਿ ਤੁਸੀਂ ਮੇਰਾ ਨਾਂ ਯਾਦ ਰੱਖਦੇ। ਇਤਨਾ ਕੁ ਮੈਨੂੰ ਯਾਦ ਹੈ ਕਿ ਤੁਹਾਡੀ ਤ੍ਰੇਹ ਬੁਝਾਉਣ ਲਈ ਪਾਣੀ ਦਾ ਘੁੱਟ ਜ਼ਰੂਰ ਦਿੱਤਾ ਸੀ ਤੇ ਇਹੋ ਗੱਲ ਦਿਲ ਤੇ ਉਕਰੀ ਰਹੇਗੀ। ਸਵੇਰਾ ਬੀਤ ਚੁਕਾ ਤੇ ਕੋਈ ਚਿੜੀ ਥੱਕੀ ਥੱਕੀ ਅਵਾਜ਼ ਨਾਲ ਗਾ ਰਹੀ ਸੀ, ਨਿੰਮ ਦੇ ਪੱਤੇ ਸਰਸਰਾਉਂਦੇ ਤੇ ਮੈਂ ਸੋਚਾਂ ਵਿੱਚ ਗ਼ਲਤਾਨ ਸਾਂ।

੫੫

ਤੁਹਾਡੇ ਸੀਨੇ ਉਤੇ ਕੁਝ ਉਦਾਸੀ ਤੇ ਥਕਾਵਟ ਤੇ ਨਿਸ਼ਾਨ ਹਨ ਤੇ ਨੈਣਾਂ ਦੀਆਂ ਪਲਕਾਂ ਵੀ ਨੀਂਦ ਕਾਰਣ ਕੁਝ ਭਾਰੀਆਂ ਭਾਰੀਆਂ ਜੇਹੀਆਂ ਲਗ ਰਹੀਆਂ ਹਨ।

ਕੀ ਤੁਹਾਨੂੰ ਅਜੇ ਤੱਕ ਇਹ ਖ਼ਬਰ ਨਹੀਂ ਮਿਲੀ ਕਿ ਕੰਡਿਆਂ ਦੇ ਦਰਮਿਆਨ ਫੁੱਲ ਖਿੜ ਕੇ ਆਪਣਾ ਰੋਅਬ ਜਮਾ ਰਿਹਾ ਹੈ। ਜਾਗੋ, ਸਮਾਂ ਜਾਗਣ ਦਾ ਹੀ ਹੈ, ਇਸ ਨੂੰ ਐਵੇਂ ਨ ਗੁਆਓ। ਇਸ ਪੱਥਰੀਲੀ ਪਗਡੰਡੀ ਦੇ ਸਿਰੇ ਤੇ ਸੁੰਨਸਾਨ ਵਾਤਾਵਰਣ ਵਿੱਚ ਮੇਰਾ ਮਿੱਤਰ ਉਡੀਕਾਂ ਵਿੱਚ ਖਲੋਤਾ ਹੈ, ਉਸ ਨੂੰ ਧੋਖਾ ਨਹੀਂ ਦੇਣਾ, ਜਾਗੋ ਤੇ ਚੇਤੰਨ ਹੋਵੋ। ਜੇਕਰ ਅਸਮਾਨ ਦੁਪਹਿਰ ਦੇ ਤਪਦੇ ਸੂਰਜ ਦੀ ਗਰਮੀ ਕਾਰਣ ਹਵਾੜ ਕੱਢ ਰਿਹਾ ਹੈ ਤਾਂ ਕੀ? ਅਗਰ ਸੜਦੀ ਬਲਦੀ ਰੇਤ, ਤ੍ਰੇਹ ਪਿਆਸ ਦਾ ਜਾਲ ਤਣੀ ਖੜੀ ਹੈ ਤਾਂ ਵੀ ਕੀ ਹੋਇਆ। ਕੀ ਤੁਹਾਡੇ ਦਿਲ ਦੀਆਂ ਡੂੰਘਿਆਈਆਂ ਵਿਚ ਕੋਈ ਖ਼ੁਸ਼ੀ ਨਹੀਂ ਲਹਿਰਾ ਰਹੀ, ਕੀ ਤੁਹਾਡੇ ਹਰ ਕਦਮ ਉੱਤੇ ਨਾਲ ਨਾਲ, ਰਸਤੇ ਦੇ ਸਤਾਰੇ ਦਰਦ-ਭਰੇ ਨਗਮੇ ਨਹੀਂ ਛੇੜਨਗੇ?

੫੬

ਅਸਲੀਅਤ ਇਹ ਹੈ ਕਿ ਮੇਰੇ ਅੰਦਰ ਤੇਰੀ ਖ਼ੁਸ਼ੀ ਭਰਪੂਰ ਭਰੀ ਹੋਈ ਹੈ, ਉਸੇ ਦੇ ਸਦਕੇ ਤੂੰ ਮੇਰੇ ਤੱਕ ਆ ਪਹੁੰਚਾ ਹੈਂ। ਤੂੰ ਸਾਰੇ ਅਸਮਾਨਾਂ ਦਾ ਮਾਲਕ ਖ਼ੁਦਾ ਹੈਂ, ਤੇਰੀ ਮੁਹੱਬਤ ਕਿਧਰ ਜਾਂਦੀ, ਜੇਕਰ ਮੈਂ ਨ ਹੁੰਦਾ।

ਤੁਸੀਂ ਮਿਹਰਵਾਨੀ ਕਰਕੇ ਮੈਨੂੰ ਵੀ ਇਸ ਦੌਲਤ ਦਾ ਹਿੱਸੇਦਾਰ ਬਣਾਇਆ, ਦਿਲ ਅੰਦਰ ਤੁਹਾਡੀ ਬਖ਼ਸ਼ੀ ਖ਼ੁਸ਼ੀ ਅਮੁਕ ਖੇਡਾਂ ਖੇਡ ਰਹੀ ਹੈ। ਮੇਰਾ ਜੀਵਨ ਤਾਂ ਤੇਰੇ ਰਜ਼ਾ ਭਾਣੇ ਵਿੱਚ ਨਵੀਂ ਸੂਰਤ ਧਾਰਦਾ ਰਹਿੰਦਾ ਹੈ। ਇਸੇ ਕਰਕੇ ਤੂੰ ਜੋ ਰਾਜਿਆਂ ਦਾ ਮਹਾਰਾਜਾ ਹੈਂ, ਤੂੰ ਆਪਣੇ ਹੁਸਨ ਨਾਲ ਮੇਰੇ ਦਿਲ ਨੂੰ ਬੰਦੀ ਬਣਾ ਛਡਿਆ ਹੈ। ਇਸੇ ਲਈ ਤੇਰੀ ਮੁਹੱਬਤ ਵਿਚ ਤੇਰਾ ਪ੍ਰੇਮੀ ਆਪਣਾ ਆਪ ਗੁਆ ਬਹਿੰਦਾ ਹੈ ਤੇ ਹੁਣ ਤਾਂ ਦੋਵੇਂ ਅਭੇਦ ਹੋਏ ਦਿਸਦੇ ਹਨ।

੫੭

ਰੌਸ਼ਨੀ, ਮੇਰੀ ਰੌਸ਼ਨੀ, ਸਾਰੇ ਵਿਸ਼ਵ ਨੂੰ ਭਰਨ ਵਾਲੀ ਰੌਸ਼ਨੀ, ਨੈਣਾਂ ਨੂੰ ਚੁੰਮਣ ਵਾਲੀ ਰੌਸ਼ਨੀ, ਦਿਲ ਦੇ ਸਾਗਰ ਨੂੰ ਪ੍ਰੀਤਿ ਨਾਲ ਭਰ ਦੇਣ ਵਾਲੀ ਰੌਸ਼ਨੀ! ਓ ਮੇਰੀ ਜ਼ਿੰਦੜੀ ਦੀ ਜਾਨ, ਮੇਰੀ ਰੌਸ਼ਨੀ, ਤੂੰ ਮੇਰੇ ਜੀਵਨ ਦੇ ਦਰਮਿਆਨ ਨ੍ਰਿਤਕਾਰੀ ਕਰਦੀ ਦਿਖਾਈ ਦੇਂਦੀ ਹੈਂ। ਹੇ ਮੇਰੀ ਜਾਨ ਦੀ ਜਾਨ ਰੌਸ਼ਨੀ! ਤੂੰ ਮੇਰੀ ਪ੍ਰੀਤਿ-ਵੀਣਾ ਦੇ ਤਾਰ ਸਦਾ ਛੇੜਦੀ ਰਹਿੰਦੀ ਹੈਂ। ਅਸਮਾਨ ਮੋਕਲਾ ਹੋ ਜਾਂਦਾ ਤੇ ਪੌਣ ਬੇਰੋਕ ਵਹਿੰਦੀ ਜਾਂਦੀ ਹੈ ਅਤੇ ਹਾਸਾ ਤਮਾਸ਼ਾ ਧਰਤੀ ਉਤੇ, ਬੇਤਹਾਸ਼ਾ ਦੌੜਦਾ ਦਿਖਾਈ ਦਿੰਦਾ ਹੈ।

ਅਜੇਹੇ ਸਮੇਂ ਤਿਤਲੀਆਂ ਵੀ ਰੌਸ਼ਨੀ ਦੇ ਸਾਗਰ ਉਤੇ ਨੱਚਦੀਆਂ ਬੇੜੇ ਦੇ ਲੰਗਰ ਖੋਲ੍ਹ ਦਿੰਦੀਆਂ ਹਨ। ਗੁਲ ਲਾਲਾ (ਪੋਸਤ), ਚੰਬੇਲੀ, ਬੇਲਾ-ਸਾਰੇ ਫੁੱਲ, ਚਾਨਣ ਦੀਆਂ ਲਹਿਰਾਂ ਦੇ ਸ਼ਿਖਰ ਖਿੜਦੇ ਦਿੱਸਦੇ ਹਨ।

ਮੇਰੀ ਜਾਨ ਦੀ ਜਾਨ ਰੌਸ਼ਨੀ। ਤੂੰ ਸੋਨਾ ਬਣ ਕੇ ਬੱਦਲਾਂ ਦੇ ਜਮਘਟੇ ਉਤੇ ਫੈਲ ਜਾਂਦੀ ਤੇ ਮੋਤੀ ਜਵਾਹਰਾਂ ਦੀ ਬਰਖਾ ਕਰਦੀ ਹੈਂ। ਪੱਤੀ ਪੱਤੀ ਤੇ ਖ਼ੁਸ਼ੀਆਂ ਦੀ ਝੜੀ ਲਗ ਜਾਂਦੀ ਅਤੇ ਬੇਅੰਦਾਜ਼ ਅਨੰਦ ਸ੍ਵਰਗੀ ਦਰਿਆ ਦੇ

ਕਿਨਾਰਿਆਂ ਨੂੰ ਆਪਣੇ ਵਿੱਚ ਲੀਨ ਕਰਦਾ ਖੇੜੇ ਦੇ ਹੜ੍ਹ ਵਹਾਉਂਦਾ ਹੈ।

੫੮

ਵੰਨ ਸੁਵੰਨੀਆਂ ਖੁਸ਼ੀਆਂ, ਦੀਆਂ ਤਮਾਮ ਸੁਰਾਂ, ਧੁਨਾਂ, ਰਾਗ, ਅਲਾਪ, ਮੇਰੇ ਆਖ਼ਰੀ ਗੀਤ ਵਿੱਚ ਲੀਨ ਹੋ ਜਾਣ ਦਿਓ। ਉਹ ਖ਼ੁਸ਼ੀ ਜੋ ਧਰਤੀ ਨੂੰ ਹਰਿਆਵਲ ਦਾ ਹੜ੍ਹ ਲਿਆ ਕੇ ਉਛਾਲ ਦਿੰਦੀ ਹੈ ਤੇ ਜੌੜੇ ਭਰਾਵਾਂ ਨੂੰ ਇਸ ਖੁਲ੍ਹੇ ਡੁਲ੍ਹੇ ਵਿਸ਼ਾਲ ਸੰਸਾਰ ਵਿੱਚ ਨਾਚ ਕਰਾ ਕੇ ਪ੍ਰਸੰਨ ਹੁੰਦੀ ਹੈ। ਉਹ ਅਨੰਦ ਜੋ ਤੂਫ਼ਾਨਾਂ ਨਾਲ ਉਮਡ ਉਮਡ ਆਉਂਦਾ ਤੇ ਸਾਰੇ ਵਿਸ਼ਵ ਨੂੰ ਆਪਣੀ ਗਲਵੱਕੜੀ ਵਿਚ ਲੈ ਕੇ ਲੋਟ ਪੋਟ ਕਰ ਦਿੰਦਾ ਹੈ, ਉਹ ਖ਼ੁਸ਼ੀ ਜੋ ਦੁੱਖਾਂ ਦਰਦਾਂ ਦੇ ਲਾਲ ਕੰਵਲ ਉਤੇ ਹੰਝੂ ਬਣਕੇ ਥਰਥਰਾਉਂਦੀ ਹੈ, ਉਹ ਆਨੰਦ ਜੋ ਆਪਣਾ ਸਭ ਕੁਝ ਨਿਛਾਵਰ ਕਰਦਾ ਹੋਇਆ, ਫਿਰ ਖਾਮੋਸ਼ ਦਾ ਖਾਮੋਸ਼ ਰਹਿੰਦਾ ਹੈ, ਕਿਉਂਕਿ ਉਸ ਦੀ ਜ਼ਬਾਨ ਵਿਚ ਕੋਈ ਬੋਲ ਨਹੀਂ ਹੁੰਦਾ।

੫੯

ਹਾਂ, ਹਾਂ, ਮੈਂ ਇਹ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਇਹ ਸਭ ਕੁਝ ਤੁਹਾਡੀ ਮੁਹੱਬਤ ਦਾ ਨਤੀਜਾ ਹੈ, ਹੋਰ ਕੁਝ ਵੀ ਨਹੀਂ। ਓ ਮੇਰੇ ਦਿਲ ਦੇ ਪ੍ਰੀਤਮ! ਜੋ ਇਹ ਸੁਨਹਿਰੀ ਚਾਨਣੀ ਪੱਤਿਆਂ ਉਤੇ ਨ੍ਰਿਤ ਕਰ ਰਹੀ ਹੈ, ਤੇ ਇਹ ਨਿਸਚਿੰਤ ਤੇ ਆਜ਼ਾਦ ਮੇਘਲੇ ਅਸਮਾਨ ਨੂੰ ਪਾਰ ਕਰਦੇ ਚਾਰੇ ਪਾਸੇ ਘੇਰਾ ਪਾ ਰਹੇ ਹਨ ਤੇ ਇਹ ਵਗਦੀ ਪੌਣ ਦੀ ਛੇੜਛਾੜ ਮੇਰੇ ਮੱਥੇ ਨਾਲ ਟਕਰਾਉਂਦੀ ਠੰਢ ਵਰਤਾਉਂਦੀ ਜਾਂਦੀ ਹੈ।

ਪ੍ਰਭਾਤ ਦੇ ਚਾਨਣ ਨੇ ਤਾਂ ਆਪਣੇ ਆਪ ਨੂੰ ਮੇਰੇ ਨੈਣਾਂ ਵਿੱਚ ਸਮੋ ਲਿਆ ਹੈ, ਮੇਰੇ ਹਿਰਦੇ ਲਈ ਇਹ ਤੇਰਾ ਹੀ ਸੰਦੇਸ਼ ਹੈ ਜਦ ਤੂੰ ਆਪਣਾ ਮੁਖੜਾ ਹੇਠਾਂ ਨੂੰ ਲੁਕਾ ਰਖਿਆ ਤੇ ਆਪਣੇ ਨੈਣ ਮੇਰੇ ਨੈਣਾਂ ਵਿੱਚ ਗਡਾਵਡ ਕਰ ਲਏ, ਇਉਂ ਲੱਗਦਾ ਸੀ, ਜਿਵੇਂ ਮੇਰਾ ਦਿਲ ਤੇਰੇ ਕਦਮਾਂ ਦਾ ਸਪਰਸ਼ ਕਰ ਰਿਹਾ ਹੈ।

੬੦

ਬੇ-ਇਨਤਹਾ ਦੁਨੀਆਂ ਭਰ ਦੇ ਬੱਚੇ, ਸਾਗਰ ਕੰਢੇ ਜੁੜ ਬੈਠੇ ਹਨ।

ਅਨੰਤ ਤੇ ਅਚਲ ਅਸਮਾਨ ਇਨ੍ਹਾਂ ਦੇ ਸਿਰਾਂ ਤੇ ਸ਼ੋਭਾ ਪਾ ਰਿਹਾ ਹੈ, ਬੇਚੈਨ ਜਲ-ਤਰੰਗਾਂ ਸ਼ੋਰ ਮਚਾ ਰਹੀਆਂ ਹਨ। ਇਸ ਤਰ੍ਹਾਂ ਬੇਓੜਕੇ ਸੰਸਾਰ ਦੇ ਬਾਲਕੇ ਨੱਚਦੇ, ਟੱਪਦੇ, ਗਾਉਂਦੇ ਵਜਾਉਂਦੇ ਜੁੜ ਬੈਠੇ ਹਨ।

ਉਹ ਕਿਨਾਰਿਆਂ ਉਤੇ ਰੇਤ ਦੇ ਘਰ ਉਸਾਰਦੇ ਤੇ ਘੋਗੇ ਸਿੱਪੀਆਂ ਨਾਲ ਖੇਡਦੇ ਪਏ ਹਨ। ਸੁੱਕੇ ਪੱਤਿਆਂ ਨੂੰ ਜੋੜ ਜੋੜਕੇ ਉਹ ਆਪਣੀਆਂ ਕਿਸ਼ਤੀ ਤਿਆਰ ਕਰਦੇ ਤੇ ਹੱਸਦੇ ਹੱਸਦੇ ਦੂਰ ਦੂਰ ਤਕ ਫੈਲੇ ਮਹਾਂਸਾਗਰ ਉਤੇ ਉਨ੍ਹਾਂ ਨੂੰ ਠੇਲ੍ਹ ਦਿੰਦੇ ਹਨ, ਸੋ ਇਹ ਸਮੁੰਦਰੀ ਕਿਨਾਰਾ ਉਨ੍ਹਾਂ ਲਈ ਤਾਂ ਇਕ ਖੇਡ-ਭੂਮੀ ਹੀ ਹੈ।

ਇਹ ਤਰਨਾ ਵੀ ਨਹੀਂ ਜਾਣਦੇ ਤੇ ਨਾਹੀ ਇਨ੍ਹਾਂ ਨੂੰ ਸਾਗਰ ਵਿਚ ਜਾਲ ਸੁੱਟਣ ਦੀ ਜਾਚ ਹੈ। ਮੋਤੀਆਂ ਦੇ ਖੋਜੀ, ਡੁਬਕੀਆਂ ਲਾ ਕੇ ਮੋਤੀਆਂ ਦੀ ਤਲਾਸ਼ ਕਰਦੇ ਤੇ ਵੱਡੇ ਵਪਾਰੀ ਆਪਣੇ ਜਹਾਜ਼ਾਂ ਤੇ ਮਾਲ ਲੱਦ ਕੇ ਲੈ ਜਾਂਦੇ ਪਰ ਇਹ ਬੱਚੇ ਕੇਵਲ ਪੱਥਰ ਗੀਟੇ ਇਕੱਠੇ ਕਰਦੇ ਤੇ ਫਿਰ ਆਪ ਹੀ ਉਨ੍ਹਾਂ ਨੂੰ ਖਿੰਡਾ ਕੇ ਖੁਸ਼ ਹੁੰਦੇ ਹਨ। ਉਹ ਸਾਗਰ ਦੇ ਗੁੱਝੇ ਖਜ਼ਾਨੇ ਨਹੀਂ ਲੱਭਦੇ ਤੇ ਨਾਹੀ ਉਨ੍ਹਾਂ ਨੂੰ ਜਾਲ ਸੁੱਟਣ ਦੀ ਹੀ ਜਾਚ ਹੈ। ਠਾਠਾਂ ਮਾਰਦਾ ਸਮੁੰਦਰ ਲਹਿਰਾਂ ਉਛਾਲਦਾ ਪਰ ਕਿਨਾਰਾ ਮੱਧਮ ਮੁਸਕ੍ਰਾਹਟ ਦੀ ਝਲਕ ਦਿੰਦਾ ਰਹਿੰਦਾ ਹੈ।

ਭਿਆਨਕ ਮਾਰੂ ਲਹਿਰਾਂ, ਬੱਚਿਆਂ ਨੂੰ ਇਉਂ ਬੇਮਾਅਨੀ ਗੀਤ ਸੁਣਾ ਰਹੀਆਂ ਹਨ ਜਿਵੇਂ ਕੋਈ ਮਾਂ ਝੂਲਣਾ ਝੁਲਾਉਂਦੀ ਗੁਣਗੁਣਾਉਂਦੀ ਹੋਵੇ। ਸਾਗਰ ਬਾਲਾਂ ਨਾਲ ਇਵੇਂ ਖੇਡਦਾ ਤੇ ਕਿਨਾਰਾ ਆਪਣੀ ਮੁਸਕ੍ਰਾਹਟ ਦੀ ਝਲਕ ਦਿਖਾਉਂਦਾ ਰਹਿੰਦਾ ਹੈ। ਇਸ ਅਨੰਤ ਸਾਗਰ ਕਿਨਾਰੇ ਦੁਨੀਆਂ ਭਰ ਦੇ ਬਾਲਕ ਇਕੱਤਰ ਹੁੰਦੇ ਰਹਿੰਦੇ। ਅਨ੍ਹੇਰੀਆਂ ਤੂਫ਼ਾਨ ਆਉਂਦੇ ਜਾਂਦੇ ਰਹਿੰਦੇ ਤੇ ਕਿਤਨੇ ਹੀ ਜਹਾਜ਼ ਗਰਕਦੇ ਵੀ ਰਹਿੰਦੇ ਹਨ। ਪਰ ਬੱਚਿਆਂ ਦਾ ਮੇਲਾ ਉਵੇਂ-ਜਿਵੇਂ ਭਰਿਆ ਭਰਿਆ ਦਿੱਸਦਾ ਹੈ।

੬੧

ਕੀ ਕੋਈ ਦੱਸ ਸਕੇਗਾ ਕਿ ਜੋ ਨੀਂਦ ਬੱਚਿਆਂ ਦੀਆਂ ਅੱਖੀਆਂ ਵਿਚ ਝਿਲਮਿਲਾਉਂਦੀ ਹੈ, ਉਹ ਕਿਹੜੇ ਦੇਸ਼ ਤੋਂ ਆਉਂਦੀ ਹੈ ? ਹਾਂ, ਇਕ

ਅਫਵਾਹ ਜ਼ਰੂਰ ਹੈ ਕਿ ਉਸਦੀ ਰਿਹਾਇਸ਼ ਉਥੇ ਸੁਣੀਦੀ ਹੈ, ਜਿਥੇ ਪਰੀਆਂ ਦੀ ਬਸਤੀ ਵਿਚ ਤੇ ਜੁਗਨੂਆਂ ਦੀ ਟਿਮਟਿਮਾਂਦੀ ਰੋਸ਼ਨੀ ਵਿਚ ਟਹਿਕਦੇ ਮਹਿਕਦੇ ਜੰਗਲ ਅੰਦਰ ਕਿਤੇ ਪਰਛਾਵਿਆਂ ਹੇਠ ਜਾਦੂ-ਭਰੀਆਂ ਨਾਜ਼ਕ ਕੋਮਲ ਕਲੀਆਂ ਲਹਿਲਹਾ ਰਹੀਆਂ ਹਨ। ਇਹ ਨਿੰਦ੍ਰਾ ਦੇਵੀ ਉਥੋਂ ਹੀ ਬਾਲਕਿਆਂ ਦਾ ਚੁੰਮਣ ਲੈਣ ਲਈ ਇਧਰ ਆਉਂਦੀ ਹੈ।

ਜੋ ਭੋਲੀ-ਭਾਲੀ ਮੁਸਕ੍ਰਾਹਟ, ਦੁਧ-ਚੁੰਘਦੇ ਬਾਲਾਂ ਦੇ ਹੋਠਾਂ ਉਤੇ ਨ੍ਰਿਤਕਾਰੀ ਕਰਦੀ ਹੈ, ਕੀ ਕੋਈ ਦੱਸੇਗਾ ਕਿ ਉਹ ਕਿਥੋਂ ਆਈ ? ਹਾਂ, ਹਾਂ, ਇਸ ਬਾਰੇ ਇਹ ਸੁਣੀਂਦਾ ਹੈ ਕਿ ਸਰਦ ਰੁਤ ਦੇ ਚੰਨ ਦੀ ਨਵੀਂ ਨਵੀਂ ਕਿਰਣ ਨੇ ਜਦੋਂ ਜਾਂਦੇ ਜਾਂਦੇ ਪਤਝੜ ਦੇ ਬੱਦਲ ਨੂੰ ਛੂਹਿਆ ਤਾਂ ਤ੍ਰੇਲ, ਉਜਲ ਸਵੇਰ ਦੇ ਸੁਪਨਿਆਂ ਵਿਚ ਪ੍ਰਗਟ ਹੋਈ ਤੇ ਇਹੋ ਮੁਸਕ੍ਰਾਹਟ ਅੱਧ-ਸੁੱਤੇ ਬੱਚੇ ਦੇ ਹੋਂਠਾਂ ਉਤੇ ਜਲਵਾਗਰ ਹੁੰਦੀ ਹੈ।

ਨਿਕੇ ਨਿਕੇ ਬਾਲਕਿਆਂ ਦੇ ਅੰਗ ਅੰਗ ਉਤੇ ਇਕ ਅਨੋਖੀ ਤਰੋ ਤਾਜ਼ਗੀ, ਕੋਮਲਤਾ ਝਲਕਦੀ ਦਿਸਦੀ ਹੈ, ਇਹ ਇਤਨਾ ਚਿਰ ਕਿਥੇ ਲੁਕੀ ਰਹੀ ? ਹਾਂ, ਇਉਂ ਪਤਾ ਲਗਦਾ ਹੈ ਕਿ ਜਦ ਬੱਚੇ ਦੀ ਮਾਂ ਨੌਜੁਆਨ ਮੁਟਿਆਰ ਸੀ ਤਾਂ ਇਹ ਤਾਜ਼ੇ ਖਿੜੇ ਫੁਲ ਦੀ ਤਰ੍ਹਾਂ ਅਤਿ ਕੋਮਲ, ਖਾਮੋਸ਼, ਮੁਹੱਬਤ ਬਣਕੇ ਉਸਦੇ ਸੀਨੇ ਅੰਦਰ ਪ੍ਰਫੁਲਤ ਹੁੰਦੀ ਰਹਿੰਦੀ ਸੀ ਤੇ ਉਹੋ ਮਲੂਕ ਹੁਸਨ, ਮਾਸੂਮ ਬਾਲਕੇ ਦਾ ਸ਼ਿੰਗਾਰ ਬਣਿਆ।

੬੨

ਮੇਰੇ ਪਿਆਰੇ ਬੱਚੇ! ਜਦ ਮੈਂ ਤੇਰੀ ਖਾਤਰ ਰੰਗ ਬਰੰਗੇ ਖਿਡਾਉਣੇ ਘਰ ਲਿਆਉਂਦਾ ਹਾਂ ਤਾਂ ਮੈਨੂੰ ਇਹ ਭੇਦ ਖੁਲ੍ਹਦਾ ਦਿੱਸਦਾ ਹੈ ਕਿ ਕੁਦਰਤ ਨੇ ਐਸੀ ਰੰਗ ਬਰੰਗੀ ਖੇਡ ਕਿਉਂ ਰਚਾਈ ਹੈ। ਬੱਦਲਾਂ ਵਿਚ, ਵੰਗਦੇ ਪਾਣੀਆਂ ਤੇ ਫੁੱਲ ਬੂਟਿਆਂ ਵਿਚ ਕਿਸ ਕਿਸ ਤਰ੍ਹਾਂ ਦੀ ਰੰਗੀਨਗੀ ਝਲਕਾਂ ਮਾਰ ਰਹੀ ਹੈ ? ਇਹ ਰਾਜ਼ ਤਾਂ ਹੀ ਮੇਰੇ ਉਤੇ ਖੁਲ੍ਹਦਾ ਹੈ, ਮੇਰੇ ਬੱਚੇ! ਜਦੋਂ ਮੈਂ ਤੇਰੇ ਅੱਗੇ ਰੰਗੀਨ ਖਿਡੌਣੇ ਲਿਆ ਕੇ ਰੱਖਦਾ ਹਾਂ।

ਜਦ ਮੈਂ ਤੈਨੂੰ ਨਾਚ ਸਿਖਾਉਣ ਲਈ ਗੀਤ ਗਾਉਂਦਾ ਹਾਂ ਤਾਂ ਮੈਨੂੰ ਪਤਾ

ਲਗਦਾ ਹੈ ਕਿ ਪੱਤਿਆਂ ਦੀ ਸਰਸਰਾਹਟ ਵਿਚ ਸੰਗੀਤ ਕਿਉਂ ਸਹਿਜੇ ਥਰਥਰਾਉਂਦਾ ਰਹਿੰਦਾ ਹੈ। ਸਾਗਰ ਦੀਆਂ ਲਹਿਰਾਂ ਮਿਲਕੇ ਕਿਉਂ ਨਿਤ ਨਵੇਂ ਤਰਾਨੇ ਛੇੜਦੀਆਂ, ਜਿਸਨੂੰ ਧਰਤੀ ਸੁਣਕੇ ਇਕ ਅਨੋਖੀ ਮਸਤੀ ਮਹਿਸੂਸ ਕਰਦੀ ਹੈ। ਓ ਮੇਰੇ ਬੱਚੇ! ਜਦ ਮੈਂ ਤੇਰੇ ਨੱਚਣ ਸਮੇਂ ਗੀਤ ਗਾਉਂਦਾ ਹਾਂ ਤਾਂ ਮੇਰੇ ਉਤੇ ਇਹੋ ਹਾਲਤ ਵਾਪਰਦੀ ਹੈ।

ਜਦ ਮੈਂ ਤੇਰੇ ਲਾਲਸਾ-ਭਰੇ ਹੱਥਾਂ ਵਿਚ ਕੋਈ ਮਿਠੀ ਚੀਜ਼ ਲਿਆ ਕੇ ਧਰਦਾ ਹਾਂ, ਉਸ ਸਮੇਂ ਮੈਨੂੰ ਸਮਝ ਆਉਂਦੀ ਹੈ ਕਿ ਫੁਲਾਂ ਦੇ ਕਟੋਰਿਆਂ ਵਿਚ ਸ਼ਹਿਦ ਕਿਉਂ ਭਰਿਆ ਜਾਂਦਾ ਹੈ ਤੇ ਫਲਾਂ ਵਿਚ ਅੰਦਰੋਂ ਅੰਦਰੀਂ ਮਿੱਠਾ ਰਸ ਕਿਵੇਂ ਪਾਇਆ ਜਾਂਦਾ ਹੈ। ਇਹ ਰਾਜ਼ ਤਾਂ ਹੀ ਖੁਲ੍ਹਦਾ ਹੈ ਜਦ ਮੈਂ ਕਦੀ ਕੋਈ ਮਿਠੀ ਬਾਤੀ, ਤੇਰੇ ਹੱਥ ਉਤੇ ਲਿਆ ਕੇ ਰੱਖਦਾ ਹਾਂ।

ਮੇਰੇ ਪਿਆਰੇ ਬੱਚੇ! ਮੈਂ ਤੇਰਾ ਮੁਖੜਾ ਇਸ ਲਈ ਚੁੰਮਦਾ ਹਾਂ ਕਿ ਤੂੰ ਮੁਸਕ੍ਰਾਵੇਂ। ਉਸ ਸਮੇਂ ਮੈਨੂੰ ਇਹ ਵੀ ਪਤਾ ਲਗਦਾ ਹੈ ਕਿ ਰੌਸ਼ਨ ਪ੍ਰਭਾਤ ਦੀ ਆਮਦ ਨਾਲ ਅਕਾਸ਼ ਖ਼ੁਸ਼ੀਆਂ ਵਿਚ ਕਿਵੇਂ ਜਗਮਗਾਉਂਦਾ ਤੇ ਗਰਮੀ ਦੀ ਰੁਤ ਵਿਚ ਸੀਤਲ ਪੌਣ ਕਿਵੇਂ ਸ਼ਾਂਤੀ ਬਖਸ਼ਦੀ ਜਾਂਦੀ ਹੈ। ਇਸੇ ਤਰ੍ਹਾਂ ਪਿਆਰੇ ਬੱਚੇ! ਤੇਰੀ ਮੁਸਕ੍ਰਾਹਟ ਮੇਰੇ ਲਈ ਅਨੰਤ ਖ਼ੁਸ਼ੀਆਂ ਦੇ ਭੰਡਾਰ ਖੋਲ੍ਹਦੀ ਰਹਿੰਦੀ ਹੈ।

੬੩

ਤੁਸਾਂ ਮੈਨੂੰ ਅਜੇਹੇ ਦੋਸਤਾਂ ਨਾਲ ਮਿਲਾਇਆ ਜਿਨ੍ਹਾਂ ਨੂੰ ਮੈਂ ਜਾਣਦਾ ਤਕ ਨਹੀਂ ਸਾਂ। ਤੁਸਾਂ ਮੇਰੀ ਅਜੇਹੇ ਘਰਾਂ ਵਿਚ ਟਿਕਣ ਦੀ ਥਾਂ ਬਣਾਈ ਜੋ ਕਿ ਮੇਰੇ ਆਪਣੇ ਘਰ ਨਹੀਂ ਸਨ। ਤੁਸੀਂ ਦੂਰੀ ਨੂੰ ਨੇੜੇ ਲੈ ਆਂਦਾ ਤੇ ਅਜਨਬੀ ਨੂੰ ਭਾਈ ਬਣਾ ਦਿੱਤਾ। ਮੈਂ ਬੜੀ ਔਖ ਮਹਿਸੂਸ ਕਰਦਾ ਹਾਂ ਜਦੋਂ ਕਿ ਮੈਨੂੰ ਆਪਣਾ ਆਦਿ ਜੁਗਾਦੀ ਘਰ ਛੱਡਣਾ ਪੈਂਦਾ ਹੈ। ਮੈਂ ਇਹ ਭੁੱਲ ਹੀ ਜਾਂਦਾ ਹਾਂ ਕਿ ਨਵੇਂ ਪੁਰਾਣੇ ਵਿਚ ਕੋਈ ਅੰਤਰ ਹੈ। ਨਵੇਂ ਵਿਚ ਪੁਰਾਣਾ ਮੌਜੂਦ ਹੁੰਦਾ ਤੇ ਉਥੇ ਵੀ ਤੇਰਾ ਵਾਸਾ ਹੁੰਦਾ ਹੈ।

ਜਨਮ ਵਿਚ, ਮਰਨ ਵਿਚ, ਇਸ ਦੁਨੀਆਂ ਵਿਚ ਜਾਂ ਕਿਸੇ ਹੋਰ

ਦੁਨੀਆਂ ਵਿਚ ਜਿਥੇ ਵੀ ਤੂੰ ਮੈਨੂੰ ਲੈ ਜਾਂਦਾ ਹੈਂ, ਉਥੇ ਹੀ ਤੇਰਾ ਨਿਵਾਸ ਹੈ। ਇਕੋ ਇਕ ਮੈਂ ਅਨਾਥ ਤੇ ਨਿਆਸਰੇ ਦਾ ਜੀਵਨਸਾਥੀ, ਉਹੋ ਇਕੋ ਇਕ ਅਨਾਦਿ ਅਨੰਤ ਹੈ ਜੋ ਸਦਾ ਮੇਰੀ ਖੁਸ਼ੀ ਦੀਆਂ ਸਾਂਝਾਂ ਓਪਰਿਆਂ ਨਾਲ ਵੀ ਪਾਉਂਦਾ ਰਹਿੰਦਾ ਹੈ।

ਜਦ ਤੈਨੂੰ ਕਿਸੇ ਨੇ ਪਛਾਣ ਹੀ ਲਿਆ ਤਾਂ ਫਿਰ ਕੋਈ ਬੇਗਾਨਾ ਨਹੀਂ ਰਹਿ ਜਾਂਦਾ ਤੇ ਕੋਈ ਦਰਵਾਜ਼ਾ ਬੰਦ ਨਹੀਂ ਦਿਖਾਈ ਦਿੰਦਾ। ਮੇਰੀ ਇਕ ਬੇਨਤੀ ਜ਼ਰੂਰ ਪਰਵਾਣ ਕਰਨਾ ਕਿ ਇਸ ਅਨੇਕਤਾ ਦੇ ਖੇਲ ਵਿਚ ਮੈਂ ਉਸ ਇਕ ਦੀ ਛੂਹ ਕਦੀ ਨ ਵਿਸਾਰਾਂ।

੬੪

ਦਰਿਆ ਦੀਆਂ ਢਲਾਨਾਂ ਤੇ ਸੁੰਨਸਾਨ ਲੰਮੇ ਲੰਮੇ ਸਰਕੜਿਆਂ ਦੇ ਦਰਮਿਆਨ ਖੜੋ ਕੇ ਮੈਂ ਉਸਨੂੰ ਪੁਛਿਆ, 'ਸੁੰਦਰੀ! ਆਪਣੇ ਆਂਚਲ ਹੇਠ ਜਗਦੇ ਦੀਵੇ ਨੂੰ ਛਿਪਾ ਕੇ ਤੂੰ ਕਿਧਰ ਜਾ ਰਹੀ ਹੈਂ? ਮੇਰਾ ਘਰ ਬਿਲਕੁਲ ਘੁੱਪ ਹਨੇਰੇ ਦਾ ਸ਼ਿਕਾਰ ਹੈ, ਜ਼ਰਾ ਮੈਨੂੰ ਇਹ ਦੀਵਾ ਦਿਓ।' 'ਉਸ ਨੇ ਆਪਣੀਆਂ ਸਾਂਵਲੀਆਂ ਅੱਖੀਆਂ ਨਾਲ ਮੇਰੇ ਵੱਲ ਤੱਕਿਆ ਤੇ ਉਸ ਧੁੰਦਲੇ ਵਾਤਾਵਰਣ ਵਿਚ ਮੇਰਾ ਚੇਹਰਾ ਵੀ ਵੇਖਿਆ। ਉਸਨੇ ਜਵਾਬ ਦਿੱਤਾ, "ਮੈਂ ਦਰਿਆ ਕਿਨਾਰੇ ਇਸ ਲਈ ਆਈ ਹਾਂ ਕਿ ਸੂਰਜ ਅਸਤ ਹੋਣ ਸਮੇਂ ਮੈਂ ਇਸ ਦੀਵੇ ਨੂੰ ਦਰਿਆ ਦੀ ਧਾਰਾ ਵਿਚ ਵਹਾ ਦੇਵਾਂ।'

ਇਧਰ ਮੈਂ ਇਸ ਲੰਮਸੁਲੰਮੇ ਸਰਕੜਿਆਂ ਵਿਚਕਾਰ ਕੱਲਮ-ਕੱਲਾ ਖਲੋਤਾ ਸਾਂ ਤੇ ਇਸ ਦੇ ਦੀਵੇ ਦੀ ਲੋਅ ਨੂੰ ਇਸ ਪਾਣੀ ਦੇ ਵਹਿਣ ਵਿਚ ਬੇਕਾਰ, ਸ਼ਰਮਸਾਰ, ਜਗਦਾ-ਬੁਝਦਾ ਦੇਖ ਰਿਹਾ ਸਾਂ।

ਰਾਤ ਦਾ ਅਨ੍ਹੇਰਾ ਵੱਧਦਾ ਜਾ ਰਿਹਾ ਸੀ, ਮੈਂ ਉਸ ਤੋਂ ਫਿਰ ਪੁਛਿਆ, ਸੁੰਦਰੀ! ਹੁਣ ਤੂੰ ਦਰਿਆ ਦੀ ਧਾਰ ਉਤੇ ਆਪਣੇ ਤਮਾਮ ਦੀਵੇ ਧਰ ਧਰ ਵਹਾ ਚੁਕੀ ਹੈਂ, ਫਿਰ ਇਹ ਦੀਵਾ ਲੈ ਕੇ ਤੂੰ ਕਿਧਰ ਜਾ ਰਹੀ ਹੈਂ ? ਮੇਰੇ ਘਰ ਤਾਂ ਅਨ੍ਹੇਰਾ ਹੀ ਅਨ੍ਹੇਰਾ ਹੈ ਤੇ ਬਿਲਕੁਲ ਸੁੰਨਸਾਨ ਹੈ।'

ਉਸ ਨੇ ਫਿਰ ਆਪਣੀਆਂ ਸਾਂਵਲੀਆਂ ਅੱਖਾਂ ਨਾਲ ਮੇਰਾ ਚੇਹਰਾ

ਤੱਕਿਆ ਤੇ ਕੁਝ ਪਲ ਦੁਬਿਧਾ ਵਿਚ ਗ਼ਲਤਾਨ ਖੜੀ ਰਹੀ, ਆਖਣ ਲੱਗੀ :- 'ਹੁਣ ਮੈਂ ਇਹ ਆਪਣਾ ਦੀਵਾ ਅਕਾਸ਼ ਨੂੰ ਸਮਰਪਣ ਕਰਨ ਆਈ ਹਾਂ।' ਇਹ ਸੁਣਕੇ ਮੈਂ ਚੁਪਚਾਪ ਖੜੋਤਾ ਰਿਹਾ ਤੇ ਬੇਕਾਰ ਜਗਦੇ ਦੀਵੇ ਨੂੰ ਤੱਕਦਾ ਰਿਹਾ।

ਅੱਧੀ ਰਾਤ ਦੇ ਅਨ੍ਹੇਰੇ ਵਿਚ ਜਦੋਂ ਅਜੇ ਚੰਦ ਵੀ ਨਹੀਂ ਸੀ ਚੜ੍ਹਿਆ, ਮੈਂ ਫਿਰ ਪੁੱਛਿਆ, 'ਤੂੰ ਆਪਣੇ ਦੀਵੇ ਨੂੰ ਕਿਸ ਲਈ ਸੀਨੇ ਨਾਲ ਲਾਈ ਫਿਰਦੀ ਹੈਂ ? ਮੇਰਾ ਮਕਾਨ ਬਿਲਕੁਲ ਕੱਲਮ-ਕੱਲਾ ਅਨ੍ਹੇਰੇ ਵਿਚ ਘਿਰਿਆ ਹੋਇਆ ਹੈ, ਤੁਸੀਂ ਮੈਨੂੰ ਆਪਣਾ ਦੀਵਾ ਦੇ ਦਿਓ ਜੀ!' 'ਉਹ ਪਲ ਭਰ ਲਈ ਰੁਕੀ ਤੇ ਸੋਚ ਸੋਚ ਕੇ ਕਹਿਣ ਲਗੀ; 'ਮੈਂ ਆਪਣੇ ਦੀਵੇ ਨੂੰ ਇਸ ਲਈ ਲਿਆਈ ਸਾਂ ਕਿ ਇਸ ਦੀਪਮਾਲਾ ਦੇ ਤਿਉਹਾਰ ਤੇ ਉਸਨੂੰ ਸਾਂਝੀਵਾਲ ਬਣਾਵਾਂ।' ਮੈਂ ਖਲੋਤਾ ਰਿਹਾ ਤੇ ਇਸ ਦੀਵੇ ਨੂੰ ਦੂਜੇ ਦੀਵਿਆਂ ਦੇ ਵਿਚਕਾਰ ਗੁੰਮਦਾ ਬੁਝਦਾ ਤੱਕਦਾ ਰਿਹਾ।

੬੫

ਹੇ ਮੇਰੇ ਖ਼ੁਦਾ! ਮੇਰੀ ਜ਼ਿੰਦਗੀ ਦੇ ਛਲ੍ਹਕਦੇ ਪਿਆਲੇ ਵਿਚੋਂ ਕੌਣ ਇਸ ਰੂਹਾਨੀ ਸ਼ਰਾਬ ਨੂੰ ਪੀਣਾ ਪਸੰਦ ਕਰੇਗਾ ? 'ਮੇਰੇ ਕਵੀ ਰਾਜ ! ਤੂੰ ਮੇਰੀਆਂ ਅੱਖੀਆਂ ਰਾਹੀਂ ਇਸ ਆਪਣੀ ਸਿਰਜਣਾ ਨੂੰ ਤੱਕ ਕੇ ਕਿਵੇਂ ਪ੍ਰਸੰਨ ਹੋ ਰਿਹਾ ਹੈਂ, ਮੇਰੇ ਕੰਨਾਂ ਦੇ ਦਰਵਾਜ਼ੇ ਤੇ ਖੜੋ ਕੇ ਚੁਪਚਾਪ ਅਪਣੇ ਹੀ ਅੰਦਰਲੇ ਨਗ਼ਮੇ ਨੂੰ ਸੁਣ ਸੁਣ ਕੈਸਾ ਅਨੰਦ ਅਨੁਭਵ ਕਰ ਰਿਹਾ ਹੈਂ ?

ਤੇਰੀ ਸ੍ਰਿਸ਼ਟੀ ਮੇਰੇ ਦਿਮਾਗ ਅੰਦਰ ਨਵੇਂ ਨਵੇਂ ਸ਼ਬਦ ਘੜਦੀ ਜਾਂਦੀ ਹੈ ਤੇ ਤੇਰੀ ਖੁਸ਼ੀ ਹੀ ਫਿਰ ਇਨ੍ਹਾਂ ਨੂੰ ਗੁਣਗੁਣਾ ਕੇ ਸੰਗੀਤ ਦਾ ਰੂਪ ਦਿੰਦੀ ਹੈ। ਤੂੰ ਪ੍ਰੇਮ-ਤਰੰਗ ਵਿਚ ਆਪਣਾ ਆਪ ਮੇਰੇ ਸਮਰਪਣ ਕਰ ਛੱਡਿਆ ਹੈ ਤੇ ਫਿਰ ਆਪਣੇ ਮਨੋਹਰ ਹੁਸਨ ਨੂੰ ਮੇਰੇ ਅੰਦਰ ਮਹਿਸੂਸ ਕਰ ਰਿਹਾ ਹੈਂ !!! ਕੈਸੀ ਅਸਚਰਜਤਾ ਹੈ।

੬੬

ਉਹ ਸੁੰਦਰੀ, ਜੋ ਮੇਰੇ ਵਜੂਦ ਦੀਆਂ ਡੂੰਘੀਆਂ ਤਹਿਆਂ ਵਿਚ ਸਦਾ

ਝਿਲਮਿਲਾਉਂਦੀ ਰਹੀ, ਜਿਸਨੇ ਪ੍ਰਭਾਤ ਦੇ ਚਾਨਣ ਵਿਚ ਵੀ ਆਪਣਾ ਘੁੰਡ ਪਰੇ ਨਹੀਂ ਹਟਾਇਆ, ਉਹ, ਮੇਰੇ ਮਾਲਕ! ਮੇਰੇ ਅੰਤਮ ਗੀਤ ਵਿਚ ਸਜੀ ਸਜਾਈ ਤੈਨੂੰ ਮੇਰੀ ਆਖ਼ਰੀ ਭੇਟਾ ਹੋਵੇਗੀ।

ਸ਼ਬਦਾਂ ਨੇ ਆਪਣੀ ਪ੍ਰੀਤ-ਭਾਵਨਾ ਪਰਗਟ ਕਰਨ ਦਾ ਜਤਨ ਤਾਂ ਕੀਤਾ, ਮਿਲਾਪ ਸੰਭਵ ਨ ਹੋਇਆ, ਤਾਂਘਾਂ-ਭਰੀਆਂ ਬਾਂਹਾਂ ਬਥੇਰਾ ਅੱਗੇ ਵਧੀਆਂ ਪਰ ਸਭ ਫਜ਼ੂਲ।

ਮੈਂ ਦੇਸ ਬਿਦੇਸ਼ ਵਿਚ ਬਥੇਰਾ ਘੁੰਮਿਆ ਫਿਰਿਆ, ਉਸਨੂੰ ਆਪਣੇ ਦਿਲ ਦੇ ਕੋਨੇ ਵਿਚ ਛਿਪਾ ਕੇ, ਮੇਰੀ ਜ਼ਿੰਦਗੀ ਕਈ ਉਤਰਾਵਾਂ ਚੜ੍ਹਾਵਾਂ ਵਿਚ ਹੀ ਲੰਘਦੀ ਗਈ।

ਮੇਰੇ ਖ਼ਿਆਲਾਂ ਤੇ ਕਾਰ-ਵਿਹਾਰਾਂ ਵਿਚ, ਮੇਰੀ ਨੀਂਦ ਤੇ ਸੁਪਨਿਆਂ ਵਿਚ, ਉਹ ਛਾਈ ਰਹੀ ਪਰ ਫਿਰ ਵੀ ਬਿਲਕੁਲ ਅਲਗ-ਥਲਗ, ਲਾਤਅੱਲਕ। ਕਈ ਆਦਮੀ ਆਏ, ਕਈਆਂ ਉਸਨੂੰ ਮਿਲਣ ਖਾਤਰ ਮੇਰੇ ਘਰ ਦਾ ਦਰਵਾਜ਼ਾ ਵੀ ਖੜਕਾਇਆ ਪਰ ਆਖ਼ਰ ਨਿਰਾਸ਼ ਹੋ ਹੋ ਉਹ ਵੀ ਮੁੜਦੇ ਗਏ।

ਦੁਨੀਆਂ ਵਿਚ ਐਸਾ ਇਕ ਆਦਮੀ ਵੀ ਨਹੀਂ, ਜਿਸਨੇ ਆਮ੍ਹੋ ਸਾਮ੍ਹਣੇ ਹੋ ਉਸਨੂੰ ਤੱਕਿਆ ਹੋਵੇ ਪਰ ਉਹ ਕੱਲਮ-ਕੱਲੀ ਇਸੇ ਉਡੀਕ ਵਿਚ ਰਹੀ ਕਿ ਤੂੰ ਤਾਂ ਉਸਨੂੰ ਪਛਾਣ ਲਵੇਂ।

੬੭

ਤੂੰਹੀਓਂ ਮੇਰਾ ਅਸਮਾਨ ਹੈਂ ਤੇ ਤੂੰਹੀਓਂ ਮੇਰਾ ਆਲ੍ਹਣਾ। ਹੇ ਮੇਰੇ ਅਤਿ ਸੁੰਦਰ ਮਨਮੋਹਨ ਪਿਆਰੇ! ਆਲ੍ਹਣੇ ਵਿਚ ਬੈਠਿਆਂ ਤੇਰੀ ਮੁਹੱਬਤ ਹੀ ਰੂਹ ਨੂੰ ਘੇਰੀ ਰੱਖਦੀ ਹੈ, ਭਾਂਤ ਭਾਂਤ ਦੇ ਰੰਗਾਂ, ਅਵਾਜ਼ਾਂ ਤੇ ਸੁਗੰਧਾਂ ਨਾਲ।

ਫਿਰ ਪ੍ਰਭਾਤ ਰਾਣੀ ਆਪਣੀ ਸੁਨਹਿਰੀ ਟੋਕਰੀ ਸੱਜੇ ਹੱਥ ਲਟਕਾਈਂ, ਚੁਪਚਾਪ ਹੁਸਨਾਂ ਦਾ ਹਾਰ ਲੈ ਕੇ ਧਰਤੀ ਦੇ ਸਿਰ ਤੇ ਤਾਜ ਸਜਾਉਣ ਖ਼ਾਤਰ ਅੱਗੇ ਵੱਧਦੀ ਹੈ।

ਇਸ ਉਪਰੰਤ ਸ਼ਾਮ ਦੀ ਮਲਕਾ, ਊਭੜ ਖਾਭੜ ਰਾਹਾਂ ਨੂੰ ਪਾਰ ਕਰਦੀ

ਉਨ੍ਹਾਂ ਸੁੰਨਸਾਨ ਚਰਾਂਦਾਂ ਉਤੇ ਪਹੁੰਚਦੀ ਹੈ ਜਿਥੋਂ ਕਿ ਚਰਦੇ ਪਸ਼ੂ ਘਰਾਂ ਵਲ ਜਾ ਚੁਕੇ ਹੁੰਦੇ ਹਨ। ਉਹ ਆਪਣੀ ਸੁਨਹਿਰੀ ਸੁਰਾਹੀ ਵਿਚ ਪੱਛਮ ਦੇ ਬਿਸਰਾਮ ਸਾਗਰ ਤੋਂ ਅਮਨ ਚੈਨ ਤੇ ਟਿਕ ਟਿਕਾਉ ਦਾ ਜਲ ਲੈ ਕੇ ਅੱਗੇ ਵਧਦੀ ਹੈ, ਜਿਥੇ ਕਿ ਅਸੀਮ ਅਨੰਤ ਅਕਾਸ਼ ਫੈਲਿਆ ਹੋਇਆ ਹੈ ਤੇ ਜਿਥੇ ਨਿਸ਼ਕਲੰਕ ਉਜਲਤਾ ਦਾ ਰਾਜ ਹੈ, ਉਥੇ ਨ ਦਿਨ ਹੈ, ਨ ਰਾਤ, ਨ ਰੂਪ ਹੈ, ਨ ਰੰਗ ਤੇ ਨਾਹੀ ਕੋਈ ਅਵਾਜ਼।

੬੮

ਤੇਰੀਆਂ ਸੂਰਜੀ ਕਿਰਣਾਂ, ਮੇਰੀ ਇਸ ਧਰਤੀ ਉਤੇ ਬਾਂਹਾਂ ਪਸਾਰਦੀਆਂ ਆਉਂਦੀਆਂ ਤੇ ਮੇਰੇ ਦਰਵਾਜ਼ੇ ਉੱਤੇ ਇਸ ਲਈ ਖੜੀਆਂ ਰਹਿੰਦੀਆਂ ਹਨ ਤਾਂ ਕਿ ਇਹ ਮੇਰੇ ਹੰਝੂਆਂ, ਆਹਾਂ ਤੇ ਮੇਰੇ ਗੀਤਾਂ ਦੇ ਮੇਘਲੇ ਨੂੰ ਤੇਰੇ ਚਰਨਾਂ ਤਕ ਪਹੁੰਚਾ ਸਕਣ।

ਬੜੇ ਸ਼ੌਕ ਤੇ ਖੁਸ਼ੀ ਨਾਲ, ਇਸ ਕਹਰਾਂ ਭਰੇ ਧੁੰਦਲੇ ਮੇਘਾਂ ਨੂੰ ਤੂੰ ਆਪਣੇ ਤਾਰਿਆਂ ਨਾਲ ਸਜੀ ਛਾਤੀ ਉਤੇ ਲਪੇਟ ਲੈਂਦਾ ਤੇ ਕਈ ਸੂਰਤਾਂ ਸ਼ਕਲਾਂ ਵਿਚ ਬਦਲਦਾ ਰਹਿੰਦਾ ਅਤੇ ਕਈ ਕਿਸਮ ਦੇ ਰੰਗਾਂ ਦੀ ਝਲਕ ਵੀ ਦਿਖਾਉਂਦਾ ਰਹਿੰਦਾ ਹੈਂ। ਇਹ ਬੜਾ ਹਲਕਾ, ਕੋਮਲ, ਉਡਦਾ ਮੇਘ ਡਰਾਉਣਾ ਵੀ ਹੈ ਤੇ ਕਾਲਾ ਕਲੂਟਾ ਵੀ ਪਰ ਫਿਰ ਵੀ ਤੂੰ ਇਸ ਨਾਲ ਇਤਨਾ ਪਿਆਰ ਕਰਦਾ ਹੈਂ ਕਿ ਤੂੰ ਤਾਂ ਖ਼ੁਦ ਬੇਦਾਗ਼ ਤੇ ਸ਼ਾਂਤੀ-ਪੁੰਜ ਹੈਂ ਪਰ ਇਸ ਨੂੰ ਤੂੰ ਆਪਣੀ ਅਚਰਜਮਈ ਉਜਲ ਰੋਸ਼ਨੀ ਤੇ ਝਿਲਮਿਲਕਾਰੀ ਨਾਲ ਸਦਾ ਸਜਾ ਫਬਾ ਕੇ ਰਖਦਾ ਹੈਂ।

੬੯

ਜੋ ਜੀਵਨ ਪ੍ਰਵਾਹ ਮੇਰੀ ਰਗ ਰਗ ਵਿਚ ਦਿਨ ਰਾਤ ਚੱਕ੍ਰ ਲਾ ਰਿਹਾ ਹੈ, ਉਹੋ ਸਾਰੀ ਦੁਨੀਆਂ ਵਿਚ ਵਿਆਪਕ ਹੋ ਕੇ ਸੰਗੀਤਕ ਨ੍ਰਿਤਕਾਰੀ ਕਰ ਰਿਹਾ ਹੈ।

ਇਹ ਉਹੋ ਜ਼ਿੰਦਗੀ ਹੈ, ਜੋ ਧਰਤੀ ਦੀ ਖਾਕ ਵਿਚੋਂ ਖੁਸ਼ੀਆਂ ਵਿਚ ਉਛਲਦੀ ਬੇਗਿਣਤ ਘਾਹਾਂ ਬੂਟਿਆਂ ਦੀਆਂ ਪੱਤੀਆਂ ਬਣਕੇ ਵਿਗਸਦੀ ਤੇ

ਫਿਰ ਫੁਲਾਂ ਪੱਤਿਆਂ ਦਾ ਰੂਪ ਧਾਰਦੀ ਹੈ।

ਇਸੇ ਜ਼ਿੰਦਗੀ ਦਾ ਇਹ ਬਹੁ-ਭਾਂਤਾ ਸ੍ਵਾਂਗ ਹੈ ਜੋ ਸਾਗਰ ਦੇ ਜਵਾਰ ਭਾਟੇ ਨਾਲ ਸਦਾ ਜਨਮ ਮਰਨ ਦੇ ਝੂਲੇ ਵਿਚ ਝੂਲਦਾ ਰਹਿੰਦਾ ਹੈ।

ਮੈਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਜ਼ਿੰਦਗੀ ਦੇ ਇਸ ਸੰਸਾਰ ਦੀ ਛੋਹ ਨਾਲ ਮੇਰਾ ਅੰਗ ਅੰਗ ਸ਼ਾਨਾਂ-ਮੱਤਾ ਹੋ ਗਿਆ ਹੈ। ਮੈਂ ਜੁਗਾਂ ਜੁਗਾਂ ਤੋਂ ਇਸ ਜੀਵਨ-ਲਹਿਰ ਦੀ ਥਰਥਰਾਹਟ ਤੇ ਮਾਣ ਕਰਦਾ ਆ ਰਿਹਾ ਹਾਂ, ਇਸੇ ਸਦਕੇ ਮੇਰੇ ਲਹੂ ਦੇ ਹਰ ਕਤਰੇ ਵਿਚ ਇਹ ਨ੍ਰਿਤਕਾਰੀ ਜਾਰੀ ਹੈ।

੭੦

ਕੀ ਤੇਰੇ ਲਈ ਇਸ ਸੰਗੀਤਕ ਲੈਅ ਦੀ ਖੁਸ਼ੀ ਵਿਚ ਖੁਸ਼ ਹੋਣਾ ਮੁਮਕਿਨ ਨਹੀਂ ? ਕੀ ਇਸ ਤੂਫ਼ਾਨੀ ਖੁਸ਼ੀ ਵਿਚ ਉਛਲਣਾ, ਕੁੱਦਣਾ ਖੋ ਜਾਣਾ ਤੇ ਫਨਾਹ ਹੋ ਜਾਣਾ ਤੇਰੇ ਲਈ ਵਾਜਬ ਨਹੀਂ ?

ਦੁਨੀਆਂ ਦੀਆਂ ਤਮਾਮ ਚੀਜ਼ਾਂ ਬੜੀ ਤੇਜ਼ੀ ਨਾਲ ਅੱਗੇ ਵਧਦੀਆਂ ਜਾ ਰਹੀਆਂ ਹਨ, ਬਿਨਾਂ ਕਿਤੇ ਦਮ ਲਏ ਤੇ ਬਿਨਾ ਪਿਛੇ ਦੇਖੇ। ਕੋਈ ਸ਼ਕਤੀ ਐਸੀ ਨਹੀਂ, ਜੋ ਉਨ੍ਹਾਂ ਨੂੰ ਰੋਕ ਸਕੇ, ਉਹ ਕਾਹਲੀ ਕਾਹਲੀ ਅੱਗੇ ਨਿਕਲਦੀਆਂ ਜਾ ਰਹੀਆਂ ਹਨ। ਇਸ ਤੇਜ਼ ਚਾਲ ਚਲਦੇ ਸੰਗੀਤ ਨਾਲ ਸਾਰੇ ਮੌਸਮ ਵੀ ਨਾਚ ਕਰਦੇ ਅੱਗੇ ਵਧਦੇ, ਲੰਘਦੇ ਜਾਂਦੇ ਹਨ। ਬੇਅੰਦਾਜ਼ ਰੰਗਾਂ, ਰਾਗਾਂ ਤੇ ਸੁਗੰਧਾਂ ਦੇ ਫੁਹਾਰੇ ਛੁੱਟ ਰਹੇ ਹਨ। ਜੋ ਇਸ ਖੁਸ਼ੀਆਂ ਤੇ ਅਨੰਦ ਦੇ ਮੌਜ ਮੇਲੇ ਵਿਚ ਹਿੱਸੇਦਾਰ ਨਹੀਂ ਬਣਦਾ ਤੇ ਇਸ ਰੌਣਕ ਨੂੰ ਛਡ ਦੌੜਦਾ, ਉਹ ਬਿਲਕੁਲ ਮਰ ਮੁਕ ਜਾਂਦਾ ਹੈ।

੭੧

ਮੈਂ ਆਪਣੇ ਆਪ ਨੂੰ ਵਧਾ ਚੜ੍ਹਾ ਕੇ ਦਿਖਾਵਾਂ ਤੇ ਚਾਰੇ ਪਾਸੇ ਆਪਣੀ ਹਉਮੈ ਦੀ ਨੁਮਾਇਸ਼ ਰਚਾਵਾਂ ਤਾਂ ਕਿ ਤੇਰੀ ਮਹਿਮਾ ਕੀਰਤੀ ਉਤੇ ਭਾਂਤ ਭਾਂਤ ਦੇ ਪਰਛਾਵੇਂ ਪੈਂਦੇ ਰਹਿਣ, ਇਹ ਸਭ ਤੇਰੀ ਹੀ ਮਾਇਆ ਹੈ, ਤੂੰ ਆਪ ਹੀ ਅੰਦਰੋਂ ਅੰਦਰੀਂ ਹਦਬੰਦੀਆਂ ਬਣਾਉਂਦਾ, ਆਪਣੀ ਹੀ ਅੰਸ ਬੰਸ ਦੇ ਭਿੰਨ ਭਿੰਨ ਟੋਟਿਆਂ ਨੂੰ ਵੱਖ ਵੱਖ ਨਾਮ ਦੇ ਕੇ ਪੁਕਾਰਦਾ - ਤੇਰੀ ਇਸ 'ਆਪਾ-

ਵੰਡ' ਦਾ ਕਾਰਨਾਮਾ ਮੇਰੀ ਹਸਤੀ ਵਿਚ ਵੀ ਸਾਕਾਰ ਹੋ ਰਿਹਾ ਹੈ।

ਮੇਰਾ ਇਹ ਹਿਰਦੇ-ਵੇਧਕ ਗੀਤ ਅਸਮਾਨਾਂ ਵਿਚ ਗੂੰਜਦਾ, ਵੰਨ-ਸੁਵੰਨੇ ਹੰਝੂਆਂ ਦਾ ਰੂਪ ਧਾਰਦਾ ਤੇ ਮੁਸਕ੍ਰਾਹਟਾਂ ਖਿਡਾਉਂਦਾ, ਡਰ ਭੈ ਤੇ ਆਸ ਉਮੀਦ ਦੀ ਧੜਕਣ ਧੜਕਾਉਂਦਾ ਲਹਿਰਾਂ ਦੀ ਸੂਰਤ ਅਖਤਿਆਰ ਕਰ ਲੈਂਦਾ ਹੈ। ਕਈ ਸੁਪਨੇ ਬਣਦੇ ਢਹਿੰਦੇ - ਇਹ ਸਭ ਕੁਝ ਮੇਰੇ ਅੰਦਰ ਵਾਪਰ ਕੇ ਦੱਸਦਾ ਹੈ ਕਿ ਆਤਮ-ਖੰਡਨ ਦੀ ਸਾਰੀ ਖੇਡ ਤੇਰੀ ਹੀ ਹੈ।

ਇਹ ਜੋ ਤੂੰ ਪੜਦਾ ਤਾਣਿਆ ਤੇ ਜਿਸਨੂੰ ਦਿਨ ਰਾਤ ਦੇ ਰੰਗ ਬਰੰਗੇ ਬੁਰਸ਼ਾਂ ਨਾਲ ਚਿਤ੍ਰਤ ਕੀਤਾ -

- ਇਸਦੇ ਪਿੱਛੇ ਤੇਰਾ ਆਸਣ ਬੜਾ ਅਸਚਰਜਮਈ, ਰਹੱਸਪੂਰਣ ਤੇ ਗੁੰਝਲਦਾਰ ਬੁਣਤ ਨਾਲ ਬੁਣਿਆ ਹੋਇਆ ਹੈ। ਇਸਦੀਆਂ ਖਾਲੀ ਸਿਧੀਆਂ ਰੇਖਾਵਾਂ ਕਮਾਲ ਦੀਆਂ ਹਨ। ਮੈਂ ਤੂੰ ਦਾ ਇਹ ਲੰਮਾ ਚੌੜਾ ਜਲੂਸ ਅਸਮਾਨਾਂ ਤਕ ਛਾਇਆ ਹੋਇਆ ਹੈ, ਤੇਰੀ ਮੇਰੀ, ਧੁਨੀ ਨੇ ਸਾਰੇ ਵਾਤਾਵਰਣ ਨੂੰ ਗੂੰਜਾ ਛਡਿਆ ਹੈ। ਇਹ 'ਤੂੰ ਮੈਂ' ਦੀ ਲੁਕਣਮੀਟੀ ਜੁਗਾਂ ਜੁਗਾਂ ਤੋਂ ਚਲਦੀ ਆ ਰਹੀ ਹੈ।

੭੨

ਉਹ ਜੋ ਅੰਦਰ ਗੁਪਤ ਵਸਦਾ ਹੈ, ਉਹ ਆਪਣੀ ਗੁੱਝੀ ਛਿਪੀ ਛੂਹ ਨਾਲ ਮੇਰੀ ਹਸਤੀ ਨੂੰ ਜਗਾਉਂਦਾ ਰਹਿੰਦਾ ਹੈ। ਉਹ ਮੇਰੀਆਂ ਅੱਖੀਆਂ ਉਤੇ ਜਾਦੂ ਧੂੜਦਾ ਤੇ ਅਨੰਦ-ਭਰੀ ਮਸਤੀ ਵਿਚ ਮੇਰੇ ਦਿਲ ਦੀਆਂ ਤਾਰਾਂ ਛੇੜ ਕੇ ਖੁਸ਼ੀ ਗਮੀ ਦੀਆਂ ਵੰਨ-ਸੁਵੰਨੀਆਂ ਤਰਜ਼ਾਂ ਕੱਢਦਾ ਹੈ।

ਉਹੋ ਹੈ ਜੋ ਇਹ ਸੁਨਹਿਰੀ ਤੇ ਰੂਪਹਿਲੀ, ਨੀਲੇ ਤੇ ਹਰੇ ਰੰਗ ਦੇ ਮਾਇਆ ਜਾਲ ਬੁਣਦਾ ਹੈ, ਇਸਦੀਆਂ ਹੇਠਲੀਆਂ ਤਹਿਆਂ ਵਿਚ ਦੀ ਉਹ ਕਦੀ ਕਦੀ ਆਪਣੇ ਚਰਨ ਕਮਲ ਬਾਹਰ ਕੱਢਦਾ ਰਹਿੰਦਾ ਤੇ ਮੈਂ ਇਹ ਨਜ਼ਾਰਾ ਤੱਕ ਕੇ ਸਚਮੁਚ ਆਪਣਾ ਆਪ ਭੁੱਲ ਜਾਂਦਾ ਹਾਂ।

ਦਿਨ ਲੰਘ ਜਾਂਦੇ, ਜ਼ਮਾਨਾ ਬਦਲ ਜਾਂਦਾ, ਪਰ ਹਮੇਸ਼ਾਂ ਹੁੰਦਾ ਇਹੋ ਹੈ, ਕਈ ਹੋਰ ਨਾਮਾਂ ਹੇਠ, ਕਈ ਹੋਰ ਵੇਸਾਂ ਵਿਚ, ਖੁਸ਼ੀ ਗ਼ਮੀ ਦੀਆਂ

ਖੇਡਾਂ ਵਿਚ, ਮੇਰਾ ਦਿਲ ਮਸਤੀ ਨਾਲ ਮਖ਼ਮੂਰ ਹੋ ਉਠਦਾ ਹੈ।

੭੩

ਮੇਰੇ ਲਈ ਸੰਨਿਆਸ ਲੈਣ ਵਿਚ ਮੁਕਤੀ ਨਹੀਂ। ਮੈਂ ਤਾਂ ਹਜ਼ਾਰਾਂ ਖੁਸ਼ੀਆਂ ਦੇ ਬੰਧਨਾਂ ਵਿਚ ਬੱਧਾ ਹੋਇਆ ਵੀ ਆਜ਼ਾਦੀ ਦੀ ਗਲਵੱਕੜੀ ਦਾ ਰਸ ਲੈਂਦਾ ਹਾਂ।

ਤੂੰ ਸਦਾ ਮੇਰੇ ਲਈ ਰੰਗਾ ਰੰਗ ਸੁਗੰਧਤ ਤਾਜ਼ਾ ਸ਼ਰਾਬ, ਮੇਰੇ ਇਸ ਮਿਟੀ ਦੇ ਪਿਆਲੇ, ਵਿਚ ਨਕੋ ਨਕ ਭਰਦਾ ਰਹਿੰਦਾ ਹੈਂ। ਤੇਰੇ ਇਕ ਸ਼ੁਅਲੇ ਦੀ ਛੂਹ ਨਾਲ ਮੇਰੀ ਦੁਨੀਆਂ ਦੇ ਸੈਂਕੜੇ ਦੀਵੇ ਜਗਮਗਾ ਉਠਦੇ ਤੇ ਮੈਂ ਉਨ੍ਹਾਂ ਨੂੰ ਮੰਦਰ ਅੰਦਰ ਤੇਰੇ ਸਨਮੁਖ ਸਜਾ ਕੇ ਰਖ ਦਿੰਦਾ ਹਾਂ।

ਮੈਂ ਆਪਣੇ ਇੰਦ੍ਰਿਆਂ ਦੇ ਦਰਵਾਜ਼ੇ ਵੀ ਕਦੀ ਬੰਦ ਨਹੀਂ ਕਰਾਂਗਾ ਕਿਉਂਕਿ ਮੈਂ ਤੇਰੀ ਖੁਸ਼ੀ ਦਾ ਅਨੰਦ ਆਪਣੀ ਨਜ਼ਰ, ਸ੍ਰੋਤ ਤੇ ਸਪਰਸ਼ ਰਾਹੀਂ ਇਥੇ ਮਾਣ ਕੇ ਖੁਸ਼ ਹਾਂ।

ਮੇਰੇ ਤਮਾਮ ਭਰਮ-ਭੁਲੇਖੇ ਖੁਸ਼ੀ ਤੇ ਅਨੰਦ ਦੀ ਦੀਪਮਾਲਾ ਬਣ ਕੇ ਬਲ ਉਠਣਗੇ ਤੇ ਮੇਰੀਆਂ ਤਾਂਘਾਂ, ਪ੍ਰੀਤਿ ਦੇ ਫਲ ਬਣਕੇ ਪੱਕ ਜਾਣਗੀਆਂ।

੭੪

ਹੁਣ ਦਿਨ ਤਾਂ ਬਾਕੀ ਨਹੀਂ ਰਿਹਾ, ਧਰਤੀ ਤੇ ਪਰਛਾਵੇਂ ਛਾ ਰਹੇ ਹਨ। ਪਰ ਅਜੇ ਵੀ ਵੇਲਾ ਹੈ ਕਿ ਮੈਂ ਨਦੀ ਤੇ ਜਾ ਕੇ ਆਪਣੀ ਗਾਗਰ ਭਰ ਲਿਆਵਾਂ।

ਸ਼ਾਮ ਦੀ ਹਵਾ, ਪਾਣੀ ਦੀਆਂ ਉਦਾਸ ਸੰਗੀਤਕ ਲਹਿਰਾਂ ਸਾਮ੍ਹਣੇ ਥਰਥਰਾਉਂਦੀ ਲਗਦੀ ਹੈ ਜੋਕਿ ਮੈਨੂੰ ਇਸ ਘੁਸਮੁਸੇ ਵਿਚ ਬੁਲਾਵਾ ਦੇ ਰਹੀ ਹੈ। ਇਸ ਸੁੰਨਸਾਨ ਰਾਹ ਤੇ ਕੋਈ ਹੋਰ ਆਉਂਦਾ ਜਾਂਦਾ ਨਹੀਂ ਦਿਸਦਾ, ਪੌਣ ਜ਼ਰੂਰ ਤੇਜ਼ੀ ਫੜ ਰਹੀ ਹੈ ਤੇ ਦਰਿਆਈ ਲਹਿਰਾਂ ਵੀ ਪਸਰ ਰਹੀਆਂ ਹਨ।

ਮੈਨੂੰ ਪਤਾ ਨਹੀਂ ਲਗਦਾ ਕਿ ਕੀ ਮੈਂ ਆਪਣੇ ਘਰ ਵਾਪਸ ਜਾ ਸਕਾਂਗੀ ਕਿ ਨਹੀਂ। ਮੈਨੂੰ ਇਹ ਵੀ ਖ਼ਬਰ ਨਹੀਂ ਕਿ ਮੈਨੂੰ ਕੌਣ ਮਿਲੇਗਾ। ਹਾਂ ਔਹ!

ਨਦੀ ਦੇ ਪੱਤਣ ਲਾਗੇ ਛੋਟੀ ਜੇਹੀ ਬੇੜੀ ਵਿਚ ਮਸਤੁਲ-ਮਸਤ ਬੈਠਾ ਕੋਈ ਅਜਨਬੀ ਬੰਸਰੀ ਵਜਾ ਰਿਹਾ ਹੈ।

੭੫

ਜੋ ਦਾਤਾਂ ਤੂੰ ਇਸ ਫਾਨੀ ਇਨਸਾਨ ਨੂੰ ਬਖਸ਼ੀਆਂ ਹਨ, ਉਹ ਉਸ ਦੀਆਂ ਜ਼ਰੂਰਤਾਂ ਪੂਰੀਆਂ ਕਰਦੀਆਂ ਹੋਈਆਂ ਬਗੈਰ ਕਿਸੇ ਘਾਟ ਵਾਧ ਦੇ ਮੁੜ ਤੇਰੇ ਪਾਸ ਵਾਪਸ ਆ ਜਾਂਦੀਆਂ ਹਨ।

ਦਰਿਆ ਦਾ ਕੰਮ ਆਪਣੀ ਰੋਜ਼ਾਨਾ ਡੀਊਟੀ ਭੁਗਤਾਉਣਾ ਹੈ, ਕਿਤਨੇ ਹੀ ਇਲਾਕੇ ਦੇ ਖੇਤਾਂ, ਬਾਗਾਂ ਵਿਚੀਂ ਕਈ ਵੇਸ ਬਦਲਦਾ ਬਦਲਦਾ ਲੰਘਦਾ ਜਾਂਦਾ ਹੈ, ਅਖ਼ੀਰ ਉਸ ਦੀ ਨਿਰੰਤਰ ਵਹਿੰਦੀ ਧਾਰਾ ਤੇਰੇ ਚਰਨ ਧੋਣ ਲਈ ਆ ਹਾਜ਼ਰ ਹੁੰਦੀ ਹੈ। ਫੁੱਲ ਆਪਣੀ ਸੁਗੰਧ ਨਾਲ ਹਵਾ ਨੂੰ ਸਦਾ ਖੁਸ਼ ਗਵਾਰ ਕਰਦਾ ਰਹਿੰਦਾ ਹੈ, ਪਰ ਫਿਰ ਉਸਦੀ ਆਖ਼ਰੀ ਸੇਵਾ ਤੇਰੇ ਚਰਨਾਂ ਵਿਚ ਭੇਟ ਬਣਕੇ ਹਾਜ਼ਰੀ ਭਰਨਾ ਹੈ। ਤੇਰੀ ਪੂਜਾ ਦੁਨੀਆਂ ਨੂੰ ਕਿਸੇ ਤਰ੍ਹਾਂ ਘਾਟੇ -ਵੰਦਾ ਨਹੀਂ ਹੋਣ ਦਿੰਦੀ।

ਕਵੀ ਦੇ ਸ਼ਬਦਾਂ ਦੇ ਅਰਥ, ਲੋਕ ਆਪਣੀ ਮਨਮਰਜ਼ੀ ਅਨੁਸਾਰ ਕਰਦੇ ਰਹਿੰਦੇ ਹਨ ਪਰੰਤੂ ਉਨ੍ਹਾਂ ਦਾ ਅਸਲ ਅੰਤਮ ਨਿਸ਼ਾਨਾ ਤੂੰ ਹੀ ਹੈਂ।

੭੬

ਮੇਰੀ ਜਿੰਦ ਜਾਨ ਦੇ ਮਾਲਕ! ਮੈਂ ਨਿਤ ਨਿਤ ਤੇਰੀ ਸੇਵਾ ਵਿਚ ਸਨਮੁਖ ਹੱਥ ਬੰਨ੍ਹ ਖਲੋਤਾ ਰਹਾਂਗਾ। ਓ ਸਾਰੇ ਜਹਾਨਾਂ ਦੀਆਂ ਮਾਲਕਾ! ਮੈਂ ਤਾਂ ਸਚਮੁਚ ਤੇਰੇ ਸਨਮੁਖ ਖੜੋਣਾ ਲੋਚਦਾ ਹਾਂ। ਮੈਂ ਤੇਰੇ ਵਿਸ਼ਾਲ ਨੀਲੇ ਅਸਮਾਨ ਹੇਠ, ਕੱਲਮਕੱਲਾ ਚੁਪ-ਚਾਪ ਪੂਰੀ ਨਿਰਮਾਣਤਾ ਨਾਲ ਤੇਰੇ ਸਨਮੁਖ ਖੜੋਣਾ ਲੋਚਦਾ ਹਾਂ।

ਤੇਰੀ ਇਸ ਕੰਮਾਂ ਕਾਰਾਂ ਵਿਚ ਗ਼ਲਤਾਨ ਦੁਨੀਆਂ ਅੰਦਰ, ਜਿਥੇ ਖਿਚ-ਧੂਹ ਤੇ ਨੱਠ ਭੱਜ ਦਾ ਜ਼ੋਰ ਹੈ, ਉਥੇ ਮੈਂ ਇਸ ਕਾਹਲੀਆਂ-ਭਰੇ ਭੀੜ ਭੜਿਕੇ ਵਿਚ ਵੀ ਤੇਰੇ ਸਨਮੁਖ ਖੜੋਣਾ ਹੀ ਲੋਚਦਾ ਹਾਂ।

ਜਦੋਂ ਮੇਰਾ ਇਸ ਦੁਨੀਆਂ ਦਾ ਕੰਮ ਖਤਮ ਵੀ ਹੋ ਜਾਵੇਗਾ, ਫਿਰ ਵੀ ਹੇ ਮੇਰੇ ਸ਼ਹਿਨਸ਼ਾਹ! ਮੈਂ ਤਾਂ ਤੇਰੇ ਸਨਮੁਖ ਖੜੋਣਾ ਹੀ ਲੋਚਦਾ ਰਹਾਂਗਾ।

੭੭

ਮੈਂ ਤੈਨੂੰ ਆਪਣਾ ਰੱਬ ਸਮਝਦਾ ਹੋਇਆ ਵੀ, ਇਕ ਪਾਸੇ ਖੜਾ ਰਹਿੰਦਾ ਹਾਂ। ਮੈਂ ਤੈਨੂੰ ਆਪਣਾ ਨਹੀਂ ਸਮਝਦਾ, ਤੇਰੇ ਨੇੜੇ ਨੇੜੇ ਜ਼ਰੂਰ ਆਉਂਦਾ ਤੇ ਤੈਨੂੰ ਆਪਣਾ ਪੂਜਨੀਕ ਪਿਤਾ ਮੰਨਦਾ ਹਾਂ। ਤੇਰੇ ਸਨਮੁਖ ਆਉਣ ਸਾਰ ਮੇਰਾ ਸੀਸ ਤੇਰੇ ਸਾਂਹਵੇਂ ਝੁਕ ਜਾਂਦਾ ਹੈ। ਇਜੇਹਾ ਹੋਣ ਦੇ ਬਾਵਜ਼ੂਦ ਮੈਂ ਤੇਰੇ ਹੱਥ ਨੂੰ ਦੋਸਤ ਦਾ ਹੱਥ ਸਮਝਕੇ ਨਹੀਂ ਪਕੜਦਾ।

ਮੈਂ ਉਥੇ ਵੀ ਮੌਜੂਦ ਹੁੰਦਾ ਨਹੀਂ, ਜਿਥੇ ਕਿ ਆ ਕੇ ਤੂੰ ਪੁਕਾਰਦਾ ਹੈਂ - 'ਮੈਂ ਤੇਰਾ ਹਾਂ।' ਇਹ ਸੁਣ ਕੇ ਮੈਂ ਤੈਨੂੰ ਆਪਣੇ ਸੀਨੇ ਨਾਲ ਲਾ ਲਵਾਂ ਤੇ ਆਪਣਾ ਸਾਥੀ ਯਾਰ ਹੀ ਬਣਾ ਲਵਾਂ ਪਰ ਐਸਾ ਹੁੰਦਾ ਨਹੀਂ।

ਭਾਈਆਂ ਵਿਚ ਤੂੰ ਹੀ ਮੇਰਾ ਆਪਣਾ ਖਾਸ ਭਾਈ ਹੈ; ਹੋਰ ਲੋਕਾਂ ਵਲ ਮੇਰਾ ਧਿਆਨ ਵੀ ਨਹੀਂ ਜਾਂਦਾ ਤੇ ਨਾ ਹੀ ਮੈਂ ਆਪਣੀ ਕਮਾਈ ਉਨ੍ਹਾਂ ਵਿਚ ਵੰਡਦਾ ਹਾਂ। ਮੈਂ ਤਾਂ ਜੋ ਕੁਝ ਖੱਟਿਆ ਕਮਾਇਆ, ਉਹ ਸਭ ਤੇਰੇ ਲਈ ਹੈ। ਮੈਂ ਹੋਰਾਂ ਦੇ ਦੁਖ ਸੁਖ ਵਿਚ ਵੀ ਭਾਈਵਾਲ ਨਹੀਂ। ਮੈਂ ਕੇਵਲ ਸਭ ਕੁਝ ਤੇਰੇ ਲਈ ਸਾਂਭ ਸਾਂਭ ਰੱਖਿਆ ਹੋਇਆ ਹੈ। ਇਸ ਜੀਵਨ ਸਾਗਰ ਵਿਚ ਛਾਲ ਮਾਰਨੋਂ ਵੀ ਮੈਂ ਸੰਕੋਚ ਕਰਦਾ ਹਾਂ ਤੇ ਆਪਣੀ ਜਾਨ ਨੂੰ ਬਚਾ ਬਚਾ ਕੇ ਰਖਦਾ ਹਾਂ ਤਾਂ ਕਿ ਸਦਾ ਸਦਾ ਮੈਂ ਤੇਰੀ ਹਾਜ਼ਰੀ ਭਰਦਾ ਰਹਾਂ।

੭੮

ਜਦੋਂ ਨਵੀਂ ਨਵੀਂ ਸ੍ਰਿਸ਼ਟੀ-ਰਚਨਾ ਹੋਈ ਤਾਂ ਅਸਮਾਨ ਵਿਚ ਸਤਾਰੇ ਵੀ ਆਪਣੀ ਪਹਿਲੀ ਸ਼ਾਨ ਮੁਤਾਬਕ ਜਗਮਗਾਏ ਤੇ ਦੇਵਤਿਆਂ ਨੇ ਉਚੇਚੀ ਸਭਾ ਬੁਲਾ ਕੇ ਇਹ ਗੀਤ ਗਾਇਆ, 'ਆਹਾ' ਸੰਪੂਰਣਤਾ ਦੀ ਕੈਸੀ ਅਦਭੁਤ ਤਸਵੀਰ, ਨਿਰਾ ਅਨੰਦ ਹੀ ਅਨੰਦ।'

ਅਚਾਨਕ ਵਿਚੋਂ ਇਕ ਦੇਵਤਾ ਬੋਲ ਉਠਿਆ, 'ਮਾਲੂਮ ਇਉਂ ਹੁੰਦਾ

ਹੈ ਕਿ ਜਿਵੇਂ ਚਾਨਣ ਦੀ ਲੜੀ ਕਿਤੋਂ ਟੁੱਟ ਗਈ ਤੇ ਇਕ ਸਤਾਰਾ ਸਚਮੁਚ ਗੁੰਮ ਹੈ।' ਸਤਾਰਿਆਂ ਦੀ ਚਮਕਦੀ ਦਮਕਦੀ ਲੜੀ ਦੀ ਤਾਰ ਕਿਸੇ ਖਿਚ ਲਈ ਤੇ ਸੰਗੀਤ ਵੀ ਰੁਕ ਗਿਆ ਲਗਦਾ ਹੈ।

ਫਿਰ ਸਾਰੇ ਦੇਵਤਿਆਂ ਅਫਸੋਸਨਾਕ ਸੁਰ ਵਿਚ ਇਉਂ ਦੁਹਰਾਇਆ, 'ਉਹ ਗੁਆਚਿਆ ਸਤਾਰਾ ਸਭ ਤੋਂ ਵੱਧ ਸ਼ਾਨਦਾਰ ਸੀ ਤੇ ਇਕ ਤਰ੍ਹਾਂ ਸਾਰੇ ਅਸਮਾਨ ਦਾ ਗਹਿਣਾ ਸੀ। ਉਸ ਦਿਨ ਤੋਂ ਲਗਾਤਾਰ ਉਸ ਸਤਾਰੇ ਦੀ ਖੋਜ ਭਾਲ ਜਾਰੀ ਹੈ ਤੇ ਇਹ ਅਵਾਜ਼ ਇਕ ਸਤਾਰੇ ਤੋਂ ਦੂਜੇ ਸਤਾਰੇ ਤਕ ਸਦਾ ਗੂੰਜਦੀ ਸੁਣਾਈ ਦੇਂਦੀ ਹੈ ਕਿ ਉਸ ਤਾਰੇ ਦੀ ਅਣਹੋਂਦ ਨੇ ਦੁਨੀਆਂ ਦੇ ਮੌਜ ਮੇਲੇ ਜਾਂ ਰੰਗ ਵਿਚ ਭੰਗ ਪਾ ਦਿੱਤਾ। ਫਿਰ ਵੀ ਰਾਤ ਦੀ ਗੰਭੀਰ ਖਾਮੋਸ਼ੀ ਵਿਚ ਸਤਾਰੇ ਮੁਸਕ੍ਰਾਉਂਦੇ ਆਪਸ ਵਿਚ ਇਉਂ ਵੀ ਕਾਨਾਫੂਸੀ ਕਰਦੇ ਸੁਣਾਈ ਦਿੰਦੇ ਹਨ :- 'ਇਹ ਖੋਜ-ਭਾਲ ਬੇਲੋੜੀ ਹੈ, ਕੋਈ ਫ਼ਰਕ ਨਹੀਂ ਪਿਆ, ਅਖੰਡ ਸੰਪੂਰਣਤਾ ਉਵੇਂ ਜਿਵੇਂ ਬਰਕਰਾਰ ਹੈ।'

੭੯

ਅਗਰ ਤੇਰਾ ਮਿਲਾਪ ਮੇਰੇ ਭਾਗਾਂ ਵਿਚ ਨਹੀਂ ਹੈ ਤਾਂ ਮੈਨੂੰ ਅਜੇਹਾ ਮਹਿਸੂਸ ਕਰਨ ਦੇ ਕਿ ਮੈਂ ਤੈਨੂੰ ਤੱਕ ਨਹੀਂ ਸਕਿਆ, 'ਮੈਂ ਤੈਨੂੰ ਭੁਲ ਜਾਵਾਂ।' ਐਸਾ ਕਦੀ ਪਲ ਭਰ ਲਈ ਵੀ ਹੋਣ ਨ ਦੇਈਂ। ਮੈਂ ਇਸ ਵਿਛੋੜੇ ਦੀ ਪੀੜ ਨੂੰ ਆਪਣੇ ਸੁਪਨਿਆਂ ਵਿਚ ਤੇ ਜਗਰਾਤਿਆਂ ਵਿਚ ਹਮੇਸ਼ਾਂ ਮਹਿਸੂਸ ਕਰਦਾ ਰਹਾਂ।

ਮੈਂ ਦੁਨੀਆਂ ਦੀ ਇਸ ਭੀੜ-ਭੌੜਕੇ ਵਾਲੇ ਬਾਜ਼ਾਰ ਵਿਚ ਲੰਘਦਾ ਜਾਵਾਂ ਤੇ ਮੁਨਾਫਿਆਂ ਨਾਲ ਨਿਤ ਨਿਤ ਮੇਰੀਆਂ ਜੇਬਾਂ ਵੀ ਭਰਦੀਆਂ ਜਾਣ ਪਰ ਮੇਰਾ ਇਹ ਅਹਿਸਾਸ ਬਣਿਆ ਰਹਿਣ ਦੇ ਕਿ ਮੈਂ ਇਥੇ ਆ ਕੇ ਕੁਝ ਵੀ ਨਹੀਂ ਖੱਟਿਆ, ਮੈਨੂੰ ਪਲ ਭਰ ਲਈ ਵੀ ਤੂੰ ਨ ਵਿਸਾਰੀਂ।

ਮੈਂ ਇਸ ਵਿਛੋੜੇ ਦੀ ਪੀੜ ਨੂੰ ਆਪਣੇ ਸੁਪਨਿਆਂ ਤੇ ਜਗਰਾਤਿਆਂ ਵਿਚ ਹਮੇਸ਼ਾਂ ਹਮੇਸ਼ਾਂ ਮਹਿਸੂਸ ਕਰਦਾ ਰਹਾਂ। ਜਦ ਮੈਂ ਥੱਕ ਥਕਾ ਕੇ ਸੜਕ

ਦੇ ਇਕ ਪਾਸੇ ਬੈਠ ਜਾਵਾਂ ਤੇ ਭੁਇੰ ਤੇ ਆਪਣੀ ਪਾਟੀ ਦਰੀ ਵਿਛਾਕੇ ਪੈਣ ਲਗਾਂ ਤਾਂ ਮੈਨੂੰ ਇਵੇਂ ਹੀ ਮਹਿਸੂਸ ਹੋਵੇ ਕਿ ਅਜੇ ਮੇਰੀ ਵਾਟ ਬੜੀ ਲੰਮੀ ਹੈ, ਤੂੰ ਮੈਨੂੰ ਨ ਵਿਸਾਰੀਂ। ਮੈਂ ਇਸ ਵਿਛੋੜੇ ਦੀ ਪੀੜ ਨੂੰ ਆਪਣੇ ਸੁਪਨਿਆਂ ਤੇ ਜਗਰਾਤਿਆਂ ਵਿਚ ਹਮੇਸ਼ਾਂ ਮਹਿਸੂਸ ਕਰਦਾ ਰਹਾਂ। ਜਦ ਮੇਰੀ ਘਰ ਦੀ ਬੈਠਕ ਸਜ ਜਾਵੇ ਤੇ ਬਹੁਤ ਵਾਜਿਆਂ ਗਾਜਿਆਂ ਤੇ ਹਾਸੇ ਮਖੌਲਾਂ ਦੀ ਰੌਣਕ ਮੇਲੇ ਦੀ ਆਵਾਜ਼ ਸੁਣਾਈ ਦੇਵੇ, ਮੈਂ ਇਹ ਜ਼ਰੂਰ ਮਹਿਸੂਸ ਕਰਾਂ ਕਿ ਮੈਂ ਤੈਨੂੰ ਸੱਦਾ ਨਹੀਂ ਭੇਜਿਆ ਪਰ ਮੈਂ ਪਲ ਭਰ ਲਈ ਵੀ ਤੈਨੂੰ ਨ ਵਿਸਾਰਾਂ। ਆਪਣੇ ਸੁਪਨਿਆਂ ਵਿਚ ਤੇ ਜਗਰਾਤਿਆਂ ਵਿਚ ਤੇਰੇ ਵਿਛੋੜੇ ਦਾ ਗ਼ਮ ਚਿਤਾਰਦਾ ਰਹਾਂ।

੮੦

ਹੇ ਮੇਰੇ ਚਮਕਦੇ ਦਮਕਦੇ ਸੂਰਜ! ਮੈਂ ਪਤਝੜ ਰੁਤ ਦੀ ਬਦਲੋਟੀ ਦਾ ਬਚਿਆ-ਖੁਚਿਆ ਟੁਕੜਾ ਹਾਂ ਜੋ ਬੇਕਾਰ ਅਸਮਾਨਾਂ ਵਿਚ ਘੁੰਮਦਾ ਰਹਿੰਦਾ ਹੈ। ਤੇਰੀ ਛੂਹ ਨੇ ਅਜੇ ਮੇਰੀ ਭਾਫ ਨੂੰ ਪਿਘਲਾਇਆ ਨਹੀਂ ਤਾਂ ਜੁ ਮੈਂ ਤੇਰੀ ਰੌਸ਼ਨੀ ਵਿਚ ਹੀ ਗੁੰਮਸੁੰਮ ਹੋ ਜਾਂਦਾ। ਮੈਂ ਅਜੇ ਤੈਥੋਂ ਜੁਦਾਈ ਵਾਲੇ ਸਮੇਂ ਦਾ ਸਾਲ ਦਿਨ ਤਕ ਗਿਣ ਰਿਹਾ ਹਾਂ।

ਜੇਕਰ ਤੇਰੀ ਮਰਜ਼ੀ ਇਹੋ ਹੈ ਤੇ ਤੇਰੀ ਲੀਲ੍ਹਾ ਵੀ ਐਸੀ ਹੀ ਹੈ ਤਾਂ ਤੂੰ ਮੇਰੇ ਚਲਦੇ ਫਿਰਦੇ ਸੱਖਣੇਪਣ ਵਿਚ ਕੋਈ ਰੰਗ ਹੀ ਭਰ ਦੇ। ਕੋਈ ਸੁਨਹਿਰੀ ਝਾਲ ਫੇਰ ਦੇ, ਪੌਣ ਦੀਆਂ ਲਹਿਰਾਂ ਵਿਚ ਇਸਨੂੰ ਵਹਿ ਜਾਣ ਦੇ ਤੇ ਅਜੀਬ ਰੰਗ-ਬਰੰਗਾ ਕਰਕੇ ਦੂਰ-ਦੂਰ ਫੈਲਾ ਦੇ।

ਫਿਰ ਜਦ ਰਾਤ ਸਮੇਂ ਤੂੰ ਇਸ ਖੇਲ ਨੂੰ ਖ਼ਤਮ ਕਰਨ ਤੇ ਆਵੇਂ ਤਾਂ ਮੈਂ ਆਪਣਾ ਆਪ ਅਨ੍ਹੇਰੇ ਵਿਚ ਲੀਨ ਕਰ ਦਿਆਂਗਾ ਜਾਂ ਫਿਰ ਰੋਸ਼ਨ ਸਵੇਰ ਦੀ ਮੁਸਕ੍ਰਾਹਟ ਵਿਚ ਸਮਾ ਜਾਵਾਂਗਾ, ਇਕ ਪਵਿੱਤਰਤਾ ਦੀ ਸ਼ਾਂਤ ਅਵਸਥਾ ਵਿਚ।

੭੧

ਕਈ ਵਾਰ ਬੇਕਾਰ ਲੰਘਦੇ ਦਿਨਾਂ ਦਾ ਮੈਨੂੰ ਅਫਸੋਸ ਰਹਿੰਦਾ ਲੇਕਿਨ ਮੇਰੇ ਮਾਲਕ! ਕੋਈ ਸਮਾਂ ਵੀ ਬਿਅਰਥ ਨਹੀਂ ਜਾਂਦਾ। ਤੁਸਾਂ ਮੇਰੀ ਜ਼ਿੰਦਗੀ ਦਾ ਹਰ ਘੜੀ ਪਲ ਸੰਭਾਲ ਸੰਭਾਲ ਕੇ ਰੱਖਿਆ ਹੈ।

ਹਰ ਵਸਤੂ ਦੇ ਸੀਨੇ ਵਿਚ ਲੁਕ ਛਿਪ ਕੇ ਤੂੰ ਉਨ੍ਹਾਂ ਬੀਜਾਂ ਦੀ ਪ੍ਰਿਤਪਾਲਣਾ ਕਰਦਾ ਹੈਂ, ਜੋ ਫੁੱਟ ਕੇ ਬਾਹਰ ਉਗਮ ਪੈਂਦੇ, ਤੂੰ ਫਿਰ ਉਨ੍ਹਾਂ ਦੀ ਉਥੇ ਵੀ ਪਰਵਰਸ਼ ਕਰਦਾ ਹੈਂ। ਇਨ੍ਹਾਂ ਵਿਚ ਕੁਝ ਖਿੜ ਕੇ ਫੁਲ ਬਣਦੇ ਤੇ ਕੁਝ ਅੱਗੇ ਪੱਕ ਕੇ ਫਲ ਹੋ ਕੇ ਨਾਮਣਾ ਪਾਉਂਦੇ ਹਨ।

ਮੈਂ ਥੱਕ ਕੇ ਆਪਣੇ ਆਲਸੀ ਬਿਸਤਰੇ ਉੱਤੇ ਸੌਂ ਗਿਆ ਸਾਂ। ਮੈਨੂੰ ਇਉਂ ਲਗਦਾ ਸੀ ਕਿ ਜਿਵੇਂ ਸਾਰਾ ਕੰਮ-ਕਾਰ ਠੱਪ ਹੋ ਗਿਆ ਹੈ। ਜਦ ਪ੍ਰਭਾਤ ਸਮੇਂ ਮੈਂ ਉਠ ਕੇ ਦੇਖਿਆ ਕਿ ਮੇਰਾ ਬਾਗ ਤਾਂ ਢੇਰ ਸਾਰੇ ਫੁਲਾਂ ਦੀ ਵਿਸਮਾਦੀ ਟਹਿਕ ਮਹਿਕ ਨਾਲ ਭਰਪੂਰ ਹੋ ਰਿਹਾ ਹੈ।

੭੨

ਹੇ ਮੇਰੇ ਸੁਆਮੀ! ਤੇਰੇ ਹੱਥਾਂ ਵਿਚ ਅਨੰਤ ਸਮਾਂ ਕਦੀ ਖਤਮ ਨਹੀਂ ਹੁੰਦਾ, ਇਸਦੇ ਘੜੀ ਪਲਾਂ ਦੀ ਗਿਣਤੀ ਕੌਣ ਕਰ ਸਕਦਾ ਹੈ। ਦਿਨ ਰਾਤ ਬੀਤ ਜਾਂਦੇ ਤੇ ਜੁਗਾਂ ਦੇ ਜੁਗ ਫੁਲਾਂ ਵਾਂਙ ਖਿੜਦੇ ਤੇ ਫਿਰ ਮੁਰਝਾ ਕੇ ਲੋਪ ਹੋ ਜਾਂਦੇ ਹਨ। ਤੈਨੂੰ ਇਨ੍ਹਾਂ ਦਾ ਇੰਤਜ਼ਾਰ ਕਰਨਾ ਵੀ ਆਉਂਦਾ ਹੈ।

ਜੰਗਲੀ ਫੁਲਾਂ ਦਾ ਸ਼ਿੰਗਾਰ ਕਰਦੀਆਂ ਕਰਦੀਆਂ ਸਦੀਆਂ ਇਕ ਤੋਂ ਬਾਦ ਦੂਜੀ ਆਉਂਦੀ ਜਾਂਦੀ ਹੈ। ਸਾਡੇ ਪਾਸ ਬਿਅਰਥ ਸਮਾਂ ਗੁਆਉਣ ਦੀ ਵਿਹਲ ਨਹੀਂ; ਪਰ ਸਾਨੂੰ ਜਦੋਜਹਿਦ ਲਈ ਤਿਆਰ ਬਰਤਿਆਰ ਰਹਿਣਾ ਚਾਹੀਦਾ ਹੈ। ਦੇਰੀ ਦਾ ਕੀ ਕੰਮ, ਕਿਉਂਕਿ ਸਮਾਂ ਬੀਤਦਾ ਜਾ ਰਿਹਾ ਹੈ। ਪਰ ਝਗੜਾਲੂ ਆਦਮੀ ਆਪਣਾ ਹੱਕ ਜਤਾਉਂਦਾ, ਖਾਹਮਖ਼ਾਹ ਸਮਾਂ ਗੁਆਉਂਦਾ ਹੈ ਤੇ ਤੇਰੀ ਵੇਦੀ, ਭੇਟਾਵਾਂ ਤੋਂ ਖ਼ਾਲੀ ਰਹਿ ਜਾਂਦੀ ਹੈ।

ਦਿਨ ਦੇ ਅੰਤ ਸਮੇਂ ਡਰ ਦਾ ਮਾਰਿਆ ਮੈਂ ਵੀ ਕਾਹਲੀ ਕਾਹਲੀ ਅੱਗੇ

ਵਧਦਾ ਹਾਂ ਤਾਂਕਿ ਕਿਤੇ ਤੇਰਾ ਦਰਵਾਜ਼ਾ ਹੀ ਬੰਦ ਨ ਹੋ ਜਾਵੇ ਪਰ ਮੈਂ ਦੇਖ ਰਿਹਾ ਹਾਂ, ਐਸਾ ਨਹੀਂ, ਅਜੇ ਵੇਲਾ ਹੈ।

੮੩

ਮਾਤਾ! ਮੈਂ ਤੇਰੇ ਗਲੇ ਵਿਚ ਪਹਿਨਾਉਣ ਲਈ ਗ਼ਮਗੀਨ ਹੰਝੂਆਂ ਦੇ ਮੋਤੀਆਂ ਦਾ ਹਾਰ ਗੁੰਦਾਂਗਾ। ਸਤਾਰਿਆਂ ਨੇ ਤੇਰੇ ਚਰਨਾਂ ਦੇ ਸ਼ਿੰਗਾਰ ਲਈ ਆਪਣੀ ਚਾਨਣੀ ਨਾਲ ਇਕ ਪਾਇਲ ਤਿਆਰ ਕੀਤੀ ਹੈ ਲੇਕਿਨ ਮੇਰਾ ਹਾਰ ਐਸਾ ਹੋਵੇਗਾ ਜੋ ਤੇਰੀ ਛਾਤੀ ਉਤੇ ਲਟਕਦਾ ਦਿਸੇਗਾ।

ਧਨ੍ਹ ਦੌਲਤ ਤੇ ਵਡਿਆਈ ਤੇਰੇ ਪਾਸੋਂ ਹੀ ਮਿਲਦੀ ਹੈ ਪਰ ਇਹ ਤੇਰੀ ਮੌਜ ਹੈ ਕਿ ਤੂੰ ਉਨ੍ਹਾਂ ਨੂੰ ਦੇਵੇਂ ਜਾਂ ਨ ਦੇਵੇਂ। ਮੇਰਾ ਗ਼ਮ ਸੌ ਫੀ ਸਦੀ ਮੇਰਾ ਹੈ, ਜਦ ਮੈਂ ਆਪਣਾ ਬਿਰਹਾ ਤੇਰੇ ਅਗੇ ਸਮਰਪਰਣ ਕਰਦਾ ਹਾਂ, ਤੂੰ ਆਪਣੀ ਮਿਹਰ-ਭਰੀ ਨਿਵਾਜ਼ਸ਼ ਨਾਲ ਇਸਨੂੰ ਪਰਵਾਣ ਵੀ ਕਰ ਲੈਂਦੀ ਹੈ, ਮਾਤਾ!

੮੪

ਬਿਰਹਾ ਦੀ ਪੀੜ ਦੁਨੀਆ ਭਰ ਵਿਚ ਫੈਲੀ ਹੋਈ, ਇਸ ਅਨੰਤ ਗਗਨ ਮੰਡਲਾਂ ਵਿਚ ਅਸੰਖ ਸੂਰਤਾਂ ਨੂੰ ਜਨਮ ਦੇਂਦੀ ਹੈ। ਇਹੋ ਬਿਰਹੁ ਦਾ ਗ਼ਮ ਹੈ ਜੋ ਚੁਪਚੁਪਾਤੇ ਇਕ ਸਤਾਰੇ ਤੋਂ ਦੂਜੇ ਸਤਾਰੇ ਤਕ ਟਿਕਟਿਕੀ ਲਾ ਕੇ ਤੱਕਦਾ ਰਹਿੰਦਾ ਹੈ ਤੇ ਇਹੋ ਸਾਵਣ ਦੀਆਂ ਭਿੱਜੀਆਂ ਰਾਤਾਂ ਦੇ ਅਨ੍ਹੇਰੇ ਵਿਚ ਪੱਤਿਆਂ ਦੀ ਸਰਸਰਾਹਟ ਦੇ ਰੂਪ ਵਿਚ ਗੁਣ-ਗੁਣਾਉਂਦਾ ਸੁਣੀਂਦਾ ਹੈ।

ਇਹ ਹਰ ਪਾਸੇ ਵਿਆਪਕ ਦਰਦ ਡੂੰਘਿਆਈਆਂ ਵਿਚ ਜਾ ਕੇ ਮੁਹੱਬਤਾਂ ਤੇ ਅਰਮਾਨਾਂ ਦੀ ਸ਼ਕਲ ਅਖਤਿਆਰ ਕਰਦਾ, ਘਰਾਂ ਵਿਚ ਦੁੱਖਾਂ ਸੁੱਖਾਂ ਦਾ ਵੇਸ ਧਾਰਦਾ ਅਤੇ ਇਹੋ ਬਿਰਹੋਂ ਦਾ ਦਰਦ ਮੈਂ ਸ਼ਾਇਰ ਦੇ ਦਿਲ ਵਿਚ ਦ੍ਰਵੀਭੂਤ ਹੋ ਕੇ ਗੀਤ ਬਣ ਬਣ ਗੁੰਜਾਇਮਾਨ ਹੁੰਦਾ ਹੈ।

੮੫

ਜਦ ਸਾਰੇ ਸਿਪਾਹੀ ਆਪਣੇ ਸੈਨਾਪਤਿ ਦੀ ਇਕੱਤਰਤਾ ਦੇ ਸਮਾਗਮ ਵਿਚੋਂ ਉਠਕੇ ਬਾਹਰ ਆਏ, ਉਨ੍ਹਾਂ ਆਪਣੀ ਤਾਕਤ ਕਿਥੇ ਲੁਕਾ ਰੱਖੀ ਸੀ

ਤੇ ਉਨ੍ਹਾਂ ਦੇ ਹਥਿਆਰ ਤੇ ਸੰਜੋਆਂ ਵਗੈਰਾ ਕਿਥੇ ਸਨ?

ਉਹ ਬੇਬਸ ਤੇ ਮਜਬੂਰ ਨਜ਼ਰ ਆ ਰਹੇ ਸਨ, ਜਦੋਂ ਉਹ ਉਸ 'ਸੈਨਿਕ ਭਵਨ' ਤੋਂ ਬਾਹਰ ਆਏ, ਉਨ੍ਹਾਂ ਉਤੇ ਤੀਰਾਂ ਦੀ ਬਰਖਾ ਕੀਤੀ ਗਈ। ਜਦ ਫਿਰ ਉਹ ਵਾਪਸ ਮੁੜੇ ਤਾਂ ਉਨ੍ਹਾਂ ਆਪਣੀ ਸ਼ਕਤੀ ਕਿਥੇ ਛਿਪਾ ਕੇ ਰੱਖੀ ਹੋਈ ਸੀ?

ਉਨ੍ਹਾਂ ਆਪਣੀਆਂ ਢਾਲ ਤਲਵਾਰਾਂ ਤੇ ਤੀਰ ਕਮਾਣ ਸੁੱਟ ਛੱਡੇ ਸਨ, ਉਨ੍ਹਾਂ ਦੇ ਮਸਤਕ ਉੱਤੇ ਸੁਲਹ ਸਫਾਈ ਤੇ ਅਮਨ ਸ਼ਾਂਤੀ ਦੀ ਝਲਕ ਸੀ ਤੇ ਉਹ ਆਪਣੀ ਜੀਵਨ ਭਰ ਦੀ ਕਮਾਈ ਨੂੰ ਪਿਛੇ ਛਡ ਆਏ ਸਨ।

ਜਦੋਂ ਉਹ ਸੈਨਿਕ ਭਵਨ ਤੋਂ ਬਾਹਰ ਆਏ।

੮੬

ਤੇਰਾ ਸੇਵਾਦਾਰ ਮੌਤ ਦਾ ਫਰਿਸ਼ਤਾ, ਮੇਰੇ ਦਰਵਾਜ਼ੇ ਉਤੇ ਖਲੋਤਾ ਹੈ, ਉਹ ਕਈ ਅਗਿਆਤ ਸਾਗਰਾਂ ਨੂੰ ਪਾਰ ਕਰਦਾ ਹੋਇਆ ਤੇਰਾ ਫੁਰਮਾਨ ਲੈ ਕੇ ਮੇਰੇ ਘਰ ਪਹੁੰਚਾ ਹੈ।

ਰਾਤ ਅਨ੍ਹੇਰੀ ਹੈ ਤੇ ਮੇਰਾ ਦਿਲ ਬੜਾ ਹੀ ਭੈਭੀਤ ਹੈ, ਫਿਰ ਵੀ ਮੈਂ ਦੀਵਾ ਲੈ ਕੇ ਜਾਵਾਂਗਾ ਤੇ ਘਰ ਦੇ ਸਾਰੇ ਦਰਵਾਜ਼ੇ ਖੋਲ੍ਹ ਦਿਆਂਗਾ ਤੇ ਉਸਦੇ ਸੁਆਗਤ ਲਈ ਅੱਗੇ ਵਧਕੇ ਸਿਰ ਝੁਕਾਵਾਂਗਾ। ਉਹ ਤੇਰਾ ਏਲਚੀ ਹੈ ਜੋ ਮੇਰੇ ਦਰਵਾਜ਼ੇ ਤੇ ਆਇਆ ਖਲੋਤਾ ਹੈ।

ਮੈਂ ਹੱਥ ਜੋੜ ਕੇ ਉਸਦੀ ਮਾਨ-ਪ੍ਰਤਿਸ਼ਠਾ ਕਰਾਂਗਾ ਤੇ ਹੰਝੂ-ਭਰੀਆਂ ਅੱਖੀਆਂ ਨਾਲ ਆਪਣੇ ਦਿਲ ਦਾ ਖਜ਼ਾਨਾ ਭੇਟ ਕਰ ਦਿਆਂਗਾ।

ਉਹ ਆਪਣਾ ਕਰਤੱਬ ਨਿਭਾ ਕੇ ਮੁੜ ਜਾਵੇਗਾ ਤੇ ਮੇਰੀ ਪ੍ਰਭਾਤ ਉਤੇ ਇਕ ਕਾਲਾ ਜੇਹਾ ਪ੍ਰਛਾਵਾਂ ਵੀ ਛਡਦਾ ਜਾਵੇਗਾ। ਮੇਰੇ ਸੁੰਨਮਸੁੰਨੇ ਘਰ ਵਿਚ ਮੇਰਾ ਮਸੋਸਿਆ ਮਾਯੂਸ ਮੜ੍ਹਾ ਬਾਕੀ ਰਹਿ ਜਾਵੇਗਾ, ਤੇਰੀ ਅੰਤਮ ਭੇਟ ਲਈ।

੮੭

ਬੜੀ ਨਿਰਾਸਤਾ-ਭਰੀ ਉਮੀਦ ਵਿਚ ਮੈਂ ਆਪਣੇ ਘਰ ਦੇ ਕੋਨੇ ਕੋਨੇ

ਵਿਚ ਉਸਦੀ ਤਲਾਸ਼ ਕਰਦਾ ਹਾਂ ਪਰ ਉਹ ਕਿਤੇ ਦਿੱਸਦੀ ਨਹੀਂ। ਮੇਰਾ ਘਰ ਵੀ ਛੋਟਾ ਜੇਹਾ ਐਸਾ ਹੈ ਜੋ ਚੀਜ਼ ਇਕ ਵਾਰ ਇਥੋਂ ਚਲੀ ਜਾਵੇ, ਉਹ ਮੁੜ ਵਾਪਸ ਨਹੀਂ ਆਉਂਦੀ।

ਮੇਰੇ ਮਾਲਕ! ਤੇਰਾ ਘਰ ਤਾਂ ਬੇਹਦ ਵਿਸ਼ਾਲ ਤੇ ਵੱਡਾ ਹੈ, ਉਸਦੀ ਖੋਜ ਭਾਲ ਕਰਦਿਆਂ ਮੈਂ ਤੇਰੇ ਦਰਵਾਜ਼ੇ ਤੇ ਪਹੁੰਚ ਗਿਆ ਹਾਂ। ਹੁਣ ਮੈਂ ਤੁਹਾਡੇ ਸੰਧਿਆ-ਕਾਲੀਨ ਅਸਮਾਨ ਦੇ ਸੁਨਹਿਰੇ ਗੁੰਬਦ ਦੀ ਛਤਰ-ਛਾਇਆ ਹੇਠ ਖੜੋਤਾ ਹਾਂ।

ਤੇਰਾ ਦੀਦਾਰ ਪਾ ਰਿਹਾ ਹਾਂ ਤੇ ਤਾਂਘਾਂ-ਭਰੇ ਨੈਣਾਂ ਨਾਲ ਮੈਂ ਅਮਰਤਾ ਦੇ ਬਹੁਤ ਨੇੜੇ ਪਹੁੰਚ ਗਿਆ ਹਾਂ, ਜਿਥੋਂ ਕੋਈ ਚੀਜ਼ ਲੋਪ ਨਹੀਂ ਹੁੰਦੀ। ਨ ਕੋਈ ਆਸਾ ਉਮੀਦ, ਨ ਕੋਈ ਖ਼ੁਸ਼ੀ ਤੇ ਨਾ ਹੀ ਕੋਈ ਅੱਥਰੂਆਂ ਵਾਲੇ ਚਿਹਰੇ ਦਾ ਦ੍ਰਿਸ਼।

ਹੁਣ ਤੂੰ ਮੇਰੇ ਇਸ ਜੀਵਨ ਦੀ ਖਾਲੀ ਗਾਗਰ ਨੂੰ ਆਪਣੇ ਮਹਾਂਸਾਗਰ ਵਿਚ ਸਮਾ ਲੈ, ਕਿਤੇ ਅਤਿ ਡੂੰਘੀ ਖਾਈ ਵਿਚ ਗਰਕ ਕਰਕੇ। ਮੈਨੂੰ ਇਕ ਵਾਰ ਇਉਂ ਮਹਿਸੂਸ ਕਰਨ ਦੇ ਕਿ ਮੈਂ ਖੋਈ ਹੋਈ ਸਮਸਤਤਾ ਯਾ ਸਮੱਗ੍ਰਤਾ ਦੀ ਛੂਹ ਪਾ ਲਈ ਹੈ।

੮੮

ਓ ਢਹਿ-ਢੇਰੀ ਹੋ ਚੁੱਕੇ ਮੰਦਰ ਦੇ ਦੇਵਤਾ! ਟੁੱਟੀਆਂ ਤਾਰਾਂ ਵਾਲੀ ਵੀਣਾ ਵਿਚੋਂ ਤੇਰੀ ਮਹਿਮਾਂ ਦੇ ਗੀਤ ਹੁਣ ਸੁਣਾਈ ਨਹੀਂ ਦਿੰਦੇ ਤੇ ਨਾ ਹੀ ਸੰਧਿਆ ਸਮੇਂ ਦਾ ਐਲਾਨ ਕਰਨ ਵਾਲੀ ਘੜਿਆਲ ਹੀ ਵਜਦੀ ਹੈ। ਤੇਰੇ ਆਲੇ ਦੁਆਲੇ ਦੀ ਹਵਾ ਵੀ ਚੁਪ ਚਾਪ ਹੈ। ਸੁੰਨੇ ਵਿਹੜੇ ਵਿਚ ਘੁਮੱਕੜ ਬਸੰਤੀ ਪੌਣ, ਚੱਕਰ ਕੱਟਦੀ ਫਿਰਦੀ ਫੁਲਾਂ ਦੀ ਚੜ੍ਹਤ ਦੀ ਖ਼ਬਰ ਤਾਂ ਦੇਂਦੀ ਹੈ ਪਰ ਹੁਣ ਉਹ ਪੁਸ਼ਪ, ਤੇਰੀ ਪੂਜਾ ਲਈ ਭੇਟਾ ਨਹੀਂ ਕੀਤੇ ਜਾਂਦੇ।

ਤੁਹਾਡੇ ਪੁਰਾਣੇ ਸਮਿਆਂ ਦਾ ਬੇਚਾਰਾ ਪੁਜਾਰੀ, ਮਿਹਰਵਾਨੀ ਦੀ ਆਸ ਵਿਚ ਇਧਰ ਉਧਰ ਨੱਠਾ ਭੱਜਾ ਫਿਰਦਾ ਹੈ। ਸ਼ਾਮ ਵੇਲੇ ਜਦ ਅੱਗ ਬਘੋਲੇ ਦੇ ਪਰਛਾਂਵੇ ਵੱਗਾਂ ਦੀ ਧੂੜ ਨਾਲ ਰਲਗੱਡ ਹੁੰਦੇ ਹਨ, ਤਾਂ ਉਹ ਬੇਚਾਰਾ

ਭਟਕਦਾ ਭਟਕਦਾ ਮੁੜ ਇਸ ਢੱਠੇ ਮੰਦਰ ਵਿਚ ਦਿਲੀ ਤਾਂਘ ਨਾਲ ਆਉਂਦਾ ਹੈ। ਪੁਰਬਾਂ ਤਿਉਹਾਰਾਂ ਦੇ ਕਈ ਦਿਨ ਆਉਂਦੇ ਤੇ ਚੁਪ-ਚਾਪ ਲੰਘ ਜਾਂਦੇ ਹਨ। ਹੇ ਢੱਠੇ ਮੰਦਰ ਦੇ ਦੇਵਤਾ! ਪੂਜਾ ਦੀਆਂ ਕਈ ਰਾਤਾਂ ਐਵੇਂ ਗੁਜ਼ਰ ਜਾਂਦੀਆਂ ਹਨ, ਬਿਨਾ ਦੀਵਾ ਜਗਾਏ। ਬੁਤਤ੍ਰਾਸ਼ੀ ਦੇ ਮਾਹਰ ਕਈ ਪਰਕਾਰ ਦੀਆਂ ਨਵੀਂ ਮੂਰਤੀਆਂ ਵੀ ਘੜਦੇ ਪਰ ਜਦ ਸਮਾਂ ਆਉਂਦਾ ਤਾਂ ਉਹ ਵੀ ਗੁੰਮਨਾਮੀ ਦੀ ਪਵਿਤਰ ਨਦੀ ਵਿਚ ਵਹਾ ਦਿੱਤੀਆਂ ਜਾਂਦੀਆਂ ਹਨ। ਪਰ ਬਰਬਾਦ ਮੰਦਰ ਦਾ ਇਹ ਦੇਵਤਾ ਬਿਨਾ ਪੂਜਾ ਦੇ ਬੇਧਿਆਨੀ ਵਿਚ ਹੀ ਇਕ ਪਾਸੇ ਸੁੱਟਿਆ ਰਹਿੰਦਾ ਹੈ।

੮੯

ਮੇਰੇ ਮਾਲਕ ਦੀ ਇਹੋ ਮਰਜ਼ੀ ਹੈ ਕਿ ਹੁਣ ਮੇਰੇ ਵਲੋਂ ਰੌਲੇਰੱਪੇ ਵਾਲੇ ਉੱਚੇ ਬੋਲ ਨ ਬੋਲੇ ਜਾਣ। ਸੋ ਹੁਣ ਮੈਂ ਖਾਮੋਸ਼ੀ ਨਾਲ ਗੁਜ਼ਾਰਾ ਕਰਾਂਗਾ, ਮੇਰੇ ਹਿਰਦੇ ਦੀ ਅਵਾਜ਼ ਕੇਵਲ ਗੀਤਾਂ ਦੀ ਗੁਣਗੁਣਾਹਟ ਵਿਚ ਹੀ ਮੂਰਤੀਮਾਨ ਹੋਵੇਗੀ।

ਲੋਕ ਕਾਹਲੀ ਕਾਹਲੀ ਸ਼ਾਹੀ ਬਜ਼ਾਰ ਵਲ ਭੱਜੇ ਜਾ ਰਹੇ ਹਨ, ਗਾਹਕ ਵੀ ਤੇ ਸੌਦਾਗਰ ਵੀ। ਪਰ ਮੈਂ ਕੰਮ ਕਾਜ ਦੇ ਜ਼ੋਰ ਵੇਲੇ ਦੁਪਹਿਰ ਸਮੇਂ ਬੇਵਕਤੀ ਛੁੱਟੀ ਕਰਦਾ ਹਾਂ।

ਮੇਰੀ ਬਗੀਚੀ ਵਿਚ ਫੁਲਾਂ ਨੂੰ ਖਿੜਨ ਦਿਓ ਜਦੋਂ ਕਿ ਅਜੇ ਉਨ੍ਹਾਂ ਦੇ ਆਉਣ ਦਾ ਸਮਾਂ ਨਹੀਂ ਤੇ ਇਸੇ ਤਰ੍ਹਾਂ ਮਧੁ-ਮੱਖੀਆਂ ਦੀ ਮੱਧਮ ਭਿਨ-ਭਿਨਾਹਟ ਵੀ ਹੋਣ ਦਿਓ। ਨੇਕੀ ਬਦੀ ਦੇ ਰਗੜੇ ਝਗੜੇ ਵਿਚ ਮੈਂ ਕਿੰਨਾ ਸਮਾਂ ਲਾ ਦਿੱਤਾ ਹੈ ਪਰ ਹੁਣ ਮੇਰੇ ਸਾਥੀ ਖਿਲਾੜੀ ਦੀ ਇਹੋ ਖ਼ੁਸ਼ੀ ਹੈ ਕਿ ਹੁਣ ਮੈਂ ਆਪਣਾ ਮਨ ਉਸ ਵਲ ਲਾਵਾਂ। ਅਜੇ ਤਕ ਮੈਨੂੰ ਅਚਾਨਕ ਸੱਦੇ ਦੀ ਸਮਝ ਨਹੀਂ ਆਈ ਕਿ ਕਿਸ ਕਾਰਣ ਬੇਫ਼ਾਇਦਾ ਕਾਰ ਹਿਤ ਬੁਲਾਇਆ ਗਿਆ ਹਾਂ।

੯੦

ਜਦੋਂ ਕਾਲ ਭਗਵਾਨ ਤੁਹਾਡਾ ਦਰਵਾਜ਼ਾ ਖੜਕਾਏਗਾ ਤਾਂ ਤੁਸੀਂ

ਉਸਨੂੰ ਕੀ ਭੇਟ ਦਿਓਗੇ ? ਮੈਂ ਆਪਣੇ ਮਿਹਮਾਨ ਦੇ ਸਨਮੁਖ ਜੀਵਨ ਦਾ ਭਰਿਆ ਭਕੁੰਨਾ ਬਰਤਨ ਪੇਸ਼ ਕਰ ਦਿਆਂਗਾ। ਉਸਨੂੰ ਬਿਲਕੁਲ ਖ਼ਾਲੀ ਹੱਥ ਨਹੀਂ ਜਾਣ ਦਿਆਂਗਾ।

ਬੀਤੇ ਪਤਝੜ ਤੇ ਬਹਾਰ ਦੇ ਸਮੇਂ ਅਰਥਾਤ ਜੁਆਨੀ ਤੇ ਬੁਢਾਪੇ ਵਿਚ ਤਿਆਰ ਕੀਤੀ ਮਧੁਰ ਮਦਰਾ ਅਤੇ ਗਾੜ੍ਹੇ ਪਸੀਨੇ ਦੀ ਕਮਾਈ ਨਾਲ ਜੋੜੀ ਪੂੰਜੀ, ਇਹ ਸਭ ਕੁਝ ਮੈਂ ਉਸਦੇ ਹਵਾਲੇ ਕਰ ਦਿਆਂਗਾ ਜਦ ਕਿ ਉਹ ਮੇਰੇ ਦਰ ਤੇ ਦਸਤਕ ਦੇਵੇਗਾ।

੯੧

ਓ ਮੇਰੀ ਮੌਤ ਰਾਣੀ, ਜ਼ਿੰਦਗੀ ਦੀ ਅੰਤਮ ਸੰਪੂਰਣਤਾ ! ਆ ਮੇਰੇ ਲਾਗੇ ਆ, ਆਪਾਂ ਪ੍ਰੇਮਵਾਰਤਾ ਕਰੀਏ।

ਰੋਜ਼ ਰੋਜ਼ ਮੈਂ ਤੇਰੀ ਇੰਤਜ਼ਾਰ ਕਰਦਾ ਆ ਰਿਹਾ ਹਾਂ, ਤੇਰੀ ਖਾਤਰ ਜੀਵਨ ਦੇ ਦੁੱਖ ਸੁੱਖ ਵੀ ਝੱਲਦਾ ਰਿਹਾ, ਮੈਂ ਜੋ ਕੁਝ ਹਾਂ ਤੇ ਜੋ ਕੁਝ ਮੇਰੇ ਪਾਸ ਹੈ, ਜਿਸ ਚੀਜ਼ ਦਾ ਮੈਂ ਉਮੀਦਵਾਰ ਹਾਂ, ਮੇਰੀ ਪ੍ਰੀਤਿ ਗੁਝੇ ਤੌਰ ਤੇ ਸਦਾ ਤੇਰੇ ਵਲ ਲਗੀ ਰਹੀ ਹੈ।

ਤੇਰੇ ਨੈਣਾਂ ਦੀ ਆਖ਼ਰੀ ਤੱਕਣੀ ਦਾ ਇਸ਼ਾਰਾ ਐਸਾ ਹੈ ਜਿਸ ਨਾਲ ਮੇਰੀ ਜ਼ਿੰਦਗੀ ਹਮੇਸ਼ਾ ਵਾਸਤੇ ਤੇਰੀ ਹੋ ਜਾਵੇਗੀ। ਦੂਲ੍ਹੇ ਦੀ ਖਾਤਰ ਫੁਲਾਂ ਦਾ ਹਾਰ ਗੁੰਦ ਕੇ ਸੇਹਰਾ ਤਿਆਰ ਹੋ ਚੁੱਕਾ ਹੈ।

ਵਿਆਹ ਉਪਰੰਤ ਦੁਲਹਨ ਪੇਕਿਆਂ ਨੂੰ ਵਿਦਾਇਗੀ ਦੇ ਦੇਵੇਗੀ ਤੇ ਮੌਤ ਦੀ ਏਕਾਂਤ ਰਾਤ ਵਿਚ ਆਪਣੇ ਪਤੀ-ਦੇਵ ਨੂੰ ਮਿਲ ਸਕੇਗੀ।

੯੨

ਮੈਨੂੰ ਪਤਾ ਹੈ, ਉਹ ਦਿਨ ਆਉਣ ਵਾਲਾ ਹੀ ਹੈ ਜਦ ਇਸ ਧਰਤੀ ਨੂੰ ਤੱਕਣ ਵਾਲੀ ਮੇਰੀ ਅੱਖ ਦੀ ਰੌਸ਼ਨੀ ਜਾਂਦੀ ਰਹੇਗੀ ਤੇ ਜ਼ਿੰਦਗੀ ਚੁਪਚਾਪ ਵਿਦਾਇਗੀ ਲੈ ਲਵੇਗੀ ਤੇ ਮੇਰੀਆਂ-ਅੱਖਾਂ ਉਤੇ ਇਕ ਤਰ੍ਹਾਂ ਦਾ ਪੜਦਾ ਪੈ ਜਾਵੇਗਾ।

ਲੇਕਿਨ ਫਿਰ ਵੀ ਰਾਤਾਂ ਨੂੰ ਤਾਰੇ ਨਿਗਰਾਨੀ ਕਰਦੇ ਹੀ ਰਹਿਣਗੇ, ਪ੍ਰਭਾਤ ਵੀ ਪਹਿਲਾਂ ਵਾਂਙ ਆਉਂਦੀ ਰਹੇਗੀ, ਘੜੀਆਂ, ਪਹਰ, ਸਮੁੰਦਰ ਦੇ ਜੁਆਰਭਾਟੇ ਵਾਂਙ ਖੁਸ਼ੀਆਂ ਗ਼ਮੀਆਂ ਉਤੇ ਚੜ੍ਹਦੇ ਲਹਿੰਦੇ ਰਹਿਣਗੇ।

ਜਦੋਂ ਮੈਂ ਜੀਵਨ ਦੇ ਇਨ੍ਹਾਂ ਪਲਾਂ ਦੇ ਅੰਤ ਉਤੇ ਗ਼ੌਰ ਕਰਦਾ ਹਾਂ ਤਾਂ ਇਹ ਦੀਵਾਰ ਤਿੜਕਦੀ ਦਿੱਸਦੀ ਹੈ। ਜਦ ਮੈਂ ਧਿਆਨ ਨਾਲ ਤੱਕਦਾ ਹਾਂ ਤਾਂ ਤੇਰਾ ਸੰਸਾਰ ਸਚਮੁਚ ਬੇਪ੍ਰਵਾਹੀਆਂ ਦਾ ਭੰਡਾਰਾ ਹੈ। ਇਥੋਂ ਦਾ ਨਿਚਲਾ ਆਸਣ ਵੀ ਦੁਰਲਭ ਹੈ ਤੇ ਇਥੋਂ ਦੇ ਹੇਠਲੇ ਦਰਜੇ ਦੇ ਲੋਕ ਵੀ। ਉਨ੍ਹਾਂ ਵਸਤਾਂ ਨੂੰ ਜਾਣ ਦਿਓ ਜਿਨ੍ਹਾਂ ਦੀ ਮੈਂ ਬਿਅਰਥ ਲਾਲਸਾ ਕਰਦਾ ਰਿਹਾ ਤੇ ਮੈਨੂੰ ਮਿਲੀਆਂ ਵੀ। ਮੈਨੂੰ ਹੁਣ ਉਹ ਚੀਜ਼ਾਂ ਦਿਓ, ਜਿਨ੍ਹਾਂ ਨੂੰ ਮੈਂ ਸਦਾ ਅਣਡਿਠ ਕਰਦਾ ਰਿਹਾ ਤੇ ਇਕਤਰ੍ਹਾਂ ਨਿਰਾਦਰ ਵੀ ਕਰਦਾ ਆਇਆ ਹਾਂ।

੯੩

ਮੈਨੂੰ ਛੁੱਟੀ ਮਿਲ ਗਈ ਹੈ, ਮੇਰੇ ਸਾਥੀਓ! ਤੁਸੀਂ ਮੈਨੂੰ ਅਲਵਿਦਾ ਕਹੋ। ਮੈਂ ਤੁਹਾਨੂੰ ਸਾਰਿਆਂ ਨੂੰ ਪਰਣਾਮ ਕਰਦਾ ਹਾਂ ਤੇ ਤੁਹਾਥੋਂ ਵਿਦਾਇਗੀ ਲੈਂਦਾ ਹਾਂ। ਮੈਂ ਆਪਣੇ ਘਰ ਦੀਆਂ ਚਾਬੀਆਂ ਵੀ ਤੁਹਾਡੇ ਹਵਾਲੇ ਕਰਦਾ ਹਾਂ ਤੇ ਘਰ ਦੀ ਮਲਕੀਅਤ ਤੋਂ ਵੀ ਦਸਤਬਰਦਾਰ ਹੋ ਰਿਹਾ ਹਾਂ। ਮੇਰੀ ਇਕੋ ਮੰਗ ਹੈ ਕਿ ਤੁਹਾਡੇ ਪਾਸੋਂ ਮੈਂ ਪਿਆਰ-ਭਰੇ ਬੋਲ ਸੁਣ ਸਕਾਂ।

ਮੇਰਾ ਤੁਹਾਡੇ ਨਾਲ ਕਾਫੀ ਚਿਰ ਤੋਂ ਆਂਢ ਗੁਆਂਢ ਰਿਹਾ ਹੈ। ਮੈਨੂੰ ਜੋ ਕੁਝ ਤੁਹਾਥੋਂ ਹਾਸਲ ਹੋਇਆ, ਉਹ ਉਸਤੋਂ ਕਾਫੀ ਵਧੇਰੇ ਹੈ, ਜਿੰਨਾ ਕੁ ਮੈਂ ਤੁਹਾਨੂੰ ਦੇ ਸਕਿਆ। ਹੁਣ ਸਵੇਰਾ ਹੋ ਗਿਆ ਹੈ, ਜਿਸ ਦੀਵੇ ਨੇ ਮੇਰੀ ਜ਼ਿੰਦਗੀ ਦੇ ਅਨ੍ਹੇਰੇ ਕੋਨੇ ਨੂੰ ਰੋਸ਼ਨ ਕਰੀ ਰੱਖਿਆ, ਉਹ ਦੀਵਾ ਹੁਣ ਬੁਝ ਰਿਹਾ ਹੈ। ਸ਼ਾਹੀ ਪਰਵਾਨਾ ਆ ਗਿਆ ਹੈ ਤੇ ਮੈਂ ਅਗਲੇਰੇ ਸਫ਼ਰ ਲਈ ਕਮਰ-ਬਸਤਾ ਹਾਂ।

੯੪

ਮੇਰੇ ਦੋਸਤੋ! ਮੇਰੀ ਵਿਦਾਇਗੀ ਤੇ ਜੁਦਾਇਗੀ ਸਮੇਂ ਹੁਣ ਤੁਸੀਂ ਮੈਨੂੰ

ਭਾਗਵਾਨੀ ਦਾ ਵਰਦਾਨ ਦਿਓ। ਅਸਮਾਨ ਤਾਂ ਪ੍ਰਭਾਤ ਦੀ ਲਾਲੀ ਨਾਲ ਸ਼ਿੰਗਾਰਿਆ ਗਿਆ ਹੈ ਤੇ ਮੇਰਾ ਸੁੰਦਰ ਪੰਧ ਨਵੀਂ ਝਲਕ ਦਿਖਾ ਰਿਹਾ ਹੈ।

ਮੈਥੋਂ ਇਹ ਨ ਪੁਛਣਾ ਕਿ ਮੇਰੇ ਪਾਸ ਕੀ ਹੈ ਤੇ ਮੈਂ ਉਥੇ ਲਈ ਕੀ ਲਿਜਾ ਰਿਹਾ ਹਾਂ। ਮੈਂ ਤਾਂ ਖਾਲੀ ਹੱਥ ਹੁੰਦਾ ਹੋਇਆ ਵੀ, ਬੜਾ ਆਸ਼ਾ-ਭਰਪੂਰ ਹੋ ਕੇ ਤੁਰਨ ਲਗਾ ਹਾਂ।

ਮੈਂ ਵਿਆਹ ਵਾਲਾ ਸੇਹਰਾ ਬੰਨ੍ਹਕੇ ਜਾਵਾਂਗਾ। ਮੇਰੀ ਪੁਸ਼ਾਕ ਰਾਹੀਆਂ ਵਾਲੀ ਖ਼ਾਕੀ ਜਾਂ ਫ਼ਕੀਰਾਂ ਜੈਸੀ ਭਗਵੇਂ ਰੰਗ ਵਾਲੀ ਨਹੀਂ। ਰਸਤਾ ਜ਼ਰੂਰ ਖਤਰਿਆਂ-ਭਰਿਆ ਤੇ ਬਿਖੜਾ ਹੈ ਪਰ ਮੈਂ ਡਰਦਾ ਨਹੀਂ।

ਮੇਰਾ ਸਫ਼ਰ ਜਦੋਂ ਸਿਰੇ ਲਗਗਾ ਤਾਂ ਸ਼ਾਮ ਦਾ ਸਤਾਰਾ ਜਗਮਗਾਉਂਦਾ ਹੋਵੇਗਾ ਤੇ ਸ਼ਾਹੀ ਮਹਲ ਦੇ ਦਰਵਾਜ਼ੇ ਉਤੇ ਕਲਿਆਣ ਕਾਨੜੇ ਦੀ ਧੁਨਿ ਗੂੰਜਦੀ ਸੁਣਾਈ ਦੇਵੇਗੀ।

੯੫

ਜ਼ਿੰਦਗੀ ਦੇ ਦੁਆਰ ਉੱਤੇ ਜਦ ਮੈਂ ਪਹਿਲੀ ਵਾਰ ਪ੍ਰਵੇਸ਼ ਕੀਤਾ, ਮੈਨੂੰ ਉਸ ਘੜੀ ਦੀ ਖ਼ਬਰ ਨਹੀਂ ਸੀ। ਉਹ ਕਿਹੜੀ ਸ਼ਕਤੀ ਸੀ ਜਿਸਨੇ ਮੈਨੂੰ ਇਸ ਰਹੱਸਪੂਰਣ ਸੰਸਾਰ ਅੰਦਰ ਪਰਗਟ ਕੀਤਾ। ਜਿਵੇਂ ਕਿ ਕਿਸੇ ਜੰਗਲ ਵਿੱਚ ਅੱਧੀ ਰਾਤੇ ਕੋਈ ਕਲੀ ਖਿੜ ਉਠਦੀ ਹੈ।

ਜਦ ਮੈਂ ਪ੍ਰਭਾਤ ਦੀ ਰੋਸ਼ਨੀ ਤੱਕੀ ਤਾਂ ਮੈਨੂੰ ਇਕ ਦਮ ਐਸਾ ਲਗਿਆ ਕਿ ਮੈਂ ਇਸ ਦੁਨੀਆਂ ਵਿਚ ਕੋਈ ਅਜਨਬੀ ਨਹੀਂ, ਮੈਨੂੰ ਕਿਸੇ ਨਾਮਾਲੂਮ ਗ਼ੈਬੀ ਤਾਕਤ ਨੇ ਮੇਰੀ ਮਾਤਾ ਦੀ ਸ਼ਕਲ ਧਾਰਕੇ ਗੋਦ ਲਿਆ ਹੋਇਆ ਹੈ। ਇਸੇ ਤਰ੍ਹਾਂ ਮੌਤ ਦੇ ਸਮੇਂ ਵੀ ਉਹੋ ਗ਼ੈਬੀ ਸ਼ਕਤੀ ਆ ਕੇ ਮੈਨੂੰ ਇਉਂ ਹੀ ਜਤਾਏਗੀ ਜਿਵੇਂ ਕਿ ਮੈਂ ਉਸਨੂੰ ਹਮੇਸ਼ਾਂ ਤੋਂ ਪਹਿਲੇ ਹੀ ਜਾਣਦਾ ਸਾਂ। ਚੂੰਕਿ ਮੈਨੂੰ ਜ਼ਿੰਦਗੀ ਪਿਆਰੀ ਰਹੀ ਹੈ, ਇਸੇ ਤਰ੍ਹਾਂ ਮੈਂ ਮੌਤ ਨੂੰ ਵੀ ਪਿਆਰਦਾ ਰਹਾਂਗਾ।

ਬਾਲਕ ਰੋਂਦਾ ਹੈ ਜਦ ਕਿ ਉਸਦੀ ਮਾਂ ਦੁੱਧ-ਚੁੰਘਦੇ ਬੱਚੇ ਤੋਂ ਸੱਜਾ ਮੰਮਾ

ਛੁਡਾਉਂਦੀ ਹੈ ਪਰ ਜਦ ਉਹੋ ਉਸਨੂੰ ਖੱਬੇ ਨਾਲ ਜੋੜਨ ਦੀ ਕਾਰ ਕਰਦੀ ਤਾਂ ਉਹ ਇਕ ਦਮ ਸ਼ਾਂਤ ਹੋ ਜਾਂਦਾ ਤੇ ਪੂਰੀ ਸੰਤੁਸ਼ਟਤਾ ਨਾਲ ਉਸਨੂੰ ਹਾਸਲ ਕਰਕੇ ਹੋਰ ਅਨੰਦ ਮਾਣਦਾ ਹੈ।

੯੬

ਜਦ ਮੈਂ ਇਸ ਦੁਨੀਆਂ ਤੋਂ ਵਿਦਾਇਗੀ ਲਵਾਂ ਤਾਂ ਮੇਰੇ ਸ਼ਬਦ ਇਹੋ ਹੋਣੇ ਚਾਹੀਦੇ ਹਨ ਕਿ 'ਮੈਂ ਜੋ ਕੁਝ ਇਥੇ ਵੇਖਿਆ, ਬਿਲਕੁਲ ਬੇਮਿਸਾਲ ਸੀ।' 'ਮੈਂ ਇਸ ਕੰਵਲ ਫੁਲ ਦੀ ਗੁੱਝੀ ਮਕਰੰਦ ਦਾ ਸੁਆਦ ਚੱਖਿਆ ਹੈ। ਇਹ ਧਰਤੀ, ਸਾਗਰ ਦੇ ਸੀਨੇ ਉਤੇ ਫੁਲ ਦੀ ਤਰ੍ਹਾਂ ਖਿੜੀ ਹੋਈ ਹੈ, ਇਹ ਮੇਰਾ ਸੁਭਾਗ ਹੈ।'

ਸੋ ਵਿਦਾਇਗੀ ਸਮੇਂ ਐਸੇ ਸ਼ਬਦ ਕਹਿਣੇ ਯੋਗ ਹਨ। ਅਨੰਤ ਰੂਪਾਂ ਵਾਲੇ ਇਸ ਨਾਟਕ ਭਵਨ ਵਿਚ ਮੈਂ ਵੀ ਆਪਣਾ ਜੀਵਨ-ਨਾਟਕ ਖੇਡਿਆ ਹੈ, ਤੇ ਇਸੇ ਵਿਚ ਉਸ ਨਿਰਗੁਣ ਸਰੂਪ ਦੀ ਵੀ ਝਲਕ ਤੱਕੀ ਹੈ।

ਮੇਰਾ ਸਾਰਾ ਸਰੀਰ ਤੇ ਅੰਗ ਅੰਗ ਉਸਦੀ ਛੂਹ ਨਾਲ ਥਰਥਰਾ ਉੱਠਿਆ ਹੈ, ਜੋ ਕਿ ਉਂਜ ਸਪਰਸ਼ ਤੋਂ ਪਰੇ ਹੈ। ਜੇ ਇਸ ਨਾਟਕ ਦਾ ਖਾਤਮਾ ਹੁੰਦਾ ਹੈ ਜਾਂ ਅੰਤ ਆਉਂਦਾ ਹੈ, ਇਸ ਅੰਤ ਨੂੰ ਆਉਣ ਦਿਓ।' ਮੇਰੇ ਵਿਦਾਇਗੀ ਸ਼ਬਦ ਇਹੋ ਹੋਣੇ ਚਾਹੀਦੇ ਹਨ।

੯੭

ਜਦ ਤਕ ਮੈਂ ਤੇਰੇ ਨਾਲ ਇਹ ਨਾਟਕ ਲੀਲ੍ਹਾ ਕਰਦਾ ਸਾਂ ਤਾਂ ਮੈਂ ਕਦੀ ਇਹ ਸਵਾਲ ਨਹੀਂ ਸੀ ਉਠਾਇਆ ਕਿ ਤੂੰ ਕੌਣ ਹੈਂ ? ਨ ਮੈਂ ਲੱਜਿਤ ਹੀ ਹੁੰਦਾ ਸਾਂ ਤੇ ਨਾਹੀ ਭੈਭੀਤ। ਮੈਂ ਤਾਂ ਭੜਥੂ ਪਾਉਣ ਵਾਲਾ ਸਾਂ।

ਤੂੰ ਸੁਬਹ ਸਵੇਰੇ ਮੈਨੂੰ ਸੁੱਤੇ ਨੂੰ ਗੂੜ੍ਹੇ ਦੋਸਤ ਵਾਂਗ ਅਵਾਜ਼ਾਂ ਦੇ ਦੇ ਕੇ ਜਗਾਉਂਦਾ ਤੇ ਮੈਂ ਤੇਰੀ ਹੀ ਰਹਿਨੁਮਾਈ ਵਿਚ ਜੰਗਲਾਂ ਮੈਦਾਨਾਂ ਵਿਚ ਘੁੰਮਦਾ ਫਿਰਦਾ।

ਇਨ੍ਹਾਂ ਦਿਨਾਂ ਵਿਚ ਮੈਂ ਤੇਰੇ ਗੀਤਾਂ ਦਾ ਭਾਵ ਅਰਥ ਸਮਝਣ ਦੀ ਕਦੀ

ਕੋਈ ਕੋਸ਼ਿਸ਼ ਨਹੀਂ ਕੀਤੀ ਕੇਵਲ ਮੈਂ ਗੀਤਾਂ ਦੀਆਂ ਤਰਜ਼ਾਂ ਜ਼ਰੂਰ ਸਿੱਖੀਆਂ ਤੇ ਮੇਰਾ ਹਿਰਦਾ ਉਨ੍ਹਾਂ ਦੀ ਧੁਨ ਉਤੇ ਉਮਰ-ਭਰ ਨਾਚ ਕਰਦਾ ਰਿਹਾ।

ਹੁਣ ਜਦੋਂ ਨਾਟਕ ਦਾ ਸਮਾਂ ਖ਼ਤਮ ਹੋ ਰਿਹਾ ਹੈ ਤਾਂ ਮੇਰੇ ਇਹ ਨੈਣ ਅਚਾਨਕ ਅਦਭੁਤ ਨਜ਼ਾਰਾ ਦੇਖ ਰਹੇ ਹਨ। ਤੇਰੇ ਚਰਨਾਂ ਵਲ ਖਾਮੋਸ਼ ਤਾਰਾਗਣ ਸਮੇਤ, ਉਹ ਅੱਖਾਂ ਝੁਕਾਈਂ ਵਿਸਮਾਦੀ ਰੰਗ ਵਿਚ ਅਵਾਕ ਹੋਇਆ ਖੜਾ ਹੈ।

੯੮

ਮੈਂ ਤੈਨੂੰ ਆਪਣੀ ਹਾਰ ਦੀਆਂ ਨਿਸ਼ਾਨੀਆਂ ਤੇ ਫੁਲਮਾਲਾਵਾਂ ਨਾਲ ਸਜਾਉਣ ਦਾ ਜਤਨ ਕਰਾਂਗਾ। ਮੇਰੇ ਵਿਚ ਇਤਨੀ ਸਮਰੱਥਾ ਵੀ ਨਹੀਂ ਕਿ ਬਿਨਾ ਹਾਰ ਮੰਨੇ ਮੈਂ ਤੇਰੇ ਸਨਮੁਖ ਆ ਜਾ ਸਕਾਂ।

ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਮੇਰਾ ਅਭਿਮਾਨ ਮਿਟੀ ਵਿੱਚ ਮਿਲ ਜਾਵੇਗਾ। ਮੇਰਾ ਜੀਵਨ, ਸਖ਼ਤ ਪੀੜਾ ਕਾਰਨ ਆਪਣੇ ਹੀ ਬੰਧਨ ਤੋੜਨ ਲਈ ਬੜੀ ਔਖ ਮਹਿਸੂਸ ਕਰੇਗਾ। ਮੇਰਾ ਬਰਬਾਦ ਹੋਇਆ ਦਿਲ ਖੋਖਲੀ ਵੰਝਲੀ ਵਾਂਙ ਹੌਕਿਆਂ ਦੇ ਹੀ ਨਗ਼ਮੇ ਗਾਏਗਾ, ਜਿਸ ਨਾਲ ਪੱਥਰ ਵੀ ਹੰਝੂ ਬਣਕੇ ਵਹਿ ਤੁਰੇਗਾ।

ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਕੰਵਲ ਦੀਆਂ ਸੈਂਕੜੇ ਪੱਤੀਆਂ ਹਮੇਸ਼ਾਂ ਲਈ ਬੰਦ ਨਹੀਂ ਰਹਿਣਗੀਆਂ। ਇਸਦੇ ਸ਼ਹਿਦ ਦਾ ਗੁੱਝਾ ਪਰਾਗ ਆਖਰ ਉਜਾਗਰ ਹੋਵੇਗਾ।

ਨੀਲੇ ਅਸਮਾਨ ਵਲੋਂ ਇਕ ਅੱਖ ਮੇਰੇ ਵਲ ਤੱਕੇਗੀ ਤੇ ਇਕ ਚੁਪ-ਚੁਪਾਤਾ ਸੱਦਾ ਵੀ ਦੇਵੇਗੀ, ਮੇਰੇ ਲਈ ਕੁਝ ਵੀ ਬਾਕੀ ਨਹੀਂ ਰਹੇਗਾ, ਕੁਝ ਵੀ ਨਹੀਂ, ਕੁਝ ਵੀ ਨਹੀਂ। ਤੁਹਾਡੇ ਚਰਣਾਂ ਵਿਚ ਹੀ ਮੈਂ ਪੂਰੀ ਮੌਤ ਪਾਵਾਂਗਾ।

੯੯

ਸੰਸਾਰ ਸਾਗਰ ਵਿਚ ਆਪਣਾ ਚੱਪੂ ਛੱਡਣ ਸਮੇਂ ਮੈਨੂੰ ਸਮਝ ਆ ਰਹੀ ਹੈ, ਹੁਣ ਇਹ ਬੇੜਾ ਤੇਰੇ ਹੀ ਰੱਖਣ ਦਾ ਹੈ। ਜੋ ਕੁਝ ਹੋਣਾ, ਉਹ ਹੋ ਹੀ ਜਾਣਾ

ਹੈ, ਸਾਡੀ ਨੱਸ-ਭੱਜ ਤਾਂ ਬਿਲਕੁਲ ਫ਼ਜ਼ੂਲ ਹੀ ਹੈ।

ਹੇ ਮੇਰੇ ਮਨ! ਤੂੰ ਆਪਣਾ ਹੱਥ ਪਿਛੇ ਖਿਚ ਲੈ ਤੇ ਆਪਣੀ ਬੇਬਸੀ ਨੂੰ ਚੁਪਚਾਪ ਪਰਵਾਣ ਕਰ, ਤੂੰ ਜਾਣ ਲੈ ਜਿਸ ਹਾਲਤ ਵਿਚ ਤੈਨੂੰ ਰੱਖਿਆ ਗਿਆ ਹੈ, ਉਹ ਠੀਕ ਹੀ ਹੈ, ਇਹ ਤੇਰੀ ਭਾਗਵਾਨੀ ਹੈ।

ਮੇਰੇ ਇਹ ਨਿਕੇ ਨਿਕੇ ਦੀਵੇ ਪੌਣ ਦੇ ਮਾਮੂਲੀ ਬੁੱਲਿਆਂ ਨਾਲ ਹੀ ਬੁਝ ਬੁਝ ਜਾਂਦੇ ਹਨ ਤੇ ਇਨ੍ਹਾਂ ਨੂੰ ਮੁੜ ਜਗਾਉਣ ਦੀ ਮੈਂ ਬਥੇਰੀ ਕੋਸ਼ਿਸ਼ ਕੀਤੀ ਪਰ ਮੈਂ ਮੁੜ ਮੁੜ ਭੁੱਲਦਾ ਹੀ ਗਿਆ।

ਹੁਣ ਮੈਂ ਸੂਝਬੂਝ ਤੋਂ ਕੰਮ ਲੈ ਕੇ ਅਨ੍ਹੇਰੇ ਵਿਚ ਹੀ ਤੇਰੀ ਉਡੀਕ ਕਰਾਂਗਾ, ਭੁਇੰ ਤੇ ਆਪਣੀ ਸਫ ਵਿਛਾਕੇ। ਮੇਰੇ ਮਾਲਕ! ਜਦ ਤੁਹਾਡੀ ਖੁਸ਼ੀ ਹੋਵੇ, ਚੁਪ-ਚਾਪ ਆ ਜਾਣਾ ਤੇ ਆ ਕੇ ਨਾਲ ਬੈਠ ਜਾਣਾ।

੧੦੦

ਮੈਂ ਇਸ ਨਾਮ ਰੂਪ ਵਾਲੇ ਸਾਗਰ ਵਿਚ ਡੂੰਘੀ ਟੁੱਭੀ ਲਾਉਂਦਾ ਹਾਂ ਤਾਂ ਕਿ ਅਰੂਪ ਸਰੂਪ ਵਾਲੇ ਸੰਪੂਰਣ ਮੋਤੀ ਨੂੰ ਹਾਸਲ ਕਰ ਸਕਾਂ।

ਮੈਂ ਇਸ ਝੱਖੜਾਂ ਤੂਫਾਨਾਂ ਦੇ ਮਾਰੇ-ਭੰਨੇ ਬੇੜੇ ਨਾਲ ਹੁਣ ਇਕ ਬੰਦਰਗਾਹ ਤੋਂ ਦੂਜੀ ਬੰਦਰਗਾਹ ਵਲ ਨਹੀਂ ਜਾ ਸਕਦਾ, ਉਹ ਸਮਾਂ ਲੱਦ ਗਿਆ ਜਦ ਮੈਨੂੰ ਸਮੁੰਦਰ ਦੀਆਂ ਤੂਫ਼ਾਨੀ ਲਹਿਰਾਂ ਚੱਕ ਚੱਕ ਇਧਰ ਉਧਰ ਮਾਰਦੀਆਂ ਤੇ ਮੈਂ ਇਸ ਖੇਡ ਵਿਚ ਵੀ ਅਨੰਦ ਲੈਂਦਾ। ਹੁਣ ਤਾਂ ਮੈਂ ਅਮਰ ਜੀਵਨ ਦੀ ਭਾਲ ਵਿਚ ਮਰਨ ਦਾ ਹੀ ਖਾਹਸ਼ਮੰਦ ਹਾਂ।

ਮੈਂ ਹੁਣ ਉਸ ਨਿਰਾਕਾਰ ਦੇ 'ਦਰਬਾਰ ਹਾਲ' ਵਿਚ ਆਪਣੀ ਇਸ ਜੀਵਨ ਵੀਣਾ ਨੂੰ ਲੈ ਕੇ ਬੇਅਵਾਜ਼ ਰੂਪ ਵਿਚ ਝੰਕ੍ਰਿਤ ਕਰਾਂਗਾ ਤੇ ਕੋਸ਼ਿਸ਼ ਕਰਾਂਗਾ ਕਿ ਉਸ ਇਲਾਹੀ ਨਾਦ ਨਾਲ ਇਹ ਇਕ-ਸੁਰ ਹੋ ਕੇ ਵੱਜਣ ਲਗੇ ਤਾਂ ਮੈਂ ਇਸ ਖ਼ਾਮੋਸ਼ ਵੀਣਾ ਨੂੰ ਉਸ ਮਹਾਨ ਮੋਨਤਾ ਦੇ ਚਰਣਾਂ ਵਿਚ ਹੀ ਸਮਰਪਣ ਕਰ ਦਿਆਂਗਾ।

੧੦੧

ਮੈਂ ਜੀਵਨ ਭਰ ਆਪਣੇ ਗੀਤਾਂ ਰਾਹੀਂ ਤੇਰੀ ਤਲਾਸ਼ ਕਰਦਾ ਰਿਹਾ,

ਇਨ੍ਹਾਂ ਗੀਤਾਂ ਨੇ ਮੈਨੂੰ ਦਰ ਦਰ ਘੁਮਾਇਆ ਤੇ ਸੰਸਾਰ ਦੀ ਖੋਜ ਭਾਲ ਕਰਦਿਆਂ ਆਪੇ ਦੀ ਪਹਿਚਾਨ ਕਰਾਈ।

ਇਹ ਮੇਰੇ ਨਗ਼ਮੇ ਹੀ ਸਨ, ਜਿਨ੍ਹਾਂ ਮੈਨੂੰ ਸਭ ਕੁਝ ਸਿਖਾਇਆ। ਹਰ ਸਬਕ ਪੜ੍ਹਾਇਆ, ਇਨ੍ਹਾਂ ਮੈਨੂੰ ਗੁੱਝੇ ਰਾਹਾਂ ਦਾ ਵੀ ਜਾਣੂ ਕਰਾਇਆ ਅਤੇ ਮੇਰੇ ਹਿਰਦੇ ਦੇ ਦਿਸਹੱਦੇ ਉਤੇ ਚਮਕਦੇ ਸਤਾਰਿਆਂ ਉਤੇ ਵੀ ਝਾਤ ਪੁਆਈ।

ਉਨ੍ਹਾਂ ਮੇਰੀ ਜੀਵਨ-ਭਰ ਖੁਸ਼ੀਆਂ ਗ਼ਮੀਆਂ ਦੇ ਹਰ ਖੇਤਰ ਵਿਚ ਰਹਿਨੁਮਾਈ ਕੀਤੀ। ਆਖ਼ਰਕਾਰ ਸਫ਼ਰ ਦੇ ਅੰਤ ਉਤੇ ਹੁਣ ਇਨ੍ਹਾਂ ਗੀਤਾਂ ਨੇ ਹੀ ਮੈਨੂੰ ਪਤਾ ਨਹੀਂ, ਕਿਵੇਂ ਇਸ ਸ਼ਾਹੀ ਮਹਲ ਦੇ ਦੁਆਰ ਤੇ ਲਿਆ ਖੜ੍ਹਾਇਆ ਹੈ ?

੧੦੨

ਮੈਂ ਭਾਰੇ ਇਕੱਠ ਵਿਚ ਦਾਅਵੇ ਨਾਲ ਕਿਹਾ ਸੀ ਕਿ ਮੈਂ ਤੁਹਾਨੂੰ ਜਾਣਦਾ ਹਾਂ। ਉਹ ਮੇਰੀਆਂ ਸਾਰੀਆਂ ਕਿਰਤਾਂ ਵਿਚ ਤੁਹਾਡੇ ਹੀ ਚਿਤਰ ਤੱਕਦੇ ਹਨ। ਉਹ ਮੈਨੂੰ ਬਾਰ ਬਾਰ ਪੁਛਦੇ ਵੀ ਹਨ, ਇਹ ਕੌਣ ਹੈ ? ਮੈਨੂੰ ਪਤਾ ਨਹੀਂ ਲਗਦਾ ਕਿ ਮੈਂ ਕੀ ਜਵਾਬ ਦਿਆਂ। ਮੈਂ ਤਾਂ ਦਰਅਸਲ ਇਹੋ ਕਹਿੰਦਾ ਹਾਂ ਮੈਂ ਤੁਹਾਨੂੰ ਦੱਸ ਨਹੀਂ ਸਕਦਾ। ਉਹ ਮੇਰੇ ਉਤੇ ਕਈ ਇਤਰਾਜ਼ ਕਰਦੇ ਚਲੇ ਜਾਂਦੇ ਹਨ ਅਤੇ ਤੁਸੀਂ ਉਥੇ ਬੈਠੇ ਇਹ ਸਾਰਾ ਤਮਾਸ਼ਾ ਦੇਖਦੇ ਫਿਰ ਮੁਸਕ੍ਰਾਈ ਜਾ ਰਹੇ ਹੋ।

ਮੈਂ ਤੁਹਾਡੀਆਂ ਕਥਾ-ਕਹਾਣੀਆਂ ਆਪਣੇ ਗੀਤਾਂ ਵਿਚ ਲਗਾਤਾਰ ਕਹਿੰਦਾ ਆ ਰਿਹਾ ਹਾਂ ਤੇ ਮੇਰੇ ਦਿਲ ਦਾ ਭੇਦ ਖੁਲ੍ਹਦਾ ਗਿਆ ਹੈ। ਉਹ ਫੇਰ ਆਉਂਦੇ ਤੇ ਆ ਕੇ ਪੁੱਛਦੇ ਹਨ ਕਿ ਸਾਨੂੰ ਇਨ੍ਹਾਂ ਦਾ ਭਾਵ ਸਮਝਾਓ, ਮੈਨੂੰ ਪਤਾ ਨਹੀਂ ਲਗਦਾ ਕਿ ਮੈਂ ਕੀ ਜਵਾਬ ਦਿਆਂ ? ਓਹ ਓਹ, ਇਨ੍ਹਾਂ ਦਾ ਮਤਲਬ ਕੌਣ ਜਾਣਦਾ ਹੈ। ਉਹ ਫਿਰ ਹਸਦੇ ਹਸਦੇ ਵਿਅੰਗ ਕਸਦੇ ਤੁਰ ਜਾਂਦੇ ਹਨ ਤੇ ਤੁਸੀਂ ਉਥੇ ਬੈਠੇ ਮੁਸਕ੍ਰਾਈ ਜਾ ਰਹੇ ਹੋ।

ਹੇ ਮੇਰੇ ਮਾਲਕ!

ਤੈਨੂੰ ਕੀਤੀ ਪਰਣਾਮ ਵਿਚ ਮੇਰੀਆਂ ਸਾਰੀਆਂ ਇੰਦ੍ਰੀਆਂ, ਤੇਰੇ ਚਰਨਾਂ ਵਿਚ ਬਿਰਾਜਮਾਨ ਵਿਸ਼ਵ ਦਾ ਦੀਦਾਰ ਪਾ ਰਹੀਆਂ ਹਨ।

ਬਰਸਾਤ ਦੇ ਮੌਸਮ ਵਿਚ, ਪਾਣੀ ਦੇ ਭਾਰ ਨਾਲ ਝੁਕੇ ਮੇਘਲੇ ਸਮਾਨ ਮੇਰਾ ਮਨ ਤੁਹਾਡੇ ਦੁਆਰ ਉੱਤੇ ਇਵੇਂ ਹੀ ਝੁੱਕਦਾ ਜਾਵੇ, ਇਹੋ ਮੇਰੀ ਅਰਜ਼ੋਈ ਹੈ।

ਮੇਰੇ ਸਾਰੇ ਭਿੰਨ ਭਿੰਨ ਸੁਰਾਂ ਵਾਲੇ ਗੀਤ, ਇਕੋ ਲਹਿਰ ਵਿਚ ਸੰਮਿਲਤ ਹੁੰਦੇ, ਤੈਨੂੰ ਕੀਤੀ ਪਰਣਾਮ ਅੰਦਰ ਖਾਮੋਸ਼ੀ ਦੇ ਮਹਾਨ ਸਾਗਰ ਵਿਚ ਲੀਨ ਹੁੰਦੇ ਜਾਣ। ਇਹੋ ਮੇਰੀ ਪ੍ਰਾਰਥਨਾ ਹੈ।

ਅਪਣੇ ਪਹਾੜੀ ਆਲ੍ਹਣਿਆਂ ਵਲ ਦਿਨ ਰਾਤ ਉਡਦੀਆਂ ਵਾਪਸ ਜਾਂਦੀਆਂ ਕੂੰਜਾਂ ਦਾ ਝੁੰਡ ਜਿਵੇਂ ਅਪਣੇ ਪਿਆਰੇ ਵਤਨਾਂ ਵਲ ਪਰਤਦਾ ਹੈ, ਤਿਵੇਂ ਮੇਰੀ ਇਹ ਸਮੁੰਦਰੀ ਯਾਤਰਾ ਤੈਨੂੰ ਕੀਤੇ ਇਕੋ ਪਰਣਾਮ ਰਾਹੀਂ ਆਪਣੇ ਅੰਤਰੀਵ ਨਿਵਾਸ ਤੇ ਪਹੁੰਚਾਵੇ, ਇਹੋ ਮੇਰੀ ਅਰਦਾਸ ਹੈ।

❖ ❖ ❖

(ਅ)

ਮਾਲੀ

(Gardner)

'ਮੈਨੂੰ ਆਪਣੇ ਬਗੀਚੇ ਦਾ ਮਾਲੀ ਹੀ ਰੱਖ ਲਓ ਜੀ, ਮੈਂ ਤੁਹਾਡੀਆਂ ਸੈਲਾਨੀ ਸਬਜ਼ ਪਗਡੰਡੀਆਂ ਨੂੰ ਹੋਰ ਸਜਾ ਫਬਾ ਕੇ ਰੱਖਿਆ ਕਰਾਂਗਾ।'

ਪ੍ਰਵੇਸ਼

ਪ੍ਰੇਮ ਤੇ ਜ਼ਿੰਦਗੀ ਦੇ ਇਹ ਗੀਤ, ਜਿਨ੍ਹਾਂ ਦਾ ਅਨੁਵਾਦ ਬੰਗਾਲੀ ਵਿਚੋਂ ਕਰਕੇ ਇਸ ਸੰਗ੍ਰਹਿ (ਗਾਰਡਨਰ) ਵਿੱਚ ਦਿੱਤਾ ਜਾ ਰਿਹਾ ਹੈ। ਇਨ੍ਹਾਂ ਵਿੱਚ ਬਹੁਤ ਸਾਰੇ ਅਧਿਆਤਮਕ ਗੀਤਾਂ ਦੀ ਸੰਚੀ - 'ਗੀਤਾਂਜਲੀ' ਤੋਂ ਕੁਝ ਪਹਿਲਾਂ ਦੇ ਰਚੇ ਹੋਏ ਹਨ। ਇਹ ਅੰਗ੍ਰੇਜ਼ੀ ਤਰਜਮਾ ਵੀ ਲਫਜ਼ੀ ਨਹੀਂ। ਮੂਲ ਰਚਨਾ ਨੂੰ ਕਿਤੇ ਸੰਖਿਪਤ ਕੀਤਾ ਗਿਆ ਹੈ ਤੇ ਕਿਤੇ ਵਿਸਤ੍ਰਿਤ।

-ਰਾਬਿੰਦਰ ਨਾਥ ਟੈਗੋਰ

ਮਾਲੀ

੧

ਨੌਕਰ - ਆਪਣੇ ਸੇਵਕ ਤੇ ਮੇਹਰਵਾਨੀ ਕਰੋ, ਮੇਰੀ ਮਲਕਾ !

ਮਲਕਾ - ਦਰਬਾਰ ਖ਼ਤਮ ਹੋ ਚੁਕਿਆ ਹੈ, ਤੇ ਮੇਰੇ ਸਾਰੇ ਨੌਕਰ ਚਲੇ ਗਏ ਹਨ। ਤੂੰ ਇਤਨਾ ਪਛੜਕੇ ਕਿਉਂ ਆਇਆ ਹੈਂ?

ਨੌਕਰ - ਜਦੋਂ ਹੋਰਾਂ ਵਲੋਂ ਵੇਹਲੇ ਹੋ ਚੁਕੇ ਹੋਵੋਂ, ਮੇਰੇ ਲਈ ਇਹੋ ਠੀਕ ਸਮਾਂ ਸੀ, ਮੈਂ ਪੁੱਛਣ ਇਹ ਆਇਆ ਹਾਂ ਕਿ ਇਸ ਨਾਚੀਜ਼ ਲਈ ਕੀ ਹੁਕਮ ਹੈ?

ਮਲਕਾ - ਇਤਨਾ ਲੇਟ ਆ ਕੇ ਕੀ ਤੂੰ ਅਜੇ ਵੀ ਕੋਈ ਆਸ ਰਖਦਾ ਹੈਂ?

ਨੌਕਰ - ਤੁਸੀਂ ਮੈਨੂੰ ਆਪਣੇ ਬਗੀਚੇ ਦਾ ਮਾਲੀ ਹੀ ਰਖ ਲਵੋ ਜੀ।

ਮਲਕਾ - ਹੈਂ ! ਇਹ ਕੇਹਾ ਝੱਲਪੁਣਾ ਹੈ।

ਨੌਕਰ - ਮੈਂ ਆਪਣੇ ਸਾਰੇ ਕੰਮ ਛੱਡ ਦਿਆਂਗਾ ਤੇ ਆਪਣੇ ਸ਼ਸਤ੍ਰ ਅਸਤ੍ਰ ਵੀ ਉਤਾਰ ਸੁੱਟਦਾ ਹਾਂ। ਤੁਸੀਂ ਮੈਨੂੰ ਭਾਵੇਂ ਦੂਰ ਰਾਜ ਦਰਬਾਰਾਂ ਵਿਚ ਨਾ ਭੇਜਣਾ ਤੇ ਨਾ ਹੀ ਮੈਨੂੰ ਨਵੀਆਂ ਜਿੱਤਾਂ ਜਿੱਤਣ ਲਈ ਘੱਲਣਾ। ਮੈਨੂੰ ਕੇਵਲ ਤੁਸੀਂ ਆਪਣੀ ਬਗੀਚੀ ਦਾ ਮਾਲੀ ਬਣਾ ਲਵੋ।

ਮਲਕਾ - ਤੂੰ ਕੀ ਕੀ ਕੰਮ ਕਰਿਆ ਕਰੇਂਗਾ?

ਨੌਕਰ - ਮੈਂ ਤੁਹਾਡੇ ਵੇਹਲੇ ਸਮੇਂ ਵਿੱਚ ਤੁਹਾਡੀ ਸੇਵਾ ਕਰਿਆ ਕਰਾਂਗਾ। ਮੈਂ ਉਨ੍ਹਾਂ ਘਾਹ ਡੰਡੀਆਂ ਨੂੰ ਹਰਿਆ-ਭਰਿਆਂ ਰਖਾਂਗਾ, ਜਿਨ੍ਹਾਂ ਤੇ ਪ੍ਰਭਾਤ ਸਮੇਂ ਤੁਸੀਂ ਟਹਲਿਆ ਕਰਦੇ ਹੋ ਤੇ ਜਿਥੇ ਤੁਹਾਡੇ ਕਦਮਾਂ ਤੇ ਮਰ-ਮਿਟਣ ਵਾਲੇ ਫੁਲ, ਪੈਰ ਪੈਰ ਤੇ ਤੁਹਾਡੇ ਚਰਨਾਂ ਨੂੰ ਅਦਬ ਨਾਲ ਨਮਸਕਾਰਾਂ ਕਰ ਰਹੇ ਹੁੰਦੇ ਹਨ। ਮੈਂ ਤੁਹਾਡਾ 'ਸਪਤ ਪਰਨ' ਬਿਰਛ ਦੀਆਂ ਉਨ੍ਹਾਂ ਟਾਹਣੀਆਂ ਵਿਚ ਝੂਲਣਾ ਝੁਲਾਇਆ ਕਰਾਂਗਾ, ਜਿਥੇ ਸ਼ਾਮ ਦਾ ਚੰਨ ਪੱਤਿਆਂ ਦੇ ਝੁਰਮਟ

ਵਿੱਚ ਦੀ ਲੰਘ ਕੇ ਤੁਹਾਡੇ ਪੱਲੇ ਨੂੰ ਚੁੰਮਣ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ। ਮੈਂ ਤੁਹਾਡਾ ਸੇਜਾ ਦੇ ਸਿਰਹਾਣੇ ਜਗਣ ਵਾਲੇ ਦੀਵੇ ਨੂੰ ਹਮੇਸ਼ਾਂ ਖ਼ੁਸ਼ਬੂਦਾਰ ਤੇਲ ਨਾਲ ਭਰਕੇ ਰਖਾਂਗਾ ਤੇ ਤੁਹਾਡੀ, ਚਰਨ ਟਿਕਾਉਣ ਵਾਲੀ ਚੌਂਕੀ ਨੂੰ ਕੇਸਰ ਤੇ ਚੰਦਨ ਨਾਲ ਖ਼ੂਬ ਸਜਾਇਆ ਫਬਾਇਆ ਕਰਾਂਗਾ।

ਮਲਕਾ - ਤੂੰ ਇਸ ਕੰਮ ਬਦਲੇ ਕੀ ਲਿਆ ਕਰੇਂਗਾ?

ਨੌਕਰ - ਮੇਰੇ ਲਈ ਸਿਰਫ਼ ਤੁਹਾਡੀਆਂ ਕਮਲ ਦੀਆਂ ਕਲੀਆਂ ਵਾਂਗ ਕੋਮਲ ਕਲਾਈਆਂ ਨੂੰ ਪੁਸ਼ਪ-ਪਹੁੰਚੀਆਂ ਪਹਿਨਾਉਣ ਦੀ ਆਗਿਆ ਪ੍ਰਾਪਤ ਕਰਨਾ; ਤੇ ਤੁਹਾਡੇ ਨਾਜ਼ਕ ਪੈਰਾਂ ਨੂੰ ਅਸ਼ੋਕ ਦੇ ਫੁੱਲਾਂ ਦੇ ਰਸ ਨਾਲ ਰੰਗਣਾ ਅਤੇ ਉਨ੍ਹਾਂ ਤੇ ਲੱਗੀ ਚਰਨ-ਧੂੜ ਨੂੰ ਹੋਠਾਂ ਨਾਲ ਚੁੰਮਕੇ ਸਾਫ ਕਰਨ ਦੀ ਖੁਲ੍ਹ ਲੈਣਾ ਹੀ ਵੱਡਾ ਇਨਾਮ ਹੋਵੇਗਾ।

ਮਲਕਾ - ਅੱਛਾ ਨੌਕਰ ! ਤੇਰੀਆਂ ਪ੍ਰਾਰਥਨਾਵਾਂ ਮਨਜ਼ੂਰ ਕੀਤੀਆਂ ਜਾਂਦੀਆਂ ਹਨ, ਤੂੰ ਮੇਰੀ ਬਗੀਚੀ ਦਾ ਮਾਲੀ ਮੁਕੱਰਰ ਹੋਇਆ।

੨

ਓ ਕਵੀ ! ਸ਼ਾਮ ਨਜ਼ਦੀਕ ਆ ਰਹੀ ਹੈ, ਤੇਰੇ ਵਾਲ ਸਫ਼ੈਦ ਹੋ ਰਹੇ ਹਨ। ਕੀ ਤੂੰ ਏਸ ਏਕਾਂਤ ਸਮਾਧੀ ਵਿੱਚ ਕੋਈ ਪਰਲੋਕ ਦਾ ਸੁਨੇਹਾ ਵੀ ਸੁਣ ਰਿਹਾ ਹੈਂ?

ਕਵੀ ਨੇ ਕਿਹਾ 'ਹਾਂ' ਸ਼ਾਮ ਤਾਂ ਹੋ ਗਈ ਹੈ ਪਰ ਮੈਂ ਸਿਰਫ਼ ਇਸ ਉਡੀਕ ਵਿੱਚ ਬੈਠਾ ਹਾਂ ਕਿ ਕੋਈ ਇਸ ਸਮੇਂ ਭੀ ਪਿੰਡੋਂ ਇਧਰ ਨੂੰ ਆਵੇ।'

'ਮੈਂ ਇਸ ਭਾਲ ਵਿੱਚ ਹਾਂ ਕਿ ਕਿਤੇ ਕੋਈ ਦੋ ਵਿਛੜੇ ਹੋਏ ਨੌ-ਜੁਆਨ ਪ੍ਰੇਮੀ ਦਿਲਾਂ ਦਾ ਕਿਤੇ ਮੇਲ ਹੋ ਜਾਵੇ ਤੇ ਉਨ੍ਹਾਂ ਦੋਹਾਂ ਦੇ ਲਾਲਸਾ-ਭਰੇ ਨੈਣ ਮੈਥੋਂ ਜਾਚਨਾ ਕਰਨ ਕਿ ਮੈਂ ਆਪਣੇ ਸੰਗੀਤ ਨਾਲ ਉਨ੍ਹਾਂ ਦੀ ਖਾਮੋਸ਼ੀ ਨੂੰ ਤੋੜਾਂ।'

ਜੇਕਰ ਮੈਂ ਜ਼ਿੰਦਗੀ ਤੋਂ ਉਪਰਾਮ ਹੋ ਕੇ ਮੌਤ ਅਤੇ ਪਰਲੋਕ ਦਾ ਫ਼ਿਕਰ ਕਰਨ ਲੱਗ ਪਵਾਂ ਤਾਂ ਉਨ੍ਹਾਂ ਲਈ ਪ੍ਰੇਮ-ਉਪਜਾਊ ਇਹ ਮਸਤਾਨਾ ਰਾਗਨੀ ਕੌਣ ਛੇੜੇਗਾ।'

'ਸ਼ਾਮ ਦਾ ਸਤਾਰਾ ਗ਼ਾਇਬ ਹੋ ਰਿਹਾ ਹੈ।'

'ਚਿੰਤਾ ਦੀ ਲਾਟ ਖਾਮੋਸ਼ ਨਦੀ ਦੇ ਕੰਢੇ ਹੌਲੀ ਹੌਲੀ ਬੁਝ ਰਹੀ ਹੈ।'

'ਧੁੰਦਲੇ ਚੰਨ ਦੀ ਚਾਨਣੀ ਵਿਚ ਗਿੱਦੜ ਅਵਾਜ਼ਾਂ ਮੇਲ ਮੇਲਕੇ ਉਜੜੇ ਥੇਹਾਂ ਤੇ ਚਿੱਲਾ ਰਹੇ ਹਨ।'

ਜੇਕਰ ਕੋਈ ਅਵਾਰਾ ਮੁਸਾਫ਼ਰ ਇਸ ਵੇਲੇ ਆਪਣਾ ਘਰ ਛੱਡਕੇ ਰਾਤ ਦੀ ਖ਼ੁਸ਼ੀ ਲੈਣ ਲਈ ਆਵੇ ਤੇਂ ਸਿਰ ਨਿਵਾ ਕੇ ਸੁੰਨਸਾਨ ਅੰਧੇਰੇ ਦੀ ਭਿਆਨਕ ਅਵਾਜ਼ ਸੁਣਨ ਲੱਗੇ। ਜੇਕਰ ਉਸ ਵੇਲੇ ਮੈਂ - ਆਪਣਾ ਦਰਵਾਜ਼ਾ ਬੰਦ ਕਰਕੇ ਦੁਨਿਆਵੀ ਜੰਜਾਲਾਂ ਤੋਂ ਛੁਟਕਾਰਾ ਪਾਉਣ ਦੇ ਜਤਨਾਂ ਵਿਚ ਲਗ ਜਾਵਾਂ ਤਾਂ ਉਸ ਦੇ ਕੰਨਾਂ ਵਿਚ ਜ਼ਿੰਦਗੀ ਦਾ ਰਾਜ਼ ਕੌਣ ਦੱਸੇਗਾ?'

'ਇਹ ਇਕ ਮਾਮੂਲੀ ਗੱਲ ਹੈ ਕਿ ਮੇਰੇ ਵਾਲ ਸਫ਼ੈਦ ਹੋ ਰਹੇ ਹਨ।'

'ਮੈਂ ਹਮੇਸ਼ਾਂ ਇਸ ਪਿੰਡ ਦੇ ਬੱਚਿਆਂ ਵਾਂਙ ਬੱਚਾ ਤੇ ਬਿਰਧਾਂ ਵਾਂਙ ਬਿਰਧ ਰਹਿੰਦਾ ਹਾਂ, ਉਨ੍ਹਾਂ ਵਿਚੋਂ ਕਿਸੇ ਦੇ ਚੇਹਰੇ ਤੇ ਭੋਲੀ ਤੇ ਮਿੱਠੀ ਮੁਸਕ੍ਰਾਹਟ ਹੈ ਤੇ ਕਿਸੇ ਦੀਆਂ ਅੱਖੀਆਂ ਵਿੱਚ ਸਿਆਣਪ-ਭਰੀ ਚਮਕ।'

ਕਿਸੇ ਦੇ ਦਿਨ ਦੇ ਚਾਨਣ ਵਿੱਚ ਨਿਕਲੇ ਹੰਝੂ ਹਨ ਤੇ ਕਿਸੇ ਦੇ ਹੰਝੂ ਅੰਧੇਰੇ ਵਿਚ ਗੁੰਮ ਹਨ।

ਪਰ ਸਾਰਿਆਂ ਨੂੰ ਮੇਰੀ ਜ਼ਰੂਰਤ ਹੈ। ਇਸ ਲਈ ਮੇਰੇ ਕੋਲ ਪਰਲੋਕ ਦੀ ਚਿੰਤਾ ਕਰਨ ਲਈ ਕੋਈ ਸਮਾਂ ਨਹੀਂ ਹੈ।'

'ਮੈਂ ਹਰ ਇਕ ਦਾ ਹਮ-ਉਮਰ ਹਾਂ।

ਜੇਕਰ ਮੇਰੇ ਵਾਲ ਚਿਟੇ ਹੋ ਗਏ, ਤਾਂ ਕੀ ਹੋਇਆ?'

੩

ਸਵੇਰੇ ਸਵੇਰੇ ਮੈਂ ਆਪਣਾ ਜਾਲ ਸਮੁੰਦਰ ਵਿਚ ਸੁਟਿਆ। ਅੰਧੇਰੇ ਭਰੀ ਗ਼ਾਰ ਵਿਚੋਂ ਮੈਂ ਕਈ ਅਜੀਬ ਸੁੰਦਰ ਚੀਜ਼ਾਂ ਕੱਢੀਆਂ, ਕੁਝ ਮੁਸਕ੍ਰਾਹਟ ਵਾਂਙ ਲਿਸ਼ਕ ਰਹੀਆਂ ਸਨ, ਕੁਝ ਹੰਝੂਆਂ ਵਾਂਙ ਚਮਕਦੀਆਂ ਪਈਆਂ ਸਨ ਤੇ ਕੁਝ ਨਵੀਂ ਆਈ ਵਹੁਟੀ ਦਿਆਂ ਗੁਲਾਬੀ ਕਪੋਲਾਂ ਵਾਂਙ ਲਾਲ ਲਾਲ ਸਨ।

ਜਦੋਂ ਮੈਂ ਦਿਨ-ਭਰ ਦੀ ਕਮਾਈ ਲੈ ਕੇ ਘਰ ਪੁਜਿਆ। ਉਸ

ਸਮੇਂ ਮੇਰੀ ਪ੍ਰਾਣ ਪਿਆਰੀ ਬਗੀਚੀ ਵਿੱਚ ਬੈਠੀ ਫੁੱਲਾਂ ਦੀਆਂ ਪੰਖੜੀਆਂ ਤੋੜ ਤੋੜ ਕੇ ਆਪਣਾ ਦਿਲ ਰੀਝਾ ਰਹੀ ਸੀ।

ਮੈਂ ਕੁਝ ਚਿਰ ਲਈ ਠਠੰਬਰ ਗਿਆ ਤੇ ਜੋ ਕੁਝ ਲਿਆਂਦਾ ਸੀ, ਉਸਦੇ ਕਦਮਾਂ ਵਿਚ ਰਖ ਕੇ ਖਾਮੋਸ਼ ਖੜਾ ਹੋ ਗਿਆ। ਉਸਨੇ ਇਨ੍ਹਾਂ ਚੀਜ਼ਾਂ ਉੱਤੇ ਸਰਸਰੀ ਨਜ਼ਰ ਫੇਰਕੇ ਆਖਿਆ, 'ਇਹ ਅਜਬ ਸ਼ੈਆਂ ਕੀ ਹਨ? ਮੈਂ ਇਨ੍ਹਾਂ ਨੂੰ ਕੀ ਕਰਾਂਗੀ?'

ਮੈਂ ਸ਼ਰਮ ਨਾਲ ਸਿਰ ਨੀਵਾਂ ਕਰ ਲਿਆ ਤੇ ਦਿਲ ਹੀ ਦਿਲ ਵਿਚ ਸੋਚਿਆ, 'ਮੈਂ ਇਨ੍ਹਾਂ ਚੀਜ਼ਾਂ ਲਈ ਕੋਈ ਜਦੋਜਹਿਦ ਨਹੀਂ ਕੀਤੀ ਤੇ ਨਾ ਹੀ ਮੈਂ ਇਨ੍ਹਾਂ ਨੂੰ ਬਜ਼ਾਰੋਂ ਪੈਸੇ ਦੇ ਕੇ ਮੁਲ ਖਰੀਦਿਆ ਹੈ। ਇਸ ਲਈ ਇਹ ਪ੍ਰੇਮਿਕਾ ਲਈ ਕੋਈ ਚੰਗੀਆਂ ਸੁਗਾਤਾਂ ਨਹੀਂ ਹਨ।'

ਫਿਰ ਮੈਂ ਸਾਰੀ ਰਾਤ ਵਿਚ ਇਕ ਇਕ ਕਰਕੇ ਉਨ੍ਹਾਂ ਚੀਜ਼ਾਂ ਨੂੰ ਗਲੀ ਵਿੱਚ ਇਧਰ ਉਧਰ ਖਿੰਡਾ ਦਿੱਤਾ, ਪ੍ਰਭਾਤ ਵੇਲੇ ਮੁਸਾਫਰ ਆਏ, ਉਹ ਇਨ੍ਹਾਂ ਨੂੰ ਚੁੱਕ ਕੇ ਕਿਤੇ ਦੂਰ ਦੂਰ ਦੇ ਦੇਸਾਂ ਨੂੰ ਲੈ ਗਏ।

੪

ਹਾਇ ਰੱਬਾ ! ਉਨ੍ਹਾਂ ਨੇ ਮੇਰਾ ਘਰ ਸ਼ਹਿਰ ਦੀ ਬਜ਼ਾਰ ਵਾਲੀ ਸੜਕ ਉਤੇ ਕਿਉਂ ਬਣਾਇਆ?

ਉਹ ਆਪਣੀਆਂ ਭਰੀਆਂ ਬੇੜੀਆਂ ਮੇਰੇ ਹੀ ਬਿਰਛਾਂ ਪਾਸ ਬੰਨ੍ਹਦੀਆਂ ਹਨ।

ਉਹ ਆਪਣੀ ਮਰਜ਼ੀ ਮੁਤਾਬਕ ਆਉਂਦੀਆਂ ਜਾਂਦੀਆਂ ਹਨ ਤੇ ਸੁਤੰਤਰ ਘੁੰਮਦੀਆਂ ਫਿਰਦੀਆਂ ਰਹਿੰਦੀਆਂ ਹਨ।

'ਮੈਂ ਬੈਠਾ ਬੈਠਾ ਉਨ੍ਹਾਂ ਨੂੰ ਵੇਖਦਾ ਰਹਿੰਦਾ ਹਾਂ ਤੇ ਮੇਰਾ ਸਮਾਂ ਬਿਤੀਤ ਹੋ ਜਾਂਦਾ ਹੈ, ਮੈਂ ਉਨ੍ਹਾਂ ਨੂੰ ਇਥੋਂ ਹਟਾ ਵੀ ਨਹੀਂ ਸਕਦਾ, ਇਸ ਤਰ੍ਹਾਂ ਮੇਰੇ ਦਿਨ ਲੰਘੀ ਜਾਂਦੇ ਹਨ।

ਉਨ੍ਹਾਂ ਦੇ ਕਦਮਾਂ ਦੀ ਅਵਾਜ਼ ਰਾਤ ਦਿਨ ਮੇਰੇ ਦਰਵਾਜ਼ੇ ਤੇ ਸੁਣਾਈ ਦਿੰਦੀ ਹੈ, ਮੈਂ ਬਿਅਰਥ ਹੀ ਚਿੱਲਾਉਂਦਾ ਹਾਂ, 'ਮੈਂ ਤੁਹਾਨੂੰ ਜਾਣਦਾ ਨਹੀਂ ਹਾਂ।'

'ਉਨ੍ਹਾਂ ਵਿਚੋਂ ਕੁਝ ਮੇਰੀਆਂ ਉਂਗਲੀਆਂ ਨੂੰ ਪਹਿਚਾਨਦੀਆਂ ਤੇ ਕੁਝ ਮੇਰੀ ਨਾਸਕਾ ਨੂੰ। ਮੇਰੀਆਂ ਨਾੜਾਂ ਵਿੱਚ ਚਲਦਾ ਖ਼ੂਨ ਵੀ ਉਨ੍ਹਾਂ ਦਾ ਜਾਣੂ ਮਾਲੂਮ ਦੇਂਦਾ ਹੈ ਤੇ ਕੁਝ ਮੇਰੇ ਸੁਪਨਿਆਂ ਤੋਂ ਵੀ ਵਾਕਫ ਹਨ। ਮੈਂ ਉਨ੍ਹਾਂ ਨੂੰ ਹਟਾ ਨਹੀਂ ਸਕਦਾ। ਮੈਂ ਉਨ੍ਹਾਂ ਨੂੰ ਬੁਲਾਉਂਦਾ ਹਾਂ ਤੇ ਕਹਿੰਦਾ ਹਾਂ, 'ਜਿਸਦੀ ਮਰਜ਼ੀ ਹੋਵੇ ਮੇਰੇ ਘਰ ਆਵੇ, ਜ਼ਰੂਰ ਆਵੇ।'

ਪ੍ਰਭਾਤ ਵੇਲੇ ਮੰਦਰ ਵਿੱਚ ਘੰਟੀ ਵਜਦੀ ਹੈ। ਉਹ ਆਪਣੀਆਂ ਆਪਣੀਆਂ ਚੰਗੇਰਾਂ ਹੱਥ ਵਿੱਚ ਲੈ ਕੇ ਆਉਂਦੀਆਂ ਹਨ। ਉਨ੍ਹਾਂ ਦੇ ਪੈਰ ਗੁਲਾਬ ਵਾਂਙ ਲਾਲ ਹਨ ਤੇ ਉਨ੍ਹਾਂ ਦੇ ਚਿਹਰਿਆਂ ਤੇ ਪ੍ਰਭਾਤ ਦੀ ਲਾਲੀ ਲਿਸ਼ਕਦੀ ਹੈ। ਮੈਂ ਉਨ੍ਹਾਂ ਨੂੰ ਹਟਾ ਨਹੀਂ ਸਕਦਾ। ਸਗੋਂ ਖ਼ੁਦ ਸੱਦਦਾ ਹਾਂ ਤੇ ਕਹਿੰਦਾ ਹਾਂ -

'ਫੁਲ ਤੋੜਨ ਲਈ ਮੇਰੀ ਬਗ਼ੀਚੀ ਵਿੱਚ ਆਓ, ਜ਼ਰੂਰ ਇਥੇ ਆਓ।'

ਦੁਪਹਿਰ ਵੇਲੇ ਰਾਜਦੁਆਰ ਤੇ ਘੰਟਾ ਵਜਦਾ ਹੈ।

ਮੈਂ ਨਹੀਂ ਜਾਣਦਾ, ਉਹ ਕਿਉਂ ਆਪਣੇ ਸਾਰੇ ਕੰਮ ਛੱਡ ਕੇ ਮੇਰੇ ਹੀ ਕੁੰਜ ਪਾਸ ਦੇਰ ਤਕ ਬੈਠੀਆਂ ਰਹਿੰਦੀਆਂ ਹਨ। ਉਨ੍ਹਾਂ ਦੇ ਕੇਸਾਂ ਵਿੱਚ ਟੰਗੇ ਫੁੱਲ, ਪੀਲੇ ਪੈ ਕੇ ਮੁਰਝਾ ਗਏ ਹਨ ਤੇ ਉਨ੍ਹਾਂ ਦੀ ਬੰਸਰੀ ਦੀ ਅਵਾਜ਼ ਮੱਧਮ ਪੈ ਗਈ ਹੈ।

ਮੈਂ ਉਨ੍ਹਾਂ ਨੂੰ ਹਟਾ ਨਹੀਂ ਸਕਦਾ। ਮੈਂ ਉਨ੍ਹਾਂ ਨੂੰ ਬੁਲਾਉਂਦਾ ਤੇ ਕਹਿੰਦਾ ਹਾਂ 'ਮੇਰੇ ਬਿਰਛਾਂ ਹੇਠ ਬੜੀ ਠੰਢੀ ਛਾਂ ਹੈ। ਸਖੀਓ ! ਆਓ।'

ਰਾਤ ਵੇਲੇ ਜੰਗਲ ਵਿੱਚ ਬੀਂਡੇ ਬੋਲਦੇ ਪਏ ਹਨ, ਹੈਂ ! ਇਹ ਕੌਣ ਹੈ, ਜੋ ਹੌਲੀ ਹੌਲੀ ਮੇਰੇ ਦਰਵਾਜ਼ੇ ਤੇ ਆ ਕੇ ਧੀਰੇ ਧੀਰੇ ਕੁੰਡਾ ਖੜਕਾਂਦਾ ਹੈ। ਮੈਂ ਉਸਦਾ ਅਸਪਸ਼ਟ ਚਿਹਰਾ ਤੱਕਿਆ। ਅਸੀਂ ਦੋਵੇਂ ਖਾਮੋਸ਼ ਰਹੇ ਤੇ ਚਹੁੰਈਂ ਪਾਸੀਂ ਸੁੰਨਸਾਨ ਛਾਈ ਰਹੀ।

ਮੈਂ ਆਪਣੇ ਖਾਮੋਸ਼ ਮਿਹਮਾਨ ਨੂੰ ਮੋੜ ਨਹੀਂ ਸਕਦਾ ਸਾਂ। ਮੈਂ ਅੰਧੇਰੇ ਵਿਚ ਉਸ ਦਾ ਚਿਹਰਾ ਤੱਕਿਆ ਤੇ ਇਸ ਤਰ੍ਹਾਂ ਇਹ ਸੁਪਨ-ਘੜੀਆਂ ਗੁਜ਼ਰਦੀਆਂ ਗਈਆਂ।

੫

ਮੈਂ ਬੇਚੈਨ ਹਾਂ। ਮੈਂ ਦੂਰ ਦੀਆਂ ਚੀਜ਼ਾਂ ਲਈ ਪਿਆਸਾ ਹਾਂ। ਮੇਰੀ ਆਤਮਾ ਅਸਪਸ਼ਟ ਭਵਿਸ਼ਤ ਦਾ ਦਾਮਨ ਛੁਹਣ ਲਈ ਬਿਹਬਲਤਾ ਨਾਲ ਤੜਪ ਰਹੀ ਹੈ।

ਓ ਮਹਾਨ ਭਵਿਸ਼ਤ ! ਤੇਰੀ ਬੰਸਰੀ ਦਾ ਤ੍ਰਿਖਾ ਸੱਦਾ ! ਮੈਂ ਭੁੱਲ ਜਾਂਦਾ ਹਾਂ, ਹਮੇਸ਼ਾਂ ਹੀ ਭੁੱਲ ਜਾਂਦਾ ਹਾਂ ਕਿ ਮੇਰੇ ਕੋਲ ਉਡਣ ਲਈ ਖੰਭ ਨਹੀਂ ਹਨ। ਮੈਂ ਹਮੇਸ਼ਾਂ ਲਈ ਇਸ ਥਾਂ ਦਾ ਕੈਦੀ ਹਾਂ।

ਮੈਂ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹਾਂ ਕਿ ਮੈਂ ਇਸ ਅਜਨਬੀ ਧਰਤੀ ਤੇ ਪਰਦੇਸੀ ਹਾਂ।

ਤੇਰਾ ਸੁਾਸ (ਵਾਯੂ) ਅਸੰਭਵ ਜੇਹੀ ਆਸ ਦੇ ਘੋਰਮਸੋਰੇ ਕਰਦਾ ਮੇਰੇ ਤਕ ਆਉਂਦਾ ਹੈ।

ਮੇਰਾ ਦਿਲ ਤੇਰੀ ਬੋਲੀ ਪਛਾਣਦਾ ਹੈ ਜਿਸ ਤਰ੍ਹਾਂ ਕਿ ਇਹ ਆਪਣੀ।

ਓ ਅਦ੍ਰਿਸ਼ਟ ਅਗੋਚਰ ! ਆਹਾ ! ਤੇਰੀ ਬੰਸਰੀ ਦੀ ਤ੍ਰਿਖੀ ਧੁਨ।

ਮੈਂ ਭੁਲ ਜਾਂਦਾ ਹਾਂ, ਹਮੇਸ਼ਾਂ ਭੁੱਲ ਜਾਂਦਾ ਹਾਂ, ਮੈਂ ਤੇਰਾ ਮਾਰਗ ਨਹੀਂ ਜਾਣਦਾ ਤੇ ਨਾ ਹੀ ਮੇਰੇ ਪਾਸ ਖੰਭਾਂ ਵਾਲਾ ਘੋੜਾ ਹੈ।

ਮੈਂ ਕਾਹਲਾ ਹੋ ਰਿਹਾ ਹਾਂ। ਮੈਂ ਆਪਣੇ ਦਿਲ ਵਿਚ ਹੀ ਭਟਕਦਾ ਫਿਰਦਾ ਹਾਂ।

ਉਦਾਸ ਸਮੇਂ ਦੀ ਤ੍ਰਿਖੀ ਧੁੱਪ ਵਿਚ ਤੇਰੀ ਵਿਸ਼ਾਲ ਦ੍ਰਿਸ਼ਟੀ ਅਸਮਾਨ ਦੀ ਨੀਲੱਤਣ ਵਿਚ ਕੈਸੇ ਕੈਸੇ ਰੂਪ ਧਾਰਣ ਕਰਦੀ ਹੈ! ਓ ਬੇਅੰਤ ! ਆਹਾ! ਤੇਰੀ ਬੰਸਰੀ ਦਾ ਤ੍ਰਿਖਾ ਸੱਦਾ!

ਮੈਂ ਭੁੱਲ ਜਾਂਦਾ ਹਾਂ, ਮੈਂ ਬਾਰ ਬਾਰ ਭੁੱਲ ਜਾਂਦਾ ਹਾਂ ਕਿ ਜਿਸ ਘਰ ਵਿਚ ਮੈਂ ਇਕੱਲਾ ਰਹਿੰਦਾ ਪਿਆ ਹਾਂ, ਇਸ ਦੇ ਸਭ ਦਰਵਾਜ਼ੇ ਬੰਦ ਹਨ।

੬

ਇਕ ਪਾਲਤੂ ਪੰਛੀ ਪਿੰਜਰੇ ਵਿੱਚ ਸੀ ਤੇ ਇਕ ਸੁਤੰਤਰ ਪੰਛੀ ਬਣ ਵਿੱਚ; ਕੁਝ ਸਮੇਂ ਪਿਛੋਂ ਉਹ ਦੋਵੇਂ ਮਿਲੇ। ਇਹ ਵੀ ਕਰਮਾਂ ਦੀ ਹੀ ਖੇਡ ਸੀ।

ਸੁਤੰਤਰ ਪੰਛੀ ਬੋਲਿਆ, 'ਮੇਰੇ ਪਿਆਰੇ! ਚਲ ਜੰਗਲ ਨੂੰ ਉਡ ਚਲੀਏ।'

ਕੈਦੀ ਪੰਛੀ ਨੇ ਆਖਿਆ, 'ਤੁਸੀਂ ਹੀ ਨ ਇਥੇ ਆ ਜਾਓ, ਆਪਾਂ ਦੋਵੇਂ ਪਿੰਜਰੇ ਵਿੱਚ ਇਕੱਠੇ ਰਹਾਂਗੇ।'

'ਪਿੰਜਰੇ ਦੀ ਚਾਰ-ਦਿਵਾਰੀ ਵਿੱਚ ਅਸੀਂ ਆਪਣੇ ਖੰਭ ਕਿਵੇਂ ਫੈਲਾਵਾਂਗੇ?' ਸੁਤੰਤਰ ਪੰਛੀ ਨੇ ਕਿਹਾ।

ਕੈਦੀ ਪੰਛੀ ਨੇ ਜਵਾਬ ਦਿੱਤਾ, ਅਫ਼ਸੋਸ ! ਬਾਹਰ ਅਸਮਾਨ ਵਿੱਚ ਸਾਨੂੰ ਬੈਠਣ ਲਈ ਅੱਡਾ ਕਿਥੇ ਮਿਲੇਗਾ?'

ਸੁਤੰਤਰ ਪੰਛੀ ਨੇ ਕਿਹਾ, 'ਮੇਰੇ ਪਿਆਰੇ ! ਜੰਗਲ ਦੇ ਗੀਤ ਗਾਓ।' ਕੈਦੀ ਪੰਛੀ ਨੇ ਆਖਿਆ, ਤੁਸੀਂ ਮੇਰੇ ਪਾਸ ਬੈਠੋ, ਮੈਂ ਤੁਹਾਨੂੰ ਬੁਧਿਮਾਨਾਂ ਵਾਲੀਆਂ ਗੱਲਾਂ ਸਿਖਾਵਾਂਗਾ।'

'ਨਹੀਂ, ਓ ਨਹੀਂ, ਗੀਤ ਕਦੀ ਸਿਖਾਏ ਨਹੀਂ ਜਾ ਸਕਦੇ।' ਸੁਤੰਤਰ ਪੰਛੀ ਨੇ ਉੱਤਰ ਦਿੱਤਾ।

ਕੈਦੀ ਪੰਛੀ ਬੋਲਿਆ, 'ਹਾਇ ! ਅਫ਼ਸੋਸ ! ਮੈਂ ਜੰਗਲ ਦੇ ਗੀਤ ਨਹੀਂ ਜਾਣਦਾ।'

ਭਾਵੇਂ ਉਨ੍ਹਾਂ ਨੇ ਪਿਆਰ ਵਿੱਚ ਤੀਬਰ ਲੋਚਨਾ ਹੈ ਪਰ ਉਹ ਕਦੀ ਖੰਭ ਨਾਲ ਖੰਭ ਮਿਲਾ ਕੇ ਬਰਾਬਰ ਉੱਡ ਨਹੀਂ ਸਕਦੇ।

ਭਾਵੇਂ ਉਹ ਸੀਖਾਂ ਥਾਣੀਂ ਇਕ ਦੂਜੇ ਵੱਲ ਤੱਕਦੇ ਹਨ, ਪਰ ਉਨ੍ਹਾਂ ਦੀ ਆਪਸ ਵਿਚ ਦੀ ਜਾਣ-ਪਛਾਣ ਫਜ਼ੂਲ ਹੈ।

ਉਹ ਦੋਵੇਂ ਪੀੜਤ ਹੋ ਕੇ ਆਪਣੇ ਖੰਭਾਂ ਨੂੰ ਫੜ-ਫੜਾਉਂਦੇ ਹਨ ਤੇ ਗਾਉਂਦੇ ਹਨ :-

'ਮੇਰੇ ਪਿਆਰੇ ! ਮੇਰੇ ਹੋਰ ਨੇੜੇ ਆਉ।'

ਸੁਤੰਤਰ ਪੰਛੀ ਨੇ ਕਿਹਾ, 'ਇਹ ਨਾਮੁਮਕਿਨ ਹੈ। ਮੈਨੂੰ ਤਾਂ ਪਿੰਜਰੇ ਦੇ ਬੰਦ ਦਰਵਾਜ਼ੇ ਤੋਂ ਡਰ ਆਉਂਦਾ ਹੈ।'

ਕੈਦੀ ਪੰਛੀ ਨੇ ਹੌਲੀ ਜੇਹੀ ਆਖਿਆ, 'ਅਫ਼ਸੋਸ ! ਮੇਰੇ ਤਾਂ ਹੁਣ ਖੰਭ ਹੀ ਸ਼ਕਤੀਹੀਣ ਤੇ ਮੁਰਦਾ ਹੋ ਚੁੱਕੇ ਹਨ।'

੭

ਮਾਂ ! ਅੱਜ ਸਵੇਰੇ ਰਾਜਕੁਮਾਰ ਸਾਡੇ ਦਰਵਾਜ਼ੇ ਪਾਸ ਦੀ ਲੰਘਣਗ, ਮੈਂ ਘਰ ਦਾ ਕੰਮ ਕਿਵੇਂ ਕਰਾਂ?

ਮੈਨੂੰ ਦੱਸੋ, ਮੈਂ ਆਪਣੇ ਕੇਸ ਕਿਸ ਤਰ੍ਹਾਂ ਸੰਵਾਰਾਂ ਤੇ ਕਿਹੜੇ ਬਸਤਰ ਪਹਿਨਾਂ। ਤੂੰ ਮੇਰੇ ਵੱਲ ਹੈਰਾਨੀ ਨਾਲ ਕਿਉਂ ਤੱਕ ਰਹੀ ਹੈਂ ਮਾਂ !

ਮੈਂ ਚੰਗੀ ਤਰ੍ਹਾਂ ਜਾਣਦੀ ਹਾਂ, ਉਹ ਇਕ ਵਾਰ ਭੀ ਮੇਰੀ ਬਾਰੀ ਵੱਲ ਨਜ਼ਰ ਭਰ ਕੇ ਨਹੀਂ ਤੱਕਣਗੇ। ਮੈਨੂੰ ਪਤਾ ਹੈ ਕਿ ਇਹ ਇਕ ਛਿਨ ਵਿੱਚ ਹੀ ਮੇਰੀ ਨਜ਼ਰ ਤੋਂ ਉਹਲੇ ਹੋ ਜਾਣਗੇ ਤੇ ਮੈਨੂੰ ਕੇਵਲ ਉਨ੍ਹਾਂ ਦੀ ਹਰ ਛਿਨ ਮੱਧਮ ਪੈ ਰਹੀ ਬੰਸਰੀ ਦੀ ਆਵਾਜ਼ ਹੀ ਸਿਸਕੀਆਂ ਲੈਂਦੀ ਦੂਰੋਂ ਸੁਣਾਈ ਦੇਵੇਗੀ।

ਪਰ, ਜਦੋਂ ਰਾਜਕੁਮਾਰ ਸਾਡੇ ਦਰ ਕੋਲ ਦੀ ਲੰਘਣਗੇ। ਮੈਂ ਉਸੇ ਸਮੇਂ ਸਭ ਤੋਂ ਸੁੰਦਰ ਕਪੜੇ ਪਹਿਨਾਂਗੀ।

ਮਾਂ! ਜਦੋਂ ਨੌਜੁਆਨ ਰਾਜਕੁਮਾਰ ਸਾਡੇ ਦਰਵਾਜ਼ੇ ਕੋਲ ਦੀ ਲੰਘੇ ਸਨ, ਉਸ ਵੇਲੇ ਪ੍ਰਭਾਤ ਦੇ ਸੂਰਜ ਦੀਆਂ ਕਿਰਣਾਂ ਉਨ੍ਹਾਂ ਦੇ ਰਥ ਤੇ ਝਿਲਮਿਲਾ ਰਹੀਆਂ ਸਨ।

ਮੈਂ ਆਪਣੇ ਮੂੰਹ ਤੋਂ ਘੁੰਡ ਹਟਾ ਦਿੱਤਾ। ਤੇ ਆਪਣਾ ਹਾਰ ਗਲੇ ਤੋਂ ਲਾਹ ਕੇ ਉਨ੍ਹਾਂ ਦੇ ਰਸਤੇ ਵਿਚ ਸੁੱਟ ਦਿੱਤਾ।

'ਹੈਂ ! ਤੂੰ ਮੇਰੇ ਵੱਲ ਹੈਰਾਨੀ ਨਾਲ ਕਿਉਂ ਤੱਕ ਰਹੀ ਹੈਂ ਮਾਂ!'

ਮੈਂ ਚੰਗੀ ਤਰ੍ਹਾਂ ਜਾਣਦੀ ਹਾਂ ਕਿ ਉਨ੍ਹਾਂ ਮੇਰਾ ਹਾਰ ਚੁਕਿਆ ਨਹੀਂ। ਮੈਨੂੰ ਇਹ ਵੀ ਪਤਾ ਹੈ ਕਿ ਉਹ ਪਹੀਆਂ ਹੇਠ ਆ ਕੇ ਚੂਰ ਚੂਰ ਹੋ ਗਿਆ ਤੇ ਉਸ ਜਗ੍ਹਾ ਧੂੜੀ ਵਿਚ ਕੇਵਲ ਲਾਲ ਜੇਹਾ ਨਿਸ਼ਾਨ ਬਾਕੀ ਹੈ! ਇਹ ਭੀ ਤਾਂ ਕਿਸੇ ਨੂੰ ਪਤਾ ਨਹੀਂ ਕਿ ਮੇਰੀ ਭੇਟਾ ਕੀਹਦੇ ਲਈ ਤੇ ਕੀ ਸੀ!

ਪਰ ਉਹ ਨਵਯੁਵਕ ਰਾਜਕੁਮਾਰ ਸਾਡੇ ਦਰਵਾਜ਼ੇ ਕੋਲ ਦੀ ਲੰਘੇ। ਮੈਂ ਆਪਣਾ ਰਤਨਾਂ ਦਾ ਹਾਰ ਹਿੱਕ ਤੋਂ ਲਾਹ ਕੇ ਉਨ੍ਹਾਂ ਦੇ ਰਾਹ ਵਿੱਚ ਸੁੱਟ ਤਾਂ ਦਿੱਤਾ।

ਜਦੋਂ ਮੇਰੇ ਸਿਰਹਾਣੇ ਦਾ ਦੀਵਾ ਝਿਲ-ਮਿਲਾਕੇ ਬੁਝ ਗਿਆ ਮੈਂ ਸਵੇਰ ਦੇ ਪੰਛੀਆਂ ਦੇ ਨਾਲ ਹੀ ਜਾਗ ਪਈ।

ਮੈਂ ਇਕ ਸੱਜਰੇ ਫੁੱਲਾਂ ਦਾ ਹਾਰ ਆਪਣੇ ਖੁਲ੍ਹੇ ਕੇਸਾਂ ਤੇ ਸਜਾ ਕੇ ਖੁਲ੍ਹੀ ਬਾਰੀ ਵਿਚ ਆ ਬੈਠੀ।

ਨਵਯੁਵਕ ਪਾਂਧੀ ਉਸ਼ਾ ਦੀ ਲਾਲੀ ਦੇ ਗੁਲਾਬੀ ਚਾਨਣ ਵਿੱਚ ਲੰਘਿਆ। ਉਸਦੇ ਗਲ ਵਿੱਚ ਮੋਤੀਆਂ ਦਾ ਹਾਰ ਸੀ ਤੇ ਸੂਰਜ ਦੀਆਂ ਕਿਰਣਾਂ ਉਸਦੇ ਮੁਕਟ ਤੇ ਝਿਲਮਿਲਾ ਰਹੀਆਂ ਸਨ। ਉਹ ਮੇਰੇ ਦਰਵਾਜ਼ੇ ਤੇ ਆ ਖਲੋਤਾ ਤੇ ਉਸ ਨੇ ਬੜੇ ਉਤਸ਼ਾਹ ਨਾਲ ਮੈਨੂੰ ਪੁਛਿਆ,

'ਉਹ ਕਿੱਥੇ ਹਨ?'

ਲੱਜਾ ਦੇ ਕਾਰਣ ਮੈਂ ਆਖ ਨ ਸਕੀ 'ਹੇ-ਨਵਯੁਵਕ ਪਾਂਧੀ! ਉਹ ਮੈਂ ਹੀ ਹਾਂ, ਉਹ ਮੈਂ ਹੀ ਹਾਂ।'

ਸ਼ਾਮ ਹੋ ਗਈ ਸੀ ਤੇ ਦੀਵੇ ਅਜੇ ਨਹੀਂ ਜਗੇ ਸਨ।

ਮੈਂ ਛੇਤੀ ਛੇਤੀ ਆਪਣੇ ਕੇਸ ਸੰਵਾਰ ਰਹੀ ਸੀ।

ਨਵਯੁਵਕ ਪਾਂਧੀ ਛਿਪਦੇ ਸੂਰਜ ਦੇ ਧੁੰਦਲੇ ਚਾਨਣ ਵਿੱਚ ਆਪਣੇ ਰਥ ਤੇ ਆਇਆ, ਉਸਦੇ ਘੋੜਿਆਂ ਦੇ ਮੂੰਹ ਵਿਚੋਂ ਝੱਗ ਡਿਗ ਰਹੀ ਸੀ। ਉਸਦੇ ਕਪੜਿਆਂ ਤੇ ਧੂੜ ਪਈ ਹੋਈ ਸੀ।

ਉਹ ਮੇਰੇ ਦਰਵਾਜ਼ੇ ਦੇ ਲਾਗੇ ਉਤਰਿਆ ਤੇ ਮੱਧਮ ਅਵਾਜ਼ ਨਾਲ ਉਸ ਨੇ ਪੁੱਛਿਆ-'ਉਹ ਹਨ ਕਿੱਥੇ?'

ਲੱਜਾ ਦੇ ਕਾਰਣ ਮੈਂ ਕਹਿ ਨ ਸਕੀ 'ਥੱਕੇ ਪਾਂਧੀ ! ਮੈਂ ਹੀ ਉਹ ਹਾਂ।'

ਬਸੰਤ ਰੁਤ ਹੈ, ਰਾਤ ਦਾ ਸਮਾਂ ਹੈ, ਮੇਰੇ ਕਮਰੇ ਵਿੱਚ ਦੀਵਾ ਜਗ ਰਿਹਾ ਹੈ। ਹੌਲੀ ਹੌਲੀ ਦੱਖਣ ਵਲੋਂ ਹਵਾ ਆ ਰਹੀ ਹੈ। ਬਕਵਾਦੀ ਤੋਤਾ ਆਪਣੇ ਪਿੰਜਰੇ ਵਿਚ ਸੁੱਤਾ ਪਿਆ ਹੈ।

ਮੇਰੀ ਚੋਲੀ ਮੋਰ-ਕੰਠ ਵਾਂਙ ਨੀਲੀ ਹੈ। ਮੇਰੇ ਚੁੰਨੀ ਸਬਜ਼ ਘਾਹ ਵਾਂਙ ਹਰੇ ਹਰੇ ਰੰਗ ਦੀ ਹੈ।

ਮੈਂ ਖਿੜਕੀ ਕੋਲ ਭੁਇੰ ਤੇ ਬੈਠੀ ਖਾਲੀ ਘਾਹ ਤੱਕ ਰਹੀ ਹਾਂ। ਰਾਤ-ਭਰ ਅੰਧੇਰੇ ਵਿੱਚ ਬੈਠੀ, ਮੈਂ ਗੁਣਗੁਣਾਉਂਦੀ ਰਹੀ ਹਾਂ।

'ਉਹ ਮੈਂ ਹੀ ਹਾਂ, ਨਿਰਾਸ ਪਾਂਧੀ! ਉਹ ਮੈਂ ਹੀ ਹਾਂ।'

੯

ਜਦੋਂ ਰਾਤ ਵੇਲੇ ਮੈਂ ਇਕੱਲੀ ਪ੍ਰੀਤ-ਸਥਾਨ ਨੂੰ ਜਾਂਦੀ ਹਾਂ, ਤਾਂ ਨ ਤਾਂ ਪੰਛੀ ਹੀ ਗੀਤ ਗਾਉਂਦੇ ਹਨ ਤੇ ਨਾ ਹੀ ਪੌਣ ਵਗਦੀ ਹੈ। ਗਲੀ ਦੇ ਦੋਹੀਂ ਪਾਸੀਂ ਮਕਾਨ ਕਤਾਰਾਂ ਬੰਨ੍ਹੀ ਚੁਪ-ਚਾਪ ਖੜੋਤੇ ਹਨ।

ਇਹ ਮੇਰੇ ਹੀ ਪੈਰਾਂ ਦੀਆਂ ਝਾਂਜਰਾਂ ਹਨ ਜੋ ਹਰ ਕਦਮ ਤੇ ਜ਼ੋਰ ਨਾਲ ਛਣਕ ਰਹੀਆਂ ਹਨ। ਮੈਂ ਸ਼ਰਮ ਨਾਲ ਦਬੀ ਦਬੀ ਜਾਂਦੀ ਹਾਂ।

ਜਦੋਂ ਮੈਂ ਆਪਣੇ ਛੱਜੇ ਤੇ ਬਹਿ ਕੇ ਉਨ੍ਹਾਂ ਦੇ ਪੈਰਾਂ ਦੀ ਅਵਾਜ਼ ਸੁਣਨ ਲਈ ਚੇਸ਼ਟਾ ਕਰਦੀ ਹਾਂ, ਉਸ ਵੇਲੇ ਬ੍ਰਿਛਾਂ ਦੇ ਪੱਤੇ ਰੁਕ ਜਾਂਦੇ ਹਨ ਤੇ ਸੁੱਤੇ ਸੂਰਮੇ ਦੇ ਗੋਡਿਆਂ ਪਾਸ ਪਈ ਤਲਵਾਰ ਵਾਂਙ ਨਦੀ ਦਾ ਪਾਣੀ ਵੀ ਖ਼ਾਮੋਸ਼ ਹੋ ਜਾਂਦਾ ਹੈ।

ਇਹ ਮੇਰਾ ਹੀ ਆਪਣਾ ਦਿਲ ਹੈ ਜੋ ਜ਼ੋਰ ਨਾਲ ਧੜਕਣ ਲਗ ਪੈਂਦਾ ਹੈ। ਮੈਂ ਨਹੀਂ ਜਾਣਦੀ ਕਿ ਮੈਂ ਇਸਨੂੰ ਕਿਸ ਤਰ੍ਹਾਂ ਚੁਪ ਕਰਾਵਾਂ?

ਜਦੋਂ ਮੇਰੇ ਮਹਿਬੂਬ ਮੇਰੇ ਪਾਸ ਆ ਬੈਠਦੇ ਹਨ ਤਾਂ ਮੇਰੀ ਦੇਹੀ ਕੰਬ ਉਠਦੀ ਹੈ ਤੇ ਨੈਣਾਂ ਦੀਆਂ ਪਲਕਾਂ ਹੇਠ ਨੂੰ ਝੁਕ ਜਾਂਦੀਆਂ ਹਨ, ਰਾਤ ਕਾਲੀ ਹੈ, ਤੇਜ਼ ਹਵਾ ਦੀਵਾ ਬੁਝਾ ਜਾਂਦੀ ਹੈ ਤੇ ਸਤਾਰਿਆਂ ਨੂੰ ਸਾਵਣ ਦੇ ਮੇਘ ਢੱਕ ਲੈਂਦੇ ਹਨ।

ਇਹ ਹੀ ਮੇਰੇ ਸੀਨੇ ਤੇ ਦਮਕਦਾ ਹੀਰਾ ਹੈ, ਜੋ ਚਮਕ ਚਮਕ ਕੇ ਚਾਨਣ ਜੇਹਾ ਕਰਦਾ ਹੈ! ਮੈਂ ਇਸ ਨੂੰ ਕਿਵੇਂ ਛੁਪਾਵਾਂ?

੧੦

ਬਹੂ ! ਹੁਣ ਆਪਣਾ ਕੰਮ-ਕਾਜ ਰਹਿਣ ਦੇ। ਸੁਣ, ਪ੍ਰਾਹੁਣਾ ਆ ਗਿਆ ਹੈ। ਕੀ ਤੂੰ ਸੁਣਦੀ ਹੈਂ, ਉਹ ਹੌਲੀ ਹੌਲੀ ਦਰਵਾਜ਼ੇ ਦੀ ਕੁੰਡੀ ਖੜਕਾ ਰਿਹਾ ਹੈ।

ਦੇਖੀਂ, ਤੇਰੇ ਪੈਰਾਂ ਦੀਆਂ ਝਾਂਜਰਾਂ ਜ਼ੋਰ ਨਾਲ ਨ ਵੱਜ ਉੱਠਣ, ਉਸਨੂੰ ਮਿਲਣ ਲਈ ਤੇਰੇ ਪੈਰ ਕਿਤੇ ਬਹੁਤੀ ਕਾਹਲੀ ਨ ਕਰ ਬੈਠਣ।

ਬਹੂ ! ਹੁਣ ਕੰਮ ਧੰਦਾ ਰਹਿਣ ਦੇ। ਸ਼ਾਮ ਦਾ ਵੇਲਾ ਹੈ, ਪ੍ਰਾਹੁਣਾ ਆ ਗਿਆ ਹੈ।

ਬਹੂ ! ਡਰ ਨਾ, ਇਹ ਅਵਾਜ਼ ਭਿਆਨਕ ਅੰਧੇਰੀ ਦੀ ਨਹੀਂ।

ਬਸੰਤ ਦੀ ਰਾਤ ਹੈ। ਪੂਰਾ ਚੰਨ ਚਮਕ ਰਿਹਾ ਹੈ। ਵੇਹੜੇ ਵਿੱਚ ਕੁਛ ਧੁੰਦਲੇ ਜੇਹੇ ਪਰਛਾਵੇਂ ਪੈ ਰਹੇ ਹਨ ਤੇ ਅਕਾਸ਼ ਚਾਨਣ ਨਾਲ ਉੱਜਲ ਹੋਇਆ ਹੋਇਆ ਹੈ।

ਜੇ ਮਰਜ਼ੀ ਹੈ ਤਾਂ ਘੁੰਡ ਕੱਢ ਲੈ। ਜੇ ਡਰ ਲਗਦਾ ਹੈ ਤਾਂ ਆਪਣੇ ਨਾਲ ਦਰਵਾਜ਼ੇ ਤਕ ਦੀਵਾ ਵੀ ਲੈਂਦੀ ਜਾ।

ਇਹ ਅੰਧੇਰੀ ਨਹੀਂ ਹੈ, ਬਹੂ ! ਡਰ ਨਾ।

ਜੇ ਤੈਨੂੰ ਲੱਜਾ ਆਉਂਦੀ ਹੈ, ਤੂੰ ਉਸ ਨਾਲ ਨਾ ਬੋਲੀਂ ਤੇ ਜਦੋਂ ਤੇਰਾ ਉਸ ਨਾਲ ਮੇਲ ਹੋਵੇ ਤਾਂ ਤੂੰ ਦਰਵਾਜ਼ੇ ਦੇ ਇਕ ਪਾਸੇ ਖਲੋ ਜਾਈਂ।

ਜੇ ਉਹ ਤੈਨੂੰ ਕੁਝ ਪੁੱਛੇ ਤੇ ਤੇਰੀ ਮਰਜ਼ੀ ਹੋਵੇ ਤਾਂ ਤੂੰ ਆਪਣੀਆਂ ਅੱਖਾਂ ਚੁਪਚਾਪ ਨੀਵੀਆਂ ਪਾ ਲਈਂ।

ਜਦੋਂ ਤੂੰ ਹੱਥ ਵਿਚ ਦੀਵਾ ਲੈ ਕੇ ਉਸਨੂੰ ਅੰਦਰ ਲਿਆਵੇਂ, ਤਾਂ ਆਪਣੇ ਹੱਥ ਦੇ ਕੰਙਣ ਨੂੰ ਨ ਖੜਕਣ ਦੇਵੀਂ।

ਅਗਰ ਤੈਨੂੰ ਲੱਜਾ ਹੀ ਆਵੇ ਤਾਂ ਤੂੰ ਉਸ ਨਾਲ ਨ ਬੋਲੀਂ !

ਬਹੂ ! ਕੀ ਤੂੰ ਅਜੇ ਆਪਣੇ ਕੰਮ ਖ਼ਤਮ ਨਹੀਂ ਕੀਤੇ? ਤੂੰ ਸੁਣ ! ਪ੍ਰਾਹੁਣਾ ਤਾਂ ਆ ਗਿਆ ਹੈ?

ਕੀ ਅਜੇ ਤਕ ਤੂੰ ਸ਼ਾਮ ਦਾ ਦੀਵਾ ਨਹੀਂ ਜਗਾਇਆ? ਕੀ ਤੂੰ ਅਜੇ ਸੰਧਿਆ ਦੀ ਪੂਜਾ ਲਈ ਥਾਲ ਨਹੀਂ ਸਜਾਇਆ? ਕੀ ਤੂੰ ਅਜੇ ਆਪਣੀ ਮਾਂਗ ਵਿੱਚ ਸੁਹਾਗ ਸੰਧੂਰ ਨਹੀਂ ਲਗਾਇਆ? ਕੀ ਅਜੇ ਤੂੰ ਰਾਤ ਦੇ ਸ਼ਿੰਗਾਰ ਤੋਂ ਵਿਹਲੀ ਨਹੀਂ ਹੋਈ?

ਬਹੂ ! ਕੀ ਤੂੰ ਸੁਣਦੀ ਹੈਂ? ਪ੍ਰਾਹੁਣਾ ਤਾਂ ਆ ਗਿਆ ਹੈ। ਹੁਣ ਇਹ ਕੰਮਕਾਰ ਰਹਿਣ ਦੇ।

ਤੂੰ ਜੈਸੀ ਵੀ ਹੈਂ, ਚਲੀ ਆ, ਸ਼ਿੰਗਾਰ ਵਿੱਚ ਹੁਣ ਦੇਰ ਨ ਲਾ। ਜੇ ਤੇਰੇ ਸਵਾਰੇ ਹੋਏ ਕੇਸਾਂ ਦੀ ਗੁੱਤ ਢਿੱਲੀ ਹੈ, ਤੇਰੀ ਮਾਂਗ ਸਿਧੀ ਨਹੀਂ ਹੈ ਤੇ ਚੋਲੀ ਦੀਆਂ ਤਣੀਆਂ ਨਹੀਂ ਕਸੀਆਂ, ਇਸ ਦਾ ਫ਼ਿਕਰ ਨਾ ਕਰ। ਤੂੰ ਜੇਹੀ ਵੀ ਹੈਂ ਚਲੀ ਆ। ਸ਼ਿੰਗਾਰ ਵਿੱਚ ਹੁਣ ਦੇਰ ਨ ਲਾ। ਤੇਜ਼ ਕਦਮਾਂ ਨਾਲ ਹਰੇ ਹਰੇ ਘਾਹ ਤੇ ਚਲੀ ਆ।

ਜੇ ਤ੍ਰੇਲ ਨਾਲ ਤੇਰੇ ਪੈਰ ਤਿਲਕਦੇ ਹਨ, ਪੈਰਾਂ ਦੇ ਨੂਪਰ ਛੱਲੇ ਢਿਲਕ ਰਹੇ ਹਨ ਤੇ ਹਾਰ ਦੇ ਮੋਤੀ ਕਿਰ ਰਹੇ ਹਨ, ਕੋਈ ਚਿੰਤਾ ਨਾ ਕਰ। ਤੇਜ਼ ਕਦਮਾਂ ਨਾਲ ਹਰੀ ਘਾਹ ਤੇ ਚਲੀ ਆ।

ਕੀ ਤੂੰ ਅਸਮਾਨ ਤੇ ਛਾ ਰਹੇ ਬੱਦਲਾਂ ਵਲ ਤੱਕਦੀ ਹੈਂ? ਨਦੀ ਦੇ ਉਸ ਪਾਰ ਸਾਰਸਾਂ ਦੀਆਂ ਡਾਰਾਂ ਉਠ ਉਠ ਕੇ ਉਡ ਰਹੀਆਂ ਹਨ। ਹਵਾ ਦੇ ਬੁੱਲੇ ਝਾੜੀਦਾਰ ਮੈਦਾਨਾਂ ਵਿਚਦੀ ਵਗ ਰਹੇ ਹਨ।

ਸ਼ੌਂਕੀ ਪਸ਼ੂ ਪਿੰਡ ਵਲ ਨੂੰ ਆਪਣੀਆਂ ਥਾਂਵਾਂ ਨੂੰ ਦੌੜੇ ਆ ਰਹੇ ਹਨ। ਕੀ ਤੂੰ ਅਕਾਸ਼ ਤੇ ਛਾ ਰਹੇ ਬੱਦਲਾਂ ਨੂੰ ਤੱਕ ਰਹੀ ਹੈਂ?

ਤੂੰ ਬਿਅਰਥ ਹੀ ਸ਼ਿੰਗਾਰ ਲਈ ਦੀਵਾ ਜਗਾ ਰਹੀ ਹੈਂ। ਉਹ ਪੌਣ ਦੇ ਵੇਗ ਨਾਲ ਝਿਲਮਿਲਾ ਕੇ ਬਾਰ ਬਾਰ ਬੁਝ ਜਾਂਦਾ ਹੈ।

ਕੌਣ ਜਾਣ ਸਕਦਾ ਹੈ ਕਿ ਤੇਰੀਆਂ ਅੱਖਾਂ ਕੱਜਲ ਨਾਲ ਰੰਗੀਆਂ ਨਹੀਂ ਹੋਈਆਂ? ਤੇਰੇ ਨੈਣ ਤਾਂ ਸਾਂਵਲੇ ਮੇਘਾਂ ਨਾਲੋਂ ਵੀ ਜ਼ਿਆਦਾ ਕਾਲੇ ਹਨ। ਤੂੰ ਬਿਅਰਥ ਹੀ ਸ਼ਿੰਗਾਰ ਲਈ ਦੀਵਾ ਜਗਾਉਂਦੀ ਹੈਂ, ਉਹ ਤਾਂ ਬੁਝ ਬੁਝ ਜਾਂਦਾ ਹੈ। ਤੂੰ ਜੇਹੋ ਜੇਹੀ ਵੀ ਹੈਂ, ਚਲੀ ਆ, ਸ਼ਿੰਗਾਰ ਵਿੱਚ ਦੇਰ ਨ ਲਾ।

ਜੇ ਤੇਰਾ ਫੁੱਲਾਂ ਦਾ ਹਾਰ ਅਜੇ ਗੁੰਦਿਆ ਨਹੀਂ ਗਿਆ, ਕੌਣ ਦੇਖਦਾ ਹੈ, ਅਗਰ ਕਲਾਈ ਦੀ ਗਾਨੀ ਅਜੇ ਨਹੀਂ ਬੱਝੀ, ਕੋਈ ਗੱਲ ਨਹੀਂ, ਇਹ ਰਹਿਣ ਦੇ।

ਅਸਮਾਨ ਬੱਦਲਾਂ ਨਾਲ ਢਕਿਆ ਗਿਆ ਹੈ।

ਹੁਣ ਤਾਂ ਬਹੁਤ ਦੇਰ ਹੋ ਗਈ ਹੈ।

ਤੂੰ ਜੇਹੋ ਜੇਹੀ ਵੀ ਹੈਂ ਚਲੀ ਆ, ਸ਼ਿੰਗਾਰ ਵਿੱਚ ਦੇਰ ਨ ਲਾ।

ਜੇ ਤੁਸੀਂ ਛੇਤੀ ਹੀ ਘੜਾ ਭਰਨਾ ਚਾਹੁੰਦੀ ਹੋ, ਤਾਂ ਆਓ, ਮੇਰੇ ਵਾਲੀ ਝੀਲ ਤੇ ਆਓ।

ਸਦਾ ਪਾਣੀ ਤੁਹਾਡੇ ਪੈਰਾਂ ਨੂੰ ਕਲਿੰਗੜੀ ਪਾ ਕੇ ਤੁਹਾਨੂੰ ਆਪਣਾ ਗੁਪਤ ਭੇਦ ਕਹੇਗਾ।

ਆਉਣ ਵਾਲੀ ਬਾਰਸ਼ ਦੀ ਛਾਇਆ ਰੇਤ ਉਤੇ ਪੈ ਰਹੀ ਹੈ ਤੇ ਬਿਰਛਾਂ ਦੀ ਨੀਲੀ ਕਤਾਰ ਤੇ ਬੱਦਲਾਂ ਦੀ ਘੋਰ ਘਟਾ ਇਸ ਤਰ੍ਹਾਂ ਝੁਕੀ ਹੋਈ ਹੈ, ਜਿਵੇਂ ਤੁਹਾਡੇ ਭਰਵੱਟਿਆਂ ਤੇ ਸੁੰਦਰ ਰੋਮਾਵਲੀ।

ਮੈਂ ਤੁਹਾਡੇ ਪੈਰਾਂ ਦੀ ਅਵਾਜ਼ ਤੋਂ ਚੰਗੀ ਤਰ੍ਹਾਂ ਜਾਣੂ ਹਾਂ ਚੂੰ ਕਿ ਇਹ ਅਵਾਜ਼ਾਂ ਹਰਦਮ ਮੇਰੇ ਦਿਲ ਵਿੱਚ ਗੂੰਜਦੀਆਂ ਰਹਿੰਦੀਆਂ ਹਨ।

ਆਓ, ਮੇਰੀ ਝੀਲ ਤੇ ਆਓ, ਜੇ ਤੁਸਾਂ ਆਪਣਾ ਘੜਾ ਭਰਨਾ ਹੈ, ਆਓ।

ਜੇ ਤੁਸੀਂ ਪਾਣੀ ਵਿੱਚ ਘੜਾ ਛੱਡਕੇ ਮਟਕ ਨਾਲ ਕਿਨਾਰੇ ਤੇ ਬੈਠਣ ਦੀ ਇੱਛਾ ਰਖਦੇ ਹੋ ਤਾਂ ਵੀ ਆਓ, ਮੇਰੀ ਝੀਲ ਤੇ ਆਓ।

ਸਾਡੀ ਝੀਲ ਦੀ ਢਲਾਨ ਹਰੀ ਭਰੀ ਹੈ ਤੇ ਉਥੇ ਅਣਗਿਣਤ ਜੰਗਲੀ ਫੁਲ ਹਨ, ਜਿਸ ਤਰ੍ਹਾਂ ਪੰਛੀ ਆਪਣੇ ਆਹਲਣਿਆਂ ਵਿਚੋਂ ਉਡ ਜਾਂਦੇ ਹਨ ਇਸ ਤਰ੍ਹਾਂ ਤੁਹਾਡੀਆਂ ਸੋਚਾਂ ਤੁਹਾਡੇ ਕਾਲੇ ਨੈਣਾਂ ਤੋਂ ਦੂਰ ਹੋ ਜਾਣਗੀਆਂ।

ਇਥੇ ਤੁਹਾਡੀ ਚੁੰਨੀ ਆਪਣੇ ਆਪ ਸਿਰੋਂ ਖਿਸਕ ਕੇ ਤੁਹਾਡੇ ਪੈਰਾਂ ਦੇ ਡਿਗ ਪਵੇਗੀ।

ਜੇ ਇਸ ਤਰ੍ਹਾਂ ਮੌਜ ਨਾਲ ਹੀ ਬੈਠਣਾ ਹੈ ਤਾਂ ਆਓ, ਮੇਰੀ ਝੀਲ ਤੇ ਆਓ।

ਜੇ ਤੁਸਾਂ ਹੋਰ ਖੇਲ ਕੁੱਦ ਛਡ ਕੇ ਜਲ ਵਿੱਚ ਇਸ਼ਨਾਨ ਹੀ ਕਰਨਾ ਹੈ, ਤਾਂ ਆਓ, ਮੇਰੀ ਝੀਲ ਤੇ ਆਓ।

ਆਪਣੀ ਨੀਲੀ ਚੁੰਨੀ ਉਤਾਰ ਕੇ ਕੰਢੇ ਉਤੇ ਰੱਖ ਦਿਓ। ਇਥੋਂ ਦਾ ਨੀਲਾ ਪਾਣੀ ਹੀ ਤੁਹਾਡੇ ਸਰੀਰ ਨੂੰ ਢੱਕ ਕੇ ਛੁਪਾ ਲਵੇਗਾ।

ਪਾਣੀ ਦੀਆਂ ਲਹਿਰਾਂ ਉੱਛਲ ਉੱਛਲ ਕੇ ਤੁਹਾਡੀ ਸੁੰਦਰ ਗਰਦਨ ਨੂੰ ਛੂਹਣ ਲਈ ਵਧਣਗੀਆਂ ਤੇ ਤੁਹਾਡੇ ਕੰਨਾਂ ਵਿੱਚ ਹੌਲੀ ਹੌਲੀ ਆਪਣਾ ਰਾਜ਼ ਦੱਸਣ ਲਈ ਆਉਣਗੀਆਂ।

ਜੇ ਪਾਣੀ ਵਿਚ ਇਸ਼ਨਾਨ ਹੀ ਕਰਨਾ ਹੋਵੇ ਤਾਂ ਆਓ ਮੇਰੀ ਝੀਲ ਤੇ ਆਓ।

ਜੇ ਝੱਲੇ ਹੋ ਕੇ ਆਪਣੀ ਮੌਤ ਲਈ ਛਾਲ ਹੀ ਮਾਰਨੀ ਹੈ ਤਾਂ ਆਓ, ਮੇਰੀ ਝੀਲ ਤੇ ਆਓ।

ਇਹ ਝੀਲ ਬੜੀ ਠੰਢੀ ਤੇ ਡੂੰਘੀ ਹੈ, ਸੁਪਨ-ਰਹਿਤ ਨੀਂਦ ਦੀ ਤਰ੍ਹਾਂ ਅਤਿਅੰਤ ਗੰਭੀਰ ਹੈ, ਇਸ ਦੇ ਤਲ ਵਿਚ ਰਾਤ ਤੇ ਦਿਨ ਇਕੋ ਜੇਹੇ ਹਨ ਤੇ ਗੀਤ ਖਾਮੋਸ਼ ਹਨ, ਜੇ ਤੁਸੀਂ ਟੁੱਭੀ ਹੀ ਮਾਰਨਾ ਚਾਹੁੰਦੇ ਹੋ ਤਾਂ ਆਓ, ਮੇਰੀ ਝੀਲ ਤੇ ਆਓ।

੧੩

ਮੈਂ ਕੁਝ ਨ ਆਖਿਆ, ਕੇਵਲ ਜੰਗਲ ਵਿਚ ਬਿਰਛ ਦੇ ਉਹਲੇ ਖਲੋਤਾ ਰਿਹਾ।

ਉਸ਼ਾ ਦੇ ਨੈਣ ਅਜੇ ਤਕ ਅਲਸਾਏ ਹੋਏ ਸਨ ਤੇ ਤ੍ਰੇਲ ਪੌਣ ਵਿਚ ਰਮੀ ਹੋਈ ਸੀ।

ਧਰਤੀ ਉਤੇ ਤਿਉਲੇ ਘਾਹ ਦੀ ਮੱਧਮ ਸੁਗੰਧੀ, ਸੰਘਣੀ ਧੁੰਦ ਹੇਠ ਦਬੀ ਹੋਈ ਸੀ।

ਪਿੱਪਲ ਹੇਠ ਤੁਸੀਂ ਆਪਣੇ ਮੱਖਣ ਵਰਗੇ ਮੁਲਾਇਮ ਤੇ ਸੋਹਣੇ ਹੱਥਾਂ ਨਾਲ ਗਊ ਚੋ ਰਹੀ ਸਾਉ ਤੇ ਮੈਂ ਚੁਪਚਾਪ ਖਲੋਤਾ ਰਿਹਾ।

ਮੈਂ ਇਕ ਸ਼ਬਦ ਵੀ ਮੂੰਹੋਂ ਨ ਬੋਲਿਆ ! ਨਜ਼ਰ ਤੋਂ ਉਹਲੇ ਝਾੜੀ ਵਿਚ ਬੈਠਾ ਇਕ ਪੰਛੀ ਗਾਉਂਦਾ ਰਿਹਾ।

ਅੰਬ ਦਾ ਬਿਰਛ ਪਿੰਡ ਦੇ ਰਾਹ ਤੇ ਬੂਰ ਦੀ ਬਾਰਸ਼ ਕਰ ਰਿਹਾ ਸੀ ਤੇ ਮਧੁ-ਮੱਖੀਆਂ ਭਿਨਭਿਨਾਉਂਦੀਆਂ ਆ ਰਹੀਆਂ ਸਨ।

ਸ਼ਿਵਾਲੇ ਦੇ ਤਾਲ ਵਾਲੇ ਪਾਸੇ ਦਾ ਦਰਵਾਜ਼ਾ ਹੁਣੇ ਹੀ ਖੋਲ੍ਹਿਆ ਗਿਆ

ਸੀ ਤੇ ਪੁਜਾਰੀ ਨੇ ਆਪਣੇ ਮੰਤਰ ਗਾਉਣੇ ਸ਼ੁਰੂ ਹੀ ਕੀਤੇ ਸਨ। ਆਪਣੀ ਬੁੱਕਲ ਵਿਚ ਦੋਹਣਾ ਰੱਖਕੇ ਤੁਸੀਂ ਗਊ ਚੋ ਰਹੀ ਸਉਂ, ਮੈਂ ਆਪਣਾ ਖਾਲੀ ਭਾਂਡਾ ਲੈ ਕੇ ਖਲੋਤਾ ਰਿਹਾ ਤੇ ਤੁਹਾਡੇ ਪਾਸ ਅੱਗੇ ਨਹੀਂ ਆਇਆ।

ਮੰਦਰ ਦੇ ਘੰਟਿਆਂ ਦੀ ਅਵਾਜ਼ ਨਾਲ ਅਸਮਾਨ ਗੂੰਜ ਉਠਿਆ। ਰਾਹ ਵਿਚ ਚਲੇ ਜਾ ਰਹੇ ਪਸ਼ੂਆਂ ਦੇ ਖੁਰਾਂ ਨਾਲ ਧੂੜ ਉਡ ਰਹੀ ਸੀ। ਪਾਣੀ ਨਾਲ ਛਲਕਦੇ ਘੜੇ ਲੱਕ ਤੇ ਰਖੀਂ ਸੁੰਦਰੀਆਂ ਨਦੀ ਤੋਂ ਆ ਰਹੀਆਂ ਸਨ। ਤੁਹਾਡੇ ਹੱਥ ਦੀਆਂ ਚੂੜੀਆਂ ਖੜਕ ਰਹੀਆਂ ਸਨ ਤੇ ਦੁਧ ਦਾ ਬਰਤਨ ਮੂੰਹ ਤਕ ਝੱਗ ਨਾਲ ਭਰਿਆ ਝਿਲਮਿਲਾ ਰਿਹਾ ਸੀ।

ਹੌਲੀ ਹੌਲੀ ਪ੍ਰਭਾਤ ਲੰਘ ਗਈ ਤੇ ਮੈਂ ਤੁਹਾਡੇ ਪਾਸ ਨ ਆਇਆ।

੧੪

ਮੈਂ ਸੜਕ ਤੇ ਟੁਰਿਆ ਜਾ ਰਿਹਾ ਸਾਂ, ਮੈਂ ਨਹੀਂ ਜਾਣਦਾ ਕਿਉਂ ਜਦੋਂ ਕਿ ਦੁਪਹਿਰ ਬੀਤ ਚੁਕੀ ਸੀ ਤੇ ਬਾਂਸ ਦੀਆਂ ਟਾਹਣੀਆਂ ਹਵਾ ਨਾਲ ਖੜ ਖੜ ਪਈਆਂ ਕਰ ਰਹੀਆਂ ਸਨ।

ਛਾਇਆ ਲੰਮੀਆਂ ਲੰਮੀਆਂ ਬਾਂਹਾਂ ਫੈਲਾ ਕੇ ਛੇਤੀ ਆ ਰਹੇ ਚਾਨਣ ਦੇ ਪੈਰਾਂ ਨਾਲ ਚਿੰਬੜ ਰਹੀ ਸੀ।

ਬੇਚਾਰੀਆਂ ਕੋਇਲਾਂ ਗਾਉਂਦੀਆਂ ਗਾਉਂਦੀਆਂ ਥੱਕ ਗਈਆਂ ਸਨ।

ਮੈਂ ਸੜਕ ਤੇ ਟੁਰਿਆ ਜਾ ਰਿਹਾ ਸਾਂ, ਪਤਾ ਨਹੀਂ ਕਿਉਂ।

ਪਾਣੀ ਦੇ ਕਿਨਾਰੇ ਸੰਘਣੇ ਬਿਰਛਾਂ ਨਾਲ ਢਕੀ ਇਕ ਕੁਟੀਆ ਦੇ ਅੰਦਰ ਕੋਈ ਆਪਣੇ ਕੰਮ ਵਿਚ ਮਸਰੂਫ ਸੀ ਤੇ ਉਸ ਦੀਆਂ ਚੂੜੀਆਂ ਇਕ ਸੰਗੀਤ ਜੇਹਾ ਪੈਦਾ ਕਰ ਰਹੀਆਂ ਸਨ।

ਮੈਂ ਉਸ ਕੁਟੀਆ ਦੇ ਸਾਹਮਣੇ ਖਲੋ ਗਿਆ, ਪਤਾ ਨਹੀਂ ਕਿਉਂ?

ਇਹ ਤੰਗ ਤੇ ਪੇਚਦਾਰ ਸੜਕ ਕਿਤਨੇ ਹੀ ਸਰ੍ਹੋਂ ਦਿਆਂ ਖੇਤਾਂ ਤੇ ਅੰਬਾਂ ਦੇ ਵਿਚਦੀ ਹੋ ਕੇ ਜਾਂਦੀ ਹੈ।

ਇਹ ਰਸਤਾ ਪਿੰਡ ਦੇ ਮੰਦਰ ਵਲ ਵੀ ਜਾਂਦਾ ਹੈ ਤੇ ਨਦੀ ਦੇ ਘਾਟ ਤੇ ਵੀ ਪਹੁੰਚਦਾ ਹੈ। ਮੈਂ ਫਿਰ ਵੀ ਇਸ ਝੌਂਪੜੀ ਸਾਹਮਣੇ ਰੁਕ ਗਿਆ, ਪਤਾ

ਨਹੀਂ ਕਿਉਂ?

ਵਰ੍ਹਿਆਂ ਦੀ ਗੱਲ ਹੈ, ਫੱਗਣ ਦੇ ਦਿਨ ਸਨ ਤੇ ਬਸੰਤੀ ਪੌਣ ਮੰਦ ਮੰਦ ਰੁਮਕ ਰਹੀ ਸੀ। ਅੰਬਾਂ ਦਾ ਬੂਰ ਝੜ ਝੜ ਕੇ ਧਰਤੀ ਤੇ ਡਿਗ ਰਿਹਾ ਸੀ।

ਹੁਲਾਰੇ ਲੈਂਦਾ ਪਾਣੀ ਘਾਟ ਤੇ ਰਖੀ ਹੋਈ ਪਿਤਲ ਦੀ ਗਾਗਰ ਨੂੰ ਚੁੰਮ ਰਿਹਾ ਸੀ। ਪਤਾ ਨਹੀਂ ਕਿਉਂ, ਮੈਨੂੰ ਉਨ੍ਹਾਂ ਰੁਮਕਦੀ ਪੌਣ ਵਾਲੇ ਦਿਨਾਂ ਦੀ ਯਾਦ ਬਾਰ ਬਾਰ ਆ ਰਹੀ ਹੈ। ਪਰਛਾਵੇਂ ਗਹਿਰੇ ਹੁੰਦੇ ਜਾ ਰਹੇ ਹਨ ਤੇ ਪਸ਼ੂਆਂ ਦੇ ਵੱਗ ਆਪਣੇ ਆਪਣੇ ਥਾਂਵਾਂ ਨੂੰ ਮੁੜੇ ਆ ਰਹੇ ਹਨ।

ਸੁੰਞੇ ਮੈਰਿਆਂ ਵਿਚ ਚਾਨਣ ਮੱਧਮ ਪੈ ਰਿਹਾ ਹੈ ਤੇ ਪਿੰਡ ਦੇ ਲੋਕ ਘਾਟ ਤੇ ਖਲੋਤੇ ਬੇੜੀ ਦੀ ਉਡੀਕ ਕਰ ਰਹੇ ਹਨ।

ਮੈਂ ਵੀ ਹੌਲੀ ਹੌਲੀ ਉਨ੍ਹੀ ਪੈਰੀਂ ਵਾਪਸ ਮੁੜ ਆਇਆ, ਪਤਾ ਨਹੀਂ ਕਿਉਂ?

੧੫

ਮੈਂ ਇਉਂ ਦੌੜਦਾ ਫਿਰਦਾ ਹਾਂ ਜਿਸ ਤਰ੍ਹਾਂ ਕਿ ਕਸਤੂਰਾ ਹਿਰਣ ਆਪਣੀ ਹੀ ਸੁਗੰਧੀ ਨਾਲ ਮਸਤ ਹੋ ਕੇ ਜੰਗਲ ਵਿਚ ਭੱਜਿਆ ਫਿਰਦਾ ਹੁੰਦਾ ਹੈ।

ਜੇਠ ਦੇ ਮਹੀਨੇ ਦੀ ਰਾਤ ਹੈ ਤੇ ਦੱਖਣ ਪਈ ਵਗ ਰਹੀ ਹੈ।

ਮੈਂ ਰਾਹੋਂ ਭੁੱਲ ਕੇ ਭਟਕਦਾ ਫਿਰਦਾ ਹਾਂ, ਮੈਂ ਉਸ ਚੀਜ਼ ਦੀ ਤਲਾਸ਼ ਕਰ ਰਿਹਾ ਹਾਂ ਜੋ ਮੈਨੂੰ ਲੱਭ ਨਹੀਂ ਸਕਦੀ ਤੇ ਜਿਸਦੀ ਮੈਨੂੰ ਚਾਹਨਾ ਹੀ ਨਹੀਂ, ਉਹ ਮੈਨੂੰ ਪ੍ਰਾਪਤ ਹੋ ਰਹੀ ਹੈ।

ਮੇਰੀ ਆਪਣੀ ਤਾਂਘ ਦਿਲ ਵਿਚੋਂ ਨਿਕਲ ਕੇ ਮੇਰੇ ਸਾਮ੍ਹਣੇ ਨਾਚ ਕਰ ਰਹੀ ਹੈ; ਪ੍ਰਕਾਸ਼ ਦਾ ਪ੍ਰਤਿਬਿੰਬ ਅੱਗੇ ਹੀ ਅੱਗੇ ਵਧਦਾ ਜਾ ਰਿਹਾ ਹੈ।

ਮੈਂ ਇਸ ਨੂੰ ਜ਼ੋਰ ਨਾਲ ਫੜਨ ਦੀ ਕੋਸ਼ਿਸ਼ ਕਰਦਾ ਹਾਂ ਪਰ ਇਹ ਮੈਥੋਂ ਦੂਰ ਨਿਕਲ ਨਿਕਲ ਜਾਂਦਾ ਹੈ ਤੇ ਮੈਨੂੰ ਭਟਕਾਉਂਦਾ ਫਿਰਦਾ ਹੈ।

ਮੈਂ ਉਸ ਚੀਜ਼ ਦੀ ਤਲਾਸ਼ ਕਰ ਰਿਹਾ ਹਾਂ, ਜਿਸਨੂੰ ਮੈਂ ਪ੍ਰਾਪਤ ਨਹੀਂ

ਕਰ ਸਕਦਾ ਤੇ ਜੋ ਚੀਜ਼ ਮੈਂ ਚਾਹੁੰਦਾ ਵੀ ਨਹੀਂ ਹਾਂ, ਉਹ ਮੈਨੂੰ ਪ੍ਰਾਪਤ ਹੋ ਰਹੀ ਹੈ।

੧੯

ਹੱਥ-ਘੁੱਟਣੀਆਂ ਦੀ ਪਰਸਪਰ ਛੁਹ ਤੇ ਨੈਣਾਂ ਦੀ ਮਿਲਣੀ ਤੋਂ ਸਾਡੇ ਦਿਲਾਂ ਦੀ ਕਹਾਣੀ ਸ਼ੁਰੂ ਹੁੰਦੀ ਹੈ।

ਚੇਤ ਦੀ ਚਾਨਣੀ ਰਾਤ ਹੈ। ਮਹਿੰਦੀ ਦੀ ਮਿਠੀ ਸੁਗੰਧੀ ਪੌਣ ਵਿਚ ਛਲਕ ਰਹੀ ਹੈ। ਇਕ ਪਾਸੇ ਮੇਰੀ ਬੰਸਰੀ ਅਲਸਾਈ ਪਈ ਹੈ ਤੇ ਇਕ ਪਾਸੇ ਤੁਹਾਡਾ ਅਧ-ਗੁੰਦਿਆ ਫੁਲਾਂ ਦਾ ਹਾਰ ਪਿਆ ਹੈ।

ਤੁਹਾਡੀ ਤੇ ਮੇਰੀ ਇਹ ਪ੍ਰੀਤਿ, ਗੀਤ ਵਾਂਙ ਸਰਲ ਸਾਦੀ ਹੈ।

ਤੁਹਾਡੀ ਕੇਸਰੀ-ਰੰਗੀ ਚੁੰਨੀ ਮੇਰੀਆਂ ਅੱਖੀਆਂ ਨੂੰ ਨਸ਼ਈ ਬਣਾਂਦੀ ਆ ਰਹੀ ਹੈ।

ਤੁਹਾਡੇ ਵਲੋਂ ਮੇਰੇ ਲਈ ਗੁੰਦਿਆ ਚੰਬੇਲੀ ਦਾ ਹਾਰ ਪ੍ਰਸੰਸਾ ਵਾਂਙ ਦਿਲ ਨੂੰ ਹੁਲਾਸ ਦੇ ਰਿਹਾ ਹੈ।

ਦੇਵਣ ਤੇ ਨ ਦੇਵਣ ਦਾ, ਦਿਖਾਉਣ ਤੇ ਫਿਰ ਛੁਪਾ ਲੈਣ ਦੀ ਇਹ ਇਕ ਅਜੇਹੀ ਖੇਡ ਹੈ, ਜਿਸ ਵਿਚ ਕੁਝ ਮੁਸਕ੍ਰਾਹਟ, ਕੁਝ ਲੱਜਾ ਤੇ ਕੁਝ ਮਿਠੀ ਪਰ ਬੇਲੋੜੀ ਖਿਚੋਤਾਣ ਜੇਹੀ ਵੀ ਹੈ।

ਤੁਹਾਡੀ ਤੇ ਮੇਰੀ ਇਹ ਪ੍ਰੀਤਿ ਗੀਤ ਵਾਂਙੂ ਸਰਲ ਸਾਦੀ ਹੈ। ਇਸ ਵਿਚ ਵਰਤਮਾਨ ਤੋਂ ਪਰੇ ਦਾ ਕੋਈ ਰਹੱਸ ਨਹੀਂ ਤੇ ਨਾ ਹੀ ਅਸੰਭਵ ਲਈ ਕੋਈ ਬਿਅਰਥ ਯਤਨ ਹੈ। ਇਸ ਜਾਦੂਗਰੀ ਦੇ ਪਿਛੇ ਨ ਕੋਈ ਛਾਇਆ ਹੈ ਤੇ ਨਾ ਹੀ ਅੰਧੇਰੇ ਦੀਆਂ ਡੂੰਘਾਈਆਂ ਵਿਚ ਖੋਜਣ ਦੀ ਲੋੜ ਹੈ। ਤੁਹਾਡੀ ਤੇ ਮੇਰੀ ਇਹ ਪ੍ਰੀਤਿ, ਗੀਤ ਵਾਂਙੂ ਸਰਲ ਸਾਦੀ ਹੈ।

ਅਸੀਂ ਕਦੀ ਆਪਸ ਵਿਚ ਵਾਰਤਾਲਾਪ ਛਡ ਕੇ ਅਨੰਤ ਚੁਪ ਨਹੀਂ ਸਾਧਦੇ ਤੇ ਨਾ ਕਦੀ ਆਸ ਤੋਂ ਪਰੇ ਗ੍ਰਹਿਣ ਕਰਨ ਲਈ ਖਾਲੀ ਅਕਾਸ਼ ਵਿਚ ਐਂਵੇ ਹੱਥ ਮਾਰਦੇ ਹਾਂ।

ਜੋ ਕੁਝ ਵੀ ਅਸੀਂ ਦਿੰਦੇ ਤੇ ਲੈਂਦੇ ਹਾਂ ਇਹੋ ਸਾਡੇ ਲਈ ਕਾਫੀ ਹੈ।

ਅਸੀਂ ਖੁਸ਼ੀ ਨੂੰ ਇਥੋਂ ਤਕ ਨਹੀਂ ਨਪੀੜਿਆ, ਜਿਸ ਤੋਂ ਪੀੜਾ ਦੀ ਮਦਰਾ ਨਿਕਲਣ ਦਾ ਡਰ ਹੋਵੇ।

ਤੁਹਾਡੀ ਤੇ ਮੇਰੀ ਪ੍ਰੀਤਿ ਗੀਤ ਵਾਂਙੂ ਸਰਲ ਸਾਦੀ ਹੈ।

੧੭

ਪੀਲੇ ਰੰਗ ਦਾ ਪੰਛੀ ਬਿਰਛ ਦੀ ਟਹਿਣੀਆਂ ਤੇ ਬੈਠਾ ਮਿਠੇ ਗੀਤਾਂ ਨਾਲ ਮੇਰੇ ਦਿਲ ਨੂੰ ਖੁਸ਼ੀ ਵਿਚ ਨਚਾ ਰਿਹਾ ਹੈ।

ਅਸੀਂ ਇਕੋ ਹੀ ਪਿੰਡ ਦੇ ਰਹਿਣ ਵਾਲੇ ਹਾਂ, ਇਹੋ ਸਾਡੀ ਖੁਸ਼ੀ ਦਾ ਇਕ ਥਾਂ ਹੈ। ਉਸਦੇ ਪਾਲਤੂ ਲੇਲਿਆਂ ਦੀ ਜੋੜੀ ਸਾਡੀ ਬਗੀਚੀ ਵਿਚ ਬਿਰਛਾਂ ਦੀ ਠੰਢੀ ਛਾਇਆ ਹੇਠ ਘਾਹ ਚਰਨ ਆਉਂਦੀ ਹੈ।

ਜੇ ਕਦੀ ਉਹ ਭੁਲ ਕੇ ਸਾਡੇ ਜੌਂ ਦੇ ਖੇਤਾਂ ਵਿਚ ਵੀ ਆ ਵੜਦੇ ਹਨ ਤਾਂ ਮੈਂ ਉਨ੍ਹਾਂ ਨੂੰ ਗਲਵੱਕੜੀ ਵਿਚ ਲੈ ਲੈਂਦਾ ਹਾਂ।

ਖੰਜਨ ਸਾਡੇ ਪਿੰਡ ਦਾ ਨਾਮ ਹੈ ਤੇ ਅੰਜਨ ਸਾਡੀ ਨਦੀ ਨੂੰ ਸੱਦਦੇ ਹਨ। ਮੇਰਾ ਨਾਂ ਸਾਰੇ ਪਿੰਡ ਵਾਲੇ ਜਾਣਦੇ ਹਨ ਤੇ ਉਸ ਦਾ ਨਾਂ ਰੰਜਨ ਹੈ।

ਸਾਡੇ ਤੇ ਉਸ ਦੇ ਘਰ ਦੇ ਦਰਮਿਆਨ ਕੇਵਲ ਇਕੋ ਹੀ ਖੇਤ ਪੈਂਦਾ ਹੈ, ਜੋ ਮਧੁ-ਮੱਖੀਆਂ ਸਾਡੀ ਝਿੜੀ ਵਿਚ ਛੱਤਾ ਲਗਾਉਂਦੀਆਂ ਹਨ, ਉਹੋ ਉਨ੍ਹਾਂ ਦੇ ਬਿਰਛਾਂ ਦੇ ਝੁੰਡਾਂ ਤੋਂ ਸ਼ਹਿਦ ਇਕੱਠਾ ਕਰਦੀਆਂ ਹਨ।

ਜਿਥੇ ਅਸੀਂ ਨ੍ਹਾਉਂਦੇ ਹਾਂ, ਉਥੇ ਹੀ ਉਸ ਦੇ ਘਾਟ ਦੀਆਂ ਪੌੜੀਆਂ ਤੋਂ ਵਹਾਏ ਹੋਏ ਫੁੱਲ ਵਹਿੰਦੇ ਹੋਏ ਇਧਰ ਆਉਂਦੇ ਹਨ।

ਉਨ੍ਹਾਂ ਦੇ ਹੀ ਖੇਤਾਂ ਦੇ ਸੁਕੇ ਹੋਏ 'ਕੁਸਮ' ਫੁਲ ਟੋਕਰੀਆਂ ਵਿਚ ਭਰ ਭਰ ਵਿਕਣ ਲਈ ਸਾਡੀ ਦੁਕਾਨ ਤੇ ਆਉਂਦੇ ਹਨ।

ਸਾਡੇ ਪਿੰਡ ਦਾ ਨਾਮ ਖੰਜਨ ਹੈ ਤੇ ਅੰਜਨ ਸਾਡੀ ਨਦੀ ਦਾ ਨਾਂ ਹੈ। ਮੇਰਾ ਨਾਮ ਤਾਂ ਸਾਰੇ ਪਿੰਡ ਵਾਲੇ ਜਾਣਦੇ ਹਨ, ਉਸ ਦਾ ਨਾਮ ਰੰਜਨ ਹੈ।

ਉਸ ਦੇ ਘਰ ਨੂੰ ਘੁੰਮ ਕੇ ਜਾਣ ਵਾਲਾ ਰਸਤਾ ਬਸੰਤ ਰੁਤ ਵਿਚ ਅੰਬਾਂ ਦੇ ਮੌਰ ਨਾਲ ਸੁਗੰਧਿਤ ਰਹਿੰਦਾ ਹੈ।

ਜਦੋਂ ਉਸ ਦੇ ਖੇਤਾਂ ਵਿਚ ਅਲਸੀ ਪੱਕ ਕੇ ਤਿਆਰ ਹੋ ਜਾਂਦੀ ਹੈ, ਉਸ

ਵੇਲੇ ਸਾਡੇ ਖੇਤਾਂ ਵਿਚ ਵੀ ਸੁਨੁਕੜਾ ਫੁਲਦਾ ਹੈ।

ਜੋ ਸਤਾਰੇ ਉਸਦੀ ਝੌਂਪੜੀ ਤੇ ਮੁਸਕ੍ਰਾਉਂਦੇ ਹਨ, ਉਹੋ ਸਾਨੂੰ ਲਿਸ਼ਕ ਦੇਂਦੇ ਹਨ। ਜੋ ਬਾਰਸ਼ ਉਸਦੇ ਤਾਲਾਬ ਨੂੰ ਭਰਦੀ ਹੈ, ਉਹੋ ਸਾਡੇ ਕਦੰਬ ਬਨ ਨੂੰ ਖਿੜਾਉਂਦੀ ਹੈ, ਸਾਡੇ ਪਿੰਡ ਦਾ ਨਾਮ ਖੰਜਨ ਹੈ ਤੇ ਅੰਜਨ ਸਾਡੀ ਨਦੀ ਨੂੰ ਸੱਦਦੇ ਹਨ। ਮੇਰਾ ਨਾਂ ਸਾਰੇ ਪਿੰਡ ਵਾਲੇ ਜਾਣਦੇ ਹਨ ਤੇ ਉਸਦਾ ਨਾਮ ਰੰਜਨ ਹੈ।

੧੯

ਜਦੋਂ ਉਹ ਦੋਵੇਂ ਭੈਣਾਂ ਪਾਣੀ ਭਰਨ ਲਈ ਜਾਂਦੀਆਂ ਹਨ ਤਾਂ ਉਹ ਇਸ ਥਾਂ ਤੇ ਆ ਕੇ ਮੁਸਕ੍ਰਾਉਣ ਲਗ ਪੈਂਦੀਆਂ ਹਨ।

ਜਦੋਂ ਵੀ ਉਹ ਪਾਣੀ ਭਰਨ ਜਾਂਦੀਆਂ ਹਨ; ਤਦੋਂ ਹੀ ਬਿਰਛਾਂ ਦੀ ਆੜ ਵਿਚ ਇਥੇ ਕਿਸੇ ਦੇ ਛੁਪ ਕੇ ਖਲੋ ਰਹਿਣ ਦਾ ਉਨ੍ਹਾਂ ਨੂੰ ਜ਼ਰੂਰ ਪਤਾ ਲਗ ਗਿਆ ਹੋਵੇਗਾ। ਜਦੋਂ ਉਹ ਦੋਵੇਂ ਭੈਣਾਂ ਇਥੋਂ ਦੀ ਲੰਘਦੀਆਂ ਹਨ ਤਾਂ ਕੁਝ ਆਪਸ ਵਿਚ ਘੋਰਮਸੋਰੇ ਵੀ ਕਰਦੀਆਂ ਹਨ। ਉਨ੍ਹਾਂ ਦੇ ਪਾਣੀ ਭਰਨ ਜਾਣ ਵੇਲੇ ਬਿਰਛਾਂ ਦੇ ਉਹਲੇ ਕਿਸੇ ਦੇ ਛੁਪ ਕੇ ਖਲੋਤੇ ਰਹਿਣ ਦਾ ਗੁਪਤ ਭੇਦ ਉਨ੍ਹਾਂ ਨੂੰ ਜ਼ਰੂਰ ਮਲੂਮ ਹੋ ਗਿਆ ਹੋਵੇਗਾ।

ਜਦੋਂ ਉਹ ਇਸ ਥਾਂ ਤੇ ਪਹੁੰਚਦੀਆਂ ਹਨ, ਉਸੇ ਵੇਲੇ ਉਨ੍ਹਾਂ ਦੀਆਂ ਗਾਗਰਾਂ ਅਚਾਨਕ ਡੋਲ ਜਾਂਦੀਆਂ ਹਨ ਤੇ ਪਾਣੀ ਛਲਕ ਉੱਠਦਾ ਹੈ।

ਉਨ੍ਹਾਂ ਨੂੰ ਜ਼ਰੂਰ ਪਤਾ ਹੋਵੇਗਾ ਕਿ ਉਨ੍ਹਾਂ ਦੇ ਪਾਣੀ ਭਰਨ ਜਾਣ ਵੇਲੇ ਬ੍ਰਿਛਾਂ ਦੀ ਆੜ ਵਿਚ ਛੁਪੇ ਰਹਿਣ ਵਾਲੇ ਦਾ ਦਿਲ ਧੜਕ ਰਿਹਾ ਹੈ।

ਜਦੋਂ ਦੋਵੇਂ ਭੈਣਾਂ ਇਸ ਥਾਂ ਤੇ ਪਹੁੰਚਦੀਆਂ ਹਨ ਤਾਂ ਇਕ ਦੂਜੀ ਨੂੰ ਰਹੱਸ-ਭਰੀ ਤੱਕਣੀ ਨਾਲ ਤਕ ਕੇ ਮੁਸਕ੍ਰਾਉਣ ਲਗ ਪੈਂਦੀਆਂ ਹਨ।

ਉਨ੍ਹਾਂ ਦੇ ਤੇਜ਼ ਕਦਮਾਂ ਦੀ ਚਾਲ ਵਿਚ ਇਕ ਤਰ੍ਹਾਂ ਦੇ ਹਾਸੇ ਦੀ ਛਣਕਾਰ ਹੁੰਦੀ ਹੈ ਜੋ ਕਿ ਕਿਸੇ ਦੇ ਹਿਰਦੇ ਨੂੰ ਚੱਕਰ ਵਿਚ ਪਾ ਦੇਂਦੀ ਹੈ, ਜੋ ਕੋਈ ਉਨ੍ਹਾਂ ਦੇ ਪਾਣੀ ਭਰਨ ਜਾਣ ਵੇਲੇ ਬਿਰਛਾਂ ਦੇ ਉਹਲੇ ਛੁਪ ਕੇ ਖਲੋਤਾ ਰਹਿੰਦਾ ਹੈ।

੧੯

ਤੁਸੀਂ ਨਦੀ ਦੇ ਕੰਢੇ ਕੰਢੇ ਪਾਣੀ ਦਾ ਘੜਾ ਲੱਕ ਤੇ ਰੱਖੀ ਜਾ ਰਹੇ ਸਾਉਂ। ਫਿਰ ਤੁਸੀਂ ਛੇਤੀ ਨਾਲ ਮੁੜ ਕੇ ਆਪਣੇ ਹਿਲਦੇ ਹੋਏ ਘੁੰਡ ਵਿਚ ਦੀ ਸਾਡੇ ਵਲ ਕਿਉਂ ਤੱਕਿਆ ? ਜਿਸ ਤਰ੍ਹਾਂ ਚੰਚਲ ਪੌਣ ਦਾ ਬੁੱਲਾ ਲਹਿਰਾਉਂਦੇ ਹੋਏ ਪਾਣੀ ਨੂੰ ਕੰਬਾ ਕੇ ਸਾਏਦਾਰ ਕਿਨਾਰਿਆਂ ਵਲ ਨੂੰ ਨਿਕਲ ਜਾਂਦਾ ਹੈ, ਇਸੇ ਤਰ੍ਹਾਂ ਹੀ ਤੁਹਾਡੀ ਝਲਕਵੀਂ ਤੱਕਣੀ ਨੇ ਸਾਡੀ ਹਾਲਤ ਕਰ ਦਿਤੀ।

ਜਿਸ ਤਰ੍ਹਾਂ ਸ਼ਾਮ ਵੇਲੇ ਅੰਧੇਰੇ ਘਰ ਵਿਚ ਕੋਈ ਪੰਛੀ ਆ ਦਾਖਲ ਹੁੰਦਾ ਹੈ, ਕਦੀ ਇਸ ਖਿੜਕੀ ਵਲ ਦੌੜਦਾ ਕਦੀ ਉਸ ਖੁਲ੍ਹੀ ਖਿੜਕੀ ਵਲ ਭਜਦਾ ਹੈ ਤੇ ਫਿਰ ਅੰਧੇਰੇ ਵਿਚ ਹੀ ਗ਼ਾਇਬ ਹੋ ਜਾਂਦਾ ਹੈ। ਇਸੇ ਤਰ੍ਹਾਂ ਹੀ ਮੇਰੇ ਨਾਲ ਹੋਇਆ।

ਤੁਸੀਂ ਪਹਾੜੀਆਂ ਓਹਲੇ ਛੁਪੇ ਸਤਾਰੇ ਵਾਂਙ ਹੋ, ਮੈਂ ਇਕ ਰਾਹ ਦੇ ਮੁਸਾਫਰ ਦੀ ਤਰ੍ਹਾਂ ਹਾਂ। ਪਰ ਜਦ ਤੁਸੀਂ ਨਦੀ ਕਿਨਾਰੇ ਭਰਿਆ ਹੋਇਆ ਘੜਾ ਲੱਕ ਤੇ ਰੱਖੀ ਆ ਰਹੇ ਸਉਂ ਤਾਂ ਇਥੇ ਆ ਕੇ ਪਲ ਭਰ ਲਈ ਕਿਉਂ ਰੁਕੇ ਸਉਂ ਤੇ ਘੁੰਡ ਵਿਚ ਦੀ ਕਟਾਖ-ਭਰੀ ਨਜ਼ਰ ਨਾਲ ਮੇਰੇ ਵਲ ਕਿਉਂ ਤੱਕਿਆ ਸੀ ?

੨੦

ਉਹ ਰੋਜ਼ ਆਉਂਦਾ ਹੈ ਤੇ ਵਾਪਸ ਚਲਿਆ ਜਾਂਦਾ ਹੈ।

ਜਾਓ ਸਖੀ ! ਮੇਰਾ ਕੇਸਾਂ ਦਾ ਇਹ ਫੁਲ ਉਸ ਨੂੰ ਦੇ ਤਾਂ ਆਓ; ਅਗਰ ਉਹ ਫੁਲ ਭੇਜਣ ਵਾਲੇ ਦਾ ਪਤਾ ਪੁਛੇ ਤਾਂ ਮੈਂ ਕਹਾਂਗੀ ਕਿ ਉਸਨੂੰ ਮੇਰਾ ਨਾਮ ਨ ਦਸਣਾ ਕਿਉਂਕਿ ਉਹ ਤਾਂ ਆ ਕੇ ਫਿਰ ਚੱਲਿਆ ਹੀ ਜਾਂਦਾ ਹੈ।

ਉਹ ਬਿਰਛ ਹੇਠ ਭੁਇੰ ਤੇ ਹੀ ਬੈਠਿਆ ਕਰਦਾ ਹੈ।

ਸਖੀ ! ਉਸ ਥਾਂ ਤੇ ਫੁਲਾਂ ਤੇ ਪੱਤਿਆਂ ਦਾ ਇਕ ਆਸਨ ਤਾਂ ਬਣਾ ਆਓ, ਉਸਦੇ ਨੈਣਾਂ ਵਿਚ ਉਦਾਸੀ ਹੈ ਜੋ ਮੇਰੇ ਦਿਲ ਨੂੰ ਵੀ ਉਦਾਸ ਕਰ ਦਿੰਦੀ ਹੈ। ਉਹ ਆਪਣੇ ਦਿਲ ਦੀ ਗੱਲ ਦਸਦਾ ਨਹੀਂ।

ਬਸ, ਆਉਂਦਾ ਹੈ ਤੇ ਚਲਿਆ ਜਾਂਦਾ ਹੈ।

੨੧

ਉਹ ਰਮਤੇ ਜਵਾਨ ਨੇ ਪ੍ਰਭਾਤ ਵੇਲੇ ਤੋਂ ਮੇਰਾ ਹੀ ਦਰ ਕਿਉਂ ਆ ਮੱਲਿਆ ? ਜਦੋਂ ਮੈਂ ਅੰਦਰ ਬਾਹਰ ਆਉਂਦੀ ਹਾਂ, ਮੈਨੂੰ ਉਸੇ ਦੇ ਕੋਲ ਦੀ ਲੰਘਣਾ ਪੈਂਦਾ ਹੈ, ਮੇਰੀਆਂ ਅੱਖੀਆਂ ਉਸ ਦੇ ਰੂਪ ਨੇ ਮੋਹ ਲਈਆਂ ਹਨ।

ਮੈਂ ਇਹ ਨਹੀਂ ਜਾਣਦੀ ਕਿ ਉਸ ਨਾਲ ਬੋਲਾਂ ਯਾ ਚੁਪ ਕਰ ਰਹਾਂ, ਉਸ ਨੇ ਮੇਰਾ ਹੀ ਦਰਵਾਜ਼ਾ ਕਿਉਂ ਆ ਮੱਲਿਆ ਹੈ ?

ਬਰਖਾ ਰੁਤ ਦੀਆਂ ਮੇਘਲੀਆਂ ਰਾਤਾਂ ਕਾਲੀਆਂ ਹੁੰਦੀਆਂ ਹਨ, ਪਤਝੜ ਵਿਚ ਅਸਮਾਨ ਹਲਕੇ ਨੀਲੇ ਰੰਗ ਦਾ ਹੁੰਦਾ ਹੈ, ਬਸੰਤ ਦੇ ਦਿਨ ਦੱਖਣੀ ਪੌਣ ਚਲਣ ਕਾਰਨ ਕੁਝ ਔਖੇ ਜੇਹੇ ਹੁੰਦੇ ਹਨ।

ਉਹ ਹਰ ਵੇਲੇ ਨਵੀਆਂ ਤਰਜ਼ਾਂ ਨਾਲ ਆਪਣੇ ਗੀਤ ਅਲਾਪਦਾ ਰਹਿੰਦਾ ਹੈ।

ਮੈਂ ਆਪਣੇ ਘਰ ਦੇ ਕੰਮ ਵਲੋਂ ਉਦਾਸ ਹੋ ਕੇ ਬਹਿੰਦੀ ਹਾਂ ਤੇ ਮੇਰੀਆਂ ਅੱਖੀਆਂ ਅੱਥਰੂਆਂ ਨਾਲ ਭਰ ਜਾਂਦੀਆਂ ਹਨ।

ਉਸ ਨੇ ਮੇਰਾ ਹੀ ਦਰਵਾਜ਼ਾ ਕਿਉਂ ਆ ਮੱਲਿਆ ਹੈ, ਹੈਂ ! ਉਹ ਮੇਰੇ ਹੀ ਦਰ ਤੇ ਕਿਉਂ ਆ ਬੈਠਾ ਹੈ ?

੨੨

ਜਦੋਂ ਉਹ ਤੇਜ਼ ਕਦਮਾਂ ਨਾਲ ਮੇਰੇ ਪਾਸ ਦੀ ਲੰਘੀ, ਉਸ ਦੀ ਚੋਲੀ ਦਾ ਦਾਮਨ ਜ਼ਰਾ ਮੇਰੇ ਤਨ ਨੂੰ ਛੁਹ ਗਿਆ।

ਕਿਸੇ ਨਾਮਾਲੂਮ ਦਿਲ ਦੇ ਟਾਪੂ ਤੋਂ ਬਸੰਤੀ ਪੌਣ ਦਾ ਇਕ ਨਿੱਘਾ ਬੁੱਲਾ ਆਇਆ। ਇਕ ਫੜਫੜਾਂਦੀ ਤੇ ਕੰਬਦੀ ਛੁਹ ਹੀ ਮੈਨੂੰ ਲਗੀ ਸੀ ਤੇ ਉਹ ਇਕ ਛਿਨ ਵਿਚ ਹੀ ਹਵਾ ਵਿਚ ਉਡ ਰਹੀ ਕਿਸੇ ਫੁਲ ਦੀ ਪੰਖੜੀ ਵਾਂਙ ਗ਼ਾਇਬ ਹੋ ਗਈ।

ਪਰ ਉਸਦੀ ਛੁਹ, ਡੂੰਘੀ ਆਹ, ਅਤੇ ਉਸਦੇ ਦਿਲ ਦੀ ਰਮਜ਼ ਮੇਰੇ ਦਿਲ ਉਤੇ ਡੂੰਘਾ ਪ੍ਰਭਾਵ ਪਾ ਗਈ।

੨੩

ਤੁਸੀਂ ਇਥੇ ਬਹਿਕੇ ਆਪਣੇ ਕੰਗਣਾਂ ਨੂੰ ਹੀ ਵਾਧੂ ਕਿਉਂ ਛਣਕਾਉਂਦੀ ਰਹਿੰਦੀ ਹੋ।

ਆਪਣਾ ਘੜਾ ਭੌਰ ਲਵੋ, ਇਹ ਤਾਂ ਘਰ ਜਾਣ ਦਾ ਵੇਲਾ ਹੈ।

ਤੁਸੀਂ ਹੱਥਾਂ ਨਾਲ ਪਾਣੀ ਨੂੰ ਹਿਲੋਰਦੇ ਹੋਏ ਚੰਚਲ ਕਟਾਖਛ ਭਰੀ ਨਜ਼ਰ ਨਾਲ ਐਵੇਂ ਰਸਤੇ ਵਲ ਕਿਸ ਨੂੰ ਕਿਉਂ ਤੱਕਦੇ ਪਏ ਹੋ ?

ਆਪਣਾ ਘੜਾ ਭਰੋ ਤੇ ਆਓ ਘਰ ਨੂੰ ਚਲੀਏ।

ਪ੍ਰਭਾਤ-ਘੜੀਆਂ ਲੰਘ ਰਹੀਆਂ ਹਨ ਤੇ ਨੀਲਾ ਪਾਣੀ ਵਹਿੰਦਾ ਚਲਿਆ ਜਾ ਰਿਹਾ ਹੈ। ਪਾਣੀ ਦੀਆਂ ਲਹਿਰਾਂ ਵੀ ਤਾਂ ਆਪਸ ਵਿਚ ਹੱਸ ਰਹੀਆਂ ਤੇ ਐਵੇਂ ਸ਼ੁਗਲ ਕਰ ਰਹੀਆਂ ਹਨ। ਘੁੰਮਦੇ ਬੱਦਲ ਅਸਮਾਨ ਦੇ ਕਿਨਾਰਿਆਂ ਪਾਸ ਉਸ ਉੱਚੀ ਥਾਂ ਤੇ ਇਕੱਠੇ ਹੋ ਰਹੇ ਹਨ। ਉਹ ਵੀ ਦੇਰ ਤਕ ਐਂਵੇ ਸ਼ੁਗਲ ਨਾਲ ਹੀ ਤੁਹਾਨੂੰ ਤੱਕ ਤੱਕ ਮੁਸਕਰਾ ਰਹੇ ਹਨ।

ਘੜਾ ਭਰ ਲਵੋ ਤੇ ਆਓ ਘਰ ਨੂੰ ਚਲੀਏ।

੨੪

ਸਖੀ ! ਆਪਣੇ ਦਿਲ ਦਾ ਭੇਤ ਛੁਪਾ ਕੇ ਨਾ ਰੱਖੋ।

ਮੈਨੂੰ ਸਿਰਫ਼ ਮੈਨੂੰ ਹੀ ਗੁਪਤ ਤੌਰ ਤੇ ਇਹ ਰਾਜ਼ ਦੱਸ ਦਿਓ।

ਤੁਸੀਂ ਜੋ ਇਤਨੀ ਸੁੰਦਰ ਮੁਸਕਾਨ ਦੇ ਮਾਲਕ ਹੋ, ਹੌਲੀ ਦੇ ਕੇ ਮੁਸਕ੍ਰਾ ਕੇ ਕਹਿ ਦਿਓ, ਇਸ ਨੂੰ ਮੇਰਾ ਦਿਲ ਹੀ ਸੁਣੇਗਾ, ਕੰਨ ਨਹੀਂ ਸੁਣਨਗੇ।

ਰਾਤ ਗੰਭੀਰ ਹੋ ਗਈ ਹੈ ਤੇ ਘਰ ਵਿਚ ਚੁਪ-ਚਾਂ ਛਾਈ ਹੋਈ ਹੈ, ਪੰਛੀਆਂ ਦੇ ਆਲ੍ਹਣੇ ਵੀ ਨੀਂਦ ਵਿਚ ਮਗਨ ਹਨ।

ਰੁਕਦੇ ਹੋਏ ਹੋਏ ਅੱਥਰੂਆਂ ਨਾਲ, ਅਪ੍ਰਗਟ ਮੁਸਕ੍ਰਾਹਟ ਰਾਹੀਂ, ਮਧੁਰ ਲੱਜਾ ਤੇ ਪੀੜਾ ਨਾਲ ਆਪਣੇ ਦਿਲ ਦਾ ਰਾਜ਼ ਦੱਸ ਦਿਓ ਨਾ ! ਸਖੀ!

੨੫

ਹੇ ਯੁਵਕ ! ਮੇਰੇ ਪਾਸ ਆਓ ਤੇ ਸੱਚ ਸੱਚ ਦੱਸੋ, ਤੁਹਾਡੀਆਂ ਅੱਖਾਂ ਵਿਚ ਮਸਤੀ ਕਿਉਂ ਹੈ ?

'ਮੈਂ ਜਾਣਦਾ ਨਹੀਂ, ਮੈਂ ਕਿਹੜੀ ਵਿਸ਼ੈਲੀ ਮਦਰਾ ਪੀ ਗਿਆ ਹਾਂ, ਜਿਸ ਕਰਕੇ ਮੇਰੇ ਨੈਣ ਨਸ਼ਿਆ ਗਏ ਹਨ।'

'ਆਹ! ਕਿਤਨੀ ਲੱਜਾ ਦੀ ਗੱਲ ਹੈ।'

'ਕੁਛ ਲੋਕ ਬੁਧਿਮਾਨ ਹੁੰਦੇ ਹਨ ਤੇ ਕੁਝ ਮੂਰਖ ਵੀ ਹੁੰਦੇ ਹਨ। ਕੁਝ ਸਾਵਧਾਨ ਤੇ ਕੁਝ ਬੇਪ੍ਰਵਾਹ ਹੁੰਦੇ ਹਨ। ਇਸੇ ਤਰ੍ਹਾਂ ਕੁਛ ਅੱਖੀਆਂ ਮੁਸਕ੍ਰਾਉਣ ਵਾਲੀਆਂ ਤੇ ਕੁਛ ਰੋਣ ਵਾਲੀਆਂ ਹੁੰਦੀਆਂ ਹਨ। ਮੇਰੀਆਂ ਅੱਖੀਆਂ ਵਿਚ ਪਾਗਲਪਣ ਹੀ ਸਹੀ।'

'ਯੁਵਕ ! ਤੁਸੀਂ ਇਸ ਬ੍ਰਿਛ ਦੀ ਛਾਂ ਹੇਠ ਚੁਪਚਾਪ ਕਿਉਂ ਖਲੋਤੇ ਹੋ?'

'ਮੇਰੇ ਪੈਰ, ਮੇਰੇ ਦਿਲ ਦੇ ਭਾਰ ਨਾਲ ਸਿਥਿਲ ਹੋ ਗਏ ਹਨ, ਇਸੇ ਲਈ ਮੈਂ ਛਾਂ ਹੇਠ ਆ ਖਲੋਤਾ ਹਾਂ।'

'ਆਹ, ਕਿਤਨੀ ਲੱਜਾ ਦੀ ਗੱਲ ਹੈ।'

'ਖੈਰ, ਕੁਛ ਲੋਕ ਆਪਣੇ ਰਸਤੇ ਤੇ ਅਗੇ ਵਧ ਰਹੇ ਹਨ ਤੇ ਕੁਛ ਰੁਕੇ ਹੋਏ ਹਨ, ਕੁਛ ਸੁਤੰਤਰ ਤੇ ਕੁਛ ਬੇੜੀਆਂ ਵਿਚ ਜਕੜੇ ਹੋਏ ਹਨ ਤੇ ਮੇਰੇ ਪੈਰ ਮੇਰੇ ਦਿਲ ਦੇ ਭਾਰ ਨਾਲ ਸਿਥਿਲ ਹੋ ਗਏ ਹਨ।

੨੬

ਜੋ ਤੁਸੀਂ ਮਰਜ਼ੀ ਨਾਲ ਆਪਣੇ ਹੱਥੀਂ ਦਿੰਦੇ ਹੋ, ਉਹੋ ਮੈਂ ਲੈ ਲੈਂਦਾ ਹਾਂ, ਮੈਂ ਜ਼ਿਆਦਾ ਤਾਂ ਨਹੀਂ ਨਾ ਮੰਗਦਾ।

'ਹਾਂ, ਹਾਂ ਮੈਂ ਤੁਹਾਨੂੰ ਚੰਗੀ ਤਰ੍ਹਾਂ ਜਾਣਦੀ ਹਾਂ। ਲੱਜਾਵਾਨ ਜੋਗੀ ਜੀ! ਤੁਸੀਂ ਤਾਂ ਸਾਥੋਂ ਸਭ ਕੁਛ ਹੀ ਮੰਗ ਲੈਂਦੇ ਹੋ, ਜੋ ਕੁਝ ਵੀ ਸਾਡੇ ਕੋਲ ਹੈ।'

'ਜੇ ਮੈਨੂੰ ਤੁਛ ਫੁਲ ਵੀ ਤੁਹਾਡੇ ਪਾਸੋਂ ਮਿਲ ਜਾਵੇ ਤਾਂ ਮੈਂ ਉਸ ਨੂੰ ਵੀ ਸੀਨੇ ਨਾਲ ਲਾ ਕੇ ਰੱਖਾਂਗਾ।

'ਅਗਰ ਉਸ ਨਾਲ ਕੰਡੇ ਹੋਏ ?'

'ਮੈਂ ਉਨ੍ਹਾਂ ਨੂੰ ਵੀ ਬਰਦਾਸ਼ਤ ਕਰਾਂਗਾ।'

'ਹਾਂ, ਹਾਂ ਸ਼ਰਮੀਲੇ ਯੋਗੀ ਜੀ ! ਮੈਂ ਤੁਹਾਨੂੰ ਜਾਣਦੀ ਹਾਂ। ਤੁਸੀਂ ਤਾਂ ਸਾਥੋਂ ਸਭ ਕੁਛ ਹੀ ਮੰਗ ਲੈਂਦੇ ਹੋ।'

ਅਗਰ ਤੁਸੀਂ ਇਕ ਵੇਰ ਵੀ ਮੇਰੇ ਵਲ ਪਿਆਰ-ਤੱਕਣੀ ਨਾਲ ਤੱਕ ਲਵੋ ਤਾਂ ਮੇਰੀ ਸਾਰੀ ਜ਼ਿੰਦਗੀ ਮਧੁਰ ਤੇ ਅਮਰ ਹੋ ਸਕਦੀ ਹੈ।'

ਲੇਕਿਨ ਜੇ ਟੇਢੀਆਂ ਭੌਂਹਾਂ ਨਾਲ ਤੱਕਿਆ ਜਾਵੇ ਤਾਂ ?'

'ਤਾਂ ਮੈਂ ਹਮੇਸ਼ਾਂ ਹੀ ਉਸ ਨਾਲ ਆਪਣੇ ਹਿਰਦੇ ਨੂੰ ਛੇਦਿਆ ਕਰਾਂਗਾ।'

'ਹਾਂ, ਹਾਂ ਲੱਜਾਵੰਤ ਯੋਗੀ ਜੀ ! ਮੈਂ ਆਪ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ। ਤੁਸੀਂ ਤਾਂ ਸਾਥੋਂ ਸਭ ਕੁਛ ਹੀ ਮੰਗ ਲੈਂਦੇ ਹੋ।'

੨੭

ਪ੍ਰੇਮ ਵਿੱਚ ਵਿਸ਼ਵਾਸ ਰਖੋ, ਭਾਵੇਂ ਇਹ ਮਾਯੂਸੀ ਕਿਉਂ ਨਾ ਪੈਦਾ ਕਰੇ। ਆਪਣੇ ਦਿਲ ਨੂੰ ਬੰਦ ਨ ਕਰੋ।

'ਨਹੀਂ ਮਿਤਰ ! ਤੁਹਾਡੇ ਸ਼ਬਦ ਬੜੇ ਗੂੜ੍ਹ ਹਨ, ਮੈਂ ਇਨ੍ਹਾਂ ਨੂੰ ਸਮਝ ਨਹੀਂ ਸਕਦਾ।'

'ਮੇਰੇ ਪਿਆਰੇ ! ਦਿਲ ਤਾਂ ਕੇਵਲ ਹੰਝੂਆਂ ਤੇ ਸੰਗੀਤ ਨਾਲ ਦਿਤੇ ਜਾਣ ਦੇ ਹੀ ਲਾਇਕ ਹੈ।'

"ਓ, ਨਹੀਂ ਮੇਰੇ ਮਿਤਰ ! ਤੁਹਾਡੇ ਸ਼ਬਦ ਬੜੇ ਗੂੜ੍ਹ ਹਨ, ਮੈਂ ਇਨ੍ਹਾਂ ਨੂੰ ਸਮਝ ਨਹੀਂ ਸਕਦਾ।"

'ਖੁਸ਼ੀ ਤਾਂ ਤ੍ਰੇਲ-ਤੁਪਕੇ ਵਾਂਙ ਛਿਨ-ਭੰਗਰ ਹੈ ਤੇ ਹਸਦਿਆਂ ਹੀ ਗ਼ਾਇਬ ਹੋ ਜਾਂਦੀ ਹੈ। ਪਰੰਤੂ ਗ਼ਮ ਮਜ਼ਬੂਤ ਤੇ ਸਥਾਈ ਹੈ। ਇਸ ਲਈ ਤੁਸੀਂ ਗ਼ਮ-ਭਰਪੂਰ ਪ੍ਰੇਮ ਨੂੰ ਹੀ ਆਪਣੀਆਂ ਅੱਖੀਆਂ ਵਿਚ ਜਗਾਓ।'

'ਓ ਨਹੀਂ ਮੇਰੇ ਮਿਤਰ ! ਤੁਹਾਡੇ ਸ਼ਬਦ ਬੜੇ ਗੂੜ੍ਹ ਹਨ, ਮੈਂ ਇਨ੍ਹਾਂ ਨੂੰ ਸਮਝ ਨਹੀਂ ਸਕਦਾ।

'ਕੰਵਲ, ਸੂਰਜ ਦੇ ਸਾਹਮਣੇ ਪ੍ਰਫੁਲਤ ਹੋ ਉਠਦਾ ਹੈ ਤੇ ਆਪਣਾ ਸਭ ਕੁਝ ਕੁਰਬਾਨ ਕਰ ਦਿੰਦਾ ਹੈ। ਉਹ ਸਰਦ ਰੁਤ ਦੀ ਧੁੰਦ ਵਿਚ ਤਾਂ ਕਦੀ ਨਹੀਂ ਖਿੜਦਾ।'

ਓ ਨਹੀਂ ਮੇਰੇ ਮਿਤਰ ! ਤੁਹਾਡੇ ਸ਼ਬਦ ਬਹੁਤ ਗੂੜ੍ਹ ਹਨ, ਮੈਂ ਇਨ੍ਹਾਂ ਨੂੰ ਸਮਝ ਨਹੀਂ ਸਕਦਾ।

੨੮

ਤੁਹਾਡੇ ਸਵਾਲੀ ਨੈਣ ਉਦਾਸ ਹਨ। ਇਹ ਮੇਰੀ ਆਸ਼ਾ ਨੂੰ ਜਾਣਨਾ ਚਾਹੁੰਦੇ ਹਨ ਜਿਸ ਤਰ੍ਹਾਂ ਕਿ ਚੰਦ੍ਰਮਾ ਸਮੁੰਦਰ ਦੇ ਤਲ ਵਿਚ ਲਹਿ ਜਾਂਦਾ ਹੈ।

ਮੈਂ ਆਪਣੀ ਜ਼ਿੰਦਗੀ ਆਦਿ ਤੋਂ ਲੈ ਕੇ ਅੰਤ ਤੀਕ ਤੁਹਾਡੇ ਨੈਣਾਂ ਦੇ ਸਾਹਮਣੇ ਖੋਲ੍ਹ ਕੇ ਰਖ ਦਿਤੀ ਹੈ, ਮੈਂ ਕੁਛ ਵੀ ਪਿਛੇ ਯਾ ਛੁਪਾ ਕੇ ਨਹੀਂ ਰਖਿਆ। ਸ਼ੈਦ ਇਸੇ ਲਈ ਤੁਸੀਂ ਮੈਨੂੰ ਪਛਾਣਦੇ ਨਹੀਂ।

ਆਹ ! ਜੇ ਮੇਰਾ ਦਿਲ ਇਕ ਰਤਨ ਹੁੰਦਾ, ਮੈਂ ਇਸ ਨੂੰ ਸੌ ਟੋਟਿਆਂ ਵਿਚ ਤੋੜ ਲੈਂਦਾ ਤੇ ਤੁਹਾਡੇ ਗਲੇ ਪਹਿਨਣ ਲਈ, ਉਨ੍ਹਾਂ ਦੀ ਇਕ ਮਾਲਾ ਪ੍ਰੋ ਦੇਂਦਾ।

ਆਹ ! ਜੇ ਇਹ ਇਕ ਛੋਟਾ ਜੇਹਾ ਗੋਲ ਗੋਲ ਸੁਗੰਧਤ ਫੁਲ ਹੀ ਹੁੰਦਾ, ਤਾਂ ਇਸ ਨੂੰ ਡਾਲੀ ਨਾਲੋਂ ਤੋੜਕੇ ਤੁਹਾਡੇ ਕੇਸਾਂ ਵਿਚ ਸਜਾ ਦੇਂਦਾ।

ਲੇਕਿਨ, ਮੇਰੇ ਪਿਆਰੇ ! ਇਹ ਤਾਂ ਇਕ ਦਿਲ ਹੈ, ਇਸਦੇ ਕਿਨਾਰੇ ਤੇ ਇਸਦੇਈ ਥਾਹ ਕਿਥੇ ?

ਭਾਵੇਂ ਤੁਸੀਂ ਇਸ ਸਲਤਨਤ ਦੀਆਂ ਹੱਦਾਂ ਨੂੰ ਨਹੀਂ ਜਾਣਦੇ ਫਿਰ ਵੀ ਤੁਸੀਂ ਇਸਦੀ ਮਲਕਾ ਹੀ ਹੋ।

ਜੇ ਇਹ ਦਿਲ ਖੁਸ਼ੀ ਦੀ ਹੀ ਇਕ ਘੜੀ ਹੁੰਦਾ ਤਾਂ ਵੀ ਇਹ ਇਕ ਸੁਭਾਵਕ ਮੁਸਕਾਨ ਵਿਚ ਪ੍ਰਫੁਲਤ ਹੁੰਦਾ ਤੇ ਤੁਸੀਂ ਇਸ ਨੂੰ ਦੇਖ ਕੇ ਛਿਨ ਵਿਚ ਪਹਿਚਾਨ ਲੈਂਦੇ।

ਜੇ ਇਹ ਕੇਵਲ ਗ਼ਮ ਹੀ ਹੁੰਦਾ ਤਾਂ ਇਹ ਪਿਘਲ ਕੇ ਸਾਫ ਅੱਥਰੂਆਂ ਦਾ ਹੀ ਰੂਪ ਧਾਰਣ ਕਰ ਲੈਂਦਾ ਤੇ ਬਿਨਾਂ ਹੀ ਸ਼ਬਦਾਂ ਤੋਂ ਆਪਣਾ ਰਾਜ਼ ਜ਼ਾਹਰ ਕਰ ਦੇਂਦਾ।

ਪਰ ਮੇਰੇ ਪਿਆਰੇ ! ਇਹ ਤਾਂ ਪਿਆਰ ਹੈ। ਇਸ ਦੀ ਖੁਸ਼ੀ ਤੇ ਗ਼ਮੀ ਦੋਵੇਂ ਹੀ ਬੇਹਦ ਹਨ, ਇਸ ਦੀਆਂ ਇਛਾਵਾਂ ਤੇ ਦੌਲਤਾਂ ਬੇਅੰਤ ਹਨ।

ਇਹ ਤੁਹਾਡੀ ਜ਼ਿੰਦਗੀ ਦੀ ਤਰ੍ਹਾਂ ਤੁਹਾਡੇ ਨਜ਼ਦੀਕ ਹੈ ਪਰ ਫੇਰ ਵੀ ਤੁਸੀਂ ਇਸ ਨੂੰ ਪੂਰੀ ਤਰ੍ਹਾਂ ਜਾਣ ਨਹੀਂ ਸਕਦੇ।

੨੯

ਮੇਰੇ ਪਿਆਰੇ ! ਮੇਰੇ ਨਾਲ ਬੋਲੋ ਤੇ ਮੈਨੂੰ ਖੋਲ੍ਹ ਕੇ ਦੱਸੋ ਤੁਸਾਂ ਕੀ ਗਾਇਆ ਹੈ ?

ਰਾਤ ਅੰਧੇਰੀ ਹੈ, ਸਤਾਰੇ ਬੱਦਲਾਂ ਵਿਚ ਛਿਪੇ ਹੋਏ ਹਨ।

ਪੌਣ ਬਿਰਛਾਂ ਦੇ ਪੱਤਿਆਂ ਵਿਚਦੀ ਸਾਂ ਸਾਂ ਸਾਂ ਕਰ ਰਹੀ ਹੈ।

ਮੈਂ ਆਪਣੇ ਵਾਲ ਖੋਲ੍ਹ ਦਿਆਂਗੀ। ਮੇਰਾ ਨੀਲਾ ਬਸਤਰ ਰਾਤ ਵਾਂਗ ਮੇਰੇ ਨਾਲ ਚਿੰਬੜਿਆ ਰਹੇਗਾ।

ਮੈਂ ਤੁਹਾਡੇ ਸੀਸ ਨੂੰ ਆਪਣੇ ਸੀਨੇ ਨਾਲ ਲਾ ਕੇ ਰਖਾਂਗੀ ਤੇ ਅਜੇਹੀ ਮਿਠੀ ਏਕਾਂਤ ਵਿਚ ਤੁਹਾਡੇ ਦਿਲ ਪਾਸ ਕੁਛ ਕੁਛ ਕਹਾਂਗੀ। ਮੈਂ ਆਪਣੇ ਨੈਣ ਮੁੰਦਕੇ ਤੁਹਾਨੂੰ ਹੀ ਸੁਣਾਂਗੀ ਤੇ ਮੈਂ ਤੁਹਾਡੇ ਚੇਹਰੇ ਵਲ ਵੀ ਨਹੀਂ ਤੱਕਾਂਗੀ।

ਜਦੋਂ ਤੁਹਾਡੀਆਂ ਗੱਲਾਂ ਖਤਮ ਹੋ ਜਾਣਗੀਆਂ ਤਦੋਂ ਆਪਾਂ ਦੋਵੇਂ ਖਾਮੋਸ਼ ਬੈਠ ਰਹਾਂਗੇ। ਸਿਰਫ ਬਿਰਛ ਹੀ ਉਸ ਗਾੜ੍ਹੇ ਅੰਧੇਰੇ ਵਿਚ ਘੋਰਮਸੋਰੇ ਕਰ ਰਹੇ ਹੋਣਗੇ।

ਰਾਤ ਮੁਕ ਜਾਵੇਗੀ ਤੇ ਪ੍ਰਭਾਤ ਸ਼ੁਰੂ ਹੋ ਜਾਵੇਗੀ, ਅਸੀਂ ਦੋਵੇਂ ਇਕ ਦੂਜੇ ਦੇ ਨੈਣਾਂ ਵਲ ਤੱਕਕੇ ਆਪਣੇ ਆਪਣੇ ਰਸਤੇ ਪੈ ਜਾਵਾਂਗੇ।

ਓ ਮੇਰੇ ਪਿਆਰੇ ! ਮੇਰੇ ਨਾਲ ਬੋਲੋ ਤੇ ਮੈਨੂੰ ਖੋਲ੍ਹਕੇ ਦੱਸੋ, ਤੁਸਾਂ ਕੀ ਗਾਇਆ ਹੈ ?

੩੦

ਤੂੰ ਮੇਰੇ ਸੁਪਨਿਆਂ ਦੇ ਅਕਾਸ਼ ਵਿਚ ਉਡਦੀ ਸ਼ਾਮ ਦੀ ਬੱਦਲੀ ਹੈਂ, ਮੈਂ ਤੈਨੂੰ ਹਮੇਸ਼ਾਂ ਆਪਣੇ ਪਿਆਰ ਰਾਹੀਂ ਸ਼ਿੰਗਾਰਦਾ ਤੇ ਸਜਾਉਂਦਾ ਹਾਂ।

ਤੂੰ ਮੇਰੀ ਹੈਂ, ਸਦਾ ਹੀ ਮੇਰੀ ਹੈਂ, ਮੇਰੇ ਅਨੰਤ ਸੁਪਨਿਆਂ ਦੀ ਮਲਕਾ!

ਮੇਰੀ ਦਿਲ ਦੀ ਸੱਧਰ ਨਾਲ ਰੰਗੇ ਤੇਰੇ ਪੈਰ, ਗੁਲਾਬ ਦੇ ਫੁਲਾਂ ਵਾਂਙ ਲਾਲ ਹਨ; ਮੇਰੇ ਸ਼ਾਮ ਦੇ ਗੀਤਾਂ ਨੂੰ ਸੰਗ੍ਰਹਿ ਕਰਨ ਵਾਲੀ !

ਮੇਰੇ ਗ਼ਮ ਦੀ ਸ਼ਰਾਬ ਦੇ ਰਸ ਨਾਲ ਤੇਰੀਆਂ ਬੁਲ੍ਹੀਆਂ, ਤਲਖ-

ਮਿਠੀਆਂ ਹੋ ਗਈਆਂ ਹਨ।

ਤੂੰ ਮੇਰੀ ਹੈਂ, ਮੇਰੀ ਆਪਣੀ ਹੈਂ, ਮੇਰੇ ਇਕੱਲਿਆਂ ਸੁਪਨਿਆਂ ਦੀ ਮਲਕਾ!

ਮੇਰੀ ਨਜ਼ਰਾਂ ਦੀ ਡੂੰਘਾਈ ਵਿਚ ਵੱਸਣ ਵਾਲੀ ! ਮੈਂ ਆਪਣੇ ਤੀਖਣ ਪਿਆਰ ਦੇ ਸਾਏ ਨਾਲ ਤੇਰੀਆਂ ਅੱਖਾਂ ਸਾਂਵਲੀਆਂ ਕਰ ਦਿੱਤੀਆਂ ਹਨ।

ਪਿਆਰੀ ! ਮੈਂ ਤੁਹਾਨੂੰ ਆਪਣੇ ਸੰਗੀਤ-ਜਾਲ ਵਿਚ ਕੈਦ ਕਰਕੇ ਬੰਨ੍ਹ ਲਿਆ ਹੈ।

ਤੂੰ ਮੇਰੀ ਹੈਂ, ਮੇਰੀ ਆਪਣੀ ਹੈਂ, ਮੇਰੇ ਅਮਰ ਸੁਪਨਿਆਂ ਦੀ ਮਲਕਾ!

੩੧

ਮੇਰੇ ਦਿਲ ਦੇ ਬਨ-ਪੰਛੀ ਨੂੰ ਤੁਹਾਡੇ ਨੈਣਾਂ ਦਾ ਅਕਾਸ਼ ਮਿਲ ਗਿਆ ਹੈ।

ਤੁਹਾਡੇ ਨੈਣ ਮਾਨੋਂ ਪ੍ਰਭਾਤ ਦਾ ਝੂਲਣਾ ਤੇ ਸਤਾਰਿਆਂ ਦੀ ਸਲਤਨਤ ਹਨ।

ਮੇਰੇ ਗੀਤ ਇਨ੍ਹਾਂ ਦੀਆਂ ਡੂੰਘਾਈਆਂ ਵਿਚ ਗੁਆਚ ਗਏ ਹਨ।

ਮੈਨੂੰ ਇਸ ਅਸਮਾਨ ਦੀ ਏਕਾਂਤ ਬੇਇਨਤਾਹੀ ਵਿਚ ਉਡਣ ਦੀ ਆਗਿਆ ਦਿਓ।

ਮੈਨੂੰ ਅਸਮਾਨੀ ਬੱਦਲਾਂ ਨੂੰ ਚੀਰ ਕੇ ਸੁੰਦਰ ਪ੍ਰਕਾਸ਼ ਵਿਚ ਆਪਣੇ ਖੰਭ ਫੈਲਾਉਣ ਦਿਓ।

੩੨

ਮੇਰੇ ਪਿਆਰੇ ! ਦੱਸੋ ਇਹ ਸਭ ਸੱਚ ਹੈ, ਕਹੋ ਕੀ ਇਹ ਸਾਰਾ ਹੀ ਸੱਚ ਹੈ ? ਜਦੋਂ ਇਹ ਅੱਖੀਆਂ ਸਾਂਵਲੇ ਮੇਘਾਂ ਵਿਚ ਲਿਸ਼ਕਦੀ ਬਿਜਲੀ ਵਾਂਗ ਚਮਕਦੀਆਂ ਹਨ, ਕੀ ਉਸ ਸਮੇਂ ਤਹਾਡੇ ਸੀਨੇ ਵਿਚੋਂ ਕੋਈ ਗਰਜਵਾਂ ਉੱਤਰ ਮਿਲਦਾ ਹੈ ?

ਕੀ ਇਹ ਸੱਚ ਹੈ ਕਿ ਮੇਰੇ ਬੁੱਲ੍ਹ ਨਵ ਉਗਮੇ ਪਿਆਰ ਦੀ ਅਧ-ਖਿਲੀ ਕਲੀ ਵਾਂਗ ਮਿਠੇ ਹਨ ?

ਕੀ ਬੀਤੇ ਗ੍ਰੀਖਮ ਦੀਆਂ ਯਾਦਾਂ ਮੇਰੇ ਅੰਗਾਂ ਵਿਚ ਸਮਾਈਆਂ ਹੋਈਆਂ ਹਨ ?

ਕੀ ਧਰਤੀ ਮੇਰੇ ਪੈਰਾਂ ਦੀ ਛੁਹ ਨਾਲ ਵੀਣਾ ਵਾਂਙ ਸੰਗੀਤ ਸੰਗ ਥਰਕ ਉਠਦੀ ਹੈ ?

ਤਾਂ ਕੀ ਇਹ ਠੀਕ ਹੈ ਕਿ ਰਾਤ ਦੀਆਂ ਅੱਖੀਆਂ ਵਿਚੋਂ ਤ੍ਰੇਲ-ਤੁਪਕੇ ਡਿਗ ਪੈਂਦੇ ਹਨ ਜਦੋਂ ਕਿ ਮੈਂ ਬਾਹਰ ਆਉਂਦੀ ਹਾਂ ? ਕੀ ਪ੍ਰਭਾਤ ਦਾ ਚਾਨਣ ਮੇਰੇ ਸਰੀਰ ਦਾ ਆਲਿੰਗਨ ਕਰਕੇ ਪ੍ਰਸੰਨ ਹੁੰਦਾ ਹੈ ?

ਕੀ ਇਹ ਸੱਚ ਹੈ, ਬਿਲਕੁਲ ਸੱਚ ਹੈ ਕਿ ਤੁਹਾਡਾ ਪਿਆਰ ਯੁਗਾਂ ਯੁਗਾਂਤਰਾਂ ਤੋਂ ਮੇਰੀ ਤਲਾਸ਼ ਵਿਚ ਦੇਸਾਂ ਪਰਦੇਸਾਂ ਦੇ ਸਫਰ ਝਾਗਦਾ ਆ ਰਿਹਾ ਹੈ।

ਜਦੋਂ ਅਖ਼ੀਰ ਤੁਸਾਂ ਮੈਨੂੰ ਲੱਭ ਲਿਆ, ਫਿਰ ਕੀ ਤੁਹਾਡੀ ਚਿਰ-ਕਾਲ ਦੀ ਇਛਾ ਮਿਠੇ ਮਿਠੇ ਬੋਲਾਂ ਨਾਲ, ਮੇਰੇ ਨੈਣਾਂ ਤੇ ਬੁਲ੍ਹੀਆਂ ਨਾਲ, ਮੇਰੀਆਂ ਉਡਦੀਆਂ ਜ਼ੁਲਫਾਂ ਨਾਲ ਪੂਰਣ ਸ਼ਾਂਤ ਹੋ ਗਈ ਸੀ ?

ਤਾਂ ਕੀ ਇਹ ਸੱਚ ਹੈ ਕਿ ਅਨੰਤ ਦਾ ਰਹੱਸ ਮੇਰੇ ਹੀ ਨਿਕੇ ਮਸਤਕ ਤੇ ਲਿਖਿਆ ਹੋਇਆ ਹੈ ?

ਮੈਨੂੰ ਦੱਸੋ ਮੇਰੇ ਪ੍ਰੇਮੀ ! ਕੀ ਇਹ ਸਭ ਕੁਛ ਹੀ ਸੱਚ ਹੈ ?

੩੩

ਮੈਂ ਤੁਹਾਨੂੰ ਪਿਆਰ ਕਰਦੀ ਹਾਂ, ਓ ਪਿਆਰੇ ! ਮੇਰੇ ਪਿਆਰ ਨੂੰ ਮੁਆਫ ਕਰਨਾ। ਪੰਧੋਂ-ਭੁਲੇ ਪੰਛੀ ਦੀ ਤਰ੍ਹਾਂ ਮੈਂ ਭਟਕ ਹੀ ਗਈ ਹਾਂ।

ਜਿਸ ਸਮੇਂ ਮੇਰਾ ਦਿਲ ਲਰਜ਼ ਗਿਆ ਸੀ, ਇਹ ਪਰਦਾਹੀਨ ਹੋ ਕੇ ਨਗਨ ਹੋ ਗਿਆ। ਇਸ ਨੂੰ ਆਪਣੀ ਰਹਿਮਤ ਦੇ ਅੰਚਲ ਨਾਲ ਢਕ ਲਵੋ, ਮੇਰੇ ਪਿਆਰੇ !

ਤੇ ਮੇਰੇ ਪਿਆਰ ਨੂੰ ਮਾਫ ਕਰ ਦਿਓ।

ਜੇਕਰ ਤੁਸੀਂ ਮੇਰੇ ਨਾਲ ਪਿਆਰ ਨਹੀਂ ਕਰ ਸਕਦੇ, ਪਿਆਰੇ, ਤਾਂ ਮੇਰੇ ਗ਼ਮ ਨੂੰ ਹੀ ਖਿਮਾ ਕਰੋ।

ਦੂਰੋਂ ਦੂਰੋਂ ਹੀ ਮੇਰੇ ਵਲ ਤਿਰਛੀ ਨਜ਼ਰ ਨਾਲ ਨ ਤੱਕੋ।

ਮੈਂ ਹੌਲੀ ਦੇ ਕੇ ਆਪਣੀ ਥਾਂ ਨੂੰ ਹੀ ਵਾਪਸ ਚਲੀ ਜਾਂਦੀ ਹਾਂ ਤੇ ਉਥੇ ਅੰਧੇਰੇ ਵਿਚ ਬੈਠੀ ਰਹਾਂਗੀ। ਮੈਂ ਆਪਣੀ ਨਗਨ ਲੱਜਾ ਨੂੰ ਦੋਹਾਂ ਹੱਥਾਂ ਨਾਲ ਛਿਪਾ ਲਵਾਂਗੀ।

ਮੇਰੇ ਵਲ ਮੂੰਹ ਮੋੜ ਲਵੋ, ਪਿਆਰੇ ! ਤੇ ਮੇਰੇ ਗ਼ਮ ਲਈ ਮੈਨੂੰ ਮਾਫ ਕਰੋ।

ਜੇ ਤੁਸੀਂ ਮੈਨੂੰ ਪਿਆਰ ਹੀ ਕਰਨਾ ਹੈ, ਪਿਆਰੇ ! ਤਾਂ ਮੇਰੀ ਖੁਸ਼ੀ ਲਈ ਮੈਨੂੰ ਮਾਫ ਕਰ ਦਿਓ।

ਜਦੋਂ ਮੇਰਾ ਦਿਲ ਖੁਸ਼ੀ ਦੇ ਵਹਿਣ ਵਿਚ ਵਹਿ ਚਲੇ, ਤਾਂ ਮੇਰੇ ਭਿਆਨਕ ਆਤਮ-ਤਿਆਗ ਤੇ ਨ ਹੱਸਣਾ।

ਜਦੋਂ ਮੈਂ ਆਪਣੇ ਸਿੰਘਾਸਨ ਉਤੇ ਬੈਠ ਕੇ ਤੁਹਾਡੇ ਉਤੇ ਪਿਆਰ ਦੀ ਜਾਬਰ ਹਕੂਮਤ ਕਰਾਂ, ਜਦੋਂ ਦੇਵੀਆਂ ਦੀ ਤਰ੍ਹਾਂ ਵਰਦਾਨ ਵੀ ਬਖਸ਼ਾਂ, ਮੇਰੇ ਗਰਬ ਨੂੰ ਸਹਾਰ ਲੈਣਾ, ਪਿਆਰੇ ! ਤੇ ਮੇਰੀ ਖੁਸ਼ੀ ਲਈ ਮੈਨੂੰ ਮਾਫ਼ ਕਰ ਦੇਣਾ।

੩੪

ਮੇਰੇ ਪਿਆਰੇ ! ਬਿਨਾਂ ਮੇਰੀ ਰਜ਼ਾਮੰਦੀ ਦੇ ਚਲੇ ਨ ਜਾਣਾ।

ਮੈਂ ਰਾਤ ਭਰ ਤੁਹਾਨੂੰ ਉਡੀਕਦੀ ਰਹੀ ਹਾਂ ਤੇ ਹੁਣ ਮੇਰੀਆਂ ਅੱਖਾਂ ਉਨੀਂਦੇ, ਨਾਲ ਭਾਰੀਆਂ ਹੋ ਗਈਆਂ ਹਨ।

ਮੈਨੂੰ ਡਰ ਹੈ ਕਿ ਮੈਂ ਤੁਹਾਨੂੰ ਸੌਂ ਕੇ ਕਿਤੇ ਗਵਾ ਨਾ ਬੈਠਾਂ। ਮੇਰੇ ਪਿਆਰੇ! ਬਿਨਾਂ ਮੈਨੂੰ ਦਸੇ ਚਲੇ ਨਾ ਜਾਣਾ।

ਮੈਂ ਅੱਭੜਵਾਹੀ ਉਠੀ ਤੇ ਤੁਹਾਨੂੰ ਛੂਹਣ ਲਈ ਹੱਥ ਫੈਲਾਏ, ਮੈਂ ਆਪਣੇ ਆਪ ਤੋਂ ਪੁਛਦੀ ਹਾਂ,

'ਕੀ ਇਹ ਸੁਪਨਾ ਹੈ?'

ਕਾਸ਼ ! ਮੈਂ ਤੁਹਾਡੇ ਚਰਨਾਂ ਨੂੰ ਆਪਣੇ ਦਿਲ ਨਾਲ ਲਾ ਸਕਦੀ ਤੇ ਆਪਣੀ ਛਾਤੀ ਨਾਲ ਬੰਨ੍ਹ ਕੇ ਰਖ ਸਕਦੀ।

ਮੇਰੇ ਪਿਆਰੇ ! ਮੈਨੂੰ ਬਿਨਾਂ ਦੱਸੇ ਚਲੇ ਨਾ ਜਾਣਾ।

੩੫

ਤੂੰ ਇਸ ਲਈ ਭੁਲੇਵੇਂ ਪਾ ਰਹੀ ਹੈ ਤਾਂ ਕਿ ਤੈਨੂੰ ਸਹਿਜੇ ਹੀ ਜਾਣ ਨ ਜਾਵਾਂ।

'ਤੁਸੀਂ ਆਪਣੇ ਅੱਥਰੂਆਂ ਨੂੰ ਛੁਪਾਉਣ ਲਈ ਆਪਣੇ ਹਾਸੇ ਦੀ ਚਮਕ ਨਾਲ ਮੈਨੂੰ ਅੰਨ੍ਹਿਆਂ ਕਰ ਦਿੰਦੇ ਹੋ।'

ਮੈਂ ਤੁਹਾਡੀ ਚਤੁਰਾਈ ਨੂੰ ਜਾਣਦਾ ਹਾਂ, ਚੰਗੀ ਤਰ੍ਹਾਂ ਜਾਣਦਾ ਹਾਂ।

ਜੋ ਗੱਲ ਤੁਸੀਂ ਕਹਿਣਾ ਚਾਹੁੰਦੀ ਹੋ, ਉਹ ਤੁਸੀਂ ਕਦੀ ਵੀ ਨਹੀਂ ਕਹਿੰਦੇ।

ਇਸ ਕਰਕੇ ਕਿ ਮੈਂ ਤੁਹਾਡਾ ਅਦਬ ਨ ਕਰਾਂ, ਤੁਸੀਂ ਮੈਥੋਂ ਹਜ਼ਾਰਾਂ ਕੋਹਾਂ ਦੂਰ ਦੂਰ ਭਜਦੇ ਹੋ।

ਕਿਤੇ ਮੈਂ ਤੁਹਾਨੂੰ ਆਮ ਜਨਤਾ ਨਾਲ ਨ ਸਮਝ ਲਵਾਂ, ਇਸ ਲਈ ਤੁਸੀਂ ਇਕ ਪਾਸੇ ਖਲੋ ਜਾਂਦੇ ਹੋ।

ਮੈਂ ਤੁਹਾਡੀ ਚਲਾਕੀ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ।

ਜਿਸ ਰਾਹ ਤੇ ਤੁਹਾਡਾ ਜਾਣ ਦਾ ਖਿਆਲ ਹੈ, ਤੁਸੀਂ ਉਸ ਤੇ ਕਦੇ ਵੀ ਨਾ ਟੁਰੋਗੇ, ਤੁਹਾਡੀ ਅਪਣੱਤ ਹੋਰਾਂ ਨਾਲੋਂ ਜ਼ਿਆਦਾ ਹੈ, ਇਸੇ ਲਈ ਤੁਸੀਂ ਖਾਮੋਸ਼ ਹੋ।

ਮਟਕੀਲੀ ਬੇਪਰਵਾਹੀ ਨਾਲ ਮੇਰੀਆਂ ਸੁਗਾਤਾਂ ਤੁਸੀਂ ਨਾ-ਮਨਜ਼ੂਰ ਕਰ ਦਿੰਦੇ ਹੋ, ਸੋ ਮੈਂ, ਤੁਹਾਡੀ ਚਤਰਾਈ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ।

ਜੋ ਤੁਹਾਡੀ ਚਾਹ ਹੈ, ਉਹ ਤੁਸੀਂ ਕਦੀ ਵੀ ਨ ਲਵੋਂਗੇ।

੩੬

ਉਸ ਨੇ ਹੌਲੀ ਦੇ ਕੇ ਕਿਹਾ, 'ਮੇਰੀ ਪਿਆਰੀ ! ਜ਼ਰਾ ਅੱਖੀਆਂ ਤੇ ਖੋਲ੍ਹੋ।'

ਮੈਂ ਛੇਤੀ ਨਾਲ ਝਿੜਕ ਕੇ ਆਖਿਆ, 'ਜਾਓ'। ਲੇਕਿਨ ਉਹ ਨਾ ਹਿਲਿਆ।

ਉਸ ਨੇ ਮੇਰੇ ਸਾਹਮਣੇ ਖੜ੍ਹੋ ਕੇ ਮੇਰੇ ਦੋਵੇਂ ਹੱਥ ਫੜ ਲਏ, ਮੈਂ ਕਿਹਾ, 'ਮੈਨੂੰ ਛੱਡ ਦਿਓ' ਪਰ ਉਹ ਫਿਰ ਵੀ ਨ ਗਿਆ।

ਉਸ ਨੇ ਆਪਣਾ ਮੂੰਹ ਮੇਰੇ ਕੰਨਾਂ ਕੋਲ ਲਿਆਂਦਾ। ਮੈਂ ਉਸ ਵਲ ਤੱਕਿਆ ਤੇ ਕਿਹਾ, 'ਹੈਂ! ਬੇਸ਼ਰਮ' ਪਰ ਉਹ ਨ ਹਿਲਿਆ।

ਉਸ ਦੇ ਬੁਲ੍ਹਾਂ ਨੇ ਮੇਰੇ ਕਪੋਲ ਚੁੰਮੇ, ਮੈਂ ਕੰਬ ਉਠੀ ਤੇ ਕਿਹਾ, 'ਤੁਸੀਂ ਬੜੇ ਢੀਠ ਹੋ।' ਪਰ ਉਹ ਜ਼ਰਾ ਵੀ ਸ਼ਰਮਿੰਦਾ ਨ ਹੋਇਆ।

ਉਸ ਨੇ ਇਕ ਫੁਲ ਮੇਰੇ ਕੇਸਾਂ ਵਿੱਚ ਟੁੰਗ ਦਿੱਤਾ, ਮੈਂ ਕਿਹਾ, 'ਇਹ ਸਭ ਫਜ਼ੂਲ ਹੈ।'

ਲੇਕਿਲ ਉਹ ਅਡੋਲ ਖਲੋਤਾ ਰਿਹਾ।

ਉਸ ਨੇ ਮੇਰੇ ਗਲ ਤੋਂ ਗਜਰਾ ਉਤਾਰ ਲਿਆ ਤੇ ਚਲਿਆ ਗਿਆ।

ਮੈਂ ਰੋਂਦੀ ਹਾਂ ਤੇ ਆਪਣੇ ਦਿਲ ਤੋਂ ਪੁਛਦੀ ਹਾਂ -

'ਉਹ ਮੁੜ ਕੇ ਕਿਉਂ ਨਹੀਂ ਆਇਆ?'

੩੭

ਸੁੰਦਰੀ ! ਕੀ ਤੂੰ ਆਪਣਾ ਸੱਜਰੇ ਫੁੱਲਾਂ ਦਾ ਹਾਰ ਮੇਰੇ ਗਲੇ ਪਹਿਨਾਵੇਂਗੀ?

ਪਰ ਤੁਹਾਨੂੰ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਇਕੋ ਹਾਰ ਬਹੁਤਿਆਂ ਲਈ ਤਿਆਰ ਕੀਤਾ ਹੈ।

ਇਹ ਮੇਰਾ ਹਾਰ ਉਨ੍ਹਾਂ ਖਾਤਰ ਹੈ ਜੋ ਕਿ ਇਕੋ ਝਲਕ ਵਿੱਚ ਹੀ ਦਿਸ ਆਉਂਦੇ ਹਨ, ਜੋ ਨਾਮਾਲੂਮ ਦੇਸਾਂ ਵਿਚ ਰਹਿੰਦੇ ਹਨ ਯਾ ਜੋ ਕਵੀਆਂ ਦੇ ਗੀਤਾਂ ਵਿਚ ਵਾਸਾ ਰਖਦੇ ਹਨ।

ਤੁਸੀਂ ਆਪਣੇ ਦਿਲ ਦੇ ਬਦਲੇ ਮੇਰਾ ਦਿਲ ਮੰਗਣ ਵਿੱਚ ਕਾਫੀ ਦੇਰ ਕਰ ਦਿੱਤੀ ਹੈ।

ਹਾਂ, ਉਹ ਇਕ ਵੇਲਾ ਸੀ ਜਦੋਂ ਮੇਰਾ ਜੀਵਨ ਕਲੀ ਦੇ ਵਾਂਙ ਬੰਦ ਸੀ ਤੇ ਉਸ ਦੀ ਸਾਰੀ ਸੁਗੰਧੀ ਅੰਦਰ ਹੀ ਜਮ੍ਹਾਂ ਸੀ।

ਹੁਣ ਤਾਂ ਇਹ ਸੁਗੰਧੀ ਦੂਰ ਦੂਰ ਤਕ ਖਿਲਰ ਗਈ ਹੈ।

ਕੀ ਉਸ ਸੁਗੰਧੀ ਨੂੰ ਜਮ੍ਹਾਂ ਕਰਕੇ ਮੁੜ ਦਿਲ ਵਿੱਚ ਬੰਦ ਕਰਨ ਦਾ ਮੰਤਰ ਕਿਸੇ ਨੂੰ ਆਉਂਦਾ ਹੈ?

ਮੇਰਾ ਦਿਲ ਹੁਣ ਆਪਣਾ ਨਹੀਂ ਹੈ ਜੋ ਕਿ ਕਿਸੇ ਇਕ ਨੂੰ ਦੇ ਦੇਵਾਂ, ਇਹ ਤਾਂ ਹੁਣ ਬਹੁਤਿਆਂ ਨੂੰ ਅਰਪਿਆ ਜਾ ਚੁਕਿਆ ਹੈ।

੩੮

ਮੇਰੀ ਪਿਆਰੀ ! ਇਕ ਦਫਾ ਤੁਹਾਡੇ ਇਸ ਕਵੀ ਨੇ ਇਕ 'ਮਹਾਂਕਾਵਿ' ਆਪਣੇ ਦਿਮਾਗ ਵਿੱਚ ਘੜਿਆ।

ਪਰ ਅ.ਫਸੋਸ ! ਮੈਂ ਸਾਵਧਾਨ ਨਹੀਂ ਸਾਂ, ਉਹ ਮਹਾਂਕਾਵਿ ਛਣਕਦੇ ਕੰਗਣਾਂ ਦੀ ਠੇਸ ਨਾਲ ਟੁਕੜੇ ਟੁਕੜੇ ਹੋ ਗਿਆ।

ਤੇ ਇਹ ਛੋਟੇ ਛੋਟੇ ਗੀਤਾਂ ਦੇ ਟੋਟਿਆਂ ਵਿਚ ਬਦਲ ਕੇ ਤੁਹਾਡੇ ਕਦਮਾਂ ਲਾਗੇ ਖਿਲਰ ਗਿਆ।

ਉਹ ਮਹਾਂਕਾਵਿ ਦੇ ਪੁਰਾਣੇ ਯੁੱਧਾਂ ਦੇ ਕਾਰਨਾਮਿਆਂ ਨੂੰ, ਹਸਦੀਆਂ ਲਹਿਰਾਂ ਨੇ ਇਧਰ ਉਧਰ ਸੁਟ ਦਿੱਤਾ ਤੇ ਉਹ ਅੱਥਰੂਆਂ ਵਿਚ ਭਿੱਜ ਭਿੱਜ ਕੇ ਡੁਬ ਗਿਆ।

ਤੁਹਾਨੂੰ ਮੇਰਾ ਇਹ ਨੁਕਸਾਨ ਪੂਰਾ ਕਰਨਾ ਚਾਹੀਦਾ ਹੈ, ਮੇਰੀ ਪਿਆਰੀ!

ਅਗਰ ਉਸ ਮਹਾਂਕਾਵਿ ਦੇ ਨਾਸ ਹੋ ਜਾਣ ਨਾਲ ਮੌਤ ਪਿਛੋਂ ਅਮਰ ਕੀਰਤੀ ਪ੍ਰਾਪਤ ਕਰਨ ਦਾ ਮੇਰਾ ਅਧਿਕਾਰ ਖੋਹਿਆ ਗਿਆ ਹੈ ਤਾਂ ਮੈਨੂੰ ਜੀਵਨ ਤਕ ਤਾਂ ਅਮਰਤਾ ਪ੍ਰਦਾਨ ਕਰ ਦਿਓ ਤੇ ਫਿਰ ਮੈਂ ਆਪਣੇ ਨੁਕਸਾਨ ਦਾ ਵੀ ਕੋਈ ਗ਼ਮ ਨਹੀਂ ਕਰਾਂਗਾ ਤੇ ਨਾ ਹੀ ਤੁਹਾਡੇ ਤੇ ਕੋਈ ਗਿਲਾ ਕਰਾਂਗਾ।

੩੯

ਮੈਂ ਪ੍ਰਭਾਤ ਦਾ ਸਾਰਾ ਵੇਲਾ ਫੁਲਾਂ ਦੀ ਮਾਲਾ ਗੁੰਦਣ ਵਿੱਚ ਲਾਉਂਦਾ ਹਾਂ ਪਰ ਫੁਲ ਤਿਲਕ ਤਿਲਕ ਕੇ ਡਿਗ ਪੈਂਦੇ ਹਨ।

ਤੁਸੀਂ ਉਹਲੇ ਬੈਠੇ ਬਾਰੀਕਬੀਨੀ ਨਾਲ ਇਕ ਪਾਸਿਓਂ ਮੈਨੂੰ ਦੇਖ ਰਹੇ ਸਾਉਂ, ਸੋ ਤੁਸੀਂ ਇਨ੍ਹਾਂ ਸ਼ਰਾਰਤੀ ਨੈਣਾਂ ਨੂੰ ਹੀ ਪੁਛੋ, ਇਸ ਵਿਚ ਕਿਸ ਦਾ ਕਸੂਰ ਸੀ।

ਮੈਂ ਇਕ ਗੀਤ ਗਾਉਣ ਦਾ ਜਤਨ ਕਰਦਾ ਹਾਂ ਪਰ ਬਿਲਕੁਲ ਬੇਫਾਇਦਾ !

ਇਕ ਛਿਪੀ ਹੋਈ ਮੁਸਕ੍ਰਾਹਟ ਤੁਹਾਡੀਆਂ ਬੁਲ੍ਹੀਆਂ ਤੇ ਝਲਕ ਰਹੀ ਹੈ।

ਮੇਰੀ ਅਸਫ਼ਲਤਾ ਦਾ ਕਾਰਣ ਉਸੇ ਤੋਂ ਹੀ ਪੁਛੋ।

ਆਪਣੇ ਮੁਸਕ੍ਰਾਂਦੇ ਬੁਲ੍ਹਾਂ ਤੋਂ ਕਸਮ ਚੁਕਾ ਕੇ ਕਿਉਂ ਨਹੀਂ ਪੁਛ ਲੈਂਦੇ ਕਿ ਕਿਸ ਤਰ੍ਹਾਂ ਮੇਰੀ ਅਵਾਜ਼ ਆਪਣੇ ਆਪ ਕਮਲ ਦੀ ਮਧੁ-ਮਸਤ ਮੱਖੀ ਵਾਂਙ ਖਾਮੋਸ਼ੀ ਵਿੱਚ ਗੁਆਚ ਗਈ ਹੈ।

ਸ਼ਾਮ ਹੋ ਗਈ ਹੈ ਤੇ ਫੁਲਾਂ ਦੀਆਂ ਪੰਖੜੀਆਂ ਦੇ ਸੰਕੁਚਣ ਦਾ ਸਮਾਂ ਆ ਗਿਆ ਹੈ।

ਮੈਨੂੰ ਆਪਣੇ ਪਾਸ ਬੈਠਣ ਦੀ ਆਗਿਆ ਦਿਓ ਤੇ ਮੇਰੇ ਬੁਲ੍ਹਾਂ ਨੂੰ ਉਹ ਕੰਮ ਕਰਨ ਲਈ ਹੁਕਮ ਦਿਓ, ਜੋ ਕਿ ਖਾਮੋਸ਼ੀ ਵਿੱਚ ਤੇ ਸਤਾਰਿਆਂ ਦੀ ਮੱਧਮ ਲੋਅ ਵਿੱਚ ਮੈਥੋਂ ਕਰਾਇਆ ਜਾ ਸਕਦਾ ਹੈ।

੪੦

ਮੈਂ ਜਦੋਂ ਤੁਹਾਡੇ ਪਾਸੋਂ ਵਿਦਾਇਗੀ ਲਈ ਆਉਂਦਾ ਹਾਂ ਤਾਂ ਤੁਹਾਡੇ ਨੈਣਾਂ ਵਿਚੋਂ ਇਕ ਅਵਿਸ਼ਵਾਸ ਦੀ ਮੁਸਕ੍ਰਾਹਟ ਝਲਕਣ ਲਗ ਪੈਂਦੀ ਹੈ।

ਮੈਂ ਇਤਨੀ ਵੇਰ ਵਿਦਾ ਮੰਗ ਚੁਕਿਆ ਹਾਂ ਕਿ ਤੁਹਾਨੂੰ ਇਹ ਨਿਸਚਾ ਹੋ ਗਿਆ ਹੈ ਕਿ ਮੈਂ ਛੇਤੀ ਹੀ ਫਿਰ ਮੁੜ ਆਵਾਂਗਾ।

ਜੇ ਸੱਚ ਪੁਛੋ, ਮੈਨੂੰ ਵੀ ਕੁਛ ਅਜੇਹਾ ਹੀ ਸ਼ੱਕ ਹੋ ਗਿਆ ਹੈ।

ਕਿਉਂਕਿ ਬਸੰਤ ਦੇ ਦਿਨ ਜਾ ਕੇ ਫਿਰ ਆ ਜਾਂਦੇ ਹਨ, ਪੂਰਣ ਚੰਦ੍ਰਮਾ ਵੀ ਵਿਦਾ ਹੋ ਜਾਂਦਾ ਹੈ, ਤੇ ਫਿਰ ਆ ਜਾਂਦਾਹੈ। ਇਸੇ ਤਰ੍ਹਾਂ ਸਾਲ ਦੇ ਸਾਲ ਫੁਲ ਆਪਣੀਆਂ ਟਾਹਣੀਆਂ ਤੇ ਲੱਜਾ ਨਾਲ ਮੂੰਹ ਲਾਲ ਕਰੀਂ ਮੁੜ ਮੁੜ ਖਿੜਦੇ ਰਹਿੰਦੇ ਹਨ।

ਮੈਂ ਵੀ ਤੁਹਾਡੇ ਪਾਸੋਂ ਇਸੇ ਤਰ੍ਹਾਂ ਫਿਰ ਮੁੜ ਆਉਣ ਲਈ ਹੀ ਵਿਦਾ ਮੰਗ ਰਿਹਾ ਹਾਂ।

ਪਰ ਇਸ ਵਹਿਮ ਨੂੰ ਕੁਛ ਚਿਰ ਬਣਿਆਂ ਰਹਿਣ ਦਿਓ, ਸਖ਼ਤ ਤੇਜ਼ੀ ਨਾਲ ਇਕ ਦਮ ਨ ਹਟਾਓ।

ਜਦੋਂ ਮੈਂ ਇਹ ਕਹਾਂ ਕਿ ਮੈਂ ਤੁਹਾਥੋਂ ਹਮੇਸ਼ਾਂ ਲਈ ਹੀ ਵਿਦਾ ਹੁੰਦਾ ਹਾਂ, ਤਾਂ ਤੁਸੀਂ ਇਸੇ ਨੂੰ ਹੀ ਸੱਚ ਮੰਨ ਲਵੋ ਤੇ ਇਕ ਪਲ ਲਈ ਆਪਣੀਆਂ ਅੱਖੀਆਂ ਦੀਆਂ ਕਾਲੀਆਂ ਪਲਕਾਂ ਨੂੰ ਅੱਥਰੂਆਂ ਨਾਲ ਭਰ ਲੈਣ ਦਿਓ।

ਜਦੋਂ ਮੈਂ ਮੁੜ ਆ ਜਾਵਾਂਗਾ, ਫਿਰ ਭਾਵੇਂ ਜਿਸ ਤਰ੍ਹਾਂ ਤੁਹਾਡੀ ਮਰਜ਼ੀ ਹੋਵੇ, ਖਿੜ ਖਿੜਾ ਕੇ ਹੱਸ ਲੈਣਾ।

੪੧

ਮੈਂ ਤੁਹਾਡੇ ਨਾਲ ਇਕ ਬਹੁਤ ਡੂੰਘੀ ਗੱਲ ਕਰਨੀ ਚਾਹੁੰਦਾ ਹਾਂ। ਲੇਕਿਨ ਇਸ ਕਰਕੇ ਕਿ ਤੁਸੀਂ ਹੱਸੋਗੇ, ਮੈਂ ਕਹਿਣ ਦਾ ਹੌਂਸਲਾ ਨਹੀਂ ਕਰਦਾ।

ਇਸੇ ਲਈ ਮੈਂ ਆਪ ਹੀ ਆਪਣੇ ਆਪ ਤੇ ਹੱਸ ਛੱਡਦਾ ਹਾਂ ਤੇ ਹਾਸੇ ਮਖੌਲ ਵਿੱਚ ਹੀ ਆਪਣੇ ਰਾਜ਼ ਨੂੰ ਟੁਕੜੇ ਟੁਕੜੇ ਕਰ ਛੱਡਦਾ ਹਾਂ।

ਇਸ ਡਰ ਨਾਲ ਕਿ ਕਿਤੇ ਤੁਸੀਂ ਵੀ ਅਜੇਹਾ ਹੀ ਨ ਕਰੋ, ਮੈਂ ਆਪਣੀ ਪੀੜਾ ਨੂੰ ਤ੍ਰਿਸਕਾਰਦਾ ਰਹਿੰਦਾ ਹਾਂ।

ਮੈਂ ਤੁਹਾਨੂੰ ਕੁਝ ਵਿਸ਼ਵਾਸੀ ਸ਼ਬਦ ਕਹਿਣਾ ਚਾਹੁੰਦਾ ਹਾਂ ਪਰ ਇਸ ਗੱਲੋਂ ਡਰਦਾ ਨਹੀਂ ਕਹਿੰਦਾ ਕਿ ਤੁਸੀਂ ਸ਼ੈਦ ਉਨ੍ਹਾਂ ਤੇ ਵਿਸ਼ਵਾਸ ਹੀ ਨਾ ਕਰੋਂ।

ਇਸੇ ਲਈ ਮੈਂ ਆਪਣੇ ਹੀ ਮੰਤਵ ਤੋਂ ਵਿਰੁੱਧ ਗੱਲਾਂ ਕਰਕੇ ਇਨ੍ਹਾਂ ਨੂੰ ਛਲ ਨਾਲ ਛੁਪਾ ਲੈਂਦਾ ਹਾਂ।

ਇਸ ਗੱਲ ਤੋਂ ਡਰਦਾ ਕਿ ਤੁਸੀਂ ਅਜੇਹਾ ਨ ਕਰੋ, ਮੈਂ ਆਪਣੀ ਮਾਨਸਿਕ ਪੀੜਾ ਨੂੰ ਤ੍ਰਿਸਕਾਰਦਾ ਰਹਿੰਦਾ ਹਾਂ।

ਮੈਂ ਤੁਹਾਡੇ ਲਈ ਬਹੁਤ ਸਤਿਕਾਰ-ਭਰੇ ਸ਼ਬਦ ਵਰਤਣੇ ਚਾਹੁੰਦਾ ਹਾਂ ਪਰ ਇਸ ਗੱਲ ਤੋਂ ਡਰਦਾ ਨਹੀਂ ਕਹਿੰਦਾ ਕਿ ਕਿਤੇ ਤੁਸੀਂ ਵੀ ਅਜੇਹੇ ਸ਼ਬਦ

ਹੀ ਨ ਵਰਤ ਲਵੇ।

ਇਸੇ ਕਰਕੇ ਮੈਂ ਤੁਹਾਨੂੰ ਸਖ਼ਤ ਨਾਮਾਂ ਨਾਲ ਯਾਦ ਕਰਦਾ ਹਾਂ ਤੇ ਆਪਣੀ ਨਿਰਦੈਤਾ ਤੇ ਵੀ ਮਾਣ ਕਰਦਾ ਹਾਂ।

ਮੈਂ ਇਸ ਗੱਲ ਤੋਂ ਡਰਦਾ ਤੁਹਾਨੂੰ ਪੀੜਤ ਕਰਦਾ ਹਾਂ ਕਿ ਮਤੇ ਤੁਹਾਨੂੰ ਕਿਤੇ ਪੀੜਾ ਦਾ ਅਹਿਸਾਸ ਹੀ ਨ ਰਹੇ।

ਮੈਂ ਤੁਹਾਡੇ ਪਾਸ ਖਾਮੋਸ਼ ਬੈਠਣਾ ਚਾਹੁੰਦਾ ਹਾਂ ਪਰ ਮੈਨੂੰ ਹੌਂਸਲਾ ਨਹੀਂ ਪੈਂਦਾ, ਕਿਤੇ ਮੇਰਾ ਕਲੇਜਾ ਹੀ ਮੂੰਹ ਨੂੰ ਨ ਆ ਜਾਵੇ।

ਇਸੇ ਕਰਕੇ ਮੈਂ ਬੱਚਿਆਂ ਵਾਂਙ ਵਾਧੂ ਗੱਲਾਂ ਕਰਕੇ ਆਪਣੇ ਦਿਲ ਨੂੰ ਸ਼ਬਦਾਂ ਪਿਛੇ ਛਿਪਾ ਲੈਂਦਾ ਹਾਂ।

ਮੈਂ ਆਪਣੀ ਪੀੜਾ ਨਾਲ ਇਸੇ ਕਰਕੇ ਰੁੱਖਾ ਵਰਤਾਉ ਕਰਦਾ ਹਾਂ ਕਿ ਕਿਤੇ ਤੁਸੀਂ ਅਜੇਹਾ ਨ ਕਰੋਂ।

ਮੈਂ ਤੁਹਾਡੇ ਪਾਸੋਂ ਉਠ ਕੇ ਚਲਿਆ ਜਾਣਾ ਚਾਹੁੰਦਾ ਹਾਂ ਪਰ ਮੇਰਾ ਸਾਹਸ ਨਹੀਂ ਪੈਂਦਾ ਕਿ ਕਿਤੇ ਮੇਰੀ ਬੁਜ਼ਦਿਲੀ ਤੁਹਾਡੇ ਅੱਗੇ ਜ਼ਾਹਰ ਨ ਹੋ ਜਾਵੇ।

ਇਸੇ ਲਈ ਮੈਂ ਸਿਰ ਉੱਚਾ ਕਰਕੇ ਬੜੇ ਅਭਿਮਾਨ ਤੇ ਬੇਪਰਵਾਹੀ ਨਾਲ ਤੁਹਾਡੇ ਸਾਹਮਣੇ ਆਉਂਦਾ ਹਾਂ ਤੇ ਤੁਹਾਡੇ ਨੈਣ-ਕਟਾਖਸ਼ਾਂ ਦੀ ਤਾੜਨਾ ਨਾਲ ਮੇਰੀ ਪੀੜਾ ਹਮੇਸ਼ਾਂ ਤਾਜ਼ੀ ਹੋਈ ਰਹਿੰਦੀ ਹੈ।

੪੨

ਓ ਮਦ-ਮਸਤ ਪਾਗ਼ਲ!

ਜੇ ਤੂੰ ਆਪਣੇ ਸਾਰੇ ਦਰਵਾਜ਼ੇ ਚੌੜ-ਚਪੱਟ ਕਰਕੇ ਆਮ ਲੋਕਾਂ ਦੇ ਸਾਹਮਣੇ ਮੂਰਖਤਾ ਦਾ ਤਮਾਸ਼ਾ ਕਰੇਂ।

ਜੇ ਤੂੰ ਰਾਤ ਵੇਲੇ ਆਪਣਾ ਖਜ਼ਾਨਾ ਖੋਲ੍ਹ ਕੇ ਰਖੇਂ ਤੇ ਸਿਆਣਪ ਨੂੰ ਠੁੱਠ ਦਿਖਾ ਕੇ ਉਸਦਾ ਨਿਰਾਦਰ ਕਰੇਂ।

ਜੇ ਤੂੰ ਅਜੀਬ ਰਾਹਾਂ ਤੇ ਘੁੰਮਦਾ ਫਿਰੇਂ ਤੇ ਬੇਫਾਇਦਾ ਚੀਜ਼ਾਂ ਨਾਲ ਖੇਲ ਤਮਾਸ਼ਾ ਕਰੇਂ।

ਸ਼ੇਅਰਬਾਜ਼ੀ ਜਾਂ ਦਲੀਲਬਾਜ਼ੀ ਦੀ ਕੋਈ ਪਰਵਾਹ ਨ ਕਰੇਂ। ਜੇ ਤੂੰ

ਆਪਣੀ ਬੇੜੀ ਤੂਫਾਨ ਸਾਹਮਣੇ ਖੋਲ੍ਹ ਦੇਵੇਂ ਤੇ ਉਸ ਦੇ ਪਤਵਾਰ ਨੂੰ ਟੋਟੇ ਟੋਟੇ ਕਰ ਦੇਵੇਂ।

ਓ ਸਾਥੀ! ਤਾਂ ਮੈਂ ਤੇਰਾ ਸਾਥ ਦਿਆਂਗਾ ਤੇ ਮਦ-ਮਸਤ ਹੋ ਕੇ ਅਧੋਗਤੀ ਨੂੰ ਪ੍ਰਾਪਤ ਕਰਾਂਗਾ।

ਮੈਂ ਸ਼੍ਰੇਸ਼ਟ ਅਚਾਰ ਵਾਲੇ ਬੁਧਿਮਾਨ ਗੁਆਂਢੀਆਂ ਦੀ ਸੰਗਤ ਵਿਚ ਰਹਿਕੇ ਆਪਣਾ ਸਾਰਾ ਸਮਾ ਗੁਆ ਬੈਠਾ ਹਾਂ।

ਬਹੁਤੇ ਇਲਮ ਨੇ ਮੇਰੇ ਵਾਲ ਸਫੈਦ ਕਰ ਦਿਤੇ ਹਨ ਤੇ ਬਹੁਤ ਸਾਰੀ ਖੋਜ ਭਾਲ ਨੇ ਨਜ਼ਰ ਨੂੰ ਧੁੰਦਲਾ ਬਣਾ ਦਿਤਾ ਹੈ।

ਸਾਲਾਂ ਤੋਂ ਮੈਂ ਕਈ ਕਿਸਮ ਦੀਆਂ ਚੀਜ਼ਾਂ ਦੇ ਟੁਕੜੇ ਚੁਣ ਚੁਣ ਕੇ ਇਕੱਠੇ ਕਰ ਰਖੇ ਹਨ।

ਉਨ੍ਹਾਂ ਉਤੇ ਨੱਚ ਨੱਚ ਕੇ ਉਨ੍ਹਾਂ ਨੂੰ ਚੂਰ ਚੂਰ ਕਰ ਦੇ ਤੇ ਉਨ੍ਹਾਂ ਨੂੰ ਐਧਰ ਓਧਰ ਖਿੰਡਾ ਦੇ।

ਕਿਉਂਕਿ ਮੈਂ ਜਾਣਦਾ ਹਾਂ ਕਿ ਮਦਮਸਤ ਹੋ ਕੇ ਅਧੋਗਤੀ ਨੂੰ ਪ੍ਰਾਪਤ ਕਰਨਾ ਹੀ ਸਿਆਣਪ ਦੀ ਹੱਦ ਹੈ।

ਵਹਿਸ਼ੀਪੁਣੇ ਦਾ ਇਕ ਤੇਜ਼ ਬੁੱਲਾ ਮੇਰੇ ਦਿਮਾਗ ਵਿਚ ਆਉਣ ਦਿਓ ਤੇ ਮੈਨੂੰ ਇਸੇ ਵਿਚ ਵਹਿ ਜਾਣ ਦਿਓ।

ਇਹ ਸੰਸਾਰ ਲਾਭਵੰਦੇ, ਅਮੋਲਕ ਤੇ ਨਿਪੁੰਨ ਪੁਰਸ਼ਾਂ ਨਾਲ ਭਰਿਆ ਪਿਆ ਹੈ।

ਇਨ੍ਹਾਂ ਵਿਚ ਉਹ ਆਦਮੀ ਵੀ ਹਨ ਜਿਨ੍ਹਾਂ ਨੂੰ ਸੌਖੀ ਤਰ੍ਹਾਂ ਪਹਿਲੇ ਨੰਬਰ ਤੇ ਰਖਿਆ ਜਾ ਸਕਦਾ ਹੈ ਤੇ ਕੁਝ ਉਹ ਲੋਕ ਵੀ ਹਨ ਜੋ ਬੜੀ ਚੰਗੀ ਤਰ੍ਹਾਂ ਦੂਜੇ ਨੰਬਰ ਤੇ ਰਖੇ ਜਾ ਸਕਦੇ ਹਨ, ਉਨ੍ਹਾਂ ਨੂੰ ਖੁਸ਼ ਹੋਣ ਦਿਓ ਤੇ ਉਨਤੀ ਕਰਨ ਦਿਓ।

ਕਿਉਂਕਿ ਮੈਂ ਜਾਣਦਾ ਹਾਂ ਕਿ ਸਾਰੇ ਕੰਮਾਂ ਦਾ ਆਖ਼ਰੀ ਮਕਸਦ ਮਦਮਸਤ ਹੋ ਕੇ ਅਧੋਗਤੀ ਨੂੰ ਪ੍ਰਾਪਤ ਕਰਨਾ ਹੀ ਹੈ।

ਮੈਂ ਇਸੇ ਛਿਨ ਹੀ ਸਾਊ ਬੰਦਿਆਂ ਦੀ ਸ਼੍ਰੇਣੀ ਦੇ ਸਾਰੇ ਹੱਕ ਛਡ ਦੇਣ ਦੀ ਕਸਮ ਖਾਂਦਾ ਹਾਂ।

ਮੈਂ ਆਪਣੀ ਪੰਡਤਾਈ ਦੇ ਅਭਿਮਾਨ ਨੂੰ ਤੇ ਗ਼ਲਤ ਸਹੀ ਪਛਾਣਨ ਵਾਲੀ ਬਿਬੇਕ ਬੁਧਿ ਨੂੰ ਤਿਲਾਂਜਲੀ ਦੇਂਦਾ ਹਾਂ।

ਮੈਂ ਆਪਣੇ ਅੱਥਰੂਆਂ ਦਾ ਅਖ਼ੀਰਲਾ ਤੁਪਕਾ ਸੁਟਦਾ ਹੋਇਆ ਆਪਣੀ ਯਾਦਦਾਸ਼ਤ ਦਾ ਭਾਂਡਾ ਭੰਨ ਦਿਆਂਗਾ।

ਲਾਲ ਸ਼ਰਾਬ ਦੀ ਝੱਗ ਨਾਲ ਮੈਂ ਆਪਣੇ ਹਾਸੇ ਨੂੰ ਧੋ ਕੇ ਲਿਸ਼ਕਾਵਾਂਗਾ।

ਮੈਂ ਆਪਣੀ ਸਭਿਅਤਾ ਤੇ ਸਦਾਚਾਰ ਦੇ ਨਿਸ਼ਾਨ ਵੀ ਇਸੇ ਮੌਕੇ ਤੇ ਪਾੜ ਕੇ ਪੁਰਜ਼ੇ ਪੁਰਜ਼ੇ ਕਰ ਦਿਆਂਗਾ।

ਮੈਂ ਪਵਿਤ੍ਰ ਪ੍ਰਤਗਿਆ ਕਰਦਾ ਹਾਂ ਕਿ ਮੈਂ ਨਿਕੰਮਾ ਹੀ ਬਣਿਆ ਰਹਾਂਗਾ ਤੇ ਮਦ-ਮਸਤ ਹੋ ਕੇ ਅਧੋਗਤੀ ਨੂੰ ਪ੍ਰਾਪਤ ਹੋ ਜਾਵਾਂਗਾ।

੪੩

ਨਹੀਂ ਮਿਤਰੋ! ਨਹੀਂ, ਤੁਸੀਂ ਕਿੰਨਾ ਹੀ ਆਖੋ, ਮੈਂ ਬਿਰਕਤ ਨਹੀਂ ਬਣਾਂਗਾ।

ਜੇ ਉਹ ਮੇਰੇ ਨਾਲ ਤਪ-ਬ੍ਰਤ ਨਹੀਂ ਧਾਰਨ ਕਰੇਗੀ ਤਾਂ ਮੈਂ ਕਦੀ ਵੀ ਬਿਰਕਤੀ ਨਹੀਂ ਧਾਰਾਂਗਾ।

ਇਹ ਮੇਰਾ ਪੱਕਾ ਵਿਚਾਰ ਹੈ, ਜੇ ਮੈਨੂੰ ਸੰਘਣੀ ਛਾਂ ਨਾ ਪਰਾਪਤ ਹੋਈ ਤੇ ਨਾ ਮੈਨੂੰ ਇਸ ਸਾਧਨ ਦੀ ਸਾਥਣ ਮਿਲੀ ਤਾਂ ਮੈਂ ਕਦੀ ਬਿਰੱਕਤ ਨਹੀਂ ਬਣਾਂਗਾ।

ਨਹੀਂ ਮਿਤਰੋ! ਨਹੀਂ, ਜੇ ਮੈਨੂੰ ਉਸ ਬਨ ਦੀ ਸਾਂ ਸਾਂ ਕਰਦੀ ਛਾਇਆ ਵਿਚ ਕਿਸੇ ਦਾ ਹਾਸਾ ਨਹੀਂ ਸੁਣਾਈ ਦੇਵੇਗਾ, ਜੇ ਕਿਸੇ ਦੀ ਕੇਸਰੀ ਸਾੜ੍ਹੀ ਦਾ ਪੱਲਾ ਉਥੇ ਹਵਾ ਵਿਚ ਨਹੀਂ ਉਡੇਗਾ, ਜੇ ਉਥੋਂ ਦੀ ਖਾਮੋਸ਼ੀ ਕਿਸੇ ਦੇ ਕੋਮਲ ਬੋਲਾਂ ਨਾਲ ਗੰਭੀਰ ਨਹੀਂ ਹੋਵੇਗੀ, ਤਾਂ ਮੈਂ ਆਪਣਾ ਘਰ-ਬਾਰ ਕਦੀ ਨਹੀਂ ਛੱਡਾਂਗਾ ਤੇ ਜੰਗਲ ਦੀ ਇਕੱਲ ਵਿਚ ਨਹੀਂ ਜਾਵਾਂਗਾ। ਮੈਂ ਕਦੀ ਵੀ ਬਿਰਕਤ ਨਹੀਂ ਬਣਾਂਗਾ।

੪੪

ਮਹਾਤਮਾ ਜੀ! ਇਸ ਪਾਪੀ ਜੋੜੀ ਨੂੰ ਖਿਮਾ ਕਰ ਦਿਓ।

ਅਜ ਜੰਗਲੀ ਮੈਦਾਨ ਵਿਚ ਬਸੰਤੀ ਪੌਣ ਦੇ ਮਸਤਾਨੇ ਬੁੱਲੇ ਚਲ ਰਹੇ

ਹਨ ਜੋ ਮਿਟੀ ਅਤੇ ਸੁੱਕੇ ਪੱਤਿਆਂ ਨੂੰ ਦੂਰ ਦੂਰ ਸੁਟ ਰਹੇ ਹਨ, ਉਨ੍ਹਾਂ ਦੇ ਨਾਲ ਹੀ ਤੁਹਾਡੇ ਉਪਦੇਸ਼ ਗੁਆਚ ਗਏ ਹਨ।

ਸੁਆਮੀ ਜੀ ! ਜ਼ਿੰਦਗੀ ਨੂੰ 'ਮਾਇਆ' ਨ ਕਹੋ ਕਿਉਂਕਿ ਅਸੀਂ ਹੁਣੇ ਹੀ ਮੌਤ ਨਾਲ ਆਰਜ਼ੀ ਸੁਲਹ ਕੀਤੀ ਹੈ ਤੇ ਕੁਝ ਮਹਿਕੀਲੀਆਂ ਘੜੀਆਂ ਲਈ ਅਸੀਂ ਦੋਵੇਂ ਅਮਰ ਹੋਏ ਹਾਂ।

ਜੇ ਬਾਦਸ਼ਾਹ ਦੀ ਸਾਰੀ ਫੌਜ ਆ ਕੇ ਸਾਡੇ ਉਤੇ ਅਚਾਨਕ ਹਮਲਾ ਕਰੇ, ਅਸੀਂ ਦੋਵੇਂ ਉਦਾਸੀ ਨਾਲ ਸਿਰ ਧੁਣ ਕੇ ਇਹੋ ਆਖਾਂਗੇ :-

'ਭਰਾਵੋ ! ਤੁਸੀਂ ਸਾਡੇ ਵਿਚ ਵਿਘਨ ਪਾ ਰਹੇ ਹੋ। ਜੇ ਤੁਸੀਂ ਇਹ ਸ਼ੋਰ-ਸ਼ਰਾਬੇ ਵਾਲੀ ਖੇਡ ਖੇਡਣੀ ਹੀ ਹੈ, ਤਾਂ ਜਾਓ, ਕਿਤੇ ਹੋਰ ਥਾਂ ਜਾ ਕੇ ਆਪਣੇ ਸ਼ਸਤ੍ਰ ਖੜਕਾਓ। ਕਿਉਂਕਿ ਅਸੀਂ ਕੇਵਲ ਲੰਘਦੀਆਂ ਜਾ ਰਹੀਆਂ ਕੁਝ ਘੜੀਆਂ ਲਈ ਹੀ ਅਮਰ ਹੋਏ ਹਾਂ।'

ਜੇ ਦੋਸਤ-ਮਿਤਰਾਂ ਨੇ ਸਾਡੇ ਦੁਆਲੇ ਆ ਘੇਰਾ ਪਾਇਆ, ਅਸੀਂ ਤਾਂ ਵੀ ਬੜੀ ਨਿੰਮ੍ਰਤਾ ਨਾਲ ਝੁਕ ਕੇ ਇਹੋ ਕਹਾਂਗੇ, 'ਇਹ ਤੁਹਾਡੀ ਬੇਲੋੜੀ ਮੇਹਰਬਾਨੀ ਸਾਡੇ ਲਈ ਦੁਖਦਾਈ ਹੈ। ਸਾਡੇ ਰਹਿਣ ਵਾਲੇ ਇਸ ਅਨੰਤ ਗਗਨ ਵਿਚ ਹੋਰ ਥਾਂ ਨਹੀਂ ਹੈ ਕਿਉਂਕਿ ਬਸੰਤ ਦੇ ਦਿਨਾਂ ਵਿਚ ਇਥੇ ਫੁਲਾਂ ਦੀ ਬੜੀ ਭਰਮਾਰ ਹੁੰਦੀ ਹੈ ਤੇ ਮਸਰੂਫ ਮਧੂ-ਮੱਖੀਆਂ ਦੇ ਖੰਭ ਆਪਸ ਵਿਚ ਰਗੜ ਖਾਣ ਲਗ ਜਾਂਦੇ ਹਨ। ਸਾਡਾ ਇਹ ਛੋਟਾ ਸੁਰਗ ਜਿਥੇ ਕਿ ਅਸੀਂ ਦੋ ਹੀ ਅਮਰ-ਸਾਥੀ ਰਹਿੰਦੇ ਹਾਂ, ਬਹੁਤ ਸੌੜਾ ਤੇ ਤੁਛ ਜੇਹਾ ਹੈ।'

੪੫

ਜਿਨ੍ਹਾਂ ਮਿਹਮਾਨਾਂ ਨੇ ਜ਼ਰੂਰ ਚਲੇ ਹੀ ਜਾਣਾ ਹੈ, ਉਨ੍ਹਾਂ ਨੂੰ ਵਿਦਾ ਕਰੋ ਤੇ ਉਨ੍ਹਾਂ ਦੇ ਕਦਮਾਂ ਦੇ ਨਿਸ਼ਾਨ ਮਿਟਾਂਦੇ ਜਾਓ।

ਜੋ ਚੀਜ਼ਾਂ ਸੌਖੀਆਂ, ਸਾਦੀਆਂ ਤੇ ਨੇੜੇ ਹਨ, ਉਨ੍ਹਾਂ ਨੂੰ ਹੀ ਖੁਸ਼ ਹੋ ਕੇ ਆਪਣੇ ਸੀਨੇ ਨਾਲ ਲਾਓ।

ਅਜ ਉਨ੍ਹਾਂ ਚਲਿਆਂ ਗਿਆਂ ਦਾ ਮੇਲਾ ਹੈ ਜੋ ਨਹੀਂ ਜਾਣਦੇ ਕਿ ਉਹ ਕਦੋਂ ਮੋਏ ਸਨ।

ਪਾਣੀ ਦੀਆਂ ਲਹਿਰਾਂ ਤੇ ਲਿਸ਼ਕਣ ਵਾਲੀ ਛਿਨ ਦੀ ਛਬਿ ਵਾਂਗ ਆਪਣੇ ਹਾਸ-ਬਿਲਾਸ ਨੂੰ ਅਰਥਹੀਣ ਹੀ ਰਹਿਣ ਦਿਓ।

ਕਿਸੇ ਪੱਤੇ ਦੇ ਸਿਰੇ ਤੇ ਪਏ ਤ੍ਰੇਲ-ਤੁਪਕੇ ਵਾਂਙ, ਆਪਣੇ ਜੀਵਨ ਨੂੰ ਸਮੇਂ ਦੀ ਧਾਰ ਉਤੇ ਨੱਚਣ ਦਿਓ।

ਆਪਣੀ ਵੀਣਾ ਦੀਆਂ ਤਾਰਾਂ ਨੂੰ ਟੁਣਕਾਰਕੇ ਜ਼ਰਾ ਛਿਨ ਭਰ ਲਈ ਇਕ ਵਧੀਆ ਜੇਹੀ ਚੰਚਲ ਤਾਨ ਛੇੜੋ।

੪੬

ਤੁਸੀਂ ਮੈਨੂੰ ਛੱਡ ਕੇ ਆਪਣਾ ਰਾਹ ਪਕੜ ਲਿਆ।

ਮੈਂ ਸੋਚਦਾ ਸਾਂ ਕਿ ਆਪਣੇ ਦਿਲ ਵਿਚ ਤੁਹਾਡੇ ਇਕੱਲਿਆਂ ਦੀ ਸੁਨਹਿਰੀ ਸੰਗੀਤ ਦੀ ਬਣੀ ਪ੍ਰਤਿਮਾ ਦੇਖ ਕੇ ਜੀਵਨ-ਭਰ ਅਫਸੋਸ ਕਰਿਆ ਕਰਾਂਗਾ।

ਲੇਕਿਨ ਅਫਸੋਸ ! ਮੇਰੀ ਬਦ-ਕਿਸਮਤੀ ! ਸਮਾਂ ਬਹੁਤ ਥੋੜਾ ਰਹਿ ਗਿਆ ਹੈ।

ਸਾਲ ਦੇ ਸਾਲ ਮੇਰੀ ਜਵਾਨੀ ਢਲਦੀ ਜਾ ਰਹੀ ਹੈ ਤੇ ਬਸੰਤ ਦੇ ਦਿਨ ਵੀ ਭੱਜੇ ਜਾ ਰਹੇ ਹਨ।

ਨਿਮਾਣੇ ਨਿਤਾਣੇ ਫੁਲ ਅਕਾਰਣ ਹੀ ਮਰ ਰਹੇ ਹਨ ਤੇ ਸਿਆਣਾ ਆਦਮੀਂ ਨਸੀਹਤ ਦੇ ਰਿਹਾ ਹੈ ਕਿ ਜ਼ਿੰਦਗੀ ਕੰਵਲ-ਪੱਤਰ ਤੇ ਪਏ ਤ੍ਰੇਲ ਤੁਪਕੇ ਵਾਂਙ ਹੈ।

ਤਾਂ ਕੀ ਫਿਰ ਮੈਂ ਸਭ ਕੁਛ ਛੱਡ ਕੇ ਉਸ ਇਕ ਦਾ ਹੀ ਰਾਹ ਤੱਕਾਂ, ਜਿਸ ਨੇ ਮੇਰੇ ਵਲ ਪਿੱਠ ਕਰ ਲਈ ਹੈ ?

ਅਜੇਹਾ ਕਰਨਾ ਅਯੋਗ ਤੇ ਮੂਰਖਤਾ ਹੋਵੇਗੀ ਕਿਉਂਕਿ ਸਮਾਂ ਬਹੁਤ ਥੋੜਾ ਰਹਿ ਗਿਆ ਹੈ।

ਤਾਂ ਆਓ, ਮੇਰੀ ਬਰਖ਼ਾ ਰੁਤ ਦੀਓ ਰਾਤ੍ਰੀਓ ! ਕਿਣ ਮਿਣ ਕਰਦੇ ਪੈਰਾਂ ਨਾਲ ਆਓ !

ਮੇਰੀ ਸੁਨਹਿਰੀ ਹੇਮੰਤ ! ਮੁਸਕ੍ਰਾਓ, ਮੇਰੀ ਬੇਪਰਵਾਹ ਗ੍ਰੀਖਮ ! ਆਪਣੇ ਚੁੰਬਨ ਖਿਲਾਰਦੀ ਹੋਈ ਪਧਾਰੋ।

ਤੁਸੀਂ ਆਓ ਤੇ ਤੁਸੀਂ ਵੀ ਜ਼ਰੂਰ ਹੀ ਆਓ।

ਮੇਰੇ ਪਿਆਰਿਓ ! ਤੁਸੀਂ ਜਾਣਦੇ ਹੋ ਕਿ ਅਸੀਂ ਸਾਰੇ ਚਲੇ ਜਾਣ ਵਾਲੇ ਹਾਂ ਤਾਂ ਕੀ ਫਿਰ ਉਸ ਲਈ ਆਪਣਾ ਦਿਲ ਤੋੜ ਬੈਠਣਾ ਸਿਆਣਪ ਦਾ ਕੰਮ ਹੈ ਜੋ ਕਿ ਖੁਦ ਆਪਣਾ ਦਿਲ ਲੈ ਕੇ ਦੌੜ ਗਈ ਹੈ ? ਕਿਉਂਕਿ ਸਮਾਂ ਤਾਂ ਬਹੁਤ ਹੀ ਥੋੜਾ ਹੈ।

ਇਕ ਕੋਨੇ ਵਿਚ ਬਹਿ ਕੇ ਸੋਚਣਾ ਤੇ ਕਵਿਤਾਵਾਂ ਵਿਚ ਇਹ ਲਿਖਣਾ 'ਤੁਸੀਂ ਹੀ ਮੇਰੀ ਸਾਰੀ ਦੁਨੀਆਂ ਹੋ', ਇਕ ਚੰਗੀ ਗੱਲ ਹੈ।

ਆਪਣੀ ਪੀੜਾ ਨੂੰ ਸੀਨੇ ਨਾਲ ਲਾ ਕੇ ਰੱਖਣਾ ਤੇ ਸ਼ਾਂਤੀ ਨੂੰ ਲੱਭਣ ਦਾ ਇਰਾਦਾ ਕਰਨਾ ਵੀ ਬੜੀ ਬਹਾਦਰੀ ਹੈ।

ਪਰ ਇਕ ਸੱਜਰੀ ਨਜ਼ਰ, ਬਾਹਰੋਂ ਦਰਵਾਜ਼ੇ ਵਿਚੀਂ ਅੰਦਰ ਨੂੰ ਤੱਕ ਰਹੀ ਹੈ ਤੇ ਉਸ ਦੀਆਂ ਅੱਖੀਆਂ ਮੇਰੀਆਂ ਅੱਖੀਆਂ ਨੂੰ ਜਗਾ ਰਹੀਆਂ ਹਨ।

ਲੇਕਿਨ ਮੈਂ ਆਪਣੇ ਅੱਥਰੂ ਪੂੰਝ ਨਹੀਂ ਸਕਦਾ ਤੇ ਨਾ ਹੀ ਆਪਣੇ ਗੀਤ ਦੀ ਤਾਨ ਬਦਲ ਸਕਦਾ ਹਾਂ।

ਕਿਉਂਕਿ ਸਮਾਂ ਬਹੁਤ ਹੀ ਥੋੜਾ ਹੈ।

੪੭

ਜੇ ਤੁਹਾਡੀ ਐਸੀ ਹੀ ਮਰਜ਼ੀ ਹੈ, ਤਾਂ ਮੈਂ ਆਪਣਾ ਗਾਇਨ ਬੰਦ ਕਰ ਦਿੰਦਾ ਹਾਂ।

ਜੇ ਮੇਰੇ ਤੱਕਣ ਨਾਲ ਤੁਹਾਡਾ ਦਿਲ ਧੜਕਣ ਲਗ ਜਾਂਦਾ ਹੈ ਤਾਂ ਮੈਂ ਤੁਹਾਡੇ ਚੇਹਰੇ ਵਲੋਂ ਆਪਣੀਆਂ ਅੱਖਾਂ ਹਟਾ ਲੈਂਦਾ ਹਾਂ।

ਜੇ ਤੁਸੀਂ ਟਹਿਲਦੇ ਟਹਿਲਦੇ ਮੇਰੇ ਕਾਰਣ ਡਰ ਜਾਂਦੇ ਹੋ ਤਾਂ ਮੈਂ ਇਹ ਪੰਧ ਛੱਡ ਕੇ ਕਿਸੇ ਹੋਰ ਹੀ ਰਾਹ ਚਲਿਆ ਜਾਵਾਂਗਾ।

ਜੇ ਮੇਰੇ ਕਰਕੇ ਹੀ ਤੁਹਾਨੂੰ ਫੁੱਲਾਂ ਦੀ ਮਾਲਾ ਗੁੰਦਣ ਵਿਚ ਰੁਕਾਵਟ ਪੈਂਦੀ ਹੈ ਤਾਂ ਮੈਂ ਤੁਹਾਡੀ ਸੁੰਞੀ ਬਗ਼ੀਚੀ ਤੋਂ ਦੂਰ ਹੀ ਰਹਾਂਗਾ।

ਜੇ ਮੇਰੇ ਕਾਰਣ ਹੀ ਨਦੀ ਦਾ ਪਾਣੀ ਚੰਚਲ ਤੇ ਜ਼ੋਰਦਾਰ ਹੋ ਜਾਂਦਾ ਹੈ ਤਾਂ ਮੈਂ ਆਪਣੀ ਬੇੜੀ ਤੁਹਾਡੇ ਨਦੀ-ਕਿਨਾਰਿਆਂ ਪਾਸ ਨਹੀਂ ਚਲਾਵਾਂਗਾ।

੪੮

ਮੇਰੀ ਪਿਆਰੀ! ਮੈਨੂੰ ਆਪਣੀ ਮਿਠਾਸ ਦੀ ਫਾਹੀ ਤੋਂ ਅਜ਼ਾਦ ਕਰ ਦਿਓ।

ਮੈਨੂੰ ਤੁਹਾਡੇ ਚੁੰਬਨਾਂ ਦੀ ਹੋਰ ਸ਼ਰਾਬ ਨਹੀਂ ਚਾਹੀਦੀ।

ਭਾਰੀ ਮਹਿਕ ਦੀ ਧੁੰਦ ਨੇ ਮੇਰਾ ਦਮ ਘੁਟ ਦਿਤਾ ਹੈ।

ਦਰਵਾਜ਼ਾ ਖੋਲ੍ਹ ਦਿਓ ਤੇ ਪ੍ਰਭਾਤ ਦਾ ਚਾਨਣ ਅੰਦਰ ਆਉਣ ਦਿਓ।

ਮੈਂ ਤੁਹਾਡੀ ਗਲਵੱਕੜੀ ਦੀ ਲਪੇਟ ਵਿਚ ਆ ਕੇ ਤੁਹਾਡੇ ਵਿਚ ਗੁਆਚ ਗਿਆ ਹਾਂ।

ਮੈਨੂੰ ਆਪਣੀ ਜਾਦੂਗਰੀ ਤੋਂ ਸੁਤੰਤਰ ਕਰ ਦਿਓ। ਪਿਆਰੀ ! ਤੇ ਮੈਨੂੰ ਮੇਰਾ ਮਰਦਊ-ਪਣ ਵਾਪਸ ਮੋੜ ਦਿਓ ਤਾਂ ਕਿ ਮੈਂ ਤੁਹਾਨੂੰ ਸੁਤੰਤਰ ਦਿਲ ਭੇਟ ਕਰ ਸਕਾਂ।

੪੯

ਮੈਂ ਉਸਦੇ ਹੱਥ ਪਕੜ ਕੇ ਉਸਨੂੰ ਛਾਤੀ ਨਾਲ ਲਾ ਲੈਂਦਾ ਹਾਂ ਤੇ ਉਸਦੀ ਸੁੰਦਰਤਾ ਨੂੰ ਆਪਣੀਆਂ ਬਾਂਹਾਂ ਵਿਚ ਲੈ ਲੈਣਾ ਚਾਹੁੰਦਾ ਹਾਂ ਤੇ ਚੁੰਬਨਾਂ ਰਾਹੀਂ ਉਸਦੀ ਮਿਠੀ ਮੁਸਕ੍ਰਾਹਟ ਨੂੰ ਲੁਟ ਲੈਣਾ ਚਾਹੁੰਦਾ ਹਾਂ ਤੇ ਉਸ ਦੀਆਂ ਸਾਂਵਲੀਆਂ ਅੱਖੀਆਂ ਨੂੰ ਆਪਣੇ ਨੈਣਾਂ ਰਾਹੀਂ ਪੀ ਜਾਣਾ ਚਾਹੁੰਦਾ ਹਾਂ।

ਲੇਕਿਨ, ਅਫਸੋਸ ! ਇਹ ਸਭ ਕੁਝ ਕਿਥੇ ਹੈ ? ਅਸਮਾਨ ਦੀ ਨੀਲੱਤਣ ਨੂੰ ਕੌਣ ਨਿਚੋੜ ਸਕਦਾ ਹੈ ?

ਮੈਂ ਸੁੰਦ੍ਰਤਾ ਨੂੰ ਜ਼ਬਰਦਸਤੀ ਪਕੜਨ ਦਾ ਜਤਨ ਕਰਦਾ ਹਾਂ। ਇਹ ਮੇਰੇ ਕੋਲੋਂ ਦੌੜ ਦੌੜ ਜਾਂਦੀ ਹੈ ਤੇ ਕੇਵਲ ਸਰੀਰ ਹੀ ਮੇਰੇ ਹੱਥਾਂ ਵਿਚ ਰਹਿ ਜਾਂਦਾ ਹੈ।

ਛਲਿਆ ਹੋਇਆ ਤੇ ਥੱਕਿਆ ਹੋਇਆ ਮੈਂ ਆਖ਼ਰ ਪਿਛੇ ਮੁੜ ਆਉਂਦਾ ਹਾਂ।

ਭਲਾ ਇਹ ਸਥੂਲ ਸਰੀਰ ਉਸ ਫੁੱਲ ਨੂੰ ਕਿਸ ਤਰ੍ਹਾਂ ਛੋਹ ਸਕਦਾ ਹੈ ਜਿਸ ਨੂੰ ਕਿ ਸਿਰਫ ਰੂਹ ਹੀ ਸਪਰਸ਼ ਕਰ ਸਕਦੀ ਹੈ ?

੫੦

ਪਿਆਰੀ ! ਮੇਰਾ ਦਿਲ ਤੁਹਾਡੀ ਉਸ ਮਿਲਣੀ ਲਈ ਦਿਨ ਰਾਤ ਉਡੀਕ ਵਿਚ ਰਹਿੰਦਾ ਹੈ, ਜੋ ਮਿਲਣੀ, ਸਭ ਨੂੰ ਹਜ਼ਮ ਕਰ ਜਾਣ ਵਾਲੀ- ਮੌਤ ਵਾਂਙ ਹੈ।

ਤੂਫਾਨ ਦੀ ਤਰ੍ਹਾਂ ਤੁਸੀਂ ਮੈਨੂੰ ਕਿਤੇ ਉਡਾ ਕੇ ਸੁਟ ਦਿਓ ਤੇ ਜੋ ਕੁਛ ਮੇਰੇ ਕੋਲ ਹੈ ਲੈ ਲਓ, ਮੇਰੀ ਨੀਂਦ ਖੋਲ੍ਹ ਕੇ ਮੇਰੇ ਸੁਪਨਿਆਂ ਨੂੰ ਵੀ ਲੁਟ ਲਓ, ਮੇਰਾ ਸਾਰਾ ਸੰਸਾਰ ਮੈਥੋਂ ਖੋਹ ਲਓ।

ਉਸ ਬੀਆਬਾਨ ਵਿਚ ਆਤਮਾ ਦੀ ਪੂਰਣ ਨਗਨਤਾ ਵਿਚ ਆਓ ਤਾਂ ਕਿ ਅਸੀਂ ਦੋਵੇਂ ਹੀ ਸੁੰਦਰਤਾ ਵਿਚ ਲੀਨ ਹੋ ਕੇ ਇਕਮਿੱਕ ਹੋ ਜਾਈਏ।

ਅਫਸੋਸ ! ਮੇਰੀ ਬਿਅਰਥ ਸੱਧਰ ! ਅਫਸੋਸ !

ਹੇ ਮੇਰੇ ਪ੍ਰਭੂ ! ਇਹ ਇਕਮਿਕ ਹੋ ਜਾਣ ਦੀ ਉਮੀਦ ਤੈਥੋਂ ਸਿਵਾਇ ਹੋਰ ਕਿਥੇ ਹੈ ?

੫੧

ਅੱਛਾ, ਆਪਣਾ ਅੰਤਮ ਗੀਤ ਖ਼ਤਮ ਕਰੋ ਤੇ ਆਓ ਚਲੀਏ !

ਰਾਤ ਬੀਤ ਜਾਣ ਦੇ ਬਾਦ ਤੁਸਾਂ ਇਸ ਰਾਤ ਨੂੰ ਭੁੱਲ ਜਾਣਾ।

ਮੈਂ ਆਪਣੀਆਂ ਬਾਂਹਾਂ ਵਿਚ ਕਿਸ ਨੂੰ ਲੈਣਾ ਚਾਹੁੰਦਾ ਹਾਂ ?

ਸੁਪਨਿਆਂ ਨੂੰ ਕਦੀ ਕੈਦੀ ਨਹੀਂ ਬਣਾਇਆ ਜਾ ਸਕਦਾ।

ਮੇਰੇ ਵਿਆਕੁਲ ਹੱਥ ਮੇਰੇ ਸੱਖਣੇ ਦਿਲ ਨੂੰ ਘੁੱਟੀ ਜਾਂਦੇ ਹਨ ਤੇ ਮੇਰੀ ਛਾਤੀ ਵਿਚ ਪੀੜ ਹੋਣ ਲਗ ਪਈ ਹੈ।

੫੨

ਦੀਵਾ ਕਿਉਂ ਬੁਝ ਗਿਆ ?

ਮੈਂ ਉਸ ਨੂੰ ਹਵਾ ਦੇ ਬੁੱਲੇ ਤੋਂ ਬਚਾਉਣ ਲਈ ਆਪਣੇ ਪੱਲੇ ਨਾਲ ਉਹਲਾ ਕੀਤਾ ਸੀ, ਸ਼ਾਇਦ ਉਹ ਇਸੇ ਨਾਲ ਹੀ ਬੁਝ ਗਿਆ।

ਫੁਲ ਕਿਉਂ ਮੁਰਝਾ ਗਿਆ ?

ਮੈਂ ਤੀਬਰ ਪਿਆਰ ਨਾਲ ਉਸਨੂੰ ਸੀਨੇ ਨਾਲ ਘੁਟ ਕੇ ਲਾ ਲਿਆ ਸੀ।

ਸ਼ਾਇਦ ਉਹ ਇਸੇ ਕਰਕੇ ਹੀ ਮੁਰਝਾ ਗਿਆ ਹੋਵੇ।

ਨਦੀ ਕਿਉਂ ਸੁੱਕ ਗਈ ?

ਮੈਂ ਆਪਣੀ ਵਰਤੋਂ ਲਈ ਉਸ ਨੂੰ ਬੰਨ੍ਹ ਲਾ ਛੱਡਿਆ ਸੀ, ਸ਼ਾਇਦ ਇਸੇ ਲਈ ਹੀ ਸੁੱਕ ਗਈ ਹੋਵੇ।

ਵੀਣਾ ਦੀ ਤਾਰ ਕਿਉਂ ਟੁੱਟ ਗਈ ?

ਮੈਂ ਉਸਦੀ ਤਾਕਤ ਤੋਂ ਬਾਹਰਾ ਇਕ ਸੁਰ ਕੱਢਣ ਦੀ ਕੋਸ਼ਸ਼ ਕੀਤੀ ਸੀ, ਸ਼ੈਦ ਇਸੇ ਕਰਕੇ ਹੀ ਵੀਣਾ ਦੀ ਤਾਰ ਟੁੱਟ ਗਈ।

੫੩

ਤੁਸੀਂ ਮੇਰੇ ਵਲ ਤੱਕ ਤੱਕ ਕੇ ਮੈਨੂੰ ਸ਼ਰਮਿੰਦਾ ਕਿਉਂ ਕਰ ਰਹੀ ਹੋ।

ਮੈਂ ਤੁਹਾਡੇ ਪਾਸ ਇਕ ਭਿਖਾਰੀ ਦੀ ਤਰ੍ਹਾਂ ਨਹੀਂ ਆਇਆ।

ਮੈਂ ਤਾਂ ਤੁਹਾਡੀ ਬਗੀਚੀ ਦੇ ਵੇਹੜੇ ਦੇ ਬਾਹਰਵਾਰ ਘੜੀ ਭਰ ਲਈ ਖਲੋ ਗਿਆ ਸਾਂ।

ਤੁਸੀਂ ਮੇਰੇ ਵੱਲ ਤੱਕ ਤੱਕ ਕੇ ਮੈਨੂੰ ਸ਼ਰਮਿੰਦਾ ਕਿਉਂ ਕਰ ਰਹੀ ਹੋ?

ਮੈਂ ਤੁਹਾਡੇ ਬਾਗ ਵਿਚੋਂ ਨ ਗੁਲਾਬ ਦਾ ਫੁਲ ਤੋੜਿਆ ਤੇ ਨਾ ਹੀ ਕੋਈ ਹੋਰ ਫੁਲ ਤੋੜਿਆ ਹੈ।

ਮੈਂ ਤਾਂ ਰਸਤੇ ਵਿਚ ਹੀ ਹੇਠ, ਜਿਥੇ ਕਿ ਹਰ ਰਾਹੀ ਨੂੰ ਖਲੋਣ ਦਾ ਹੱਕ ਹੈ, ਜ਼ਰਾ ਆਸਰਾ ਲਿਆ ਸੀ।

ਮੈਂ ਕੋਈ ਗੁਲਾਬ ਦਾ ਫੁਲ ਤਾਂ ਨਹੀਂ ਤੋੜਿਆ।

ਹਾਂ, ਮੇਰੇ ਪੈਰ ਜ਼ਰੂਰ ਥੱਕ ਗਏ ਸਨ ਤੇ ਅਚਾਨਕ ਮੀਂਹ ਦਾ ਵੀ ਸਰਾਟਾ ਉਤਰ ਪਿਆ ਸੀ।

ਝੂੰਮਦੀਆਂ ਹੋਈਆਂ ਬਾਂਸਾਂ ਦੀਆਂ ਟਾਹਣੀਆਂ ਵਿਚ ਦੀ ਸਾਂ ਸਾਂ ਕਰਦੀ ਪੌਣ ਵਗ ਰਹੀ ਸੀ, ਜੰਗ ਵਿਚ ਹਾਰੇ ਹੋਏ ਸਿਪਾਹੀਆਂ ਦੀ ਤਰ੍ਹਾਂ ਬੱਦਲ ਅਸਮਾਨ ਵਿਚ ਭੱਜੇ ਜਾ ਰਹੇ ਸਨ।

ਮੇਰੇ ਪੈਰ ਥੱਕ ਗਏ ਸਨ।

ਮੈਂ ਨਹੀਂ ਜਾਣਨਾ ਚਾਹੁੰਦਾ ਕਿ ਤੁਹਾਡੇ ਦਿਲ ਵਿਚ ਮੇਰੇ ਲਈ ਕੀ

ਕੀ ਖਿਆਲ ਪੈਦਾ ਹੋਏ ਤੇ ਨਾ ਹੀ ਮੇਰਾ ਵੀਚਾਰ ਇਹ ਜਾਣਨ ਦਾ ਹੈ ਕਿ ਤੁਸੀਂ ਆਪਣੇ ਦਰ ਤੇ ਖਲੋਤੀ ਕਿਸ ਨੂੰ ਉਡੀਕ ਰਹੀ ਸਾਉਂ।

ਹਾਂ, ਤੁਹਾਡੀਆਂ ਉਡੀਕ-ਰਹੀਆਂ ਅੱਖੀਆਂ ਨੂੰ ਬਿਜਲੀ ਦੀ ਲਿਸ਼ਕ ਜ਼ਰੂਰ ਚੁੰਧਿਆ ਰਹੀ ਸੀ।

ਭਲਾ, ਮੈਂ ਇਹ ਕਿਸ ਤਰ੍ਹਾਂ ਜਾਣ ਸਕਦਾ ਸਾਂ ਕਿ ਤੁਸੀਂ ਮੈਨੂੰ ਅੰਧੇਰੇ ਵਿਚ ਖਲੋਤੇ ਨੂੰ ਹੀ ਤੱਕ ਰਹੀ ਸਉਂ ?

ਮੈਂ ਨਹੀਂ ਜਾਣਦਾ ਕਿ ਤੁਸੀਂ ਮੇਰੀ ਬਾਬਤ ਕੀ ਖਿਆਲ ਕੀਤਾ ਹੋਵੇਗਾ !

ਅੱਛਾ, ਹੁਣ ਦਿਨ ਖਤਮ ਹੋ ਗਿਆ ਹੈ ਤੇ ਬਾਰਸ਼ ਵੀ ਪਲ ਭਰ ਲਈ ਬੰਦ ਹੋ ਗਈ ਹੈ।

ਮੈਂ ਤੁਹਾਡੇ ਬਾਗ ਦੇ ਸਿਰੇ ਦੇ ਬਿਰਛ ਦੀ ਛਾਂ ਹੇਠ ਵਿਛਾਇਆ ਆਪਣਾ ਘਾਹ ਦਾ ਆਸਨ ਛਡਦਾ ਹਾਂ।

ਹੁਣ ਕੁਝ ਅੰਧੇਰਾ ਵੀ ਹੋ ਗਿਆ ਹੈ, ਤੁਸੀਂ ਆਪਣਾ ਦਰਵਾਜ਼ਾ ਬੰਦ ਕਰ ਲਓ।

ਮੈਂ ਵੀ ਆਪਣਾ ਰਾਹ ਲੈਂਦਾ ਹਾਂ,
ਕਿਉਂਕਿ ਦਿਨ ਖਤਮ ਹੋ ਗਿਆ ਹੈ।

੫੪

ਕਦੇ ਦੀ ਸ਼ਾਮ ਹੋ ਚੁਕੀ ਹੈ ਤੇ ਬਾਜ਼ਾਰ ਵੀ ਬੰਦ ਹੋ ਗਿਆ ਹੈ, ਇਸ ਵਕਤ ਤੁਸੀਂ ਆਪਣੀ ਟੋਕਰੀ ਲਈ ਕਾਹਲੀ ਕਾਹਲੀ ਕਿੱਥੇ ਜਾ ਰਹੀ ਹੋ ?

ਸਭ ਲੋਕ ਆਪਣੇ ਭਾਰ ਲੈ ਕੇ ਘਰਾਂ ਨੂੰ ਪਰਤ ਆਏ ਹਨ ਤੇ ਚੰਨ ਪਿੰਡ ਦੇ ਬ੍ਰਿਛਾਂ ਦੇ ਉਤੋਂ ਦੀ ਝਾਤੀਆਂ ਮਾਰ ਰਿਹਾ ਹੈ।

ਬੇੜੀ ਲਈ ਵਾਜਾਂ ਮਾਰਨ ਵਾਲਿਆਂ ਦੀ ਗੂੰਜ ਨੀਲੇ ਪਾਣੀ ਨੂੰ ਲੰਘ ਕੇ ਉਸ ਦਲਦਲ ਤਕ ਪਾਹੁੰਚ ਗਈ ਹੈ ਜਿਥੇ ਜੰਗਲੀ ਬੱਤਖਾਂ ਅਰਾਮ ਕਰਿਆ ਕਰਦੀਆਂ ਹਨ।

ਤੁਸੀਂ ਆਪਣੀ ਟੋਕਰੀ ਲਈ ਕਾਹਲੀ ਨਾਲ ਕਿਥੇ ਜਾ ਰਹੀ ਹੋ, ਜਦੋਂ ਕਿ ਬਾਜ਼ਾਰ ਬੰਦ ਹੋ ਚੁਕਾ ਹੈ ?

ਨੀਂਦ ਦੇਵੀ ਨੇ ਆਪਣੀਆਂ ਉਂਗਲੀਆਂ ਧਰਤੀ ਦੀਆਂ ਅੱਖਾਂ ਤੇ ਰਖ ਦਿੱਤੀਆਂ ਹਨ। ਕਾਂਵਾਂ ਦੇ ਆਹਲਣਿਆਂ ਵਿਚ ਖਾਮੋਸ਼ੀ ਛਾਈ ਹੋਈ ਹੈ ਤੇ ਬਾਂਸ ਦੇ ਪੱਤਿਆਂ ਦੀ ਸਰ ਸਰ ਵੀ ਬੰਦ ਹੋ ਗਈ ਹੈ।

ਖੇਤਾਂ ਤੋਂ ਵਾਪਸ ਘਰ ਆਏ ਕਿਸਾਨ ਵੀ ਆਪਣੀਆਂ ਵੇਹੜਿਆਂ ਵਿਚ ਚਟਾਈਆਂ ਵਿਛਾ ਰਹੇ ਸਨ।

ਭਲਾ ਜਦੋਂ ਬਾਜ਼ਾਰ ਬੰਦ ਹੋ ਗਿਆ ਹੈ, ਫਿਰ ਤੁਸੀਂ ਆਪਣੀ ਟੋਕਰੀ ਲਈ ਇਤਨੀ ਕਾਹਲੀ ਨਾਲ ਕਿਧਰ ਜਾ ਰਹੀ ਹੋ ?

੫੫

ਉਦੋਂ ਦੁਪਹਿਰ ਦਾ ਵੇਲਾ ਸੀ, ਜਦੋਂ ਤੁਸੀਂ ਚਲੇ ਗਏ।

ਅਸਮਾਨ ਵਿਚ ਸੂਰਜ ਤਪ ਰਿਹਾ ਸੀ।

ਜਦੋਂ ਤੁਸੀਂ ਗਏ ਸਉਂ, ਮੈਂ ਆਪਣਾ ਕੰਮ-ਧੰਦਾ ਮੁਕਾ ਕੇ ਛੱਜੇ ਉਤੇ ਇਕੱਲੀ ਬੈਠੀ ਹੀ ਸਾਂ।

ਦੂਰ ਦੇ ਖੇਤਾਂ ਤੋਂ ਭਿੰਨੀ ਭਿੰਨੀ ਸੁਗੰਧੀ ਲੈ ਕੇ ਪੌਣ ਦੇ ਬੁੱਲੇ ਆ ਰਹੇ ਸਨ।

ਘੁੱਗੀ, ਛਾਂ ਵਿੱਚ ਬੈਠੀ ਬੇਬਾਕ ਹੋ ਨਿਰੰਤਰ ਬੋਲ ਰਹੀ ਸੀ ਤੇ ਮੇਰੀ ਬੈਠਕ ਵਿਚ ਇਕ ਮਧੂ-ਮੱਖੀ ਦੂਰ ਦੇ ਖੇਤਾਂ ਦੀਆਂ ਖਬਰਾਂ ਗੁਣਗੁਣਾ ਰਹੀ ਸੀ।

ਦੁਪਹਿਰ ਦੀ ਗਰਮੀ ਵਿਚ ਸਾਰਾ ਪਿੰਡ ਸੁਤਾ ਪਿਆ ਸੀ ਤੇ ਰਸਤੇ ਵਿਚ ਬਿਲਕੁਲ ਸੁੰਨਸਾਨ ਸੀ। ਕਦੀ ਕਦੀ ਪੱਤੇ ਖੜ ਖੜ ਕਰਦੇ ਤੇ ਕਦੀ ਸ਼ਾਂਤ ਹੋ ਜਾਂਦੇ ਸਨ।

ਮੈਂ ਨੀਲੇ ਅਕਾਸ਼ ਵਲ ਟਿਕਟਿਕੀ ਲਾ ਕੇ ਤੱਕ ਰਹੀ ਸਾਂ ਤੇ ਇਸ ਨੀਲੱਤਣ ਵਿਚ ਉਸ ਦੇ ਨਾਮ ਦੇ ਅੱਖਰ ਅੰਕਿਤ ਕਰ ਰਹੀ ਸਾਂ, ਜਿਸ ਨੂੰ ਮੈਂ ਦੁਪਹਿਰ ਦੀ ਗਰਮੀ ਵਿਚ ਜਦੋਂ ਸਾਰਾ ਪਿੰਡ ਸੌਂ ਰਿਹਾ ਸੀ, ਜਾਣਿਆ ਪਛਾਣਿਆ ਸੀ।

ਮੈਂ ਆਪਣੀਆਂ ਜ਼ੁਲਫਾਂ ਸਵਾਰਨੀਆਂ ਭੁਲ ਗਈ ਸਾਂ, ਮੱਧਮ ਪੌਣ ਇਨ੍ਹਾਂ ਨੂੰ ਮੇਰੇ ਕਪੋਲਾਂ ਤੇ ਸੁਟ ਸੁਟ ਕੇ ਅਠਖੇਲੀਆਂ ਪਈ ਕਰ ਰਹੀ ਸੀ।

ਛਾਂ-ਦਾਰ ਕਿਨਾਰਿਆਂ ਦੇ ਨਾਲ ਨਾਲ ਹੇਠਾਂ ਨਦੀ ਸ਼ਾਂਤੀ ਨਾਲ ਵਗੀ ਜਾ ਰਹੀ ਸੀ।

ਚਿਟੇ ਸਫ਼ੈਦ ਆਲਸੀ ਬੱਦਲ ਟਿਕੇ ਖਲੋਤੇ ਸਨ। ਮੈਂ ਆਪਣੀਆਂ ਜ਼ੁਲਫ਼ਾਂ ਸਵਾਰਨੀਆਂ ਭੁਲ ਗਈ ਸਾਂ।

ਓਦੋਂ ਦੁਪਹਿਰ ਦਾ ਵੇਲਾ ਸੀ, ਜਦੋਂ ਤੁਸੀਂ ਗਏ।

ਰਸਤੇ ਦਾ ਰੇਤਾ ਤਪ ਰਿਹਾ ਸੀ ਤੇ ਖੇਤਾਂ ਵਿਚੋਂ ਹਵਾੜ ਉਠ ਰਹੀ ਸੀ।

ਪੱਤਿਆਂ ਦੇ ਝੁਰਮਟ ਵਿਚ ਘੁੱਗੀ ਬੋਲੀ ਰਹੀ ਸੀ।

ਜਦੋਂ ਤੁਸੀਂ ਗਏ ਸਉਂ, ਮੈਂ ਆਪਣੇ ਛੱਜੇ ਤੇ ਇਕੱਲੀ ਹੀ ਬੈਠੀ ਸਾਂ।

ਪ੬

ਕਈ ਕਿਸਮ ਦੇ ਰੋਜ਼ ਦੇ ਘਰੋਗੀ ਕੰਮਾਂ ਵਿਚ ਮਸਰੂਫ ਆਮ ਜ਼ਨਾਨੀਆਂ ਵਾਂਙ ਮੈਂ ਵੀ ਇਕ ਸਾਧਾਰਣ ਜ਼ਨਾਨੀ ਹੀ ਸਾਂ ਤੇ ਜ਼ਿੰਦਗੀ ਵੀ।

ਬਿਲਕੁਲ ਸਾਧਾਰਣ ਠੰਢੀ ਛਾਂ ਤੋਂ ਦੂਰ ਬਾਹਰਵਾਰ ਫਿਰ ਤੁਸੀਂ ਮੈਨੂੰ ਇਕੱਲੀ ਨੂੰ ਹੀ ਕਿਉਂ ਖਿਚ ਲਿਆਏ ?

ਦੇਖੋ, ਅਪਰਗਟ ਪਿਆਰ ਪਵਿੱਤਰ ਹੁੰਦਾ ਹੈ।

ਛਿਪੇ ਦਿਲਾਂ ਦੇ ਅੰਧੇਰੇ ਵਿਚ ਤਾਂ ਇਹ ਰਤਨਾਂ ਵਾਂਙ ਚਮਕਦਾ ਹੈ ਪਰ ਦਿਨ ਦੇ ਚੰਗੇ ਚਾਨਣ ਵਿਚ ਇਹ ਅੰਧੇਰਾ ਹੀ ਬਣਿਆ ਰਹਿੰਦਾ ਹੈ।

ਆਹ! ਤੁਸੀਂ ਤਾਂ ਮੇਰੀ ਲਰਜ਼ਦੀ ਪ੍ਰੀਤ ਨੂੰ ਦਿਲ ਦੇ ਪਰਦੇ ਵਿਚੋਂ ਖੁਲ੍ਹੇ ਮੈਦਾਨ ਵਿਚ ਧਰੂਹ ਲਿਆਂਦਾ ਤੇ ਇਸਦੇ ਛਾਂਦਾਰ ਉਸ ਕੋਨੇ ਨੂੰ ਜ਼ਬਾਹ ਕਰ ਦਿਤਾ ਜਿਥੇ ਕਿ ਇਹ ਆਪਣੇ ਆਹਲਣੇ ਵਿਚ ਛੁਪਿਆ ਰਹਿੰਦਾ ਸੀ।

ਬਾਕੀ ਦੀਆਂ ਹੋਰ ਇਸਤ੍ਰੀਆਂ ਉਸੇ ਤਰ੍ਹਾਂ ਹੀ ਹਨ। ਕੋਈ ਵੀ ਆਪਣੇ ਅੰਦਰ ਵਲ ਝਾਤੀ ਨਹੀਂ ਪਾਉਂਦੀ। ਉਹ ਆਪਣੇ ਅੰਦਰਲੇ ਰਾਜ਼ ਤੋਂ ਵੀ ਅਣਜਾਣ ਹਨ। ਉਹ ਹੁਣ ਵੀ ਹੌਲੀ ਹੌਲੀ ਹਸਦੀਆਂ ਅਤੇ ਰੋਂਦੀਆਂ ਵੀ ਹਨ, ਗੱਲਾਂ-ਬਾਤਾਂ ਕਰਦੀਆਂ ਤੇ ਕੰਮ-ਧੰਦਾ ਵੀ ਕਰਦੀਆਂ ਹਨ। ਉਹ ਰੋਜ਼ਾਨਾ ਮੰਦਰ ਜਾਂਦੀਆਂ ਹਨ, ਤੇ ਆਪਣੇ ਆਪਣੇ ਦੀਵੇ ਜਗਾਂਦੀਆਂ ਹਨ ਤੇ ਨਦੀ ਤੋਂ ਰੋਜ਼ ਪਾਣੀ ਵੀ ਭਰ ਕੇ ਲਿਆਉਂਦੀਆਂ ਹਨ।

ਮੈਨੂੰ ਉਮੀਦ ਸੀ ਕਿ ਮੇਰੀ ਪ੍ਰੀਤਿ ਨਿਆਸਰੇ-ਪਣ ਦੀ ਭਿਆਨਕ ਸ਼ਰਮ ਤੋਂ ਬਚੀ ਰਹੇਗੀ ਲੇਕਿਨ ਤੁਸੀਂ ਵੀ ਆਪਣਾ ਮੂੰਹ ਮੋੜ ਲਿਆ।

ਹਾਂ ! ਤੁਹਾਡਾ ਰਸਤਾ ਤਾਂ ਸਦਾ ਲਈ ਖੁਲ੍ਹਾ ਹੈ ਲੇਕਿਨ ਤੁਸਾਂ ਮੇਰੇ ਵਾਪਸ ਜਾਣ ਦੇ ਸਭ ਰਾਹ ਬੰਦ ਕਰ ਰਖੇ ਹਨ ਤੇ ਮੈਨੂੰ ਬਿਲਕੁਲ ਨੰਗਿਆਂ ਕਰਕੇ ਉਸ ਦੁਨੀਆਂ ਸਾਹਮਣੇ ਲਿਆ ਖੜ੍ਹਾਇਆ ਹੈ ਜੋ ਰਾਤ ਦਿਨ ਅੱਖਾਂ ਪਾੜ ਪਾੜ ਪਾੜ ਕੇ ਮੇਰੇ ਵਲ ਹੀ ਤੱਕ ਰਹੀ ਹੈ।

੫੭

ਓ ਦੁਨੀਆਂ ! ਮੈਂ ਤੇਰਾ ਇਕ ਫੁੱਲ ਤੋੜ੍ਹਿਆ।

ਮੈਂ ਉਸਨੂੰ ਘੁੱਟ ਕੇ ਆਪਣੇ ਸੀਨੇ ਨਾਲ ਲਾਇਆ, ਉਸਦਾ ਕੰਡਾ ਮੈਨੂੰ ਚੁਭ ਗਿਆ।

ਜਦੋਂ ਦਿਨ ਛਿਪਣ ਤੋਂ ਬਾਦ ਅੰਧੇਰਾ ਛਾ ਗਿਆ, ਮੈਂ ਵੇਖਿਆ ਕਿ ਫੁਲ ਮੁਰਝਾ ਗਿਆ ਹੈ ਪਰ ਉਸ ਦੀ ਪੀੜ ਉਸੇ ਤਰ੍ਹਾਂ ਕਾਇਮ ਹੈ।

ਓ ਦੁਨੀਆਂ ! ਬਹੁਤ ਸਾਰੇ ਹੋਰ ਫੁਲ ਵੀ ਤਾਂ ਤੇਰੇ ਵਿਚ ਮਹਿਕਦੀ ਖ਼ੁਸ਼ਬੂ ਦੇ ਮਾਣ ਨਾਲ ਖਿਲਣਗੇ।

ਪਰ ਮੇਰਾ, ਫੁਲ ਚੁਣਨ ਦਾ ਸਮਾ ਬੀਤ ਗਿਆ ਹੈ ਤੇ ਇਸ ਕਾਲੀ ਬੋਲੀ ਰਾਤ ਵਿਚ ਉਹ ਗੁਲਾਬ ਦਾ ਫੁਲ ਵੀ ਤਾਂ ਮੇਰੇ ਕੋਲ ਨਹੀਂ, ਸਿਰਫ ਉਸਦੇ ਕੰਡੇ ਦੀ ਪੀੜ ਹੀ ਬਾਕੀ ਹੈ।

੫੮

ਇਕ ਦਿਨ ਪ੍ਰਭਾਤ ਵੇਲੇ ਇਕ ਅੰਨ੍ਹੀ ਕੁੜੀ ਬਾਗ ਵਿਚ ਫੁਲਾਂ ਦੀ ਮਾਲਾ, ਕਮਲ-ਪੱਤਿਆਂ ਵਿਚ ਰੱਖ ਕੇ ਮੈਨੂੰ ਭੇਟਾ ਕਰਨ ਆਈ।

ਮੈਂ ਉਸਦਾ ਹਾਰ ਆਪਣੇ ਗਲੇ ਪਹਿਨ ਲਿਆ ਤੇ ਨਾਲ ਹੀ ਮੇਰੀਆਂ ਅੱਖੀਆਂ ਵਿਚ ਅੱਥਰੂ ਆ ਗਏ।

ਮੈਂ ਉਸਨੂੰ ਚੁੰਮਿਆ ਤੇ ਆਖਿਆ, 'ਤੂੰ ਤਾਂ ਇਨ੍ਹਾਂ ਫੁਲਾਂ ਦੀ ਤਰ੍ਹਾਂ ਹੀ ਅੰਨ੍ਹੀ ਹੈਂ।'

੫੯

ਸੁੰਦਰੀ ! ਤੂੰ ਕੇਵਲ ਰੱਬ ਦੇ ਕਾਰੀਗਰ ਹੱਥਾਂ ਦੀ ਹੀ ਅਨੋਖੀ ਘਾੜਤ ਨਹੀਂ ਬਲਕਿ ਮਨੁੱਖ ਵੀ ਤੈਨੂੰ ਸ਼ਿੰਗਾਰਦੇ ਹਨ। ਉਹ ਹਮੇਸ਼ਾ ਤੈਨੂੰ ਆਪਣੇ ਦਿਲਾਂ ਦੀ ਸੁੰਦਰਤਾ ਭੇਟਾ ਕਰਦੇ ਰਹਿੰਦੇ ਹਨ।

ਕਵੀ ਲੋਕ ਤੇਰੇ ਲਈ ਸੁਨਹਿਰੀ ਅਲੰਕਾਰਾਂ ਦਾ ਚੰਦੋਆ ਤਾਣਦੇ ਹਨ।

ਚਿਤ੍ਰਕਾਰ ਤੇਰੀ ਸੂਰਤ ਨੂੰ ਨਿਤ ਨਵੀਂ ਅਮਰਤਾ ਪ੍ਰਦਾਨ ਕਰਦੇ ਹਨ।

ਸਮੁੰਦਰ ਆਪਣੇ ਤੈਨੂੰ ਮੋਤੀ ਦੇਂਦਾ ਹੈ, ਧਰਤੀ ਤੇਰੇ ਲਈ ਕਾਨਾਂ ਵਿਚੋਂ ਸੋਨਾ ਪਈ ਉਗਲਦੀ ਹੈ ਤੇ ਗ੍ਰਿਖ਼ਮ ਰੁਤ ਦੀਆਂ ਬਗੀਚੀਆਂ ਤੇਰੇ ਸ਼ਿੰਗਾਰਨ ਲਈ ਤੇ ਤੈਨੂੰ ਜ਼ਿਆਦਾ ਮਨੋਹਰ ਬਣਾਉਣ ਲਈ ਆਪਣੇ ਫੁੱਲ ਭੇਂਟ ਕਰਦੀਆਂ ਹਨ।

ਮਨੁੱਖਾਂ ਦੀਆਂ ਦਿਲੀ ਤਾਂਘਾਂ ਨੇ ਤੇਰੀ ਜੁਆਨੀ ਤੋਂ ਆਪਣੀ ਸਾਰੀ ਆਨ ਸ਼ਾਨ ਕੁਰਬਾਨ ਕਰ ਛੱਡੀ ਹੈ।

ਸੁੰਦਰੀ! ਤੂ ਅੱਧੀ ਤਾਂ ਇਸਤਰੀ ਹੈਂ ਤੇ ਅੱਧੀ ਸੁਪਨਾ ਹੀ ਹੈਂ।

੬੦

ਓ ਸੁੰਦਰਤਾ! ਤੂੰ ਜੀਵਨ ਦੇ ਰੌਲੇ-ਗੌਲੇ ਵਿਚ ਪੱਥਰ ਦੇ ਬੁੱਤ ਵਾਂਙ ਅਲੱਗ ਹੀ ਇਕੱਲੀ ਗੁੰਗੀ ਖਲੋਤੀ ਹੈਂ।

ਮਹਾਨ ਕਾਲ ਤੇਰੇ ਚਰਨਾਂ ਵਿਚ ਮੋਹਤ ਹੋਇਆ ਬੈਠਾ ਇਉਂ ਗੁਣਗੁਣਾ ਰਿਹਾ ਹੈ :-

'ਬੋਲੋ, ਮੇਰੇ ਨਾਲ ਬੋਲੋ, ਮੇਰੀ ਪਿਆਰੀ! ਮੇਰੀ ਵਹੁਟੀ! ਬੋਲੋ।'

ਪਰ, ਓ ਅਚੱਲ ਸੁੰਦਰਤਾ! ਤੇਰੀ ਬਾਣੀ ਫਿਰ ਵੀ ਪੱਥਰ ਵਿੱਚ ਹੀ ਬੰਦ ਹੈ।

੬੧

ਮੇਰੇ ਦਿਲ! ਸ਼ਾਂਤੀ ਕਰ, ਵਿਛੋੜੇ ਦੇ ਸਮੇਂ ਨੂੰ ਮਧੁਰ ਹੋਣ ਦੇ।

ਇਸ ਨੂੰ ਮੌਤ ਨਾ ਸਮਝ, ਇਹ ਸੰਪੂਰਣਤਾ ਹੈ।

ਪਿਆਰ ਨੂੰ ਪਿਘਲ ਕੇ ਯਾਦ ਵਿਚ ਤੇ ਪੀੜਾ ਨੂੰ ਗੀਤਾਂ ਵਿਚ ਬਦਲ ਜਾਣ ਦੇ।

ਜੀਵਨ ਦੀ ਅਕਾਸ਼-ਉਡਾਰੀ ਦਾ ਅੰਤ ਆਪਣੇ ਖੰਭਾਂ ਨੂੰ ਸੰਗੋੜਕੇ ਆਪਣੇ ਆਲ੍ਹਣੇ ਤੇ ਹੀ ਹੋਣ ਦੇ।

ਆਪਣੇ ਹੱਥਾਂ ਦੀ ਅੰਤਮ ਛੋਹ ਨੂੰ ਰਾਤ ਦੇ ਫੁਲਾਂ ਵਾਂਙ ਕੋਮਲ ਬਣਨ ਦੇ।

ਓ ਮਨੋਹਰ ਅੰਤ! ਪਲ ਭਰ ਲਈ ਅਜੇ ਖਲੋ ਜਾਓ ਤੇ ਖਾਮੋਸ਼ੀ ਵਿੱਚ ਆਪਣੇ ਅੰਤਮ ਸ਼ਬਦ ਕਹੋ।

ਮੈਂ ਤੁਹਾਨੂੰ ਸਿਰ ਝੁਕਾਉਂਦਾ ਹਾਂ ਤੇ ਆਪਣਾ ਦੀਵਾ ਤੁਹਾਡਾ ਰਾਹ ਤੱਕਣ ਲਈ ਉਤਾਂਹ ਚੁੱਕਦਾ ਹਾਂ।

੬੨

ਸੁਪਨੇ ਦੇ ਧੁੰਦਲੇ ਮਾਰਗ ਵਿੱਚ ਮੈਂ ਆਪਣੀ ਪਿਆਰੀ ਨੂੰ ਢੂੰਡਣ ਲਈ ਗਿਆ, ਜੋ ਕਿਸੇ ਪੂਰਬ ਜਨਮ ਤੋਂ ਹੀ ਮੇਰੀ ਸੀ।

ਉਸ ਦਾ ਘਰ ਇਕ ਸੁੰਨਸਾਨ ਗਲੀ ਦੇ ਅਖੀਰ ਉਤੇ ਸੀ।

ਸ਼ਾਮ ਦੀ ਵਗਦੀ ਪੌਣ ਵਿਚ ਉਸਦਾ ਪਾਲਤੂ ਮੋਰ ਆਪਣੇ ਅੱਡੇ ਤੇ ਬੈਠ ਊਂਘ ਰਿਹਾ ਸੀ ਤੇ ਕਬੂਤਰ ਖੁੱਡਿਆਂ ਵਿਚ ਖਾਮੋਸ਼ ਬੈਠੇ ਸਨ।

ਉਹ ਆਪਣਾ ਦੀਵਾ ਦਰਵਾਜ਼ੇ ਦੇ ਇਕ ਪਾਸੇ ਰੱਖ ਕੇ ਮੇਰੇ ਸਾਹਮਣੇ ਖਲੋ ਗਈ।

ਉਸ ਨੇ ਆਪਣੇ ਵਿਸ਼ਾਲ ਨੈਣ ਮੇਰੇ ਵਲ ਕਰਕੇ ਇਕ ਖਾਮੋਸ਼ ਪ੍ਰਸ਼ਨ ਕੀਤਾ :-

'ਮੇਰੇ ਮਿੱਤਰ! ਤੁਸੀਂ ਰਾਜ਼ੀ ਹੋ ?'

ਮੈਂ ਉੱਤਰ ਦੇਣ ਦਾ ਯਤਨ ਕੀਤਾ, ਪਰ ਸਾਨੂੰ ਦੋਹਾਂ ਨੂੰ ਹੀ ਉਸ ਸਮੇਂ ਬੋਲੀ ਭੁੱਲ ਗਈ ਸੀ।

ਮੈਂ ਸੋਚਿਆ, ਬਾਰ ਬਾਰ ਸੋਚਿਆ, ਪਰ ਸਾਨੂੰ ਆਪਣੇ ਨਾਂ ਵੀ ਯਾਦ ਨ ਆਏ।

ਉਸ ਦੀਆਂ ਅੱਖੀਆਂ ਵਿੱਚ ਅੱਥਰੂ ਭਰ ਆਏ, ਉਸ ਨੇ ਆਪਣਾ ਸੱਜਾ ਹੱਥ ਮੇਰੇ ਵਲ ਕੀਤਾ।

ਮੈਂ ਉਸ ਹੱਥ ਨੂੰ ਫੜ ਕੇ ਖਾਮੋਸ਼ ਖਲੋਤਾ ਰਿਹਾ।

ਸ਼ਾਮ ਦੀ ਵਗਦੀ ਪੌਣ ਨਾਲ ਸਾਡਾ ਦੀਵਾ ਵੀ ਝਿਲ-ਮਿਲਾ ਕੇ ਬੁਝ ਚੁਕਿਆ ਸੀ।

੬੩

ਪਾਂਧੀ! ਤੁਸਾਂ ਜ਼ਰੂਰ ਜਾਣਾ ਹੈ ?

ਕਾਲੀ ਬੋਲੀ ਰਾਤ ਹੈ, ਅੰਧੇਰਾ ਜੰਗਲ ਉਤੇ ਮਾਨੋਂ ਪਾਗਲ ਹੋ ਕੇ ਡਿਗ ਰਿਹਾ ਹੈ।

ਸਾਡੇ ਛੱਜੇ ਤੇ ਅਜੇ ਵੀ ਦੀਵੇ ਜਗ ਰਹੇ ਹਨ, ਫੁਲ ਸਭ ਸੱਜਰੇ ਹਨ ਤੇ ਜੋਬਨ-ਭਰੇ ਨੈਣ ਅਜੇ ਵੀ ਜਾਗ ਰਹੇ ਹਨ।

ਕੀ ਸਾਡਾ ਤੁਹਾਥੋਂ ਵਿਛੜਨ ਦਾ ਵੇਲਾ ਆ ਗਿਆ ਹੈ ?

ਪਾਂਧੀ! ਕੀ ਤੁਸਾਂ ਜ਼ਰੂਰ ਜਾਣਾ ਹੈ ?

ਅਸੀਂ ਆਪਣੇ ਹਲੀਮ ਹੱਥਾਂ ਨਾਲ ਤੁਹਾਡੇ ਪੈਰਾਂ ਨੂੰ ਬੰਧਨ ਨਹੀਂ ਪਾਏ।

ਤੁਹਾਡੇ ਲਈ ਦਰਵਾਜ਼ਾ ਖੁਲ੍ਹਾ ਹੈ, ਤੁਹਾਡਾ ਘੋੜਾ ਦਰ ਉਤੇ ਤਿਆਰ ਖਲੋਤਾ ਹੈ।

ਅਗਰ ਅਸੀਂ ਤੁਹਾਡਾ ਰਾਹ ਰੋਕਣ ਦਾ ਕੋਈ ਜਤਨ ਕੀਤਾ ਹੈ, ਤਾਂ ਸਿਰਫ਼ ਆਪਣੇ ਗੀਤਾਂ ਰਾਹੀਂ ਹੀ ਕੀਤਾ ਹੈ।

ਤੁਹਾਨੂੰ ਪਿਛਾਂਹ ਮੋੜਨ ਦੀ ਅਸਾਂ ਜੇ ਕੋਈ ਕੋਸ਼ਸ਼ ਕੀਤੀ, ਤਾਂ ਇਹ ਸਿਰਫ਼ ਆਪਣੇ ਨੈਣਾਂ ਰਾਹੀਂ ਹੀ ਕੀਤੀ ਹੈ।

ਪਾਂਧੀ! ਅਸੀਂ ਤੁਹਾਨੂੰ ਰੋਕਣੋਂ ਅਸਮੱਰਥ ਹਾਂ, ਸਾਡੇ ਪਾਸ ਸਿਰਫ ਹੰਝੂ ਹੀ ਹਨ।

ਤੁਹਾਡੇ ਨੈਣਾਂ ਵਿਚ ਇਹ ਕੇਹੀ, ਨ-ਸ਼ਾਂਤ ਹੋਣ ਵਾਲੀ ਜੁਆਲਾ ਭੜਕ ਉਠੀ ਹੈ?

ਤੁਹਾਡੇ ਲਹੂ ਵਿਚ ਤਾਪ ਜੇਹੀ ਕੇਹੀ ਬੇਅਰਾਮੀ ਦੌੜ ਰਹੀ ਹੈ?

ਅੰਧੇਰੇ ਦੇ ਪਰਦੇ ਵਿਚ ਤੁਹਾਨੂੰ ਕੌਣ ਬੁਲਾ ਰਿਹਾ ਹੈ ?

ਅਸਮਾਨੀ ਸਤਾਰਿਆਂ ਵਿਚ ਲਿਖਿਆ ਹੋਇਆ ਤੁਸਾਂ ਕੇਹਾ ਪ੍ਰਭਾਵਸ਼ਾਲੀ ਮੰਤਰ ਪੜ੍ਹ ਲਿਆ ਹੈ, ਜਿਸ ਕਰਕੇ ਅਤੀ ਗੁਪਤ ਸੰਦੇਸ਼ ਸਮੇਤ, ਖਾਮੋਸ਼ ਤੇ ਅਦਭੁਤ ਰਾਤ ਤੁਹਾਡੇ ਦਿਲ ਵਿਚ ਹੀ ਧਸਦੀ ਗਈ ਹੈ ?

ਜੇਕਰ ਤੁਹਾਨੂੰ ਖ਼ੁਸ਼ੀ-ਭਰੀਆਂ ਮੁਲਾਕਾਤਾਂ ਦੀ ਪਰਵਾਹ ਨਹੀਂ, ਅਗਰ ਕੇਵਲ ਸ਼ਾਂਤੀ ਦੀ ਹੀ ਬਹੁਤੀ ਲੋੜ ਹੈ, ਓ ਥੱਕੇ ਦਿਲ ਵਾਲੇ ਪਾਂਧੀ! ਤਾਂ ਲਓ, ਅਸੀਂ ਆਪਣੇ ਦੀਵੇ ਬੁਝਾ ਦਿੰਦੇ ਹਾਂ ਤੇ ਆਪਣੀ ਵੀਣਾ ਬੰਦ ਕਰ ਦਿੰਦੇ ਹਾਂ।

ਪੱਤਿਆਂ ਦੀ ਖੜਖੜਾਹਟ-ਭਰੇ ਅੰਧੇਰੇ ਵਿਚ ਅਸੀਂ ਦੋਵੇਂ ਚੁਪ-ਚਾਪ ਬੈਠ ਜਾਵਾਂਗੇ ਤੇ ਥੱਕਿਆ ਹੋਇਆ ਚੰਨ ਤੁਹਾਡੀ ਖਿੜਕੀ ਉਤੇ ਆਪਣੀਆਂ ਪੀਲੀਆਂ ਕਿਰਣਾਂ ਸੁਟੇਗਾ।

ਓ ਪਾਂਧੀ! ਅੱਧੀ ਰਾਤ ਦੀ ਕੁੱਛੜ ਵਿਚੋਂ ਨਿਕਲਕੇ ਤੁਹਾਨੂੰ ਕਿਸ ਨੀਂਦ-ਰਹਿਤ ਜਾਗ੍ਰਤ ਆਤਮਾ ਨੇ ਛੁਹਿਆ ਹੈ ?

੬੪

ਪਹੇ ਦੀ ਤੱਤੀ ਧੂੜ ਵਿਚ ਬਹਿ ਕੇ ਮੈਂ ਆਪਣਾ ਸਾਰਾ ਦਿਨ ਗੁਜ਼ਾਰਿਆ।

ਸ਼ਾਮ ਦੀ ਠੰਢ ਵਿਚ ਮੈਂ ਸਰਾਂ ਦਾ ਦਰਵਾਜ਼ਾ ਖੜਕਾਇਆ, ਜੋ ਬਿਲਕੁਲ ਸੁੰਨੀ ਤੇ ਉਜੜੀ-ਪੁਜੜੀ ਪਈ ਸੀ।

ਇਕ ਬਦਸੂਰਤ 'ਅਸ਼ਥ' ਨਾਮੀ ਬਿਰਛ ਦੀਆਂ ਭੁੱਖੀਆਂ ਤੇ ਜਕੜਵੀਆਂ ਜੜ੍ਹਾਂ, ਕੰਧਾਂ ਦੀਆਂ ਤ੍ਰੇੜਾਂ ਵਿਚੀਂ ਫੈਲੀਆਂ ਹੋਈਆਂ ਸਨ।

ਉਹ ਵੀ ਦਿਨ ਸਨ, ਜਦੋਂ ਕਦੀ ਕਦੀ ਯਾਤਰੂ ਆਪਣੇ ਥੱਕੇ ਪੈਰ ਇਥੇ ਆ ਕੇ ਧੋਇਆ ਕਰਦੇ ਸਨ।

ਉਹ ਚੜ੍ਹਦੇ ਚੰਨ ਦੀ ਮੱਧਮ ਰੋਸ਼ਨੀ ਵਿਚ ਸਰਾਂ ਦੇ ਵੇਹੜੇ ਵਿਚ ਆਪਣੀਆਂ ਸਫ਼ਾਂ ਵਿਛਾ ਲੈਂਦੇ ਤੇ ਬੈਠ ਕੇ ਬਚਿੱਤਰ ਦੇਸਾਂ ਦੀਆਂ ਗੱਲਾਂ ਕਰਿਆ ਕਰਦੇ ਸਨ।

ਉਹ ਪ੍ਰਭਾਤ ਵੇਲੇ ਨਵਾਂ ਜੀਵਨ ਲੈ ਕੇ ਉਠਦੇ, ਜਦੋਂ ਕਿ ਪੰਛੀ ਉਨ੍ਹਾਂ ਨੂੰ ਪ੍ਰਸ਼ਨ ਕਰਦੇ ਤੇ ਦੋਸਤ ਫੁੱਲ ਉਨ੍ਹਾਂ ਦੇ ਰਾਹ ਉੱਤੇ ਆਪਣੇ ਸਿਰ ਝੁਕਾ ਕੇ ਸੁਆਗਤ ਕਰਦੇ।

ਪਰੰਤੂ ਜਦੋਂ ਮੈਂ ਹੁਣ ਇਥੇ ਆਇਆ ਹਾਂ, ਇਥੇ ਕੋਈ ਜਗਦਾ ਦੀਵਾ ਵੀ ਮੇਰੀ ਉਡੀਕ ਨਹੀਂ ਕਰ ਰਿਹਾ।

ਹੁਣ ਦੀਵਾਰਾਂ ਉਤੇ ਪਈਆਂ ਭੁੱਲੇ ਵਿਸਰੇ ਦੀਵਿਆਂ ਦੀਆਂ ਕਾਲੀਆਂ ਰੇਖਾਵਾਂ ਮੇਰੇ ਵਲ ਅੰਨ੍ਹੀਆਂ ਅੱਖੀਆਂ ਵਾਂਙ ਘੂਰ ਘੂਰ ਕੇ ਤੱਕ ਰਹੀਆਂ ਹਨ।

ਸੁੱਕੇ ਤਲਾ ਦੇ ਨਜ਼ਦੀਕ ਝਾੜੀਆਂ ਵਿਚ ਟਟਹਿਣੇ ਚਮਕ ਰਹੇ ਹਨ ਤੇ ਘਾਹ ਵਾਲੇ ਰਾਹਾਂ ਤੇ ਬਾਂਸ ਦੀਆਂ ਟਾਹਣੀਆਂ ਛਾਂ ਕਰ ਰਹੀਆਂ ਹਨ।

ਅੱਜ ਮੈਂ ਆਪਣੀ ਜ਼ਿੰਦਗੀ ਦਾ ਦਿਨ ਲੰਘ ਜਾਣ ਦੇ ਬਾਦ ਵੀ ਇਥੇ ਕਿਸੇ ਦਾ ਮਿਹਮਾਨ ਨਹੀਂ ਹਾਂ।

ਲੰਬੀ ਰਾਤ ਅਜੇ ਮੇਰੇ ਸਾਹਮਣੇ ਬਾਕੀ ਪਈ ਹੈ ਤੇ ਮੈਂ ਥੱਕ ਵੀ ਗਿਆ ਹਾਂ।

੬੫

ਕੀ ਤੁਸਾਂ ਮੈਨੂੰ ਫਿਰ ਬੁਲਾਇਆ ਹੈ ?

ਸ਼ਾਮ ਹੋ ਚੁਕੀ ਹੈ। ਤਰਲੇ ਲੈ ਰਹੀਆਂ ਪ੍ਰੀਤ-ਬਾਂਹਾਂ ਦੀ ਤਰ੍ਹਾਂ ਥਕਾਵਟ

ਮੇਰੇ ਸਰੀਰ ਨਾਲ ਚਿੰਬੜ ਗਈ ਹੈ।

ਕੀ ਤੁਸਾਂ ਮੈਨੂੰ ਅਵਾਜ਼ ਦਿੱਤੀ ਹੈ ?

ਬੇ-ਰਹਿਮ ਮਲਕਾ! ਮੈਂ ਤੁਹਾਨੂੰ ਆਪਣਾ ਦਿਨ ਤਾਂ ਸਾਰਾ ਦੇ ਚੁਕਿਆ ਹਾਂ, ਤੁਸਾਂ ਮੇਰੀ ਰਾਤ ਵੀ ਲੁੱਟ ਲੈਣੀ ਹੈ ?

ਕਦੀ ਨ ਕਦੀ ਤਾਂ ਹਰ ਚੀਜ਼ ਦਾ ਅੰਤ ਹੁੰਦਾ ਹੈ ਤੇ ਰਾਤ ਦੀ ਏਕਾਂਤ ਤਾਂ ਹਰ ਇਕ ਦੀ ਆਪਣੀ ਹੈ।

ਕੀ ਤੁਹਾਡੀ ਸੱਦ ਇਸ ਏਕਾਂਤ ਨੂੰ ਵੀ ਚੀਰਕੇ ਮੈਨੂੰ ਵਿੰਨ੍ਹਦੀ ਹੀ ਰਹੇਗੀ ?

ਕੀ ਤੁਹਾਡੇ ਦਰਵਾਜ਼ੇ ਉਤੇ ਸ਼ਾਮ ਦਾ ਸੌਣ-ਸੰਗੀਤ ਵੀ ਨਹੀਂ ਹੈ ?

ਕੀ ਤੁਹਾਡੇ ਜ਼ਾਲਮ ਮਹਲਾਂ ਉਤੋਂ ਦੀ ਖਾਮੋਸ਼ ਖੰਭਾਂ ਵਾਲੇ ਸਤਾਰੇ ਅਕਾਸ਼ ਵਿਚ ਨਹੀਂ ਚੜ੍ਹਦੇ ?

ਕੀ ਤੁਹਾਡੀ ਬਗ਼ੀਚੀ ਵਿਚ ਫੁੱਲ ਭੁੰਞੇ ਡਿਗ ਡਿਗ ਕੇ ਬੇਤਕੱਲਫ ਮੌਤ ਨਹੀਂ ਪ੍ਰਾਪਤ ਕਰਦੇ ?

ਅਸ਼ਾਂਤ ਮਲਕਾ! ਕੀ ਮੈਨੂੰ ਬੁਲਾਉਣਾ ਜ਼ਰੂਰੀ ਹੈ ?

ਤਾਂ ਫਿਰ ਪ੍ਰੀਤ-ਮਾਯੂਸ ਨੈਣਾਂ ਨੂੰ ਬੇਫਾਇਦਾ ਇੰਤਜ਼ਾਰ ਕਰਨ ਦਿਓ ਤੇ ਰੋਣ ਦਿਓ।

ਦੀਵੇ ਨੂੰ ਸੁੰਞੇ ਘਰ ਵਿਚ ਹੀ ਜਗਣ ਦਿਓ।

ਥੱਕਿਆਂ ਕਿਸਾਨਾਂ ਨੂੰ ਬੇੜੀ ਤੇ ਆਪਣੇ ਘਰੀਂ ਚਲੇ ਜਾਣ ਦਿਓ।

ਮੈਂ ਆਪਣੇ ਸੁਪਨਿਆਂ ਨੂੰ ਛੱਡ ਕੇ ਤੁਹਾਡੇ ਸੱਦੇ ਤੇ ਛੇਤੀ ਆਉਂਦਾ ਪਿਆ ਹਾਂ।

੬੬

ਇਕ ਘੁੰਮਦਾ ਫਿਰਦਾ ਪਾਗਲ ਆਦਮੀ ਪਾਰਸ ਦੀ ਢੂੰਡ ਕਰ ਰਿਹਾ ਸੀ।

ਉਸਦੇ ਉਲਝੇ ਹੋਏ ਭੂਰੇ ਵਾਲ ਧੂੜ ਨਾਲ ਭਰੇ ਹੋਏ ਸਨ ਤੇ ਉਸ ਦਾ ਸਰੀਰ ਛਾਂ ਵਾਂਙ ਦੁਬਲਾ ਪਤਲਾ ਸੀ।

ਉਸਦੇ ਦਿਲ ਦੇ ਬੰਦ ਦਰਵਾਜ਼ੇ ਦੀ ਤਰ੍ਹਾਂ ਬੁਲ੍ਹ ਵੀ ਮੀਟੇ ਹੋਏ ਸਨ ਤੇ ਆਪਣਾ ਸਾਥੀ ਢੂੰਡਣ ਵਾਲੇ ਜੁਗਨੂੰ ਵਾਂਙ ਉਸਦੀਆਂ ਅੱਖਾਂ ਜਗ ਰਹੀਆਂ ਸਨ।

ਅਨੰਤ ਸਾਗਰ ਉਸਦੇ ਸਾਹਮਣੇ ਗਰਜ ਰਿਹਾ ਸੀ।

ਸ਼ੋਰ ਕਰ ਰਹੀਆਂ ਲਹਿਰਾਂ ਬਿਨਾ ਥਕੇਵੇਂ ਤੋਂ ਆਪਣੇ ਦਿਲ ਦੇ ਦੱਬੇ ਭੇਤ ਕਹਿ ਰਹੀਆਂ ਸਨ ਤੇ ਦੁਨੀਆਂ ਦੇ ਅਣਜਾਣਪੁਣੇ ਦਾ ਮਖੌਲ ਉਡਾ ਰਹੀਆਂ ਸਨ ਕਿ ਉਹ ਉਨ੍ਹਾਂ ਦੇ ਆਸ਼ੇ ਨੂੰ ਨਹੀਂ ਜਾਣਦੇ।

ਮੁਮਕਿਨ ਹੈ ਕਿ ਉਸ ਪਾਗ਼ਲ ਦੀ ਕੋਈ ਉਮੀਦ ਵੀ ਬਾਕੀ ਨ ਰਹੀ ਹੋਵੇ ਪਰ ਫਿਰ ਵੀ ਉਹ ਅਜੇ ਕਿਤੇ ਟਿਕਦਾ ਨਹੀਂ ਸੀ ਚੂੰਕਿ ਹੁਣ ਢੂੰਡ-ਭਾਲ ਉਸਦੇ ਜੀਵਨ ਦਾ ਹੀ ਭਾਗ ਬਣ ਚੁਕੀ ਸੀ।

ਜਿਸ ਤਰ੍ਹਾਂ ਸਮੁੰਦਰ ਆਪਣੀਆਂ ਲਹਿਰਾਂ ਦੀਆਂ ਬਾਂਹਾਂ ਹਮੇਸ਼ਾ ਅਸਮਾਨ ਵਲ ਕੋਈ ਨ ਹਾਸਲ ਕਰ ਸਕੀ ਜਾਣ ਵਾਲੀ ਚੀਜ਼ ਲਈ ਉਠਾਉਂਦਾ ਹੈ।

ਜਿਸ ਤਰ੍ਹਾਂ ਸਤਾਰੇ ਆਪਣੇ ਕੇਂਦਰ ਦੀ ਢੂੰਡ ਵਿਚ ਅਜੇ ਤਕ ਚੱਕਰ ਕੱਟਦੇ ਤੁਰੇ ਜਾ ਰਹੇ ਹਨ ਪਰ ਉਥੇ ਪਹੁੰਚਿਆ ਨਹੀਂ ਜਾ ਸਕਿਆ।

ਠੀਕ ਇਸੇ ਤਰ੍ਹਾਂ ਸਮੁੰਦਰ ਦੇ ਸੁੰਞੇ ਕਿਨਾਰੇ ਤੇ ਉਹ ਪਾਗ਼ਲ ਆਦਮੀ ਆਪਣੇ ਧੂੜ-ਭਰੇ ਭੂਰੇ ਵਾਲ ਖਿਲਾਰੀ ਪਾਰਸ ਦੀ ਖੋਜ ਵਿਚ ਘੁੰਮਦਾ ਰਿਹਾ।

ਇਕ ਦਿਨ ਇਕ ਪਿੰਡ ਦਾ ਮੁੰਡਾ ਆਇਆ ਤੇ ਉਸ ਨੇ ਆ ਕੇ ਪੁਛਿਆ:-

'ਤੁਸਾਂ ਆਪਣੀ ਕਮਰ ਦੁਆਲੇ ਲਪੇਟੀ ਸੋਨੇ ਦੀ ਜੰਜ਼ੀਰ ਕਿਥੋਂ ਲਈ ਸੀ?'

ਪਾਗ਼ਲ ਆਦਮੀ ਚੌਂਕ ਉਠਿਆ - ਜੋ ਜੰਜ਼ੀਰ ਕਿਸੇ ਵੇਲੇ ਲੋਹੇ ਦੀ ਸੀ, ਉਹੋ ਹੁਣ ਅਸਲ ਵਿਚ ਸੋਨੇ ਦੀ ਹੋ ਗਈ ਸੀ। ਇਹ ਸੁਪਨਾ ਨਹੀਂ ਸੀ ਲੇਕਿਨ ਉਹ ਇਹ ਜਾਣ ਨ ਸਕਿਆ ਕਿ ਇਹ ਤਬਦੀਲੀ ਕਦੋਂ ਹੋਈ ਸੀ।

ਉਸ ਨੇ ਬੜੇ ਜ਼ੋਰ ਨਾਲ ਆਪਣੇ ਸਿਰ ਤੇ ਦੁਹੱਥੜ ਮਾਰੀ, 'ਹਾਇ! ਇਹ ਅਣਜਾਣੇ ਹੀ ਸਫ਼ਲਤਾ ਕਦੋਂ ਪ੍ਰਾਪਤ ਹੋ ਗਈ?'

ਇਹ ਉਸਦਾ ਸੁਭਾ ਜੇਹਾ ਹੀ ਹੋ ਗਿਆ ਸੀ ਕਿ ਉਹ ਕੰਕਰਾਂ ਨੂੰ ਚੁਕਦਾ ਤੇ ਆਪਣੀ ਜੰਜ਼ੀਰ ਨੂੰ ਛੁਹਾ ਲੈਂਦਾ ਤੇ ਬਿਨਾਂ ਵੇਖੇ ਕਿ ਕੋਈ ਤਬਦੀਲੀ ਹੋਈ ਵੀ ਹੈ ਕਿ ਨਹੀਂ, ਉਨ੍ਹਾਂ ਨੂੰ ਸੁਟ ਦੇਂਦਾ। ਇਸ ਤਰ੍ਹਾਂ ਉਸ ਪਾਗ਼ਲ ਆਦਮੀ

ਨੇ ਪਾਰਸ ਨੂੰ ਹਾਸਲ ਕਰਕੇ ਵੀ ਫਿਰ ਗੁਆ ਲੀਤਾ।

ਪੱਛਮ ਵਲ ਸੂਰਜ ਛਿਪ ਰਿਹਾ ਸੀ ਤੇ ਅਸਮਾਨ ਸੁਨਹਿਰੀ ਹੋ ਰਿਹਾ ਸੀ।

ਉਹ, ਉਖੜੇ ਹੋਏ ਬ੍ਰਿਛ ਦੀ ਤਰ੍ਹਾਂ ਟੁੱਟੇ ਦਿਲ ਵਾਲਾ ਨਿਰਬਲ ਪਾਗਲ, ਕਮਰ ਝੁਕਾਈ ਫਿਰ ਵਾਪਸ ਉਸੇ ਰਸਤੇ ਆਪਣੇ ਗੁਆਚੇ ਖਜ਼ਾਨੇ ਦੀ ਢੂੰਡ ਵਿਚ ਮੁੜ ਪਿਆ।

੬੭

ਭਾਵੇਂ ਸ਼ਾਮ ਨੇ ਦੱਬੇ ਪੈਰਾਂ ਨਾਲ ਆ ਕੇ ਸਾਰੇ ਗੀਤਾਂ ਨੂੰ ਬੰਦ ਹੋ ਜਾਣ ਦਾ ਇਸ਼ਾਰਾ ਕਰ ਦਿੱਤਾ ਹੈ।

ਭਾਵੇ ਤੇਰੇ ਸਾਥੀ ਆਰਾਮ ਲਈ ਚਲੇ ਗਏ ਹਨ ਤੇ ਤੂੰ ਵੀ ਥੱਕਿਆ ਹੋਇਆ ਹੈਂ।

ਭਾਵੇਂ ਰਾਤ ਦਾ ਅੰਧੇਰਾ ਭਿਆਨਕ ਮਾਲੂਮ ਹੋ ਰਿਹਾ ਹੈ ਤੇ ਅਸਮਾਨ ਦੇ ਚੇਹਰੇ ਉਤੇ ਪਰਦਾ ਛਾਇਆ ਹੋਇਆ ਹੈ।

ਪਰ ਪੰਛੀ! ਓ ਮੇਰੇ ਪੰਛੀ! ਤੂੰ ਮੇਰੀ ਗੱਲ ਸੁਣ, ਤੇ ਆਪਣੇ ਖੰਭ ਬੰਦ ਨ ਕਰ।

ਇਹ ਬਣ ਦੇ ਪੱਤਿਆਂ ਦਾ ਅੰਧੇਰਾ ਨਹੀਂ ਹੈ, ਇਹ ਤਾਂ ਕਾਲੇ ਨਾਗ ਵਾਂਙ ਫੈਲਿਆ ਸਮੁੰਦਰ ਹੈ, ਇਹ ਖਿੜੀ ਹੋਈ ਚੰਬੇਲੀ ਦਾ ਨਾਚ ਨਹੀਂ ਹੈ, ਇਹ ਤਾਂ ਲਿਸ਼ਕਦੀ ਝੱਗ ਹੈ।

ਆਹ! ਉਹ ਚਮਕਦਾ ਸਬਜ਼ ਕਿਨਾਰਾ ਕਿਥੇ ਹੈ, ਤੇਰਾ ਆਲ੍ਹਣਾ ਕਿਥੇ ਹੈ ?

ਓ ਪੰਛੀ! ਓ ਮੇਰੇ ਪੰਛੀ! ਮੇਰੀ ਗੱਲ ਸੁਣ, ਤੂੰ ਆਪਣੇ ਖੰਭ ਬੰਦ ਨ ਕਰ।

ਤੇਰੇ ਰਸਤੇ ਵਿਚ ਸੁੰਞੀ ਰਾਤ ਆ ਰਹੀ ਹੈ, ਪ੍ਰਭਾਤ ਉਨ੍ਹਾਂ ਸਾਏਦਾਰ ਪਹਾੜੀਆਂ ਪਿਛੇ ਸੌਂ ਰਹੀ ਹੈ।

ਸਤਾਰੇ ਆਪਣੇ ਸਾਹ ਰੋਕੀ ਘੜੀਆਂ ਗਿਣ ਰਹੇ ਹਨ, ਮੱਧਮ ਚੰਦ੍ਰਮਾ ਕਾਲੀ ਬੋਲੀ ਰਾਤ ਨੂੰ ਹੌਲੀ ਹੌਲੀ ਪਾਰ ਕਰਦਾ ਜਾ ਰਿਹਾ ਹੈ।

ਪੰਛੀ! ਓ ਮੇਰੇ ਪੰਛੀ! ਮੇਰੀ ਗੱਲ ਸੁਣ, ਤੂੰ ਆਪਣੇ ਖੰਭਾਂ ਨੂੰ ਬੰਦ ਨ ਕਰ।

ਇਥੇ ਨ ਤੇਰੇ ਲਈ ਕੋਈ ਆਸ਼ਾ ਹੈ, ਨ ਡਰ।

ਇਥੋਂ ਕੋਈ ਅਵਾਜ਼ ਨਹੀਂ ਆ ਰਹੀਂ, ਨ ਹੌਲੀ ਹੌਲੀ, ਨ ਜ਼ੋਰ ਨਾਲ। ਇਥੇ ਨ ਕੋਈ ਘਰ ਹੈ, ਨਾ ਹੀ ਅਰਾਮ ਦਾ ਬਿਸਤਰਾ ਹੈ।

ਇਥੇ ਸਿਰਫ਼ ਤੇਰਾ ਆਪਣੇ ਖੰਭਾਂ ਦਾ ਜੋੜਾ ਹੈ ਤੇ ਬੇਮਾਰਗਾ ਅਕਾਸ਼।

ਪੰਛੀ! ਓ ਮੇਰੇ ਪੰਛੀ! ਮੇਰੀ ਗੱਲ ਸੁਣ, ਤੂੰ ਆਪਣੇ ਖੰਭ ਬੰਦ ਨ ਕਰ।

੬੮

ਭਾਈ! ਕੋਈ ਚੀਜ਼ ਵੀ ਸਦਾ ਜ਼ਿੰਦਾ ਨਹੀਂ ਰਹਿੰਦੀ ਤੇ ਨਾ ਹੀ ਕੋਈ ਚੀਜ਼ ਦੇਰ ਤਕ ਰਹਿੰਦੀ ਹੈ। ਇਸ ਗੱਲ ਨੂੰ ਯਾਦ ਰਖੋ ਤੇ ਖੁਸ਼ ਰਹੋ।

ਕੇਵਲ ਸਾਡਾ ਜੀਵਨ ਹੀ ਭਾਰੀ ਬੋਝ ਨਹੀਂ ਹੈ, ਕੇਵਲ ਸਾਡੀ ਵਾਟ ਹੀ ਜ਼ਿਆਦਾ ਲੰਮੀ ਨਹੀਂ ਹੈ।

ਕਿਸੇ ਇਕ ਕਵੀ ਨੂੰ ਵੀ ਕੋਈ ਪੁਰਾਣਾ ਗੀਤ ਗਾਉਣ ਦੀ ਲੋੜ ਨਹੀਂ।

ਫੁਲ ਮੁਰਝਾ ਜਾਂਦੇ ਹਨ ਤੇ ਸੁੱਕ ਜਾਂਦੇ ਹਨ ਲੇਕਿਨ ਇਨ੍ਹਾਂ ਨੂੰ ਪਹਿਨਣ ਵਾਲਾ ਕਦੀ ਇਸ ਤੇ ਸ਼ੋਕ ਨਹੀਂ ਕਰਦਾ।

ਭਾਈ! ਇਸ ਗੱਲ ਨੂੰ ਯਾਦ ਰਖੋ ਤੇ ਖੁਸ਼ ਰਹੋ।

ਕਦੀ ਨ ਕਦੀ ਤਾਂ ਪੂਰਾ ਅਰਾਮ ਸੰਪੂਰਣਤਾ ਨੂੰ ਸੰਗੀਤ ਵਿਚ ਗੁੰਦ ਹੀ ਦੇਵੇਗਾ।

ਜ਼ਿੰਦਗੀ ਦਾ ਸੂਰਜ ਸੁਨਹਿਰੀ ਸਾਏ ਵਿਚ ਗੁੰਮ ਹੋਣ ਲਈ ਸ਼ਾਮ ਵਲ ਨੂੰ ਢਲਦਾ ਜਾ ਰਿਹਾ ਹੈ।

ਪਿਆਰ, ਕਦੀ ਨ ਕਦੀ ਮਾਯੂਸੀਆਂ ਪੀਣ ਤੇ ਹੰਝੂਆਂ ਦੇ ਸੁਰਗ ਵਿਚ ਲਿਜਾਣ ਲਈ ਜ਼ਰੂਰ ਆਪਣੀਆਂ ਕਲੋਲਾਂ ਤੋਂ ਦੂਰ ਖਿਚ ਲਿਆ ਜਾਵੇਗਾ।

ਭਾਈ! ਇਹੋ ਯਾਦ ਰਖੋ ਤੇ ਖੁਸ਼ ਰਹੋ।

ਅਸੀਂ ਆਪਣੇ ਫੁੱਲਾਂ ਨੂੰ ਛੇਤੀ ਚੁਣ ਲੈਂਦੇ ਹਾਂ ਤਾਂਕਿ ਉਹ ਤੇਜ਼ ਵਗਣ ਵਾਲੀ ਪੌਣ ਨਾਲ ਬਰਬਾਦ ਨਾ ਹੋ ਜਾਣ।

ਕਾਹਲੀ ਨਾਲ ਚੁੰਬਨ ਹਾਸਲ ਕਰਨ ਲਈ ਸਾਡੇ ਲਹੂ ਵਿਚ ਤੇਜ਼ੀ ਆ ਜਾਂਦੀ ਹੈ ਤੇ ਅੱਖੀਆਂ ਚਮਕ ਉਠਦੀਆਂ ਹਨ ਤਾਂ ਕਿ ਦੇਰੀ ਨਾਲ ਉਹ ਗ਼ਾਇਬ ਨ ਹੋ ਜਾਵੇ।

ਸਾਡੀ ਜ਼ਿੰਦਗੀ ਆਸ਼ਾਵੰਦ ਹੈ ਤੇ ਇਸ ਦੀਆਂ ਕਾਮਨਾਵਾਂ ਤ੍ਰਿਖੀਆਂ

ਹਨ ਕਿਉਂਕਿ ਸਮਾਂ ਵਿਛੋੜੇ ਦੀ ਘੰਟੀ ਵਜਾਂਦਾ ਪਿਆ ਹੈ।

ਭਾਈ! ਇਸ ਗੱਲ ਨੂੰ ਯਾਦ ਰਖੋ ਤੇ ਖੁਸ਼ ਰਹੋ।

ਕਿਸੇ ਚੀਜ਼ ਨੂੰ ਜ਼ਬਰਦਸਤੀ ਪਕੜ ਕੇ ਤੇ ਫਿਰ ਉਸ ਨੂੰ ਤੋੜ ਕੇ ਧਰਤੀ ਤੇ ਸੁਟ ਦੇਣ ਦਾ ਸਮਾਂ ਸਾਡੇ ਪਾਸ ਨਹੀਂ ਹੈ।

ਆਪਣੇ ਸੁਪਨਿਆਂ ਨੂੰ ਆਪਣੇ ਅੰਚਲ ਹੇਠ ਛੁਪਾਈਂ ਘੜੀਆਂ ਤੇਜ਼ੀ ਨਾਲ ਦੌੜੀਆਂ ਜਾ ਰਹੀਆਂ ਹਨ।

ਸਾਡੀ ਜ਼ਿੰਦਗੀ ਬੜੀ ਥੋੜੀ ਹੈ, ਇਸ ਵਿਚ ਪਿਆਰ ਲਈ ਬਹੁਤ ਥੋੜਾ ਸਮਾਂ ਹੈ।

ਅਗਰ ਇਸ ਕੰਮ ਤੇ ਉਸਦੀ ਸਖਤ ਮੇਹਨਤ ਮਾਤ੍ਰ ਹੀ ਹੁੰਦੀ ਤਾਂ ਇਹ ਜੀਵਨ ਬਹੁਤ ਲੰਮਾ ਮਲੂਮ ਹੋਣਾ ਸੀ।

ਭਾਈ! ਇਸ ਗੱਲ ਨੂੰ ਯਾਦ ਰਖੋ ਤੇ ਖੁਸ਼ ਰਹੋ।

ਸੁੰਦ੍ਰਤਾ ਸਾਨੂੰ ਬਹੁਤ ਪਿਆਰੀ ਹੈ ਕਿਉਂਕਿ ਇਹ ਹਮੇਸ਼ਾ ਸਾਡੀ ਜ਼ਿੰਦਗੀ ਦੀ ਤਾਨ ਤੇ ਹੀ ਨਾਚ ਕਰਦੀ ਹੈ।

ਗਿਆਨ ਸਾਡੇ ਲਈ ਬਹੁਤ ਕੀਮਤੀ ਸ਼ੈ ਹੈ ਪਰ ਸਾਡੇ ਪਾਸ ਇਤਨਾ ਸਮਾ ਨਹੀਂ ਹੈ ਕਿ ਅਸੀਂ ਇਸਨੂੰ ਪੂਰਣ ਕਰ ਸਕੀਏ।

ਸਾਰੇ ਕੰਮ ਅਨੰਤ ਸੁਰਗ ਵਿਚ ਹੀ ਕੀਤੇ ਜਾਂਦੇ ਹਨ ਤੇ ਉਥੇ ਹੀ ਖਤਮ ਹੁੰਦੇ ਹਨ।

ਲੇਕਿਨ ਇਸ ਧਰਤੀ ਦੇ ਝੂਠੇ ਦਿਖਾਵੇ ਦੇ ਫੁੱਲ, ਮੌਤ ਰਾਹੀਂ ਹੀ ਚਿਰਕਾਲ ਤਕ ਤਾਜ਼ੇ ਰੱਖੇ ਜਾਂਦੇ ਹਨ।

ਭਾਈ! ਇਸ ਗੱਲ ਨੂੰ ਯਾਦ ਰਖੋ ਤੇ ਅਨੰਦ ਰਹੋ।

੬੯

ਮੈਂ ਸੁਨਹਿਰੀ ਮ੍ਰਿਗ ਦਾ ਸ਼ਿਕਾਰ ਖੇਡ ਰਿਹਾ ਹਾਂ।

ਮੇਰੇ ਮਿਤਰੋ! ਤੁਸੀਂ ਸ਼ੈਦ ਹੱਸੋ ਲੇਕਿਨ ਮੈਂ ਤਾਂ ਛਾਇਆ ਦਾ ਹੀ ਪਿੱਛਾ ਕਰ ਰਿਹਾ ਹਾਂ ਜੋ ਕਿ ਮੇਰੇ ਕੋਲੋਂ ਬਚ ਬਚ ਕੇ ਨਿਕਲ ਜਾਂਦੀ ਹੈ।

ਮੈਂ ਪਹਾੜੀਆਂ ਤੇ ਵਾਦੀਆਂ ਨੂੰ ਪਾਰ ਕਰ ਕਰ ਰਿਹਾ ਹਾਂ ਤੇ ਅਣਹੋਏ ਦੇਸਾਂ ਵਿਚੀਂ ਘੁੰਮ ਰਿਹਾ ਹਾਂ ਕਿਉਂਕਿ ਮੈਂ ਸੁਨਹਿਰੀ ਮ੍ਰਿਗ ਦਾ ਸ਼ਿਕਾਰ ਖੇਡ ਰਿਹਾ ਹਾਂ।

ਤੁਸੀਂ ਆਉਂਦੇ ਹੋ ਤੇ ਬਾਜ਼ਾਰ ਵਿਚੋਂ ਚੀਜ਼ਾਂ ਖਰੀਦ ਕੇ ਆਪਣੇ ਭਾਰ ਲੈ ਕੇ ਘਰਾਂ ਨੂੰ ਵਾਪਸ ਚਲੇ ਜਾਂਦੇ ਹੋ ਲੇਕਿਨ ਮੈਨੂੰ ਪਤਾ ਨਹੀਂ ਕਦੋਂ ਤੇ ਕਿਵੇਂ ਬੇਘਰੀ ਪੌਣ ਨੇ ਮੇਰੇ ਤੇ ਜਾਦੂ ਫੇਰ ਦਿੱਤਾ ਹੈ।

ਮੇਰੇ ਦਿਲ ਵਿਚ ਕਿਸੇ ਗੱਲ ਦੀ ਵੀ ਚਿੰਤਾ ਨਹੀਂ ਹੈ, ਮੈਂ ਆਪਣਾ ਸਾਰਾ ਘਰ-ਬਾਰ ਕਿਤੇ ਦੂਰ ਪਿਛੇ ਛੱਡ ਆਇਆ ਹਾਂ।

ਮੈਂ ਪਹਾੜੀਆਂ ਤੇ ਵਾਦੀਆਂ ਨੂੰ ਚੀਰਦਾ ਫਿਰਦਾ ਹਾਂ ਤੇ ਅਣਹੋਏ ਦੇਸਾਂ ਵਿਚੀਂ ਘੁੰਮ ਫਿਰ ਰਿਹਾ ਹਾਂ।

ਕਿਉਂਕਿ ਮੈਂ ਸੁਨਹਿਰੀ ਮ੍ਰਿਗ ਦਾ ਸ਼ਿਕਾਰ ਖੇਡ ਰਿਹਾ ਹਾਂ।

੭੦

ਮੈਨੂੰ ਆਪਣੇ ਬਚਪਨ ਦਾ ਉਹ ਦਿਨ ਯਾਦ ਹੈ ਜਿਸ ਦਿਨ ਮੈ ਇਕ ਨਿਕੀ ਜੇਹੀ ਕਾਗਜ਼ ਦੀ ਬੇੜੀ ਬਣਾਕੇ ਨਾਲੀ ਵਿਚ ਵਹਾਈ ਸੀ।

ਬਰਖਾ ਦੇ ਦਿਨ ਸਨ, ਮੈਂ ਆਪਣੀ ਖੇਡ ਤੇ ਮਸਤ ਸਾਂ।

ਮੈਂ ਕਾਗਜ਼ ਦੀ ਬੇੜੀ ਨਾਲੀ ਵਿਚ ਵਹਾ ਦਿਤੀ।

ਅਚਾਨਕ ਹੀ ਤੂਫਾਨੀ ਬੱਦਲ ਆ ਜੁੜੇ, ਤੇਜ ਪੌਣ ਦੇ ਬੁੱਲੇ ਆਉਣ ਤੇ ਮੂਸਲਾਧਾਰ ਬਾਰਸ਼ ਸ਼ੁਰੂ ਹੋ ਗਈ।

ਗੰਧਲੇ ਪਾਣੀ ਦੀਆਂ ਨਾਲੀਆਂ ਜ਼ੋਰ ਨਾਲ ਚੜ੍ਹ ਕੇ ਵਗ ਟੁਰੀਆਂ ਤੇ ਉਨ੍ਹਾਂ ਮੇਰੀ ਕਿਸ਼ਤੀ ਨੂੰ ਡੁਬੋ ਦਿਤਾ।

ਮੈਂ ਬੜੇ ਦੁਖ ਨਾਲ ਸੋਚਿਆ ਇਹ ਸਾਰਾ ਝੱਖੜ ਜਾਣ-ਬੁਝ ਕੇ ਮੇਰੀ ਖੁਸ਼ੀ ਨੂੰ ਹੀ ਬਰਬਾਦ ਕਰਨ ਲਈ ਸੀ, ਸਭ ਦੀ ਮੇਰੇ ਨਾਲ ਹੀ ਈਰਖਾ ਸੀ?

ਅਜ ਬਰਖਾ ਦਾ ਦਿਨ ਬੜਾ ਲੰਮਾ ਮਾਲੂਮ ਦਿੰਦਾ ਹੈ, ਮੈਂ ਬੈਠਾ ਆਪਣੀਆਂ ਜ਼ਿੰਦਗੀ ਦੀਆਂ ਉਹ ਸਾਰੀਆਂ ਖੇਡਾਂ ਯਾਦ ਕਰ ਰਿਹਾ ਹਾਂ, ਜਿਨ੍ਹਾਂ ਵਿਚ ਮੈਂ ਹਾਰਦਾ ਆਇਆ ਹਾਂ।

ਮੈਂ ਬਹੁਤ ਸਾਰੀਆਂ ਕੀਤੀਆਂ ਕਰਤੂਤਾਂ ਲਈ ਕਿਸਮਤ ਨੂੰ ਹੀ ਕਸੂਰਵਾਰ ਠਹਿਰਾ ਰਿਹਾ ਸਾਂ, ਇਤਨੇ ਨੂੰ ਅਚਾਨਕ ਹੀ ਮੈਨੂੰ ਆਪਣੀ ਕਾਗਜ਼ ਦੀ ਬੇੜੀ ਯਾਦ ਆ ਗਈ, ਜੋ ਕਿ ਨਾਲੀ ਵਿਚ ਡੁਬ ਗਈ ਸੀ।

੭੧

ਅਜੇ ਦਿਨ ਡੁਬਿਆ ਨਹੀਂ ਤੇ ਨਦੀ ਕਿਨਾਰੇ ਲਗਿਆ ਹੋਇਆ

ਮੇਲਾ ਵੀ ਖਤਮ ਨਹੀਂ ਹੋਇਆ।

ਮੈਨੂੰ ਡਰ ਹੋ ਗਿਆ ਸੀ ਕਿ ਮੇਰੇ ਸਾਰਾ ਹੀ ਸਮਾਂ ਬਰਬਾਦ ਹੋ ਗਿਆ ਹੈ ਤੇ ਇਕ ਪੈਸਾ ਵੀ ਮੇਰੇ ਪੱਲੇ ਨਹੀਂ ਰਿਹਾ।

ਲੇਕਿਨ ਨਹੀਂ ਮੇਰੇ ਭਾਈ! ਅਜੇ ਮੇਰੇ ਕੋਲ ਕੁਛ ਨਾ ਕੁਛ ਬਾਕੀ ਹੈ।

ਮੇਰੀ ਕਿਸਮਤ ਨੇ ਮੈਥੋਂ ਮੇਰਾ ਸਾਰਾ ਕੁਝ ਨਹੀਂ ਖੋਹ ਲਿਆ।

ਖਰੀਦ ਫ਼ਰੋਖਤ ਬੰਦ ਹੋ ਗਈ ਹੈ।

ਦੋਹਾਂ ਪਾਸਿਆਂ ਦਾ ਲੈਣ ਦੇਣ ਖਤਮ ਹੋ ਚੁਕਿਆ ਹੈ, ਹੁਣ ਮੇਰਾ, ਘਰ ਮੁੜਨ ਦਾ, ਵੇਲਾ ਹੈ।

ਲੇਕਿਨ ਦੁਆਰਪਾਲ! ਕੀ ਤੂੰ ਆਪਣਾ ਮਸੂਲ ਲੈਣਾ ਹੈ ?

ਡਰੋ ਨਾ, ਮੇਰੇ ਪਾਸ ਅਜੇ ਕੁਝ ਬਾਕੀ ਹੈ! ਮੇਰੀ ਕਿਸਮਤ ਨੇ ਮੈਥੋਂ ਸਾਰਾ ਕੁਛ ਹੀ ਨਹੀਂ ਖੋਹ ਲਿਆ।

ਪੌਣ ਬੰਦ ਹੋ ਜਾਣ ਦੇ ਕਾਰਨ ਅੰਨ੍ਹੇਰੀ ਆਉਣ ਦੀ ਸ਼ੰਕਾ ਹੋ ਰਹੀ ਹੈ।

ਤੇ ਪੱਛਮ ਵਲ ਝੁਕੇ ਹੋਏ ਬੱਦਲ ਵੀ ਕੁਝ ਭਲੇ ਨਹੀਂ ਲਗਦੇ।

ਟਿਕਿਆ ਹੋਇਆ ਪਾਣੀ ਪੌਣ ਦੀ ਹੀ ਉਡੀਕ ਕਰ ਰਿਹਾ ਹੈ।

ਮੈਂ ਕਾਹਲੀ ਨਾਲ ਨਦੀ ਪਾਰ ਕਰਨ ਲਈ ਅਗੇ ਵਧਿਆ ਤਾਂਕਿ ਰਾਤ ਨ ਪੈ ਜਾਵੇ।

ਓ ਮਲਾਹ! ਤੂੰ ਆਪਣਾ ਕਿਰਾਇਆ ਲੈਣਾ ਹੈ ?

ਹਾਂ ਭਾਈ! ਅਜੇ ਵੀ ਮੇਰੇ ਪਾਸ ਕੁਛ ਨਾ ਕੁਛ ਬਾਕੀ ਹੈ, ਮੇਰੀ ਕਿਸਮਤ ਨੇ ਮੈਥੋਂ ਸਾਰਾ ਕੁਛ ਹੀ ਨਹੀਂ ਖੋਹ ਲਿਆ।

ਰਸਤੇ ਤੇ ਬਿਰਛ ਦੀ ਛਾਂ ਹੇਠ ਇਕ ਮੰਗਤਾ ਬੈਠਾ ਹੈ, ਅਫਸੋਸ! ਉਹ ਵੀ ਮੇਰੇ ਵਲ ਆਸ਼ਾ-ਭਰਪੂਰ ਨੈਣਾਂ ਨਾਲ ਤੱਕ ਰਿਹਾ ਹੈ।

ਉਹ ਮੈਨੂੰ ਅਜ ਦੀ ਖੱਟੀ ਕਰਕੇ ਅਮੀਰ ਖਿਆਲ ਕਰ ਰਿਹਾ ਹੈ।

ਹਾਂ, ਭਾਈ! ਅਜੇ ਵੀ ਮੇਰੇ ਪਾਸ ਕੁਛ ਨ ਕੁਛ ਬਾਕੀ ਹੈ, ਮੇਰੀ ਕਿਸਮਤ ਨੇ ਮੈਥੋਂ ਸਾਰਾ ਕੁਝ ਨਹੀਂ ਖੋਹਿਆ।

ਰਾਤ ਦਾ ਅੰਧੇਰਾ ਵਧ ਰਿਹਾ ਹੈ ਤੇ ਰਸਤਾ ਸੁੰਨਾ ਪਿਆ ਹੈ। ਟਟਹਿਣੇ ਪੱਤਿਆਂ ਵਿਚ ਚਮਕ ਰਹੇ ਹਨ।

ਹੈਂ, ਤੁਸੀਂ ਕੌਣ ਹੌਲੀ ਹੌਲੀ ਦਬੇ ਪੈਰ ਮੇਰੇ ਪਿਛੇ ਚਲੇ ਆ ਰਹੇ ਹੋ?

ਓ, ਮੈਂ ਸਮਝ ਗਿਆ, ਤੁਹਾਡਾ ਖਿਆਲ ਮੇਰੀ ਕਮਾਈ ਨੂੰ ਲੁਟ ਲਿਜਾਣ ਦਾ ਹੈ, ਮੈਂ ਤੁਹਾਨੂੰ ਵੀ ਕਦੀ ਮਾਯੂਸ ਨਹੀਂ ਕਰਾਂਗਾ।

ਕਿਉਂਕਿ ਅਜੇ ਵੀ ਮੇਰੇ ਪਾਸ ਕੁਛ ਨ ਕੁਛ ਬਾਕੀ ਹੈ, ਮੇਰੀ ਕਿਸਮਤ ਨੇ ਮੈਥੋਂ ਸਾਰਾ ਕੁਛ ਹੀ ਨਹੀਂ ਖੋਹ ਲਿਆ। ਅੱਧੀ ਰਾਤ ਮੈਂ ਘਰ ਪਹੁੰਚਿਆ।

ਮੇਰੇ ਹੱਥ ਖਾਲੀ ਸਨ।

ਤੁਸੀਂ ਜਾਗਦੇ ਹੋਏ ਖਾਮੋਸ਼ੀ ਨਾਲ ਦਰਵਾਜ਼ੇ ਤੇ ਆਸ-ਭਰੇ ਨੈਣ ਲਾ ਕੇ ਉਡੀਕ ਕਰ ਰਹੇ ਸਉਂ, ਫਿਰ ਤੁਸੀਂ ਕੰਬਦੇ ਪੰਛੀ ਵਾਂਗ ਤੀਬਰ ਪਿਆਰ ਨਾਲ ਉੱਛਲਕੇ ਮੇਰੀ ਛਾਤੀ ਨਾਲ ਲਗ ਗਏ।

ਅੱਛਾ, ਅੱਛਾ ਮੇਰੇ ਰੱਬ! ਅਜੇ ਮੇਰੇ ਕੋਲ ਬਹੁਤ ਕੁਛ ਬਾਕੀ ਹੈ, ਮੇਰੀ ਕਿਸਮਤ ਨੇ ਮੈਥੋਂ ਸਭ ਕੁਝ ਨਹੀਂ ਖੋਹ ਲਿਆ।

੭੨

ਕਈ ਦਿਨਾਂ ਦੀ ਕਰੜੀ ਮੇਹਨਤ ਬਾਦ ਮੈਂ ਇਕ ਮੰਦਰ ਤਿਆਰ ਕੀਤਾ। ਇਸ ਦਾ ਕੋਈ ਦਰਵਾਜ਼ਾ ਯਾ ਖਿੜਕੀ ਨਹੀਂ ਸੀ, ਇਸ ਦੀਆਂ ਦੀਵਾਰਾਂ ਭਾਰੀ ਪੱਥਰਾਂ ਨਾਲ ਬਣੀਆਂ ਹੋਈਆਂ ਸਨ।

ਮੈਂ ਹੋਰ ਸਭ ਚੀਜ਼ਾਂ ਨੂੰ ਭੁਲ ਕੇ ਸਾਰੇ ਸੰਸਾਰ ਤੋਂ ਵੱਖਰਾ ਰਹਿਣ ਲੱਗਾ ਤੇ ਇਕਾਗਰ ਹੋ ਕੇ ਹਵਨ ਕੁੰਡ ਤੇ ਸਥਾਪਤ ਕੀਤੀ ਪ੍ਰਿਤਮਾ ਦਾ ਧਿਆਨ ਧਰਨ ਲਗਾ।

ਇਸ ਮੰਦਰ ਦੇ ਅੰਦਰ ਹਮੇਸ਼ਾਂ ਰਾਤ ਹੀ ਰਹਿੰਦੀ ਤੇ ਖੁਸ਼ਬੂ-ਭਰੇ ਤੇਲ ਦੇ ਦੀਵੇ ਜਗਦੇ ਰਹਿੰਦੇ।

ਇਸ ਬੁ ਬ- ਧੇਪੂਵਾਹ ਜਹਿਕੀਲੀ ਧੂਫ ਨੇ ਮੈਨੂੰ ਆਪਣੀ ਜ਼ੋਰਦਾਰ ਲਪੇਟ ਵਿਚ ਲੈ ਲਿਆ।

ਮੈਂ ਉਨੀਂਦਰਾ, ਮੰਦਰ ਦੀਆਂ ਦੀਵਾਰਾਂ ਤੇ ਖਿਆਲੀ ਚਿੱਤਰ, ਅਦਭੁਤ ਰੇਖਾਵਾਂ ਦੇ ਗੋਰਖ-ਧੰਦੇ ਚਿੱਤਰਦਾ ਰਹਿੰਦਾ, ਖ਼ੰਭਾਂ ਵਾਲੇ ਘੋੜੇ, ਆਦਮੀ ਦੇ ਚੇਹਰੇ ਵਰਗੇ ਫੁਲ, ਤੇ ਕਦੀ ਨਾਗਾਂ ਵਰਗੇ ਅੰਗਾਂ ਵਾਲੀਆਂ ਇਸਤਰੀਆਂ ਦੇ ਚਿਤਰ ਖ਼ਿਚਦਾ।

ਉਸ ਮੰਦਰ ਵਿਚ ਕਿਤੇ ਵੀ ਕੋਈ ਝਰੋਖਾਂ ਨਹੀਂ ਸੀ, ਜਿਥੋਂ ਦੀ ਪੰਛੀਆਂ ਦੇ ਗੀਤ, ਪੱਤਿਆਂ ਦੀ ਖੜ ਖੜ ਤੇ ਕੰਮ ਧੰਦੇ ਵਿੱਚ ਲੱਗੇ ਮਸਰੂਫ ਪਿੰਡ

ਦਾ ਰੌਲਾ-ਗੌਲਾ ਦਾਖਲ ਹੋ ਸਕਦਾ।

ਇਸ ਅੰਧੇਰੇ ਗੁੰਬਦ ਵਿਚ ਕੇਵਲ ਮੇਰੇ ਗਾਏ ਸਤੋਤਰਾਂ ਦੀ ਹੀ ਗੂੰਜ ਗੂੰਜਦੀ ਸੀ। ਅੱਗ ਦੀ ਨੋਕਦਾਰ ਲਾਟ ਵਾਂਙ ਮੇਰਾ ਦਿਲ ਤੀਬਰ ਤੇ ਅਚਲ ਹੋ ਗਿਆ ਤੇ ਮੇਰੀਆਂ ਇੰਦਰੀਆਂ ਅਨੰਦ ਵਿਚ ਮਸਤ ਹੋ ਗਈਆਂ।

ਮੈਂ ਨਹੀਂ ਜਾਣਦਾ ਸਾਂ ਕਿ ਸਮਾਂ ਕਿਸ ਤਰ੍ਹਾਂ ਲੰਘਦਾ ਜਾ ਰਿਹਾ ਸੀ ਕਿ ਅਚਾਨਕ ਮੇਰੇ ਮੰਦਰ ਤੇ ਇਕ ਭਿਆਨਕ ਖੜਾਕ ਹੋਇਆ ਤੇ ਮੇਰੇ ਦਿਲ ਨੂੰ ਪੀੜਾ ਚੀਰਨ ਲੱਗੀ।

ਦੀਵਾ ਮੱਧਮ ਤੇ ਲੱਜਿਤ ਹੋਇਆ ਮਾਲੂਮ ਹੁੰਦਾ ਸੀ ਤੇ ਦੀਵਾਰਾਂ ਉਤੇ ਕੀਤੀ ਚਿਤ੍ਰਕਾਰੀ ਉਸ ਚਾਨਣ ਵਿਚ ਜੰਜ਼ੀਰਾਂ ਵਾਲੇ ਸੁਪਨਿਆਂ ਵਾਂਗ ਬੇਮਾਅਨੀ ਜੇਹੀ ਪ੍ਰਤੀਤ ਦੇਂਦੀ ਸੀ, ਜਿਸ ਤਰ੍ਹਾਂ ਕਿ ਉਹ ਲੱਜਾ ਨਾਲ ਆਪਣੇ ਆਪਣੇ ਆਪ ਨੂੰ ਛਿਪਾਉਣਾ ਚਾਹੁੰਦੀ ਹੋਵੇ।

ਮੈਂ ਹਵਨ ਕੁੰਡ ਤੇ ਪਈ ਪ੍ਰਿਤਮਾ ਵਲ ਤੱਕਿਆ, ਕੀ ਵੇਖਦਾ ਹਾਂ ਕਿ ਪ੍ਰਿਤਮਾ ਮੁਸਕਰਾ ਰਹੀ ਸੀ ਤੇ ਪਰਮਾਤਮਾ ਦੀ ਜ਼ਿੰਦਾ ਛੁਹ ਨਾਲ ਉਹ ਜਿਉਂਦੀ ਹੋ ਗਈ ਸੀ।

ਜਿਸ ਰਾਤ ਨੂੰ ਮੈਂ ਉਸ ਮੰਦਰ ਵਿਚ ਕੈਦ ਕੀਤਾ ਗਿਆ ਸੀ, ਉਹ ਵੀ ਖੰਭ ਫੈਲਾ ਕੇ ਕਿਤੇ ਗ਼ਾਇਬ ਹੋ ਗਈ ਸੀ।

੭੩

ਮੇਰੀ ਸੰਤੋਖੀ ਤੇ ਉਦਾਸ ਧਰਤੀ ਮਾਤਾ! ਇਹ ਬੇਅੰਦਾਜ਼ ਦੌਲਤ ਤੇਰੀ ਨਹੀਂ ਹੈ। ਤੂੰ ਆਪਣੇ ਬੱਚਿਆਂ ਦਾ ਢਿੱਡ ਭਰਨ ਲਈ ਸਖ਼ਤ ਮੇਹਨਤ ਤਾਂ ਕਰਦੀ ਹੈ ਲੇਕਿਨ ਅੰਨ ਬਹੁਤ ਘਟ ਮਿਲਦਾ ਹੈ।

ਸਾਡੇ ਲਈ ਜੋ ਤੂੰ ਖੁਸ਼ੀ ਦੀ ਸੁਗਾਤ ਤਿਆਰ ਕਰਦੀ ਹੈਂ, ਉਹ ਅਧੂਰੀ ਹੀ ਰਹਿ ਜਾਂਦੀ ਹੈ।

ਜੋ ਖਿਡੌਣੇ ਤੂੰ ਆਪਣੇ ਬੱਚਿਆਂ ਲਈ ਬਣਾਉਂਦੀ ਹੈਂ, ਉਹ ਛੇਤੀ ਟੁਟ ਜਾਣ ਵਾਲੇ ਹਨ।

ਤੂੰ ਸਾਡੀਆਂ ਭੁੱਖੀਆਂ ਆਸਾਂ ਨੂੰ ਤ੍ਰਿਪਤ ਨਹੀਂ ਕਰ ਸਕਦੀ।

ਕੀ ਇਸ ਲਈ ਮੈਂ ਤੈਨੂੰ ਛਡ ਦੇਵਾਂ ?

ਤੇਰੀ ਪੀੜਾ ਦੀ ਛਾਇਆ ਵਾਲੀ ਮੁਸਕ੍ਰਾਹਟ ਮੇਰੀਆਂ ਅੱਖੀਆਂ ਨੂੰ

ਮਿਠੀ ਮਿਠੀ ਲਗਦੀ ਹੈ।

ਤੇਰਾ ਅਧੂਰਾ ਬੇਹਦ ਪ੍ਰੇਮ ਮੇਰੇ ਦਿਲ ਨੂੰ ਪਿਆਰਾ ਲਗਦਾ ਹੈ। ਤੂੰ ਆਪਣੀ ਛਾਤੀ ਰਾਹੀਂ ਸਾਨੂੰ ਜੀਵਨ-ਦਾਨ ਤਾਂ ਦਿਤਾ ਹੈ ਪਰ ਅਮਰਤਾ ਨਹੀਂ ਦੇ ਸਕੀ। ਇਸੇ ਲਈ ਤੇਰੀਆਂ ਅੱਖੀਆਂ ਹਮੇਸ਼ਾਂ ਉਨੀਂਦ੍ਰੀਆਂ ਰਹਿੰਦੀਆਂ ਹਨ।

ਤੂੰ ਯੁਗਾਂ ਤੋਂ ਕਈ ਤਰ੍ਹਾਂ ਦੇ ਰੰਗਾਂ ਅਤੇ ਗੀਤਾਂ ਨਾਲ ਸਵਰਗ ਬਣਾਨ ਲਈ ਮੇਹਨਤ ਕਰ ਰਹੀ ਹੈਂ ਪਰ ਤੇਰਾ ਇਹ ਸਵਰਗ ਅਜੇ ਬਣਿਆ ਨਹੀਂ ਕੇਵਲ ਇਸ ਦਾ ਮਾਯੂਸ ਪ੍ਰਛਾਵਾਂ ਜੇਹਾ ਹੀ ਦਿਸ ਰਿਹਾ ਹੈ।

ਤੇਰੀ ਸੁੰਦਰ ਸ੍ਰਿਸ਼ਟੀ ਉਤੇ ਅੱਥਰੂਆਂ ਦੀ ਧੁੰਦ ਛਾਈ ਹੋਈ ਹੈ।
ਮੈਂ ਤੇਰੇ ਗੁੰਗੇ ਦਿਲ ਨੂੰ ਆਪਣੇ ਗੀਤਾਂ ਨਾਂਲ ਝੰਕਾਰਤ ਕਰਾਂਗਾ।
ਤੇ ਆਪਣਾ ਪਿਆਰ ਤੇਰੇ ਪਿਆਰ ਵਿਚ ਮੇਲ ਦਿਆਂਗਾ।
ਮੈਂ ਸਖਤ ਮੇਹਨਤ ਤੇ ਘਾਲ ਦੁਆਰਾ ਤੇਰੀ ਪੂਜਾ ਕਰਾਂਗਾ।
ਮੈਂ ਤੇਰਾ ਕੋਮਲ ਚੇਹਰਾ ਤੱਕ ਲਿਆ ਹੈ, ਓ ਧਰਤੀ ਮਾਤਾ!
ਮੈਂ ਤੇਰੀ ਗ਼ਮ-ਭਰਪੂਰ ਮਿਟੀ ਨਾਲ ਪਿਆਰ ਕਰਦਾ ਹਾਂ।

੭੪

ਜਿਸ ਤਰ੍ਹਾਂ ਇਸ ਦੁਨੀਆਂ ਦੇ ਵਡੇ ਹਾਲ ਵਿਚ ਇਕ ਮਾਮੂਲੀ ਘਾਹ ਦਾ ਤਿਣਕਾ ਵੀ ਸੂਰਜ ਦੀਆਂ ਕਿਰਣਾਂ ਅਤੇ ਅੱਧੀ ਰਾਤ ਦੇ ਉੱਜਲ ਸਤਾਰਿਆਂ ਨਾਲ ਇਕੋ ਗਲੀਚੇ ਉਤੇ ਬਰਾਬਰ ਬੈਠਦਾ ਹੈ।

ਇਸੇ ਤਰ੍ਹਾਂ ਮੇਰੇ ਗੀਤ ਵੀ ਸੰਸਾਰ ਦੇ ਦਿਲ ਵਿਚ ਬੱਦਲਾਂ ਅਤੇ ਜੰਗਲਾਂ ਦੇ ਸੰਗੀਤ ਨਾਲ ਬਰਾਬਰ ਥਾਂ ਮੱਲਦੇ ਹਨ।

ਲੇਕਿਨ ਅਮੀਰ ਲੋਕੋ! ਤੁਹਾਡੀ ਦੌਲਤ ਨੂੰ ਨ ਤਾਂ ਕੋਈ ਭਰਪੂਰ ਸੋਨੇ -ਰੰਗੇ ਸੂਰਜ ਦੇ ਸਾਧਾਰਣ ਜਲਾਲ ਵਿਚ ਕੋਈ ਥਾਂ ਹੈ, ਨਾ ਹੀ ਧਿਆਨ-ਮਗਨ ਚੰਨ ਦੀ ਕੋਮਲ ਝਲਕ ਵਿਚ ਕੋਈ ਜਗ੍ਹਾ ਹੈ।

ਸਰਬ-ਵਿਆਪੀ ਅਕਾਸ਼ ਦੀ ਬਰਕਤ ਵੀ ਤੁਹਾਡੀ ਦੌਲਤ ਨੂੰ ਹਾਸਲ ਨਹੀਂ ਹੁੰਦੀ।

ਤੇ ਇਹ ਤੁਹਾਡੀ ਦੌਲਤ ਮੌਤ ਦੇ ਨੇੜੇ ਆਉਣ ਤੇ ਤਾਂ ਬਿਲਕੁਲ ਮੁਰਝਾ ਕੇ ਮਿਟੀ ਵਿਚ ਹੀ ਮਿਲ ਜਾਂਦੀ ਹੈ।

੭੫

ਅੱਧੀ ਰਾਤ ਦਾ ਸਮਾਂ ਸੀ ਤੇ ਸੰਨਿਆਸੀ ਹੋ ਜਾਣ ਵਾਲੇ ਨੇ ਕਿਹਾ-

'ਘਰ ਬਾਰ ਛਡ ਕੇ ਪਰਮੇਸ਼ਰ ਦੀ ਢੂੰਡ ਕਰਨ ਦਾ ਏਹੋ ਵੇਲਾ ਹੈ। ਆਹ! ਹੁਣ ਤਕ ਮੈਨੂੰ ਕਿਸ ਨੇ ਇਥੇ ਮਾਇਆ-ਜਾਲ ਵਿਚ ਫਸਾਈ ਰੱਖਿਆ ਹੈ ?

ਪਰਮਾਤਮਾ ਨੇ ਹੌਲੀ ਦੇ ਕੇ ਕਿਹਾ, 'ਮੈਂ', ਲੇਕਿਨ ਉਸ ਆਦਮੀ ਦੇ ਕੰਨ ਬੰਦ ਸਨ।

ਪਲੰਘ ਦੇ ਇਕ ਪਾਸੇ ਤੇ ਛੋਟੇ ਜੇਹੇ ਬੱਚੇ ਨੂੰ ਛਾਤੀ ਨਾਲ ਲਾਈ ਉਸ ਦੀ ਇਸਤ੍ਰੀ ਘੂਕ ਸੁੱਤੀ ਪਈ ਸੀ, ਆਦਮੀ ਨੇ ਕਿਹਾ, 'ਤੁਸੀਂ ਦੋਵੇਂ ਕੌਣ ਹੋ, ਜਿਨ੍ਹਾਂ ਮੈਨੂੰ ਇਤਨਾ ਚਿਰ ਮੂਰਖ ਬਣਾਈ ਰਖਿਆ ਹੈ ?'

ਫਿਰ ਅਕਾਸ਼-ਬਾਣੀ ਹੋਈ, 'ਇਹੋ ਪਰਮਾਤਮਾ ਹਨ' ਪਰ ਉਸ ਨੇ ਇਹ ਵੀ ਨਾ ਸੁਣਿਆ।

ਸੁਪਨੇ ਵਿਚ ਬੱਚਾ ਚਿੱਲਾ ਉਠਿਆ ਤੇ ਆਪਣੀ ਮਾਤਾ ਨਾਲ ਚਿੰਬੜ ਗਿਆ। ਪਰਮਾਤਮਾ ਨੇ ਹੁਕਮ ਦਿੱਤਾ, 'ਮੂਰਖ! ਠਹਿਰ ਜਾ, ਆਪਣਾ ਘਰ ਨ ਛੱਡ।'

ਲੇਕਿਨ ਉਸਨੇ ਫਿਰ ਵੀ ਨ ਸੁਣਿਆ।

ਪਰਮਾਤਮਾ ਨੇ ਬੜੇ ਦੁਖ ਨਾਲ ਹੌਕਾ ਭਰਕੇ ਆਖਿਆ,

'ਮੇਰੇ ਸੇਵਕ! ਮੈਨੂੰ ਛਡ ਕੇ ਫਿਰ ਮੇਰੀ ਹੀ ਢੂੰਡ ਵਿਚ ਕਿਧਰ, ਕਿਉਂ ਭਟਕਣ ਚੱਲਿਆ ਹੈਂ ?'

੭੬

ਮੰਦਰ ਦੇ ਸਾਹਮਣੇ ਮੇਲਾ ਲਗਿਆ ਹੋਇਆ ਸੀ, ਸਵੇਰ ਤੋਂ ਹੀ ਬਾਰਸ਼ ਹੁੰਦੀ ਰਹੀ ਸੀ ਤੇ ਹੁਣ ਦਿਨ ਛਿਪਣ ਵਾਲਾ ਸੀ।

ਮੇਲੇ ਦੀ ਸਾਰੀ ਭੀੜ ਦੀ ਇਕੱਠੀ ਕੀਤੀ ਖੁਸ਼ੀ ਨਾਲੋਂ ਭੀ ਉਸ ਕੁੜੀ ਦੀ ਲਿਸ਼ਕਵੀਂ ਮੁਸਕ੍ਰਾਹਟ ਜ਼ਿਆਦਾ ਸੀ, ਜਿਸਨੇ ਇਕ ਪੈਸੇ ਦੀ ਨੜੇ ਦੀ ਪੀਪਨੀ ਖਰੀਦੀ ਸੀ।

ਉਸ ਪੀਪਨੀ ਦੀ ਤਿਖੀ ਤੇ ਮਨਮੋਹਣੀ ਅਵਾਜ਼ ਨੇ ਸਾਰੀ ਭੀੜ ਦੀ ਖੁਸ਼ੀ ਨੂੰ ਦਬਾ ਦਿਤਾ।

ਬੇਅੰਤ ਆਦਮੀ ਧੱਕਮਧੱਕੀ ਹੁੰਦੇ ਉਥੇ ਆ ਜਮ੍ਹਾ ਹੋਏ।

ਰਾਹ ਵਿਚ ਚਿੱਕੜ ਸੀ, ਨਦੀ ਭਰੀ ਜਾਂਦੀ ਸੀ ਤੇ ਖੇਤ ਅਥੰਮ ਬਾਰਸ਼ ਦੇ ਕਾਰਣ ਪਾਣੀ ਵਿਚ ਡੁਬ ਗਏ ਸਨ।

ਸਾਰੀ ਭੀੜ ਦੀ ਤਕਲੀਫ ਨਾਲੋਂ ਉਸ ਨਿਕੇ ਮੁੰਡੇ ਦੀ ਤਕਲੀਫ ਬਹੁਤ ਜ਼ਿਆਦਾ ਸੀ, ਜਿਸ ਕੋਲ ਇਕ ਰੰਗੀਨ ਛਟੀ ਖਰੀਦਣ ਲਈ ਕੋਈ ਪੈਸਾ ਨਹੀਂ ਸੀ, ਦੁਕਾਨ ਵਲ ਟਿਕਟਿਕੀ ਲਾਈ ਤੱਕ ਰਹੀਆਂ ਉਸਦੀਆਂ ਲਲਚਾਈਆਂ ਅੱਖਾਂ ਨੇ ਸਾਰੇ ਲੋਕਾਂ ਦੇ ਦਿਲਾਂ ਵਿਚ ਤਰਸ ਪੈਦਾ ਕਰ ਦਿੱਤਾ।

੭੭

ਪੱਛਮ ਦੇਸ਼ ਤੋਂ ਆਇਆ ਮਜ਼ਦੂਰ ਤੇ ਉਸਦੀ ਪਤਨੀ ਭੱਠੇ ਦੀਆਂ ਇੱਟਾਂ ਬਣਾਉਣ ਲਈ ਮਿਟੀ ਖੋਦਣ ਵਿਚ ਮਸਰੂਫ਼ ਸਨ।

ਉਨ੍ਹਾਂ ਦੀ ਛੋਟੀ ਬੱਚੀ ਨਦੀ ਦੇ ਘਾਟ ਤੇ ਜਾਂਦੀ ਤੇ ਉਥੇ ਅਨੇਕਾਂ ਬਰਤਨ-ਕੜਾਹੀਆਂ ਆਦਿ ਮਾਂਜਦੀ ਲਿਸ਼ਕਾਂਦੀ ਰਹਿੰਦੀ।

ਉਸਦਾ ਛੋਟਾ ਭਰਾ, ਸਿਰੋਂ ਰੋਡਾ ਨੰਗ-ਧੜੰਗਾ, ਮਿਟੀ ਨਾਲ ਲਿਬੜਿਆ ਉਸਦੇ ਪਿਛੇ ਪਿਛੇ ਜਾਇਆ ਕਰਦਾ ਤੇ ਆਪਣੀ ਭੈਣ ਦੇ ਕਹੇ ਅਨੁਸਾਰ ਧੀਰਜ ਨਾਲ ਨਦੀ ਦੇ ਉਚੇ ਕਿਨਾਰੇ ਤੇ ਬੈਠਾ ਰਹਿੰਦਾ।

ਘਰ ਦੇ ਫਿਕਰਾਂ ਦੇ ਭਾਰ ਨਾਲ ਦੱਬੀ ਆਪਣੀ ਮਾਂ ਦੀ ਉਹ ਛੋਟੀ ਜੇਹੀ ਖ਼ਾਦਮਾ, ਭਰਿਆ ਘੜਾ ਸਿਰ ਤੇ ਟਿਕਾ, ਖੱਬੇ ਹਥ ਵਿਚ ਪਿੱਤਲ ਦੀ ਚਮਕਦੀ ਝਾਰੀ ਲਟਕਾ ਕੇ ਤੇ ਸੱਜੇ ਹੱਥ ਨਾਲ ਭਰਾ ਨੂੰ ਪਕੜ ਘਰ ਵਾਪਸ ਆਉਂਦੀ।

ਇਕ ਦਿਨ ਮੈਂ ਉਸ ਛੋਟੇ ਮੁੰਡੇ ਨੂੰ ਨੰਗ-ਧੜੰਗਿਆਂ ਲੱਤਾਂ ਪਸਾਰੀਂ ਬੈਠਿਆਂ ਵੇਖਿਆ।

ਉਸਦੀ ਭੈਣ ਪਾਣੀ ਵਿਚ ਬੈਠੀ ਰੇਤੇ ਨਾਲ ਘੁਮਾ ਘੁਮਾ ਕੇ ਲੋਟਾ ਮਾਂਜ ਰਹੀ ਸੀ।

ਕੋਲ ਹੀ ਕੋਮਲ ਵਾਲਾਂ ਵਾਲਾ ਇਕ ਨਿਕਾ ਲੇਲਾ ਕਿਨਾਰੇ ਤੇ ਚਰ ਰਿਹਾ ਸੀ।

ਇਹ ਲੇਲਾ ਚਰਦਾ ਚਰਦਾ ਉਸ ਛੋਟੇ ਮੁੰਡੇ ਪਾਸ ਆ ਗਿਆ ਤੇ

ਅਚਾਨਕ ਹੀ ਉਹ ਜ਼ੋਰ ਨਾਲ ਚਿੱਲਾਇਆ, ਮੁੰਡਾ ਡਰ ਕੇ ਚੀਕਾਂ ਮਾਰ ਉਠਿਆ।

ਉਸਦੀ ਭੈਣ ਬਰਤਨ ਮਾਂਜਣੇ ਛਡਕੇ ਦੌੜੀ ਦੌੜੀ ਆਈ।

ਉਸ ਨੇ ਇਕ ਪਾਸੇ ਆਪਣੇ ਛੋਟੇ ਭਰਾ ਨੂੰ ਤੇ ਦੂਜੇ ਪਾਸੇ ਲੇਲੇ ਨੂੰ ਲੈ ਗੋਦੀ ਵਿਚ ਚੁਕ ਲਿਆ ਤੇ ਪਿਆਰ ਨਾਲ ਦੋਹਾਂ ਨੂੰ ਪੁਚਕਾਰ ਕੇ ਉਨ੍ਹਾਂ ਦੋਹਾਂ-ਮਨੁਖ ਤੇ ਪਸੂ ਦੇ ਬੱਚਿਆਂ ਨੂੰ ਇਕ ਹੀ ਪ੍ਰੇਮ-ਧਾਗੇ ਵਿਚ ਪ੍ਰੋ ਦਿੱਤਾ।

੭੮

ਗਰਮੀ ਦੇ ਦਿਨ ਸਨ, ਸਿਖਰ ਦੁਪਹਿਰਾ ਬਹੁਤ ਲੰਮਾ ਮਾਲੂਮ ਹੋ ਰਿਹਾ ਸੀ; ਖੁਸ਼ਕ ਧਰਤੀ ਗਰਮੀ ਕਾਰਣ ਤ੍ਰਿਹਾ ਨਾਲ ਮੂੰਹ ਅੱਡੀ ਪਈ ਸੀ।

ਇਤਨੇ ਨੂੰ ਨਦੀ ਵਲੋਂ ਇਕ ਅਵਾਜ਼ ਸੁਣਾਈ ਦਿਤੀ, ਕੋਈ ਪੁਕਾਰ ਰਿਹਾ ਸੀ, 'ਆਓ, ਮੇਰੀ ਪਿਆਰੀ!'

ਮੈਂ ਛੇਤੀ ਨਾਲ ਆਪਣੀ ਕਿਤਾਬ ਬੰਦ ਕਰਕੇ ਵੇਖਣ ਲਈ ਖਿੜਕੀ ਖੋਲ੍ਹੀ।

ਕੀ ਵੇਖਦਾ ਹਾਂ, ਇਕ ਚਿੱਕੜ ਨਾਲ ਲਿਬੜੀ ਵੱਡੀ ਮੱਝ ਨਦੀ ਦੇ ਕਿਨਾਰੇ ਧੀਰਜ ਨਾਲ ਖਲੋਤੀ ਸਬਰ-ਭਰੀਆਂ ਅੱਖਾਂ ਨਾਲ ਤੱਕ ਰਹੀ ਹੈ।

ਇਕ ਨੌਜੁਆਨ ਗੋਡੇ ਗੋਡੇ ਪਾਣੀ ਵਿਚ ਖਲੋਤਾ ਇਸ ਨੂੰ ਨੁਹਾਉਣ ਲਈ ਅਵਾਜ਼ਾਂ ਦੇ ਰਿਹਾ ਹੈ।

ਮੈਂ ਮੁਸਕ੍ਰਾਂਦਾ ਹੋਇਆ ਪਰਤਿਆ ਤੇ ਆਪਣੇ ਦਿਲ ਵਿਚ ਇਕ ਅਜਬ ਮਿਠਾਸ ਦੀ ਛੂਹ ਦਾ ਅਨੁਭਵ ਕੀਤਾ।

੭੯

ਮੈਂ ਅਕਸਰ ਪ੍ਰੇਸ਼ਾਨ ਹੋ ਜਾਂਦਾ ਹਾਂ ਕਿ ਆਦਮੀ ਤੇ ਪਸੂ ਦੇ ਦਰਮਿਆਨ ਆਪਸ ਵਿਚ ਦੀ ਜਾਣ-ਪਛਾਣ ਦੀਆਂ ਹੱਦਾਂ ਕਿਥੇ ਛਿਪੀਆਂ ਹੋਈਆਂ ਹਨ, ਜਦੋਂ ਕਿ ਪਸੂ ਦਾ ਹਿਰਦਾ ਭਾਵਾਂ ਨੂੰ ਪ੍ਰਗਟ ਕਰਨ ਵਾਲੀ ਬੋਲੀ ਬੋਲਣ ਵੀ ਨਹੀਂ ਜਾਣਦਾ।

ਦੂਰ ਦੀ ਦੁਨੀਆਂ ਦੇ ਕਿਸੇ ਪਹਿਲੇ ਸੁਰਗ ਦੀ ਪ੍ਰਭਾਤ ਵਿਚ ਉਹ ਕੇਹੜਾ ਪੱਧਰ ਰਸਤਾ ਸੀ ਜਿਥੇ ਇਨ੍ਹਾਂ ਦੀ ਆਪਸ ਵਿਚ ਮੁਲਾਕਾਤ ਹੋਈ ਸੀ।

ਭਾਵੇਂ ਉਨ੍ਹਾਂ ਦਾ ਆਪਸ ਵਿਚ ਰਿਸ਼ਤਾ ਚਿਰਾਂ ਤੋਂ ਭੁਲ ਚੁਕਿਆ ਹੈ, ਫਿਰ ਵੀ ਉਨ੍ਹਾਂ ਦੇ ਆਪਸ ਵਿਚ ਚਲਣ ਬੈਠਣ ਦੇ ਨਿਸ਼ਾਨ ਅਜੇ ਤਕ ਨਹੀਂ ਮਿਟੇ।

ਹੁਣ ਵੀ, ਅਚਾਨਕ ਕਿਸੇ ਬੇਸ਼ਬਦੇ ਸੰਗੀਤ ਰਾਹੀਂ ਇਹ ਧੁੰਦਲੀ ਯਾਦ ਜਾਗ ਉਠਦੀ ਹੈ, ਪਸ਼ੂ, ਮਨੁਖ ਦੇ ਚੇਹਰੇ ਵਲ ਕੋਮਲ ਵਿਸ਼ਵਾਸ ਨਾਲ ਟਿਕਟਿਕੀ ਲਾ ਕੇ ਵੇਖਦਾ ਹੈ ਤੇ ਆਦਮੀ ਪਸ਼ੂ ਦੀਆਂ ਅੱਖੀਆਂ ਵਿਚ ਅੱਖਾਂ ਪਾ ਕੇ ਕੌਤਕ ਭਰੀ ਪ੍ਰੇਮ-ਤੱਕਣੀ ਨਾਲ ਤੱਕਦਾ ਹੈ।

ਮਾਲੂਮ ਹੁੰਦਾ ਹੈ ਕਿ ਇਹ ਦੋਵੇਂ ਮਿਤਰ ਕਦੀ ਪਰਦੇ ਵਿਚ ਮਿਲੇ ਸਨ ਤੇ ਆਪਣੇ ਬਾਹਰਲੇ ਵੇਸ ਥਾਣੀਂ ਅਸਪਸ਼ਟ ਤਰੀਕੇ ਨਾਲ ਇਕ ਦੂਜੇ ਨੂੰ ਜਾਣ ਜਾਂਦੇ ਹਨ।

੮੦

ਸੁੰਦਰੀ! ਤੂੰ ਆਪਣੇ ਇਕੋ ਕਟਾਖ਼ਸ਼ ਨਾਲ ਕਵੀਆਂ ਦੀ ਵੀਣਾ ਤੋਂ ਉਪਜੀ ਗੀਤਾਂ ਦੀ ਦੌਲਤ ਲੁਟ ਸਕਦੀ ਹੈਂ।

ਲੇਕਿਨ ਤੂੰ ਉਨ੍ਹਾਂ ਦੀ ਪ੍ਰਸ਼ੰਸਾ ਵਲ ਕੰਨ ਤਕ ਨਹੀਂ ਦਿੰਦੀ।

ਇਸੇ ਲਈ ਮੈਂ ਤੇਰੀ ਪ੍ਰਸ਼ੰਸਾ ਕਰਨ ਆਇਆ ਹਾਂ।

ਦੁਨੀਆਂ ਦੇ ਬੜੇ ਬੜੇ ਅਭਿਮਾਨੀਆਂ ਦੇ ਸਿਰ ਵੀ ਤੂੰ ਆਪਣੇ ਕਦਮਾਂ ਤੇ ਝੁਕਾ ਸਕਦੀ ਹੈਂ।

ਪਰ ਤੂੰ ਆਪਣੇ ਗੁੰਮਨਾਮ ਪ੍ਰੇਮੀਆਂ ਨੂੰ ਹੀ ਪੂਜਾ ਲਈ ਚੁਣਦੀ ਹੈਂ, ਇਸੇ ਲਈ ਮੈਂ ਤੈਨੂੰ ਪੂਜਦਾ ਹਾਂ।

ਤੇਰੀਆਂ ਬਾਜ਼ੂਆਂ ਦਾ ਕਮਾਲ ਆਪਣੀ ਛੁਹ ਰਾਹੀਂ ਸ਼ਾਹੀ ਜਲਵੇ ਨੂੰ ਵੀ ਸ਼ਾਨਦਾਰ ਬਣਾਉਣ ਵਾਲਾ ਹੈ।

ਲੇਕਿਨ ਤੂੰ ਆਪਣੇ ਇਨ੍ਹਾਂ ਹੱਥਾਂ ਨਾਲ ਜਦੋਂ ਆਪਣੇ ਮਾਮੂਲੀ ਸਾਦੇ ਘਰ ਵਿਚ ਬੁਹਾਰੀ ਦੇਂਦੀ ਤੇ ਸਫਾਈ ਕਰਦੀ ਹੈਂ, ਤਾਂ ਮੈਂ ਘਬਰਾ ਉਠਦਾ ਹਾਂ।

੮੧

ਓ ਮੌਤ! ਮੇਰੀ ਮੌਤ ਰਾਣੀ! ਤੂੰ ਇਤਨੀ ਮੱਧਮ ਅਵਾਜ਼ ਨਾਲ ਕਿਉਂ

ਮੇਰੇ ਕੰਨਾਂ ਵਿਚ ਕਾਨਾਫੂਸੀ ਕਰ ਰਹੀ ਹੈਂ ?

ਜਦੋਂ ਸ਼ਾਮ ਨੂੰ ਫੁਲ ਕੁਮਲਾਉਣ ਲਗ ਪੈਂਦੇ ਹਨ ਤੇ ਪਸ਼ੂਆਂ ਦੇ ਵੱਗ ਆਪਣੀਆਂ ਥਾਂਵਾਂ ਨੂੰ ਮੁੜ ਪੈਂਦੇ ਹਨ, ਉਸ ਵੇਲੇ ਤੂੰ ਚੁਪਚੁਪਾਤੇ ਮੇਰੇ ਪਾਸ ਆ ਕੇ ਅਜੇਹੇ ਸ਼ਬਦ ਕਹਿੰਦੀ ਹੈਂ, ਜੋ ਕਿ ਮੈਂ ਸਮਝ ਨਹੀਂ ਸਕਦਾ।

ਕੀ ਤੇਰਾ ਪਿਆਰ ਕਰਨ ਦਾ ਇਹੋ ਢੰਗ ਹੈ ?

ਓ ਮੌਤ, ਓ ਮੇਰੀ ਮੌਤ ਰਾਣੀ! ਕੀ ਤੂੰ ਆਪਣੇ ਅਸਪਸ਼ਟ ਸ਼ਬਦਾਂ ਦੀ ਨੀਂਦ ਤੇ ਠੰਢੇ ਚੁੰਬਨਾਂ ਦੀ ਮਦਰਾ ਦੁਆਰਾ ਹੀ ਮੇਰੇ ਤੇ ਫਤੇ ਪਾਵੇਂਗੀ ?

ਕੀ ਤੇਰੀ ਮੇਰੀ ਸ਼ਾਦੀ ਲਈ ਸ਼ਾਨਦਾਰ ਉਤਸਵ ਨਹੀਂ ਮਨਾਇਆ ਜਾਵੇਗਾ ? ਕੀ ਤੂੰ ਆਪਣੀਆਂ ਭੂਰੀਆਂ ਉਲਝੀਆਂ ਜ਼ੁਲਫਾਂ ਨੂੰ ਫੁਲਾਂ ਦੀ ਮਾਲਾ ਨਾਲ ਨਹੀਂ ਬੰਨ੍ਹੇਗੀ ? ਕੀ ਤੇਰੇ ਅੱਗੇ ਝੰਡਾ ਚੁਕ ਕੇ ਤੁਰਨ ਵਾਲਾ ਤੇਰਾ ਕੋਈ ਨਹੀਂ ? ਓ ਮੌਤ, ਓ ਮੇਰੀ ਮੌਤ ਰਾਣੀ ! ਕੀ ਤੇਰੀਆਂ ਲਾਲ ਲਾਲ ਸਪਰਸ਼-ਮਸਾਲਾਂ ਨਾਲ ਰਾਤ ਜਗਮਗ ਨਹੀਂ ਹੋ ਉਠੇਗੀ ?
ਆ, ਤੂੰ ਆਪਣੇ ਸੰਖ ਵਜਾਂਉਂਦੀ ਹੋਈ ਨੀਂਦ ਰਹਿਤ ਰਾਤ ਦੇ ਸਮੇਂ ਆ, ਮੈਨੂੰ ਕਿਰਮਚੀ ਰੰਗ ਦਾ ਚੋਲਾ ਪਹਿਨਾ ਤੇ ਮੇਰਾ ਹਥ ਪਕੜ ਕੇ ਮੈਨੂੰ ਲੈ ਚਲ। ਕਾਹਲੀ ਨਾਲ ਹਿਣ ਹਿਣਾ ਰਹੇ ਘੋੜਿਆਂ ਨੂੰ ਜੋੜ ਕੇ ਆਪਣਾ ਰਥ ਮੇਰੇ ਦਰਵਾਜ਼ੇ ਤੇ ਤਿਆਰ ਰਖ। ਓ ਮੌਤ ! ਓ ਮੇਰੀ ਮੌਤ ਰਾਣੀ ! ਤੂੰ ਘੁੰਡ ਉਠਾ ਕੇ, ਮੇਰੇ ਵਲ ਮਾਣ ਨਾਲ ਤੱਕ।

੮੨

ਅਜ ਰਾਤ, ਅਸਾਂ ਮੌਤ ਦੀ ਖੇਡ ਖੇਡਣੀ ਹੈ, ਮੈਂ ਤੇ ਮੇਰੀ ਪਤਨੀ ਨੇ। ਰਾਤ ਅੰਧੇਰੀ ਹੈ, ਚੰਚਲ ਬੱਦਲ ਉਡਦੇ ਫਿਰ ਰਹੇ ਹਨ ਤੇ ਸਮੁੰਦਰ ਵਿਚ ਲਹਿਰਾਂ ਗਰਜ ਰਹੀਆਂ ਹਨ। ਅਸੀਂ ਆਪਣੀ ਸੁਪਨਿਆਂ ਦੀ ਸੇਜਾ ਤਿਆਗ ਦਿਤੀ ਹੈ ਤੇ ਦਰਵਾਜ਼ਾ ਖੋਲ੍ਹਕੇ ਬਾਹਰ ਨਿਕਲ ਆਏ ਹਾਂ, ਮੈਂ ਤੇ ਮੇਰੀ ਪਤਨੀ! ਅਸੀਂ ਦੋਵੇਂ ਇਕੋ ਪੀਂਘ ਤੇ ਬਹਿ ਜਾਂਦੇ ਹਾਂ ਤੇ ਪਿਛੇ ਤੋਂ ਤੂਫਾਨੀ ਹਵਾਵਾਂ ਸਾਨੂੰ ਜ਼ੋਰ ਨਾਲ ਝੂਟੇ ਦੇਂਦੀਆਂ ਹਨ।

ਮੇਰੀ ਪਤਨੀ ਡਰ ਤੇ ਪ੍ਰਸੰਨਤਾ ਨਾਲ ਚੌਂਕ ਉਠਦੀ ਹੈ, ਕੰਬਣ ਲਗ ਜਾਂਦੀ ਹੈ ਤੇ ਮੇਰੇ ਨਾਲ ਚਿੰਬੜ ਜਾਂਦੀ ਹੈ। ਮੈਂ ਉਸਦੀ ਬਹੁਤ ਚਿਰ ਪ੍ਰੇਮ ਨਾਲ

ਸੇਵਾ ਕਰਦਾ ਰਿਹਾ ਹਾਂ, ਮੈਂ ਉਸ ਦੇ ਲਈ ਇਕ ਫੁਲਾਂ ਦੀ ਸੇਜਾ ਬਣਾਈ ਤੇ ਉਸਦੇ ਨੈਣਾਂ ਨੂੰ ਤੇਜ਼ ਚਾਨਣ ਤੋਂ ਬਚਾਉਣ ਲਈ ਦਰਵਾਜ਼ੇ ਬੰਦ ਕਰ ਦਿੱਤੇ। ਮੈਂ ਉਸਦੀਆਂ ਬੁਲ੍ਹੀਆਂ ਨੂੰ ਕੋਮਲਤਾ ਨਾਲ ਚੁੰਮਿਆ ਤੇ ਉਸ ਦੇ ਕੰਨਾਂ ਵਿਚ ਹੌਲੀ ਹੌਲੀ ਉਦੋਂ ਤਕ ਕੁਛ ਨ ਕੁਛ ਕਹਿੰਦਾ ਰਿਹਾ ਜਦ ਤਕ ਉਹ ਮਦਹੋਸ਼ੀ ਜੇਹੀ ਵਿਚ ਮਗਨ ਨਹੀਂ ਹੋ ਗਈ। ਉਹ ਕਿਸੇ ਅਸਪਸ਼ਟ ਮਿਠਾਸ ਦੀ ਅਨੰਤ ਧੁੰਦ ਵਿਚ ਗੁੰਮ ਹੋ ਗਈ। ਉਸਨੇ ਮੇਰੀ ਛੋਹ ਦਾ ਕੋਈ ਉਤਰ ਨ ਦਿਤਾ, ਮੇਰੇ ਗੀਤ ਉਸਨੂੰ ਜਗਾਉਣ ਵਿਚ ਫੇਅਲ ਹੋ ਗਏ। ਅਜ ਰਾਤ ਸਾਨੂੰ ਦੋਹਾਂ ਨੂੰ ਬੀਆਬਾਨ ਤੋਂ ਤੂਫਾਨ ਦਾ ਸੱਦਾ ਆਇਆ। ਮੇਰੀ ਪਤਨੀ ਕੰਬ ਕੇ ਉਠ ਖਲੋਤੀ ਤੇ ਮੇਰਾ ਹੱਥ ਪਕੜ ਕੇ ਬਾਹਰ ਆ ਗਈ। ਉਸ ਦੀਆਂ ਜ਼ੁਲਫਾਂ ਪੌਣ ਵਿਚ ਉਡ ਰਹੀਆਂ ਹਨ। ਉਸ ਦਾ ਘੁੰਡ ਹਿਲ ਰਿਹਾ ਹੈ ਤੇ ਉਸਦਾ ਹਾਰ ਉਸਦੀ ਛਾਤੀ ਤੇ ਉੱਛਲ ਰਿਹਾ ਹੈ।

ਮੌਤ ਦੀ ਧਕੇਲ ਨੇ ਉਸਨੂੰ ਮੁੜ ਜੀਵਨ-ਝੂਲੇ ਵਿਚ ਝੁਲਾ ਦਿਤਾ ਹੈ। ਅਸੀਂ ਹੁਣ ਆਹਮੋ - ਸਾਹਮਣੇ ਦਿਲ ਨਾਲ ਦਿਲ ਮੇਲੀਂ ਖਲੋਤੇ ਹਾਂ, ਮੈਂ ਤੇ ਮੇਰੀ ਪਤਨੀ !

੮੩

ਉਹ ਪਹਾੜੀ ਲਾਗੇ ਚਸ਼ਮੇ ਦੇ ਨਜ਼ਦੀਕ ਮੱਕੀ ਦੇ ਖੇਤ ਪਾਸ ਰਿਹਾ ਕਰਦੀ ਸੀ ਜੋ ਕਿ ਪੁਰਾਣੇ ਬ੍ਰਿਛਾਂ ਦੀ ਸੰਘਣੀ ਛਾਂ ਹੇਠ ਹਿਲੋਰੇ ਲੈ ਲੈ ਵਗਦਾ ਪਿਆ ਸੀ। ਇਸਤ੍ਰੀਆਂ ਉਥੇ ਪਾਣੀ ਭਰਨ ਆਉਂਦੀਆਂ ਤੇ ਥੱਕੇ ਰਾਹੀ ਉਥੇ ਬੈਠਕੇ ਅਰਾਮ ਲੈਂਦੇ ਤੇ ਗੱਲਾਂ ਬਾਤਾਂ ਕਰਦੇ।

ਉਹ ਰੋਜ਼ ਨਦੀ ਦੀ ਸ਼ੋਰ ਕਰਦੀ ਤਾਨ ਵਿਚ ਦਿਨ ਦੇ ਕੰਮ ਕਰਦੀ ਤੇ ਸੁਪਨੇ ਲੈਂਦੀ। ਇਕ ਦਿਨ ਸ਼ਾਮ ਨੂੰ ਉਸ ਬੱਦਲਾਂ ਨਾਲ ਢਕੀ ਚੋਟੀ ਤੇ ਇਕ ਪਰਦੇਸੀ ਆਇਆ। ਉਸਦੀਆਂ ਜ਼ੁਲਫਾਂ ਸੁੱਤੇ ਨਾਗਾਂ ਵਾਂਙ ਪੇਚਦਾਰ ਸਨ। ਅਸੀਂ ਹੈਰਾਨੀ ਨਾਲ ਪੁਛਿਆਂ, 'ਤੁਸੀਂ ਕੌਣ ਹੋ ?' ਉਸ ਨੇ ਕੋਈ ਉੱਤਰ ਨਾ ਦਿਤਾ ਲੇਕਿਨ ਉਹ ਸ਼ੋਰ ਪਾਉਂਦੀ ਨਦੀ ਦੇ ਕੰਢੇ ਤੇ ਬੈਠ ਗਿਆ ਤੇ ਟਿਕਟਿਕੀ ਲਾ ਕੇ ਉਸ ਇਸਤ੍ਰੀ ਦੀ ਝੌਂਪੜੀ ਵਲ ਤੱਕਣ ਲੱਗ ਪਿਆ।

ਡਰ ਨਾਲ ਸਾਡੇ ਦਿਲ ਧੜਕਣ ਲਗ ਪਏ ਤੇ ਰਾਤ ਪੈਣ ਤੇ ਅਸੀਂ ਘਰ ਨੂੰ ਮੁੜ ਆਏ। ਦੂਸਰੀ ਸਵੇਰੇ ਜਦੋਂ ਉਸ ਚਸ਼ਮੇ ਤੇ ਦੇਵਦਾਰ ਦੇ ਬ੍ਰਿਛਾਂ

ਹੇਠ ਸੁੰਦਰੀਆਂ ਪਾਣੀ ਭਰਨ ਆਈਆਂ, ਉਨ੍ਹਾਂ ਕੀ ਵੇਖਿਆ ਕਿ ਉਸ ਇਸਤ੍ਰੀ ਦੀ ਝੌਂਪੜੀ ਦਾ ਦਰਵਾਜ਼ਾ ਖੁਲ੍ਹਾ ਪਿਆ ਸੀ। ਹੁਣ ਉਥੇ ਨਾ ਉਸਦੀ ਅਵਾਜ਼ ਹੀ ਸੁਣਾਈ ਦੇਂਦੀ ਸੀ ਤੇ ਨਾ ਹੀ ਉਸਦਾ ਮੁਸਕ੍ਰਾਉਂਦਾ ਚੇਹਰਾ ਦਿਖਾਈ ਦੇਂਦਾ ਸੀ।

ਇਕ ਖਾਲੀ ਘੜਾ ਭੁਇੰ ਤੇ ਪਿਆ ਸੀ ਤੇ ਕੋਨੇ ਵਿਚ ਪਿਆ ਦੀਵਾ ਆਪਣੇ ਆਪ ਬੁਝ ਚੁਕਾ ਸੀ। ਕਿਸੇ ਨੂੰ ਨਹੀਂ ਪਤਾ ਸੀ ਕਿ ਪ੍ਰਭਾਤ ਤੋਂ ਪਹਿਲਾਂ ਹੀ ਉਹ ਕਿਧਰ ਚਲੀ ਗਈ ਸੀ ਤੇ ਉਹ ਪਰਦੇਸੀ ਕਿਥੇ ਟੁਰ ਗਿਆ ਸੀ।

ਜੇਠ ਦੇ ਮਹੀਨੇ ਜਦੋਂ ਸੂਰਜ ਦੀ ਤੇਜ਼ੀ ਕਰਕੇ ਬਰਫ ਪਿਘਲ ਟੁਰੀ, ਅਸੀਂ ਉਸ ਚਸ਼ਮੇ ਦੇ ਪਾਸ ਬੈਠਕੇ ਸ਼ੋਕਾਤੁਰ ਹੋ ਗਏ। ਅਸੀਂ ਦਿਲ ਹੀ ਦਿਲ ਵਿਚ ਹੈਰਾਨ ਹੋ ਕੇ ਸੋਚਦੇ, 'ਜਿਥੇ ਉਹ ਗਈ ਹੈ, ਕੀ ਉਥੇ ਵੀ ਕੋਈ ਚਸ਼ਮਾ ਹੈ ਜਿਥੇ ਉਹ ਇਨ੍ਹਾਂ ਪਿਆਸੇ ਤੱਤੇ ਦਿਨਾਂ ਵਿਚ ਆਪਣਾ ਘੜਾ ਭਰ ਸਕਦੀ ਹੋਵੇ ?'

ਉਦਾਸੀ ਨਾਲ ਅਸੀਂ ਇਕ ਦੂਜੇ ਨੂੰ ਪੂਛਦੇ, 'ਕੀ ਸਾਡੇ ਰਹਿਣ ਵਾਲੀ ਇਸ ਥਾਂ ਤੋਂ ਪਰੇ ਇਨ੍ਹਾਂ ਪਹਾੜੀਆਂ ਦੇ ਦੂਜੇ ਪਾਸੇ ਵੀ ਕੋਈ ਜਗ੍ਹਾ ਹੈ?' ਗ੍ਰੀਖਮ ਦੀ ਰਾਤ ਸੀ, ਦੱਖਣੀ ਪੌਣ ਵਗ ਰਹੀ ਸੀ, ਮੈਂ ਉਸਦੇ ਉਸ ਸੁੰਞੇ ਕਮਰੇ ਵਿਚ ਬੈਠਾ ਸਾਂ, ਜਿਥੇ ਅਜੇ ਤਕ ਅਣ-ਜਗਾਇਆ ਦੀਵਾ ਪਿਆ ਸੀ, ਅਚਾਨਕ ਪਰਦਾ ਦੂਰ ਹੋ ਜਾਣ ਦੇ ਵਾਂਗ ਉਹ ਪਹਾੜੀ ਮੇਰੀਆਂ ਅੱਖੀਆਂ ਤੋਂ ਉਹਲੇ ਹੋ ਗਈ।

ਆਹ ! ਇਹ ਤਾਂ ਉਹੀ ਚਲੀ ਆ ਰਹੀ ਹੈ। ਮੇਰੀ ਬੱਚੀ ! ਤੇਰਾ ਕੀ ਹਾਲ ਹੈ ? ਰਾਜ਼ੀ ਤਾਂ ਹੈਂ ? ਲੇਕਿਨ ਤੂੰ ਇਸ ਖੁਲ੍ਹੇ ਅਕਾਸ਼ ਵਿਚ ਕਿਥੇ ਟਿਕਾਣਾ ਕਰਦੀ ਹੈਂ ? ਤੇ ਸਾਡਾ ਚਸ਼ਮਾ ਵੀ ਤਾਂ ਇਥੇ ਨਹੀਂ, ਜਿਸ ਨਾਲ ਤੇਰੀ ਪਿਆਸ ਬੁਝ ਸਕੇ।

ਉਸਨੇ ਕਿਹਾ, 'ਇਥੇ ਵੀ ਉਹੀ ਅਕਾਸ਼ ਹੈ, ਪਰ ਇਹ ਪਹਾੜੀਆਂ ਦੇ ਘੇਰੇ ਤੋਂ ਸੁਤੰਤਰ ਹੈ।

ਉਹੋ ਨਦੀ ਹੈ, ਜੋ ਦਰਿਆ ਦਾ ਰੂਪ ਧਾਰਨ ਕਰ ਗਈ ਹੈ, ਉਹੋ ਧਰਤੀ ਹੈ ਜੋ ਕਿ ਮੈਦਾਨ ਵਿਚ ਜ਼ਰਾ ਖੁਲ੍ਹੀ ਖੁਲ੍ਹੀ ਦਿਸਦੀ ਹੈ। ਮੈਂ ਹੌਕਾ ਲੈ ਕੇ ਕਿਹਾ, 'ਇਥੇ ਤਾਂ ਹਰ ਇਕ ਹੀ ਚੀਜ਼ ਹੈ, ਕੇਵਲ ਅਸੀਂ ਹੀ ਨਹੀਂ ਹਾਂ।' ਉਸ ਨੇ

ਮੁਸਕ੍ਰਾ ਕੇ ਉਦਾਸੀ ਨਾਲ ਉਤਰ ਦਿਤਾ, 'ਤੁਸੀਂ ਮੇਰੀ ਦਿਲ ਵਿਚ ਜੁ ਹੋ।' ਮੈਂ ਜਾਗ ਉਠਿਆ, ਮੈਨੂੰ ਰਾਤ ਨੂੰ ਨਦੀ ਦੇ ਵਹਿਣ ਦੀ ਸ਼ਾਂ ਸ਼ਾਂ ਤੇ ਦੇਵਦਾਰ ਦੇ ਬ੍ਰਿਛਾਂ ਦੀ ਖੜਖੜ ਫਿਰ ਸੁਣਾਈ ਦੇਣ ਲੱਗੀ।

੮੪

ਸਬਜ਼ ਤੇ ਪੀਲੇ ਰੰਗ ਦੇ ਧਾਨ ਦੇ ਖੇਤਾਂ ਉਤੇ ਫੱਗਣ ਦੇ ਬੱਦਲ ਪਰਛਾਵਾਂ ਪਾਉਂਦੇ ਉਡੇ ਚਲੇ ਜਾ ਰਹੇ ਹਨ ਤੇ ਸੂਰਜ ਤੇਜ਼ੀ ਨਾਲ ਉਨ੍ਹਾਂ ਦਾ ਪਿੱਛਾ ਕਰ ਰਿਹਾ ਹੈ। ਮਧੁ-ਮੱਖੀਆਂ ਆਪਣਾ ਸ਼ਹਿਦ ਚੂਸਣਾ ਭੁੱਲ ਗਈਆਂ ਹਨ, ਤੇ ਚਾਨਣ ਪੀ ਪੀ ਮਸਤੀਆਂ ਹੋਈਆਂ ਪਾਗਲਪਣ ਵਿਚ ਇੱਧਰ ਉਧਰ ਗੁਣ-ਗੁਣਾਂਉਂਦੀਆਂ ਫਿਰਦੀਆਂ ਹਨ। ਦਰਿਆ ਵਿਚਲੇ ਟਾਪੂਆਂ ਤੇ ਮੁਰਗ਼ਾਬੀਆਂ ਅਕਾਰਣ ਹੀ ਖੁਸ਼ੀ ਦਾ ਨਾਚ ਕਰ ਰਹੀਆਂ ਹਨ। ਭਰਾਵੋ! ਅਜ ਕਿਸੇ ਨੇ ਆਪਣੇ ਘਰ ਨ ਜਾਣਾ ਤੇ ਨਾ ਹੀ ਕੋਈ ਆਪਣਾ ਕੰਮ ਕਰਨਾ। ਆਓ! ਆਪਾਂ ਇਸ ਨੀਲੇ ਅਕਾਸ਼ ਤੇ ਤੂਫਾਨੀ ਹੱਲਾ ਬੋਲ ਦੇਈਏ ਤੇ ਦੌੜ ਕੇ ਇਸ ਸੁੰਞੀ ਥਾਂ ਨੂੰ ਲੁਟ ਲਈਏ। ਜਿਸ ਤਰ੍ਹਾਂ ਹੜ੍ਹ ਦੇ ਪਾਣੀ ਉਤੇ ਚਿਟੀ ਝੱਗ ਆਈ ਹੁੰਦੀ ਹੈ, ਇਸੇ ਤਰ੍ਹਾਂ ਅਜ ਪੌਣ ਵਿਚ ਹਾਸਾ ਫੈਲਿਆ ਹੋਇਆ ਹੈ। ਭਰਾਵੋ! ਆਓ ਅੱਜ ਆਪਣੀ ਪ੍ਰਭਾਤ, ਫਜ਼ੂਲ ਗੀਤਾਂ ਵਿਚ ਹੀ ਲੇਖੇ ਲਾ ਦੇਈਏ।

੮੫

ਅੱਜ ਤੋਂ ਸੌ ਸਾਲ ਬਾਦ ਮੇਰੇ ਕਾਵਯ ਨੂੰ ਪੜ੍ਹਨ ਵਾਲੇ ਪਾਠਕ! ਤੁਸੀਂ ਕੌਣ ਹੋ ? ਮੈਂ ਤੁਹਾਨੂੰ ਇਸ ਬਸੰਤ ਦੀ ਦੌਲਤ ਵਿਚੋਂ ਇਕ ਫੁਲ ਵੀ ਭੇਜ ਨਹੀਂ ਸਕਦਾ ਤੇ ਨਾ ਹੀ ਤੁਹਾਨੂੰ ਸੁੰਦਰ ਮੇਘਾਂ ਦੀ ਇਕ ਸੁਨਹਿਰੀ ਧਾਰੀ ਹੀ ਘੱਲ ਸਕਦਾ ਹਾਂ। ਆਪਣਾ ਦਰਵਾਜ਼ਾ ਖੋਲ੍ਹੋ ਤੇ ਬਾਹਰ ਤੱਕੋ ਤਾਂ ਸਹੀ। ਸੌ ਸਾਲ ਪਹਿਲੇ ਗ਼ਾਇਬ ਹੋ ਚੁਕੇ ਫੁਲਾਂ ਦੀਆਂ ਸੁਗੰਧਤ ਯਾਦਾਂ ਆਪਣੇ ਖਿੜੇ ਬਗੀਚੇ ਵਿਚੋਂ ਇਕੱਠੀਆਂ ਕਰ ਲਵੋ ! ਰੱਬ ਕਰੇ, ਤੁਸੀਂ ਆਪਣੇ ਦਿਲ ਦੀ ਖੁਸ਼ੀ ਦੇ ਨਾਲ ਉਸ ਜੀਉਂਦੀ ਪ੍ਰਸੰਨਤਾ ਨੂੰ ਵੀ ਅਨੁਭਵ ਕਰਿਆ ਕਰੋ, ਜਿਸ ਨੇ ਕਿਸੇ ਬਸੰਤੀ ਪ੍ਰਭਾਤ ਵੇਲੇ ਗਾ ਗਾ ਕੇ ਆਪਣੀ ਪ੍ਰਸੰਨ ਤਾਨ ਸੈਂਕੜੇ ਵਰ੍ਹੇ ਅੱਗੇ ਤਕ ਪਹੁੰਚਾਈ ਸੀ।

❖ ❖ ❖

(ਬ)

ਪੰਛੀ

(Stray Birds)

'ਅਕਾਸ਼ ਵਿੱਚ ਲੰਘੇ ਜਾ ਰਹੇ ਹੰਸਾਂ ਦੀ ਡਾਰ ਵਾਂਙ ਮੇਰੇ ਹਿਰਦੇ ਵਿੱਚ ਖਿਆਲ, ਉਡਾਰੀ ਲਾਉਂਦੇ ਆਉਂਦੇ ਹਨ ਤੇ ਮੈਂ ਉਨ੍ਹਾਂ ਦੇ ਖੰਭਾਂ ਦੀ ਅਵਾਜ਼ ਸੁਣਦਾ ਹਾਂ।'



ਪੰਛੀ

੧

ਬਹਾਰ ਦੇ ਭਟਕ ਰਹੇ ਪੰਛੀਓ? ਆਓ ਮੇਰੀ ਬਾਰੀ ਵਿੱਚ ਆਓ ਤੇ ਗੀਤ ਗਾ ਗਾ ਕੇ ਉਡਦੇ ਜਾਓ। ਪਤਝੜ ਦੇ ਸੰਗੀਤਹੀਣ ਪੀਲੇ ਪੱਤਿਓ! ਤੁਸੀਂ ਖੜਖੜ ਕਰਦੇ ਤੇ ਹੌਕੇ ਲੈਂਦੇ ਹੇਠਾਂ ਡਿਗਦੇ ਜਾਓ।

੨

ਸੰਸਾਰ ਦੇ ਛੋਟੇ ਛੋਟੇ ਪਾਂਧੀਆਂ ਦੇ ਕਾਫ਼ਲੇ ਵਾਲਿਓ ! ਆਪਣੇ ਪੈਰ-ਚਿੰਨ੍ਹ ਮੇਰੇ ਸ਼ਬਦਾਂ ਵਿੱਚ ਛਡਦੇ ਜਾਣਾ।

੩

ਧਰਤੀ ਆਪਣੇ ਪ੍ਰੇਮੀ ਦੇ ਸਾਹਮਣੇ ਆਪਣੀ ਵਿਸ਼ਾਲਤਾ ਦਾ ਘੁੰਡ ਹਟਾ ਦੇਂਦੀ ਹੈ ਤੇ ਉਹ ਇਕ ਗੀਤ ਵਾਂਙ ਅਨੰਤ ਦੇ ਚੁੰਬਨ ਲਈ ਨਿੱਕੀ ਜੇਹੀ ਹੋ ਜਾਂਦੀ ਹੈ।

੪

ਧਰਤੀ ਦੇ ਹੰਝੂ ਹੀ ਹਨ, ਜੋ ਉਸ ਦੀ ਮੁਸਕ੍ਰਾਹਟ ਨੂੰ ਸਦਾ ਖੇੜੇ ਵਿਚ ਰਖਦੇ ਹਨ।

੫

ਸਾਰਾ ਰੇਗਿਸਤਾਨ ਘਾਹ ਦੀ ਇਕ ਪੱਤੀ ਦੇ ਪਿਆਰ ਵਿੱਚ ਸੜ ਬਲ ਰਿਹਾ ਹੈ। ਉਹ ਆਪਣਾ ਸਿਰ ਹਿਲਾਉਂਦੀ, ਹੱਸਦੀ ਤੇ ਦੂਰ ਦੂਰ ਉੱਡਦੀ ਜਾਂਦੀ ਹੈ।

੬

ਅਗਰ ਤੁਸੀਂ ਸੂਰਜ ਦੇ ਵਿਦਾ ਹੋਣ ਤੇ ਅੱਥਰੂ ਵਹਾਉਂਦੇ ਰਹੋਗੇ ਤਾਂ ਤੁਸੀਂ ਸਤਾਰਿਆਂ ਨੂੰ ਵੀ ਨਹੀਂ ਤੱਕ ਸਕੋਗੇ।

੭

ਤੁਹਾਡੇ ਰਾਹ ਦੀ ਮਿੱਟੀ ਤੁਹਾਥੋਂ ਗੀਤ ਦੀ ਜਾਚਨਾ ਕਰ ਰਹੀ ਹੈ ਤੇ ਨੱਚਦਾ ਪਾਣੀ ਤੁਹਾਥੋਂ ਮਟਕੀਲੀ ਅਦਾ ਦੀ ਭਿੱਖਿਆ ਮੰਗ ਰਿਹਾ ਹੈ। ਕੀ ਤੁਸੀਂ ਉਨ੍ਹਾਂ ਦੀ ਵਿਆਕੁਲਤਾ ਦਾ ਬੋਝ ਉਠਾਉਗੇ?

੮

ਜਿਸ ਤਰ੍ਹਾਂ ਬਾਰਸ਼, ਰਾਤ ਦੀ ਖ਼ਾਮੋਸ਼ੀ ਨੂੰ ਭੰਗ ਕਰ ਦੇਂਦੀ ਹੈ, ਇਸੇ ਤਰ੍ਹਾਂ ਉਸ ਦਾ ਕਰਣਾ-ਭਰਪੂਰ ਚੇਹਰਾ, ਸੁਪਨਿਆਂ ਵਿੱਚ ਆ ਕੇ ਮੇਰੀ ਨੀਂਦ ਵਿੱਚ ਖਲਬਲੀ ਪੈਦਾ ਕਰ ਦੇਂਦਾ ਹੈ।

੯

ਇਕ ਵੇਰ ਮੈਨੂੰ ਸੁਪਨਾ ਆਇਆ ਕਿ ਅਸੀਂ ਇਕ ਦੂਜੇ ਲਈ ਪਰਦੇਸੀ ਹਾਂ ਪਰ ਜਾਗਣ ਤੇ ਪਤਾ ਲੱਗਾ ਕਿ ਅਸੀਂ ਤਾਂ ਆਪਸ ਵਿੱਚ ਬਹੁਤ ਗੂੜ੍ਹਾ ਸੰਬੰਧ ਰਖਦੇ ਹਾਂ।

੧੦

ਜਿਸ ਤਰ੍ਹਾਂ ਖ਼ਾਮੋਸ਼ ਬਿਰਛਾਂ ਵਿੱਚ ਸ਼ਾਮ ਸ਼ਾਂਤ ਹੋ ਜਾਂਦੀ ਹੈ, ਇਸੇ ਤਰ੍ਹਾਂ ਗ਼ਮ ਦਿਲ ਹੀ ਦਿਲ ਵਿੱਚ ਠੰਢਾ ਹੋ ਗਿਆ ਹੈ।

੧੧

ਕੋਈ ਅਣਦਿਸਦੀਆਂ ਉਂਗਲਾਂ ਮੱਧਮ ਪੌਣ ਵਾਂਗ, ਮੇਰੇ ਦਿਲ ਤੇ ਤਰੰਗਾਂ ਦੀ ਤਾਨ ਛੇੜ ਰਹੀਆਂ ਹਨ।

੧੨

ਓ ਸਾਗਰ! ਤੇਰੀ ਕਿਹੜੀ ਬੋਲੀ ਹੈ?

'ਅਨੰਤ ਪ੍ਰਸ਼ਨਾਂ ਦੀ ਬੋਲੀ।'

ਓ ਅਸਮਾਨ ! ਤੇਰੇ ਜਵਾਬਾਂ ਦੀ ਬੋਲੀ ਕਿਹੜੀ ਹੈ?

'ਅਨੰਤ ਚੁੱਪ ਦੀ ਬੋਲੀ।'

੧੩

ਹੇ ਮੇਰੇ ਦਿਲ! ਧਰਤੀ ਦੀ ਉਸ ਮੱਧਮ ਅਵਾਜ਼ ਨੂੰ ਸੁਣ, ਜਿਸ ਰਾਹੀਂ ਉਹ ਤੇਰੇ ਲਈ ਪ੍ਰੇਮ ਪਰਗਟ ਕਰ ਰਹੀ ਹੈ।

੧੪

ਸ੍ਰਿਸ਼ਟੀ ਦਾ ਰਾਜ਼ ਅੰਧੇਰੀ ਰਾਤ ਵਾਂਙ ਬਹੁਤ ਗਹਿਰਾ ਹੈ। ਉਸ ਦੇ ਸਾਹਮਣੇ

ਸਾਡੇ ਗਿਆਨ ਦਾ ਭੁਲੇਵਾਂ ਤਾਂ ਕੇਵਲ ਸਵੇਰ ਦੀ ਧੁੰਦ ਵਾਂਙ ਹੀ ਹੈ।

੧੫

ਆਪਣੇ ਪਿਆਰ ਨੂੰ ਪਰਬਤ ਦੀ ਬਿਖੜੀ ਚੋਟੀ ਤੇ ਮਤ ਬਿਠਾਓ ਚੂੰਕਿ ਇਹ ਬਹੁਤ ਉੱਚੀ ਹੈ।

੧੬

ਅੱਜ ਮੈਂ ਪ੍ਰਭਾਤ ਤੋਂ ਆਪਣੀ ਬਾਰੀ ਵਿਚ ਬੈਠਾ ਹਾਂ। ਦੁਨੀਆਂ ਪਾਂਧੀ ਵਾਂਙ ਆ ਕੇ ਪਲ ਭਰ ਲਈ ਠਹਿਰਦੀ, ਮੈਨੂੰ ਪ੍ਰਣਾਮ ਕਰਦੀ ਤੇ ਫਿਰ ਚਲੀ ਜਾਂਦੀ ਹੈ।

੧੭

ਨਿੱਕੇ ਨਿੱਕੇ ਵਿਚਾਰ ਪੱਤਿਆਂ ਦੀ ਸਰਸਰ ਵਾਂਙ ਹਨ, ਜੋ ਮੇਰੇ ਦਿਲ ਵਿੱਚ ਪ੍ਰਸੰਨਤਾ ਦਾ ਧੀਮਾ ਜੇਹਾ ਜ਼ਿਕਰ ਕਰ ਰਹੇ ਹਨ।

੧੮

ਤੁਸੀਂ ਆਪਣੇ ਆਪੇ ਨੂੰ ਤੱਕ ਨਹੀਂ ਸਕਦੇ, ਜੋ ਕੁਝ ਤੁਸੀਂ ਦੇਖ ਰਹੇ ਹੋ, ਇਹ ਤਾਂ ਤੁਹਾਡਾ ਪ੍ਰਛਾਵਾਂ ਹੈ।

੧੯

ਮੇਰੇ ਪ੍ਰਭੂ! ਮੇਰੀਆਂ ਖਾਹਸ਼ਾਂ ਤਾਂ ਪਾਗਲ ਹਨ, ਉਹ ਤੇਰੇ ਗੀਤਾਂ ਵਿੱਚ ਵਿਘਨ ਪਾ ਦੇਂਦੀਆਂ ਹਨ। ਮੈਨੂੰ ਤਾਂ ਕੇਵਲ ਗੀਤ ਸੁਣਨ ਦੀ ਲਾਲਸਾ ਹੈ।

੨੦

ਮੈਂ ਉਸ ਅਤੀ ਸੁੰਦਰ ਨੂੰ ਨਹੀਂ ਖੋਜ ਸਕਦਾ, ਪਰ ਉਹ ਅਤੀ ਸੁੰਦਰ ਮਨਮੋਹਨ ਮੈਨੂੰ ਢੂੰਡ ਹੀ ਲੈਂਦਾ ਹੈ।

੨੧

ਜੋ ਲੋਕ ਦੀਵੇ ਨੂੰ ਹੀ ਆਪਣੇ ਪਿਛੇ ਰੱਖਦੇ ਹਨ, ਉਹ ਆਪਣੇ ਪੰਧ ਵਿੱਚ ਆਪਣਾ ਹੀ ਪ੍ਰਛਾਵਾਂ ਖਿਲੇਰ ਬਹਿੰਦੇ ਹਨ।

੨੨

ਮੇਰੀ ਹੋਂਦ ਇਕ-ਰਸ ਹੈਰਾਨੀ ਹੀ ਹੈਰਾਨੀ ਹੈ, ਇਹੋ ਮੇਰੀ ਜ਼ਿੰਦਗੀ ਹੈ।

੨੩

ਅਸੀਂ ਸਰਸਰ ਕਰ ਰਹੇ ਪੱਤੇ, ਤੂਫ਼ਾਨਾਂ ਨੂੰ ਜਵਾਬ ਦੇਣ ਵਾਲੀ ਅਵਾਜ਼ ਰਖਦੇ ਹਾਂ, ਪਰ ਤੁਸੀਂ ਇਤਨੇ ਖ਼ਾਮੋਸ਼ ਕੌਣ ਹੋ?

'ਮੈਂ ਜੀ, ਕੇਵਲ ਇਕ ਫੁੱਲ ਹਾਂ।

੨੪

ਜਿਵੇਂ ਅੱਖੀਆਂ ਲਈ ਪਲਕਾਂ ਦੀ ਲੋੜ ਹੈ, ਇਵੇਂ ਕੰਮ ਲਈ ਆਰਾਮ ਦੀ ਜ਼ਰੂਰਤ ਹੈ।

੨੫

ਮਨੁੱਖ ਨਵੇਂ ਬੱਚੇ ਵਾਂਙ ਹੈ, ਉੱਨਤ ਹੋਣਾ ਹੀ ਇਸ ਦੀ ਸ਼ਕਤੀ ਹੈ।

੨੬

ਈਸ਼ਵਰ ਸਾਨੂੰ ਆਪਣੇ ਦਿੱਤੇ ਹੋਏ ਨਿਕੇ ਫੁੱਲਾਂ ਲਈ ਪ੍ਰਸ਼ੰਸਾ (ਕ੍ਰਿਤੱਗਤਾ) ਦਾ ਇਛਾਵਾਨ ਹੈ, ਸੂਰਜ ਤੇ ਧਰਤੀ ਲਈ ਨਹੀਂ।

੨੭

ਚਾਨਣ ਜੋ ਕਿ ਹਰੇ ਪੱਤਰਾਂ ਵਿੱਚ ਨੰਗ-ਧੜੰਗੇ ਬਾਲਕ ਵਾਂਙ ਖ਼ੁਸ਼ੀ ਖ਼ੁਸ਼ੀ ਕਲੋਲਾਂ ਕਰਦਾ ਪਿਆ ਹੈ, ਨਹੀਂ ਜਾਣਦਾ ਕਿ ਮਨੁੱਖ ਝੂਠ ਵੀ ਬੋਲ ਸਕਦਾ ਹੈ।

੨੮

ਓ ਸੁੰਦਰਤਾ ! ਤੂੰ ਆਪਣਾ ਆਪਾ, ਪ੍ਰੀਤ ਵਿਚੋਂ ਢੂੰਡ, ਸ਼ੀਸ਼ੇ ਦੀ ਝੂਠੀ ਪ੍ਰਸ਼ੰਸਾ ਵਿਚੋਂ ਨ ਲੱਭ।

੨੯

ਮੇਰੇ ਦਿਲ-ਤਰੰਗ ਸੰਸਾਰ ਦੇ ਕੰਡਿਆਂ ਨਾਲ ਟਕਰਾਂਦੇ ਤੇ ਆਪਣੇ ਹੰਝੂਆਂ ਰਾਹੀਂ ਇਹ ਸ਼ਬਦ ਅੰਕਤ ਕਰ ਜਾਂਦੇ ਹਨ, 'ਅਸੀਂ ਤੈਨੂੰ ਪਿਆਰਦੇ ਹਾਂ।'

੩੦

ਚੰਨ! ਤੂੰ ਕਿਸ ਦੀ ਉਡੀਕ ਕਰ ਰਿਹਾ ਹੈਂ? 'ਸੂਰਜ ਦੀ, ਜਿਸ ਨੂੰ ਮੈਂ ਜੀ ਆਇਆਂ ਕਹਿਣਾ ਤੇ ਆਪਣੀ ਥਾਂ ਦੇਣਾ ਹੈ।

੩੧

ਗੁੰਗੀ ਧਰਤੀ ਦੀ ਤੀਬਰਤਾ-ਭਰੀ ਅਵਾਜ਼ ਵਾਂਙ, ਬਿਰਛ ਮੇਰੀ ਬਾਰੀ ਤਕ ਆਉਂਦੇ ਰਹਿੰਦੇ ਹਨ।

੩੨

ਈਸ਼ਵਰ ਆਪਣੀਆਂ ਨਵੀਆਂ ਪ੍ਰਭਾਤਾਂ ਤੱਕ ਕੇ, ਆਪ ਚੌਂਕ੍ਰਿਤ ਰਹਿ ਜਾਂਦਾ ਹੈ।

੩੩

ਸਾਡੇ ਜੀਵਨ ਦੀ ਕੀਮਤ ਕਰਤੱਬਾਂ ਵਿਚ ਹੈ ਤੇ ਇਸ ਦੀ ਸਫਲਤਾ ਪ੍ਰੀਤ-ਬੰਧਨਾਂ ਵਿੱਚ।

੩੪

ਦਰਿਆ ਦੀ ਬਰੇਤੀ ਆਪਣੇ ਬੀਤੇ ਲਈ ਸ਼ੁਕਰਾਨਾ ਨਹੀਂ ਰੱਖਦੀ।

੩੫

ਪੰਛੀ ਚਾਹੁੰਦਾ ਹੈ, 'ਕਾਸ਼ ! ਕਿ ਮੈਂ ਬੱਦਲ ਹੁੰਦਾ'
ਬੱਦਲ ਚਾਹੁੰਦਾ ਹੈ, 'ਕਾਸ਼ ! ਕਿ ਮੈਂ ਪੰਛੀ ਹੁੰਦਾ।'

੩੬

ਝਰਨਾ ਗਾ ਰਿਹਾ ਹੈ - 'ਜਦੋਂ ਕਿ ਮੈਂ ਸ਼ੁਤੰਤ੍ਰਤਾ ਹਾਸਲ ਕਰਦਾ ਹਾਂ, ਤਾਂ ਹੀ ਮੈਂ ਗੀਤ ਗਾ ਸਕਦਾ ਹਾਂ।'

੩੭

ਮੈਂ ਦੱਸ ਨਹੀਂ ਸਕਦਾ ਕਿ ਮੇਰਾ ਦਿਲ ਕਿਉਂ ਖ਼ਾਮੋਸ਼ੀ ਵਿੱਚ ਢਹਿੰਦਾ ਜਾ ਰਿਹਾ ਹੈ। ਇਸ ਦਾ ਕਾਰਣ ਉਹ ਨਿੱਕੀਆਂ ਤਾਂਘਾਂ ਹਨ ਜਿਨ੍ਹਾਂ ਨੂੰ ਨ ਇਹ ਜਾਣਦਾ ਤੇ ਨ ਯਾਦ ਰਖਦਾ ਹੈ ਤੇ ਨਾ ਹੀ ਉਨ੍ਹਾਂ ਦੀ ਪੂਰਤੀ ਲਈ ਕੋਈ ਜਾਚਨਾ ਹੀ ਕਰਦਾ ਹੈ।

੩੮

ਇਸਤ੍ਰੀ! ਜਦੋਂ ਤੂੰ ਆਪਣੇ ਘਰ ਦੇ ਕੰਮਾਂ ਲਈ ਟੁਰਦੀ ਫਿਰਦੀ ਹੈਂ, ਉਸ ਸਮੇਂ ਤੇਰੇ ਅੰਗਾਂ ਵਿਚੋਂ ਅਜੇਹੀ ਰਾਗਣੀ ਨਿਕਲਦੀ ਹੈ, ਜਿਸ ਤਰ੍ਹਾਂ ਕੋਈ ਪਹਾੜੀ ਝਰਨਾ ਪੱਥਰ ਗੀਟਿਆਂ ਵਿਚੋਂ ਕੋਈ ਤਾਨ ਕੱਢ ਰਿਹਾ ਹੋਵੇ।

੩੯

ਸੂਰਜ ਪੂਰਬ ਨੂੰ ਅੰਤਮ ਪ੍ਰਣਾਮ ਕਰਦਾ ਹੋਇਆ ਪੱਛਮੀ ਸਾਗਰ ਨੂੰ ਪਾਰ ਕਰਦਾ ਜਾ ਰਿਹਾ ਹੈ।

੪੦

ਤੁਸੀਂ ਭੋਜਨ ਤੇ ਇਲਜ਼ਾਮ ਨ ਲਾਓ; ਕਿਉਂਕਿ ਤੁਹਾਨੂੰ ਭੁੱਖ ਨਹੀਂ ਹੈ।

੪੧

ਬਿਰਛ, ਧਰਤੀ ਦੀਆਂ ਸੱਧਰਾਂ ਵਾਂਙ ਪੱਬਾਂ ਭਾਰ ਖਲੋ ਕੇ ਅਸਮਾਨ ਵੱਲ ਤੱਕ ਰਹੇ ਹਨ।

੪੨

ਤੁਸੀਂ ਮੁਸਕ੍ਰਾ ਪਏ ਤੇ ਵਾਧੂ ਹੀ ਇਕ ਦੋ ਗੱਲਾਂ ਕੀਤੀਆਂ ਪਰ ਮੈਂ ਮਹਿਸੂਸ ਕੀਤਾ ਕਿ ਮੈਂ ਇਸੇ ਲਈ ਚਿਰ ਤੋਂ ਤੁਹਾਡੀ ਉਡੀਕ ਕਰ ਰਿਹਾ ਸਾਂ।

੪੩

ਪਾਣੀ ਵਿੱਚ ਮਛਲੀ ਖ਼ਾਮੋਸ਼ ਹੈ ਤੇ ਪਸ਼ੂ ਧਰਤੀ ਦੀ ਛਾਤੀ ਉਤੇ ਕਲੋਲਾਂ ਕਰ ਰਹੇ ਹਨ ਅਤੇ ਪੰਛੀ ਪੌਣ ਵਿਚ ਗੀਤ ਗਾ ਰਹੇ ਹਨ। ਪਰ ਮਨੁੱਖ ਦੇ ਮਨ ਵਿੱਚ ਸਮੁੰਦਰ ਦੀ ਖ਼ਾਮੋਸ਼ੀ, ਧਰਤੀ ਦਾ ਰੌਲਾ-ਗੌਲਾ ਤੇ ਪੌਣ ਦਾ ਸੰਗੀਤ ਸਮਾਇਆ ਹੋਇਆ ਹੈ।

੪੪

ਆਲਸੀ ਮਨਾਂ ਦੀਆਂ ਤਾਰਾਂ ਉਤੇ ਸੰਸਾਰ ਗ਼ਮ ਦਾ ਗੀਤ ਛੇੜਦਾ ਹੋਇਆ ਕਾਹਲੀ ਨਾਲ ਅੱਗੇ ਲੰਘਦਾ ਜਾਂਦਾ ਹੈ।

੪੫

ਉਸ ਨੇ ਆਪਣੇ ਹਥਿਆਰਾਂ ਨੂੰ ਹੀ ਆਪਣੇ 'ਪੂਜਨੀਕ ਦੇਵਤੇ' ਮੰਨ ਲਿਆ ਹੈ। ਜਦੋਂ ਉਸ ਦੇ ਹਥਿਆਰ ਜਿੱਤ ਜਾਂਦੇ ਹਨ, ਉਹ ਆਪਣੇ ਆਪ ਹੀ ਹਾਰ ਜਾਂਦਾ ਹੈ।

੪੬

ਈਸ਼ਵਰ ਸ੍ਰਿਸ਼ਟੀ ਰਚ ਕੇ ਪਰਗਟ ਹੁੰਦਾ ਹੈ।

੪੭

ਪਰਛਾਵਾਂ ਘੁੰਡ ਕੱਢਦਾ ਹੋਇਆ ਪ੍ਰੀਤਿ ਦੇ ਖ਼ਾਮੋਸ਼ ਕਦਮਾਂ ਨਾਲ ਹਲੀਮ ਹੋ ਕੇ ਚਾਨਣ ਦਾ ਪਿੱਛਾ ਕਰਦਾ ਪਿਆ ਹੈ।

੪੮

ਸਤਾਰਿਆਂ ਨੂੰ ਇਹ ਡਰ ਨਹੀਂ ਹੈ ਕਿ ਉਹ ਟਟਹਿਣਿਆਂ ਵਾਂਙ ਚਮਕਦੇ ਮਾਲੂਮ ਦੇ ਰਹੇ ਹਨ।

੪੯

ਪ੍ਰਭੂ ! ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਮੈਂ ਸ਼ਕਤੀ ਦਾ ਪਹੀਆ ਨਹੀਂ ਹਾਂ, ਮੈਂ ਤਾਂ ਉਨ੍ਹਾਂ ਵਿਚੋਂ ਹਾਂ ਜੋ ਉਸ ਪਹੀਏ ਹੇਠ ਪੀਸੇ ਜਾ ਰਹੇ ਹਨ।

੫੦

ਜਿਸ ਦਿਲ ਵਿੱਚ ਤੇਜ਼ੀ ਹੈ ਪਰ ਵਿਸ਼ਾਲਤਾ ਨਹੀਂ, ਉਹ ਪੈਰ ਪੈਰ ਤੇ ਰੁਕਦਾ ਤੇ ਚਲ ਨਹੀਂ ਸਕਦਾ।

੫੧

ਤੁਹਾਡੀ ਪ੍ਰਤਿਮਾ ਟੁਕੜੇ ਟੁਕੜੇ ਹੋ ਕੇ ਧੂੜ ਵਿੱਚ ਮਿਲ ਗਈ ਹੈ ਤੇ ਇਹ ਸਾਬਤ ਕਰ ਰਹੀ ਹੈ ਕਿ ਈਸ਼ਵਰ ਦੀ ਧੂੜੀ ਵੀ ਤੁਹਾਡੀ ਪ੍ਰਤਿਮਾ ਨਾਲੋਂ ਚੰਗੇਰੀ ਹੈ।

੫੨

ਮਨੁੱਖ ਦਾ ਆਪਾ ਉਸ ਦੇ ਇਤਿਹਾਸ ਵਿੱਚ 'ਜ਼ਾਹਰ' ਨਹੀਂ ਹੁੰਦਾ ਸਗੋਂ ਇਹ ਤਾਂ ਇਸ ਰਾਹੀਂ 'ਵਿਕਸਤ' ਹੁੰਦਾ ਹੈ।

੫੩

ਮਿਟੀ ਦਾ ਦੀਵਾ ਸ਼ੀਸ਼ੇ ਦੇ ਲੈਂਪ ਨੂੰ 'ਭਾਈ' ਕਹਿੰਦਾ ਹੈ ਪਰ ਉਹ ਉਸ ਨੂੰ ਤ੍ਰਿਸਕਾਰ ਦੇਂਦਾ ਹੈ। ਚੰਦ੍ਰਮਾ ਨਿਕਲ ਆਉਂਦਾ ਹੈ ਤਾਂ ਸ਼ੀਸ਼ੇ ਦਾ ਲੈਂਪ ਦੰਦੀਆਂ ਕੱਢ ਕੇ ਕਹਿੰਦਾ ਹੈ 'ਮੇਰੇ ਪਿਆਰੇ, ਪਿਆਰੇ ਵੀਰ!'

੫੪

ਜਿਸ ਤਰ੍ਹਾਂ ਸਮੁੰਦਰੀ ਕੁੱਕੜ, ਸਾਗਰ ਦੀਆਂ ਲਹਿਰਾਂ ਨਾਲ ਮਿਲਦੇ ਹਨ, ਉਸੇ ਤਰ੍ਹਾਂ ਦਾ ਹੀ ਸਾਡਾ ਮਿਲਾਪ ਹੈ। ਕੁਕੜ ਉੱਡ ਜਾਂਦੇ ਹਨ, ਲਹਿਰਾਂ ਪਿਛੇ ਹਟ ਜਾਂਦੀਆਂ ਹਨ ਤੇ ਅਸੀਂ ਵਿੱਛੜ ਜਾਂਦੇ ਹਨ।

੫੫

ਮੇਰਾ ਦਿਨ ਸਮਾਪਤ ਹੋ ਗਿਆ ਹੈ, ਮੈਂ ਉਸ ਬੇੜੀ ਵਾਂਙ ਹਾਂ ਜੋ ਸ਼ਾਮ ਨੂੰ ਕੰਢੇ ਵੱਲ ਖਿੱਚ ਲਿਆਂਦੀ ਜਾਂਦੀ ਹੈ ਤੇ ਕੋਮਲ ਲਹਿਰਾਂ ਦਾ ਨੱਚਦਾ ਸੰਗੀਤ ਸੁਣਿਆ ਕਰਦੀ ਹੈ।

੫੬

ਜੋ ਜ਼ਿੰਦਗੀ ਸਾਨੂੰ ਦਿੱਤੀ ਗਈ ਹੈ, ਅਸੀਂ ਇਸ ਨੂੰ ਦੇ ਕੇ ਹੀ ਇਸ ਦੇ ਅਧਿਕਾਰੀ ਹੋ ਸਕਦੇ ਹਾਂ।

੫੭

ਅਸੀਂ ਵੱਡਿਆਂ ਦੇ ਅਤੀ ਨੇੜੇ ਉਸ ਸਮੇਂ ਆ ਸਕਦੇ ਹਾਂ ਜਦੋਂ ਅਸੀਂ ਆਜਜ਼ੀ ਜਾਂ ਹਲੀਮੀ ਵਿੱਚ ਵੀ ਵੱਡੇ ਹੋਈਏ।

੫੮

ਚਿੜੀ ਨੂੰ ਇਸ ਗੱਲ ਦਾ ਬੜਾ ਅ.ਫ਼ਸੋਸ ਹੈ ਕਿ ਮੋਰ ਦੀ ਪੂਛਲ ਬਹੁਤ ਭਾਰੀ ਹੈ।

੫੯

ਅਨੰਤ ਦੀ ਬਾਣੀ ਇਸ ਤਰ੍ਹਾਂ ਗਾ ਰਹੀ ਹੈ, 'ਪਲ ਭਰ ਦੀਆਂ ਗੱਲਾਂ ਬਾਤਾਂ ਤੋਂ ਨ ਘਬਰਾਓ।'

੬੦

ਅੰਧੇਰੀ ਬੇਮਾਰਗੇ ਮੈਦਾਨ ਵਿੱਚ ਸਭ ਤੋਂ ਨਿੱਕਾ ਪੰਧ ਢੂੰਡਣਾ ਚਾਹੁੰਦੀ ਹੈ ਪਰ ਅਚਾਨਕ ਉਸ ਦੀ ਢੂੰਡ ਕਿਸੇ ਅਣਜਾਤੇ ਥਾਂ ਵਿੱਚ ਗੁਆਚ ਜਾਂਦੀ ਹੈ।

੬੧

ਮਿੱਤਰ! ਮੇਰੀ ਸ਼ਰਾਬ ਮੇਰੇ ਹੀ ਪਿਆਲੇ ਵਿੱਚ ਪੀਓ; ਜਦੋਂ ਇਸ ਨੂੰ ਦੂਸਰਿਆਂ ਦੇ ਪਿਆਲੇ ਵਿੱਚ ਪਲਟਿਆ ਜਾਂਦਾ ਹੈ ਤਾਂ ਇਸ ਦੀ ਝੱਗ ਦੀ ਮਾਲਾ ਟੁੱਟ ਜਾਂਦੀ ਹੈ।

੬੨

ਪੂਰਣ, ਅਪੂਰਣ ਦੇ ਪ੍ਰੇਮ ਵਿੱਚ ਆਪਣੇ ਆਪ ਨੂੰ ਸਜਾਉਂਦਾ ਰਹਿੰਦਾ ਹੈ।

੬੩

ਈਸ਼ਵਰ ਮਨੁੱਖ ਨੂੰ ਕਹਿੰਦਾ ਹੈ, 'ਮੈਂ ਤੇਰੇ ਜ਼ਖ਼ਮ ਰਾਜ਼ੀ ਕਰਦਾ ਰਹਿੰਦਾ ਹਾਂ, ਇਸੇ ਲਈ ਮੈਂ ਤੈਨੂੰ ਜ਼ਖ਼ਮੀ ਵੀ ਕਰਦਾ ਹਾਂ, ਕਿਉਂਕਿ ਮੈਂ ਤੈਨੂੰ ਪਿਆਰਦਾ ਹਾਂ, ਇਸੇ ਲਈ ਤੈਨੂੰ ਸਜ਼ਾ ਵੀ ਦਿੰਦਾ ਹਾਂ।'

੬੪

ਦੀਪਕ ਦਾ ਉਸ ਦੇ ਚਾਨਣ-ਦਾਨ ਲਈ ਧੰਨਵਾਦ ਕਰੋ ਪਰ ਜੋ ਧੀਰਜ ਨਾਲ ਛਾਇਆ ਵਿੱਚ ਦੀਵਾ ਪਕੜੀ ਖਲੋਤਾ ਹੈ, ਉਸ ਨੂੰ ਵੀ ਨ ਭੁੱਲੋ।

੬੫

ਨਿੱਕੀ ਦੱਭ ! ਤੇਰੇ ਪੈਰ ਕਿਤਨੇ ਛੋਟੇ ਹਨ ਪਰ ਤੂੰ ਸਾਰੀ ਧਰਤੀ ਨੂੰ ਹੀ ਆਪਣੇ ਪੈਰਾਂ ਹੇਠ ਲਿਆ ਹੋਇਆ ਹੈ।

੬੬

ਮਾਸੂਮ ਕਲੀ ਖਿੜ ਕੇ ਅਵਾਜ਼ ਦੇਂਦੀ ਹੈ,

'ਪਿਆਰੇ ਸੰਸਾਰ ! ਮੁਰਝਾ ਨ ਜਾਣਾ।'

੬੭

ਈਸ਼ਵਰ ਬੜੀਆਂ ਬੜੀਆਂ ਪਾਤਸ਼ਾਹੀਆਂ ਤੋਂ ਅੱਕ ਜਾਂਦਾ ਹੈ ਪਰ ਨਿੱਕੇ ਨਿੱਕੇ ਫੁੱਲਾਂ ਤੋਂ ਕਦੀ ਨਹੀਂ ਅੱਕਦਾ-ਥੱਕਦਾ।

੬੮

ਅਧਰਮ ਹਾਰ ਨਹੀਂ ਝੱਲ ਸਕਦਾ, ਧਰਮ ਝੱਲ ਸਕਦਾ ਹੈ।

੬੯

ਚਸ਼ਮਾ ਗਾ ਰਿਹਾ ਹੈ, 'ਮੈਂ ਖ਼ੁਸ਼ ਹੋ ਕੇ ਆਪਣਾ ਸਾਰਾ ਪਾਣੀ ਤਿਹਾਇਆਂ ਲਈ ਦੇ ਦੇਂਦਾ ਹਾਂ, ਭਾਵੇਂ ਉਸ ਵਿਚੋਂ ਥੋੜਾ ਹੀ ਕਾਫ਼ੀ ਹੁੰਦਾ ਹੈ।

੭੦

ਉਹ ਕਿਹੜਾ ਸੋਮਾ ਹੈ ਜੋ ਅਤੁਟ ਪ੍ਰਸੰਨਤਾ ਨਾਲ ਇਨ੍ਹਾਂ ਫੁੱਲਾਂ ਨੂੰ ਹਮੇਸ਼ਾਂ ਖਿੜਾਈ ਰਖਦਾ ਹੈ।

੭੧

ਲੱਕੜਹਾਰੇ ਦੇ ਕੁਹਾੜੇ ਨੇ ਬ੍ਰਿਛ ਤੋਂ ਦਸਤੇ ਦਾ ਦਾਨ ਮੰਗਿਆ, ਬਿਰਛ ਨੇ ਇਹ ਦਾਨ ਦੇ ਦਿੱਤਾ।

੭੨

ਮੈਂ ਆਪਣੇ ਦਿਲ ਦੀ ਇਕਾਂਤ ਵਿੱਚ ਧੁੰਦ ਤੇ ਬਰਖਾ ਦੇ ਘੁੰਡ ਹੇਠ ਲੁਕੀ ਵਿਧਵਾ-ਸੰਧਿਆ ਦੀਆਂ ਆਹਾਂ ਮਹਿਸੂਸ ਕਰ ਰਿਹਾ ਹਾਂ।

੭੩

ਪਵਿਤ੍ਰਤਾ ਉਹ ਦੌਲਤ ਹੈ, ਜੋ ਪਿਆਰ ਦੀ ਤੀਬ੍ਰਤਾ ਨਾਲ ਹੀ ਪੈਦਾ ਹੁੰਦੀ ਹੈ।

੭੪

ਧੁੰਦ ਪ੍ਰੇਮ ਵਾਂਙ ਪਹਾੜਾਂ ਦੀਆਂ ਛਾਤੀਆਂ ਤੇ ਕਲੋਲਾਂ ਕਰਦੀ ਫਿਰਦੀ ਹੈ ਤੇ ਹੈਰਾਨ ਕਰਨ ਵਾਲੀ ਮਨੋਹਰਤਾ ਉਪਜਾ ਰਹੀ ਹੈ।

੭੫

ਸੰਸਾਰ ਨੂੰ ਅਸੀਂ ਆਪ ਗ਼ਲਤ ਢੰਗ ਨਾਲ ਪੜ੍ਹਦੇ ਹਾਂ ਤੇ ਫਿਰ ਕਹਿੰਦੇ ਹਾਂ, 'ਇਹ ਸਾਨੂੰ ਧੋਖਾ ਦੇ ਰਿਹਾ ਹੈ।'

੭੬

ਕਵਿਤ੍ਰੀ-ਪੌਣ, ਆਪਣੀ ਆਵਾਜ਼ ਦੀ ਢੂੰਡ ਵਿੱਚ ਸਮੁੰਦਰਾਂ ਤੇ ਜੰਗਲਾਂ ਵਿੱਚ ਘੁੰਮਣ ਲਈ ਨਿਕਲੀ ਹੈ।

੭੭
ਹਰ ਇਕ ਨਵਾਂ ਜਨਮਿਆ ਬੱਚਾ ਸੰਸਾਰ ਵਿੱਚ ਇਹ ਸੰਦੇਸ਼ ਲੈ ਕੇ ਆਉਂਦਾ ਹੈ ਕਿ ਈਸ਼ਵਰ ਮਨੁੱਖ ਤੋਂ ਅਜੇ ਔਕਿਆ-ਥੱਕਿਆ ਨਹੀਂ।

੭੮
ਦੱਭ ਧਰਤੀ ਤੇ ਆਪਣੀਆਂ ਸਹੇਲੀਆਂ ਦੀ ਤਲਾਸ਼ ਕਰਦੀ ਹੈ ਪਰ ਬਿਰਛ ਬੇਚਾਰਾ ਅਕਾਸ਼ ਵਿੱਚ ਏਕਾਂਤ ਢੂੰਡ ਰਿਹਾ ਹੈ।

੭੯
ਮਨੁੱਖ ਆਪਣੇ ਆਪ ਹੀ ਬੰਧਨਾਂ ਵਿੱਚ ਪੈਂਦਾ ਹੈ।

੮੦
ਮਿਤ੍ਰ ! ਜਿਵੇਂ ਸਮੁੰਦਰ ਦੀ ਗੰਭੀਰ ਅਵਾਜ਼ ਦੇਵਦਾਰ ਦੇ ਬ੍ਰਿਛਾਂ ਵਿਚਾਲੇ ਘੁੰਮ ਰਹੀ ਹੈ, ਇਸੇ ਤਰ੍ਹਾਂ ਤੁਹਾਡੀ ਸੱਦ ਮੇਰੇ ਦਿਲ ਵਿੱਚ ਪਈ ਚੱਕਰ ਲਾ ਰਹੀ ਹੈ।

੮੧
ਅੰਧੇਰੇ ਦਾ ਉਹ ਅਣਦਿਸਦਾ ਭਾਂਬੜ ਕਿਹੜਾ ਹੈ, ਜਿਸ ਦੀਆਂ ਇਹ ਅਸਮਾਨੀ ਸਤਾਰੇ ਚੰਗਿਆੜੀਆਂ ਮਾਤਰ ਹਨ।

੮੨
ਜ਼ਿੰਦਗੀ ਨੂੰ ਬਸੰਤੀ ਫੁੱਲਾਂ ਵਾਂਙ ਤੇ ਮੌਤ ਨੂੰ ਖ਼ਿਜ਼ਾਂ ਦੇ ਪੱਤਿਆਂ ਵਾਂਙ ਸੁੰਦਰ ਹੋਣ ਦਿਓ।

੮੩
ਜੋ ਉਪਕਾਰ ਜਣਾਉਣ ਦਾ ਇੱਛਾਵਾਨ ਹੈ, ਉਹ ਦਰਵਾਜ਼ਾ ਖਟਖਟਾਉਂਦਾ ਹੈ, ਜੋ ਪ੍ਰੇਮ ਕਰਦਾ ਹੈ, ਉਸ ਲਈ ਦਰ ਸਦਾ ਖੁਲ੍ਹਾ ਹੀ ਹੈ।

੮੪
ਮੌਤ ਵਿੱਚ ਅਨੇਕ ਇਕ ਹੋ ਜਾਂਦੇ ਹਨ, ਜੀਵਨ ਵਿੱਚ ਇਕ ਅਨੇਕ ਹੋ ਜਾਂਦਾ ਹੈ।

ਜਦੋਂ ਈਸ਼ਵਰੀ ਸੀਮਾਂ ਆ ਜਾਵੇਗੀ ਤਾਂ ਧਰਮ ਇਕ ਹੋ ਜਾਵੇਗਾ।

੮੫
ਕਲਾਕਾਰ ਕੁਦਰਤ ਦਾ ਪ੍ਰੇਮੀ ਹੈ, ਇਸ ਲਈ ਉਹ ਉਸ ਦਾ ਗ਼ੁਲਾਮ

ਵੀ ਹੈ ਤੇ ਸੁਆਮੀ ਵੀ।

੮੬

'ਓ ਫਲ! ਤੂੰ ਮੈਥੋਂ ਕਿਤਨੀ ਕੁ ਦੂਰ ਹੈਂ?'

'ਓ ਫੁੱਲ! ਮੈਂ ਤੇਰੇ ਸੀਨੇ ਵਿੱਚ ਛੁਪਿਆ ਹੋਇਆ ਹਾਂ।'

੮੭

ਮੇਰੀ ਤੀਬਰ ਲਾਲਸਾ ਉਸ ਇਕ ਲਈ ਹੀ ਹੈ ਜੋ ਚਾਨਣ ਵਿੱਚ ਵੀ ਅਦ੍ਰਿਸ਼ਟ ਰਹਿੰਦਾ ਹੈ।

੮੮

ਤ੍ਰੇਲ ਦੇ ਤੁਪਕੇ ਨੇ ਤਲਾ ਨੂੰ ਆਖਿਆ, 'ਕਮਲ ਦੇ ਪੱਤੇ ਹੇਠ ਤੂੰ ਇਕ ਵੱਡਾ ਤੁਪਕਾ ਹੈਂ ਤੇ ਉਸੇ ਪੱਤਰ ਦੇ ਉੱਤੇ ਮੈਂ ਇਕ ਨਿੱਕੀ ਜੇਹੀ ਬੂੰਦ।'

੮੯

ਮਿਆਨ ਤਲਵਾਰ ਦੀ ਤੇਜ਼ ਧਾਰ ਦੀ ਹਿਫ਼ਾਜ਼ਤ ਵਿੱਚ ਹੀ ਮਸਤ ਤੇ ਸੰਤੁਸ਼ਟ ਹੈ।

੯੦

ਅੰਧੇਰੇ ਵਿੱਚ ਉਹ ਇਕੱਲਾ ਹੀ ਮਾਲੂਮ ਦੇਂਦਾ ਹੈ, ਤੇ ਚਾਨਣ ਵਿੱਚ ਉਹੋ ਇਕ ਅਨੇਕ ਰੂਪ ਵਿੱਚ ਨਜ਼ਰ ਆਉਣ ਲਗ ਪੈਂਦਾ ਹੈ।

੯੧

ਵਿਸ਼ਾਲ ਧਰਤੀ ਘਾਹ ਦੀ ਮੱਦਦ ਨਾਲ ਆਪਣੇ ਆਪ ਨੂੰ ਮਿਹਮਾਨ-ਨਿਵਾਜ਼ ਬਣਾਉਂਦੀ ਹੈ।

੯੨

ਪੱਤਿਆਂ ਦਾ ਜਨਮ ਤੇ ਮੌਤ ਉਸ ਮਹਾਨ ਭੰਵਰ ਦੇ ਤੇਜ਼ ਚੱਲ ਰਹੇ ਚੱਕਰ ਹਨ ਜਿਸ ਦਾ ਵੱਡਾ ਦਾਇਰਾ ਸਤਾਰਿਆਂ ਵਿਚਕਾਰ ਦੀ ਹੌਲੀ ਹੌਲੀ ਘੁੰਮ ਰਿਹਾ ਹੈ।

੯੩

ਸ਼ਕਤੀ ਨੇ ਧਰਤੀ ਨੂੰ ਆਖਿਆ, 'ਤੂੰ ਮੇਰੀ ਹੈਂ।' ਧਰਤੀ ਨੇ ਉਸ ਨੂੰ ਕੈਦੀ ਬਣਾ ਕੇ ਆਪਣੇ ਤਖ਼ਤ ਤੇ ਬਿਠਾਲ ਲਿਆ।

ਪਿਆਰ ਨੇ ਧਰਤੀ ਨੂੰ ਕਿਹਾ, 'ਮੈਂ ਤੇਰਾ ਹਾਂ।' ਧਰਤੀ ਨੇ ਉਸ ਨੂੰ ਆਪਣੇ ਘਰ ਵਿੱਚ ਆਜ਼ਾਦੀ ਨਾਲ ਫਿਰਨ ਦੀ ਆਗਿਆ ਦੇ ਦਿੱਤੀ।

੯੪

ਧੁੰਦ ਧਰਤੀ ਦੀ ਤਾਂਘ ਵਾਂਙ ਹੈ। ਜਿਸ ਸੂਰਜ ਲਈ ਇਹ ਪੁਕਾਰਾਂ ਕਰਦੀ ਰਹਿੰਦੀ ਹੈ, ਉਸੇ ਨੂੰ ਇਹ ਆਪ ਛਿਪਾਈ ਰੱਖਦੀ ਹੈ।

੯੫

ਮੇਰੇ ਮਨ ! ਸ਼ਾਂਤੀ ਨਾਲ ਇਨ੍ਹਾਂ ਜੋਦੜੀ ਕਰ ਰਹੇ ਬ੍ਰਿਛਾਂ ਵਲ ਜ਼ਰਾ ਤੱਕੋ।

੯੬

ਪਲ ਭਰ ਦਾ ਸ਼ੋਰ ਅਨੰਤ ਤੇ ਸੰਗੀਤ ਦਾ ਮਖੌਲ ਉਡਾਉਂਦਾ ਹੈ।

੯੭

ਮੈਂ ਉਨ੍ਹਾਂ ਸਮਿਆਂ ਨੂੰ ਸੋਚਦਾ ਪਿਆ ਹਾਂ ਜੋ ਜੀਵਨ, ਮੌਤ ਤੇ ਪਿਆਰ ਦੇ ਵਹਿਣ ਵਿੱਚ ਹੁਣ ਗੁੰਮ ਹੋ ਚੁਕੇ ਤੇ ਭੁਲਾਏ ਜਾ ਚੁੱਕੇ ਹਨ। ਮੈਂ ਇਥੋਂ ਚਲੇ ਜਾਣ ਦੀ ਅਜ਼ਾਦੀ ਅਨੁਭਵ ਕਰ ਰਿਹਾ ਹਾਂ।

੯੮

ਮੇਰੀ ਆਤਮਾ ਦੀ ਇਹ ਉਦਾਸੀ ਨਵੀਂ ਵਹੁਟੀ ਦੇ ਉਸ ਘੁੰਡ ਵਾਂਙ ਹੈ ਜੋ ਕਿ ਰਾਤ ਨੂੰ ਉਠਾਏ ਜਾਣ ਦੀ ਉਡੀਕ ਵਿੱਚ ਹੁੰਦੀ ਹੈ।

੧੦੦

ਬੱਦਲ ਆਜਜ਼ੀ ਨਾਲ ਅਸਮਾਨ ਦੇ ਇਕ ਕੋਨੇ ਵਿੱਚ ਖੜੋ ਗਿਆ, ਪ੍ਰਭਾਤ ਨੇ ਉਸ ਨੂੰ ਮੁਕਟ ਪਹਿਨਾ ਕੇ ਸਜਾ ਦਿੱਤਾ।

੧੦੧

ਧੂੜੀ ਆਪਣਾ ਨਿਰਾਦਰ ਸਹਾਰਦੀ ਹੋਈ ਬਦਲੇ ਵਿਚ, ਸਗੋਂ ਫੁੱਲ ਭੇਟਾ ਕਰਦੀ ਹੈ।

੧੦੨

ਫੁਲ ਚੁਣਨ ਲਈ ਦੇਰ ਨਾ ਕਰੋ, ਅਗੇ ਵਧ ਕੇ ਚੱਲੋ, ਤੁਹਾਡੇ ਰਾਹਾਂ ਤੇ ਹਮੇਸ਼ਾਂ ਫੁਲ ਖਿੜਦੇ ਰਹਿਣਗੇ।

੧੦੩

ਧਰਤੀ ਵਿਚ ਖਿਲਰੀਆਂ ਹੋਈਆਂ ਜੜਾਂ ਬਿਰਛ ਦੀਆਂ ਟਾਹਣੀਆਂ

ਹਨ ਤੇ ਅਕਾਸ਼ ਵਿਚ ਫੈਲੀਆਂ ਟਾਹਣੀਆਂ ਉਸ ਦੀਆਂ ਜੜ੍ਹਾਂ ਹਨ।

੧੦੪

ਚਲੀ ਗਈ ਬਸੰਤ ਦਾ ਸੰਗੀਤ ਪਤ-ਝੜ ਦੇ ਆਲੇ-ਦੁਆਲੇ ਘੁੰਮਦਾ ਆਪਣੇ ਪੁਰਾਣੇ ਆਲ੍ਹਣੇ ਦੀ ਢੂੰਡ ਕਰ ਰਿਹਾ ਹੈ।

੧੦੫

ਤੁਸੀਂ ਆਪਣੇ ਮਿੱਤ੍ਰ ਨੂੰ ਝੂਠੀ ਪ੍ਰਸ਼ੰਸਾ ਜਾਂ ਖ਼ੁਸ਼ਾਮਦ ਕਰ ਕੇ ਉਸ ਨੂੰ ਸ਼ਰਮਿੰਦਿਆਂ ਨ ਕਰੋ।

੧੦੬

ਕਿਸੇ ਪੁਰਾਣੇ ਬਿਰਛ ਦੁਆਲੇ ਘਿਰੀ ਕਾਈ ਵਾਂਙ ਨਾਮਾਲੂਮ ਦਿਨਾਂ ਦੀ ਛੁਹ ਮੇਰੇ ਦਿਲ ਦੁਆਲੇ ਕਲਿੰਗੜੀ ਪਾਈ ਰਹਿੰਦੀ ਹੈ।

੧੦੭

ਗੂੰਜ ਆਪਣੀ ਮੌਲਕਿਤਾ ਸਾਬਤ ਕਰਨ ਲਈ ਆਪਣੇ ਅਰੰਭਕ ਥਾਂ ਦਾ ਹੀ ਮਖੌਲ ਉਡਾ ਰਹੀ ਹੈ।

੧੦੮

ਜਦੋਂ ਵਡੇ ਅਮੀਰ ਆਦਮੀ ਈਸ਼ਵਰ ਦੀਆਂ ਖਾਸ ਮਿਹਰਬਾਨੀਆਂ ਦੀ ਡੀਂਗ ਮਾਰਦੇ ਹਨ ਤਾਂ ਈਸ਼ਵਰ ਲੱਜਿਤ ਹੋ ਜਾਂਦਾ ਹੈ।

੧੦੯

ਮੇਰੇ ਪਾਸ ਦੀਵਾ ਤਾਂ ਹੈ ਪਰ ਅਣ-ਜਗਦਾ; ਇਸੇ ਲਈ ਮੇਰੇ ਰਾਹ ਉਤੇ ਮੇਰਾ ਹੀ ਪਰਛਾਵਾਂ ਪੈ ਰਿਹਾ ਹੈ।

੧੧੦

ਮਨੁੱਖ ਸੰਸਾਰ ਦੇ ਸ਼ੋਰ-ਸ਼ਰਾਬੇ ਵਿਚ ਆਪਣੇ ਖ਼ਾਮੋਸ਼ੀ ਦੇ ਰੌਲੇ ਨੂੰ ਲੀਨ ਕਰਨ ਲਈ ਜਾ ਰਿਹਾ ਹੈ।

੧੧੧

ਮੌਤ ਤਾਂ ਥਕੇਵੇਂ ਵਾਂਙ ਹੀ ਹੈ, ਪਰ ਪੂਰਨ ਅੰਤ ਤਾਂ ਅਨੰਤ ਦੀ ਗੋਦ ਵਿਚ ਹੈ।

੧੧੨

ਸੂਰਜ ਨੇ ਚਾਨਣ ਦਾ ਸਾਦਾ ਲਿਬਾਸ ਪਹਿਨਿਆ ਹੋਇਆ ਹੈ।

ਦੇਖੋ, ਬੱਦਲਾਂ ਦੀ ਪੁਸ਼ਾਕ ਕੈਸੀ ਰੰਗੀਲੀ ਹੈ।

੧੧੩

ਇਹ ਪਹਾੜੀਆਂ ਉਨ੍ਹਾਂ ਬੱਚਿਆਂ ਦੀਆ ਲਿਲ੍ਹਕਾਂ ਵਾਂਗ ਹਨ ਜੋ ਸਤਾਰਿਆਂ ਨੂੰ ਫੜਨ ਲਈ ਬਾਂਹਾਂ ਉਲਾਰ ਰਹੇ ਹੋਣ।

੧੧੪

ਸੜਕ ਭੀੜ-ਭੜਿਕੇ ਦੇ ਹੁੰਦਿਆਂ ਵੀ ਇਕੱਲੀ ਹੀ ਹੈ ਕਿਉਂਕਿ ਇਸ ਨੂੰ ਕੋਈ ਪਿਆਰ ਨਹੀ ਰਿਹਾ।

੧੧੫

ਜੋ ਤਾਕਤ ਆਪਣੀਆਂ ਗ਼ਲਤੀਆਂ ਤੇ ਵੀ ਡੀਂਗਾਂ ਮਾਰਦੀ ਹੈ ਉਸ ਉਤੇ ਝੜ ਰਹੇ ਪੀਲੇ ਪੱਤੇ ਤੇ ਨੱਸੇ ਜਾ ਰਹੇ ਬੱਦਲ ਹਸਦੇ ਹਨ।

੧੧੬

ਜਿਸ ਤਰ੍ਹਾਂ ਕੋਈ ਮੁਟਿਆਰ ਚਰਖਾ ਕੱਤਦੀ ਕੱਤਦੀ ਭੁਲੇ - ਵਿਸਰੇ ਸ਼ਬਦਾਂ ਵਿਚ ਕੋਈ ਪੁਰਾਣਾ ਗੀਤ ਗਾ ਰਹੀ ਹੋਵੇ, ਇਸ ਤਰ੍ਹਾਂ ਅੱਜ ਧਰਤੀ ਮੈਨੂੰ, ਸੂਰਜ ਦੀ ਰੌਸ਼ਨੀ ਵਿਚ ਆਪਣਾ ਗੀਤ ਸੁਣਾ ਰਹੀ ਹੈ।

੧੧੭

ਘਾਹ ਦਾ ਤਿਣਕਾ ਇਸ ਮਹਾਨ ਸੰਸਾਰ ਵਿਚ ਆਉਣ ਦੀ ਯੋਗਤਾ ਰਖਦਾ ਹੈ।

੧੧੮

ਸੁਪਨਾ ਬੜਬੋਲੀ ਇਸਤ੍ਰੀ ਵਾਂਗ ਹੈ, ਨੀਂਦ ਉਸ ਪਤੀ ਵਾਂਗ ਹੈ ਜੋ ਚੁਪ-ਚਾਪ ਸਭ ਕੁਝ ਸਹਿੰਦਾ ਰਹਿੰਦਾ ਹੈ।

੧੧੯

ਰਾਤ ਸਮਾਪਤ ਹੋ ਰਹੇ ਦਿਨ ਨੂੰ ਚੁੰਮਦੀ ਤੇ ਉਸ ਦੇ ਕੰਨ ਵਿਚ ਕਹਿੰਦੀ ਹੈ, "ਮੈਂ ਤੇਰੀ ਮਾਂ ਮੌਤ ਹਾਂ, ਮੈਂ ਤੈਨੂੰ ਨਵਾਂ ਜੀਵਨ ਦਿਆਂਗੀ।'

੧੨੦

ਹੇ ਅੰਧੇਰੀ ਰਾਤ! ਮੈਂ ਤੇਰੀ ਸੁਹਣੱਪ ਨੂੰ ਉਸੇ ਤਰ੍ਹਾਂ ਮਾਣ ਰਿਹਾ ਹਾਂ ਜਿਸ ਤਰ੍ਹਾਂ ਇਕ ਪ੍ਰੇਮਿਕਾ ਦੀਪਕ ਬੁਝਾ ਕੇ ਵਸਲ ਮਾਣਦੀ ਹੈ।

੧੨੧

ਮੇਰੀ ਅਗਾਂਹ ਵਧ ਰਹੀ ਜ਼ਿੰਦਗੀ ਵਿਚ ਮੇਰੀ ਪਿਛਲੇ ਅਸਫ਼ਲ ਜ਼ਿੰਦਗੀ ਵੀ ਹਿੱਸੇਦਾਰ ਹੈ।

੧੨੨

ਪਿਆਰੇ ਮਿਤ੍ਰ! ਸ਼ਾਮ ਵੇਲੇ ਇਸ ਕੰਢੇ ਤੇ ਜਦੋਂ ਮੈਂ ਇਨ੍ਹਾਂ ਲਹਿਰਾਂ ਦੀ ਅਵਾਜ਼ ਸੁਣਦਾ ਹਾਂ, ਤਾਂ ਮਹਾਨ ਵੀਚਾਰਾਂ ਦੀ ਖ਼ਾਮੋਸ਼ੀ ਮਹਿਸੂਸ ਕਰਦਾ ਹਾਂ।

੧੨੩

ਪੰਛੀ ਦਾ ਇਹ ਖ਼ਿਆਲ ਹੈ ਕਿ ਮਛਲੀ ਨੂੰ ਪਾਣੀ ਵਿਚੋਂ ਕੱਢ ਕੇ ਪੌਣ ਦਾ ਝੂਟਾ ਦੇਣਾ ਉਸ ਤੇ ਉਪਕਾਰ ਕਰਨਾ ਹੈ।

੧੨੪

ਰਾਤ ਨੇ ਸੂਰਜ ਨੂੰ ਆਖਿਆ; 'ਤੁਸੀਂ ਚੰਨ ਰਾਹੀਂ ਆਪਣੇ ਪ੍ਰੇਮ-ਪੱਤਰ ਭੇਜਦੇ ਰਹਿੰਦੇ ਹੋ।' ਉਸਦਾ ਜਵਾਬ ਸੀ -

ਮੈਂ ਘਾਹ ਤੇ ਹੰਝੂਆਂ ਦੇ ਰੂਪ ਵਿਚ ਉਸ ਦਾ ਉੱਤਰ ਦੇ ਜਾਂਦੀ ਹਾਂ।'

੧੨੫

ਮਹਾਂ ਪੁਰਸ਼ ਇਕ ਜੰਮਦਾ ਬੱਚਾ ਹੈ, ਜਦੋਂ ਉਹ ਮਰਦਾ ਹੈ, ਉਹ ਆਪਣਾ ਵੱਡਾ ਬਚਪਨ ਸੰਸਾਰ ਦੀ ਭੇਟ ਕਰ ਜਾਂਦਾ ਹੈ।

੧੨੬

ਹਥੌੜੇ ਦੀਆਂ ਸੱਟਾਂ ਨਾਲ ਨਹੀਂ ਬਲਕਿ ਜਲ-ਨਾਚ ਦੇ ਸੰਗੀਤ ਨਾਲ ਪੱਥਰ-ਗੀਟੇ ਵੀ ਘਸ ਘਸ ਸੁੰਦਰ ਬਣ ਜਾਂਦੇ ਹਨ।

੧੨੭

ਮਧੂ-ਮੱਖੀਆਂ ਫੁਲਾਂ ਦਾ ਰਸ ਚੂਸਦੀਆਂ ਹਨ, ਜਦੋਂ ਜਾਣ ਲਗਦੀਆਂ ਹਨ ਤਾਂ ਗੁੰਜਾਰ ਰਾਹੀਂ ਉਨ੍ਹਾਂ ਦਾ ਧੰਨਵਾਦ ਵੀ ਕਰਦੀਆਂ ਹਨ।

ਪਰ ਦੰਭੀ ਤਿਤਲੀ ਨੂੰ ਅਭਿਮਾਨ ਹੈ ਕਿ ਫੁਲ ਉਸ ਦੇ ਸ਼ੁਕਰਗੁਜ਼ਾਰ ਹਨ।

੧੨੮

ਅਗਰ ਤੁਸੀਂ ਪੂਰਾ ਸੱਚ ਨਹੀਂ ਬੋਲਣਾ ਚਾਹੁੰਦੇ ਤਾਂ ਤੁਹਾਡੇ ਲਈ ਐਵੇਂ ਬੋਲ ਛੱਡਣਾ ਤਾਂ ਬੜਾ ਸੌਖਾ ਹੀ ਹੈ।

੧੨੯

ਸੰਭਵ ਨੇ ਅਸੰਭਵ ਨੂੰ ਪੁਛਿਆ, "ਤੂੰ ਕਿਥੇ ਰਹਿੰਦਾ ਹੈਂ ?"
'ਕਮਜ਼ੋਰ ਦੇ ਸੁਪਨਿਆਂ ਵਿਚ' ਉਸ ਉੱਤਰ ਦਿੱਤਾ।

੧੩੦

ਜੇ ਤੁਸੀਂ ਭੁੱਲਾਂ ਨੂੰ ਰੋਕਣ ਲਈ ਦਰਵਾਜ਼ਾ ਬੰਦ ਕਰ ਲਓਗੇ, ਸੱਚ ਵੀ ਬਾਹਰ ਹੀ ਰਹਿ ਜਾਵੇਗਾ।

੧੩੧

ਮੈਂ ਆਪਣੇ ਦਿਲ ਦੀ ਉਦਾਸੀ ਪਿਛੇ ਕੁਝ ਚੀਜ਼ਾਂ ਦੀ ਸਰਸਰ ਸੁਣ ਰਿਹਾ ਹਾਂ ਪਰੰਤੂ ਮੈਂ ਉਨ੍ਹਾਂ ਨੂੰ ਦੇਖ ਨਹੀਂ ਸਕਦਾ।

੧੩੨

ਆਰਾਮ ਵਿਚ ਵੀ ਇਕ ਤਰ੍ਹਾਂ ਦੀ ਹਰਕਤ ਹੈ, ਸ਼ਾਂਤ-ਸਮੁੰਦਰ ਦੀ ਖ਼ਾਮੋਸ਼ੀ, ਲਹਿਰਾਂ ਰਾਹੀਂ ਵੀ ਕੁਝ ਛੇੜ-ਛਾੜ ਕਰਦੀ ਰਹਿੰਦੀ ਹੈ।

੧੩੩

ਜਦੋਂ ਪੱਤੀ ਪਿਆਰ ਕਰਦੀ ਹੈ, ਉਹ ਫੁਲ ਬਣ ਜਾਂਦੀ ਹੈ;
ਜਦੋਂ ਫੁਲ ਅਰਾਧਨਾ ਕਰਦਾ ਹੈ, ਉਹ ਫਲ ਬਣ ਜਾਂਦਾ ਹੈ।

੧੩੪

ਧਰਤੀ ਦੇ ਅੰਦਰਲੀਆਂ ਬਿਰਛ ਦੀਆਂ ਜੜਾਂ ਉਤਲੀਆਂ ਟਾਹਣੀਆਂ ਨੂੰ ਫਲਵਾਨ ਬਣਾਂਦੀਆਂ ਹਨ ਪਰ ਉਹ ਕਦੀ ਇਸ ਦਾ ਬਦਲਾ ਨਹੀਂ ਚਾਹੁੰਦੀਆਂ।

੧੩੫

ਇਸ ਬਰਖਾ ਵਾਲੀ ਸ਼ਾਮ ਸਮੇਂ ਪੌਣ ਬੇਚੈਨ ਹੋਈ ਤੇਜ਼ ਚੱਲ ਰਹੀ ਹੈ।
ਮੈਂ ਝੂਲਦੀਆਂ ਡਾਲੀਆਂ ਵਲ ਤੱਕ ਰਿਹਾ ਹਾਂ ਤੇ ਸਭ ਸ਼ੈਆਂ ਦੀ ਵਡਿਆਈ ਬਾਰੇ ਸੋਚਦਾ ਪਿਆ ਹਾਂ।

੧੩੬

ਬੇਵਕਤੇ ਕੱਚੀ ਨੀਂਦ ਉਠ ਖਲੋਤੇ ਵੱਡੇ ਬੱਚੇ ਵਾਂਙ, ਅੱਧੀ ਰਾਤ ਦਾ ਤੂਫ਼ਾਨ ਕਲੋਲਾਂ ਕਰਦਾ ਸ਼ੋਰ ਮਚਾ ਰਿਹਾ ਹੈ।

੧੩੭

ਓ ਸਾਗਰ! ਤੂੰ ਆਪਣੇ ਯਾਰ ਤੂਫ਼ਾਨ ਦੀ ਰੀਸ ਕਰਨ ਲਈ ਫਜ਼ੂਲ

ਹੀ ਆਪਣੀਆਂ ਲਹਿਰਾਂ ਉਛਾਲ ਰਿਹਾ ਹੈਂ। ਤੂੰ ਤਾਂ ਉਸ ਤੂਫ਼ਾਨ ਦੀ ਇਕੋ ਇਕ ਵਹੁਟੀ ਹੈਂ।

੧੩੮

ਸ਼ਬਦ ਨੇ ਉਦਮ ਨੂੰ ਆਖਿਆ, "ਮੈਂ ਆਪਣੇ ਸੱਖਣੇਪਣ ਤੇ ਸ਼ਰਮਿੰਦਾ ਹਾਂ।' ਉਦਮ ਨੇ ਜਵਾਬ ਵਿਚ ਕਿਹਾ, 'ਜਦੋਂ ਮੈਂ ਤੈਨੂੰ ਵੇਖਦਾ ਹਾਂ, ਮੈਨੂੰ ਆਪਣੀਆਂ ਕਮਜ਼ੋਰੀਆਂ ਦਾ ਪਤਾ ਲਗ ਜਾਂਦਾ ਹੈ।'

੧੩੯

ਸਮਾਂ ਤਬਦੀਲੀ ਦੀ ਦੌਲਤ ਹੈ, ਪਰ ਘੜੀ ਇਸਦਾ ਮਖੌਲ ਉਡਾਉਂਦੀ ਹੈ।

ਉਹ ਕੇਵਲ ਸਮੇਂ ਨੂੰ ਬਦਲਦੇ ਰੂਪ ਵਿਚ ਹੀ ਦਿਖਾਉਂਦੀ ਹੈ, ਦੌਲਤ ਦੇ ਰੂਪ ਵਿਚ ਨਹੀਂ।

੧੪੦

ਸਚਾਈ ਲਈ 'ਘਟਨਾ' ਦੀ ਪੁਸ਼ਾਕ ਜ਼ਰੂਰਤ ਤੋਂ ਜ਼ਿਆਦਾ ਚੁਸਤ ਮਾਲੂਮ ਦੇਂਦੀ ਹੈ। ਲੇਕਿਨ 'ਕਹਾਣੀ' ਦੇ ਰੂਪ ਵਿਚ ਉਹ ਆਪਣੇ ਅੰਗਾਂ ਨੂੰ ਬੜੀ ਸੌਖੀ ਤਰ੍ਹਾਂ ਹਿਲਾ ਚਲਾ ਸਕਦੀ ਹੈ।

੧੪੧

ਹੇ ਸੜਕ! ਮੈਂ ਜਦੋਂ ਇਧਰ ਉਧਰ ਜਾਂਦਾ ਆਉਂਦਾ ਸਾਂ, ਮੈਂ ਤੈਥੋਂ ਅੱਕ ਥੱਕ ਜਾਂਦਾ ਸਾਂ। ਪਰ ਹੁਣ ਜਦੋਂ ਤੂੰ ਮੈਨੂੰ ਸਾਰੇ ਹੀ ਲਈ ਫਿਰਦੀ ਹੈਂ, ਮੈਂ ਤੇਰੀ ਪ੍ਰੇਮ-ਫਾਹੀ ਵਿਚ ਬੰਨ੍ਹਿਆ ਗਿਆ ਹਾਂ।

੧੪੨

ਮੈਨੂੰ ਇਹ ਖ਼ਿਆਲ ਕਰਨ ਦਿਓ ਕਿ ਉਨ੍ਹਾਂ ਸਤਾਰਿਆਂ ਵਿਚ ਇਕ ਅਜੇਹਾ ਵੀ ਹੈ ਜੋ ਇਸ ਅੰਧਾਧੁੰਦ ਅੰਧੇਰੇ ਵਿਚ ਮੇਰੀ ਜ਼ਿੰਦਗੀ ਦੀ ਰਹਿਨੁਮਾਈ ਕਰ ਰਿਹਾ ਹੈ।

੧੪੩

ਸੁੰਦਰੀ! ਜਦ ਤੋਂ ਤੂੰ ਮੇਹਰਬਾਨੀ-ਭਰੀਆਂ ਆਪਣੀਆਂ ਉਂਗਲੀਆਂ ਮੇ ਰੀਆਂ ਚੀਜ਼ਾਂ ਨੂੰ ਛੁਹਾ ਦਿਤੀਆਂ, ਤਦ ਤੋਂ ਹੀ ਇਨ੍ਹਾਂ ਵਿਚ ਇਕ ਸੰਗੀਤ ਵਾਲੀ ਰੁਣਝੁਣ ਪੈਦਾ ਹੋ ਗਈ ਹੈ।

੧੪੪

ਸਮੇਂ ਦੇ ਖੰਡਰਾਂ ਵਿਚ ਇਕ ਗ਼ਮ -ਭਰਪੂਰ ਅਵਾਜ਼ ਦਾ ਵਾਸਾ ਹੈ। ਉਹ ਮੈਨੂੰ ਰਾਤ ਸਮੇਂ ਗਾ ਕੇ ਕਹਿੰਦੀ ਹੈ, 'ਮੈਂ ਤੈਨੂੰ ਪਿਆਰਦੀ ਹਾਂ।'

੧੪੫

ਬਲਦੀ ਅੱਗ ਤਾਂ ਮੈਨੂੰ ਆਪਣੀ ਚਮਕ ਨਾਲ ਸੁਚੇਤ ਕਰ ਹੀ ਦੇਂਦੀ ਹੈ। ਸੁਆਹ ਵਿਚ ਛਿਪੇ ਬੁਝ ਰਹੇ ਅੰਗਿਆਰਾਂ ਤੋਂ ਮੈਨੂੰ ਬਚਾਓ।

੧੪੬

ਅਸਮਾਨ ਵਿਚ ਤਾਂ ਮੇਰੇ ਲਈ ਸਤਾਰੇ ਹਨ, ਪਰ ਅਫਸੋਸ! ਮੇਰੇ ਘਰ ਦਾ ਨਿਕਾ ਦੀਵਾ ਅਜੇ ਤਕ ਵੀ ਨਹੀਂ ਜਗਿਆ।

੧੪੭

ਮੁਰਦੇ ਸ਼ਬਦਾਂ ਦੀ ਧੂੜ ਵਿਚ ਤੁਸੀਂ ਲੇਥੂ-ਪੇਥੂ ਹੋਏ ਹੋਏ ਹੋ, ਆਪਣੀ ਆਤਮਾਂ ਨੂੰ ਖਾਮੋਸ਼ੀ ਨਾਲ ਧੋ ਦਿਓ ਹੁਣ।

੧੪੮

ਜ਼ਿੰਦਗੀ ਵਿਚ ਛੇਕ ਜਾਂ ਪਾੜ ਪੈ ਗਏ ਹਨ ਤੇ ਉਨ੍ਹਾਂ ਵਿਚੀਂ ਮੌਤ ਦਾ ਗ਼ਮਹੀਨ ਗੀਤ ਸੁਣਾਈ ਦੇ ਰਿਹਾ ਹੈ।

੧੪੯

ਪ੍ਰਭਾਤ ਵੇਲੇ ਸੰਸਾਰ ਨੇ ਆਪਣਾ ਰੋਸ਼ਨ ਹਿਰਦਾ ਖੋਲ੍ਹ ਦਿਤਾ ਹੈ। ਓ ਮੇਰੇ ਦਿਲ! ਤੂੰ ਵੀ ਪਿਆਰ ਨਾਲ ਉਸ ਨੂੰ ਮਿਲਣ ਲਈ ਬਾਹਰ ਆ!

੧੫੦

ਇਨ੍ਹਾਂ ਚਾਨਣ-ਚੁੰਮੀਆਂ ਪੱਤੀਆਂ ਦੇ ਨਾਲ ਨਾਲ, ਮੇਰੇ ਵੀਚਾਰ ਲਿਸ਼ਕ ਉਠਦੇ ਹਨ ਤੇ ਇਸ ਸੂਰਜ-ਪ੍ਰਕਾਸ਼ ਨਾਲ ਮੇਰਾ ਦਿਲ ਗਾਉਣ ਲਗ ਪੈਂਦਾ ਹੈ। ਮੈਂ ਇਸੇ ਗੱਲ ਵਿਚ ਮਸਤ ਹਾਂ ਕਿ ਨੀਲੇ ਅਸਮਾਨ ਅਤੇ ਸਮੇਂ ਦੇ ਅੰਧੇਰੇ ਵਿਚ ਸਾਰੀਆਂ ਚੀਜ਼ਾਂ ਦੇ ਨਾਲ ਨਾਲ ਮੈਂ ਭੀ ਨਿਵਾਜਿਆ ਜਾ ਰਿਹਾ ਹਾਂ।

੧੫੧

ਈਸ਼ਵਰ ਦੀ ਮਹਾਨ ਸ਼ਕਤੀ ਮੰਦ ਮੰਦ ਵਗ ਰਹੀ ਪੌਣ ਵਿਚ ਹੈ। ਤੂਫ਼ਾਨ ਜਾਂ ਝੱਖੜ ਵਿਚ ਨਹੀਂ।

੧੫੨

ਇਹ ਤਾਂ ਇਕ ਸੁਪਨਾ ਹੈ ਜਿਸ ਵਿਚ ਸਭ ਚੀਜ਼ਾਂ ਅਨਸਥਿਰ ਤੇ

ਬੇਤਰਸ ਜਾਪਦੀਆਂ ਹਨ। ਜਦੋਂ ਮੈਂ ਜਾਗਾਂਗਾ ਤੇ ਸੁਤੰਤ੍ਰ ਹੋਵਾਂਗਾ, ਮੈਂ ਸਾਰੀਆਂ ਨੂੰ ਤੇਰੇ ਵਿਚ ਹੀ ਸਮਾਇਆ ਪਾਵਾਂਗਾ।

੧੫੩

ਛਿਪਦੇ ਸੂਰਜ ਨੇ ਪੁਛਿਆ, 'ਕੌਣ ਹੈ ਜੋ ਮੇਰਾ ਕੰਮ ਨਿਭਾ ਸਕੇਗਾ?'

'ਓ ਮੇਰੇ ਸੁਆਮੀ! ਜਿਸ ਤਰ੍ਹਾਂ ਵੀ ਹੋ ਸਕਿਆ ਮੈਂ ਕਰਨ ਦੀ ਕੋਸ਼ਸ਼ ਕਰਾਂਗਾ' ਮਿਟੀ ਦੇ ਨਿਕੇ ਦੀਵੇ ਨੇ ਹੌਲੀ ਜਿਹੇ ਆਖਿਆ।

੧੫੪

ਤੁਸੀਂ ਫੁਲ ਦੀਆਂ ਪੰਖੜੀਆਂ ਤੋੜਕੇ ਉਸਦੀ ਸੁੰਦ੍ਰਤਾ ਨੂੰ ਨਹੀਂ ਪਕੜ ਸਕਦੇ।

੧੫੫

ਜਿਸ ਤਰ੍ਹਾਂ ਆਹਲਣਾ ਸੌਣ ਲਈ ਪੰਛੀਆਂ ਲਈ ਆਸਰਾ ਦੇਂਦਾ ਹੈ, ਇਸੇ ਤਰ੍ਹਾਂ ਖ਼ਾਮੋਸ਼ੀ ਤੁਹਾਡੀ ਬਾਣੀ ਨੂੰ ਆਰਾਮ ਦੇਵੇਗੀ।

੧੫੬

ਵਡੇ ਆਦਮੀ ਛੋਟਿਆਂ ਨਾਲ ਨਿਝਕ ਹੋ ਕੇ ਚਲਦੇ ਹਨ।

ਮੱਧਮ ਸ਼੍ਰੇਣੀ ਵਾਲੇ ਜ਼ਰਾ ਸੰਕੋਚ ਕਰਦੇ ਤੇ ਦੂਰ ਰਹਿੰਦੇ ਹਨ।

੧੫੭

ਰਾਤ ਚੁਪਕੇ ਚੁਪਕੇ ਫੁਲਾਂ ਨੂੰ ਖਿੜਾ ਜਾਂਦੀ ਹੈ ਤੇ ਇਸ ਦਾ ਸੇਹਰਾ ਪ੍ਰਭਾਤ ਨੂੰ ਮਿਲਦਾ ਹੈ।

੧੫੮

ਸ਼ਕਤੀਮਾਨ ਲੋਕ ਆਪਣੇ ਵਲੋਂ ਪੀੜਤ ਕੀਤੇ ਮਨੁੱਖਾਂ ਦੀ ਵੇਦਨਾ ਨੂੰ ਉਨ੍ਹਾਂ ਦੀ ਅਕ੍ਰਿਤਘਣਤਾ ਹੀ ਸਮਝਦੇ ਹਨ।

੧੫੯

ਜਦੋਂ ਅਸੀਂ ਆਪਣੀ ਪੂਰਨਤਾ ਵਿਚ ਮਗਨ ਹੁੰਦੇ ਹਾਂ, ਉਸ ਵੇਲੇ ਅਸੀਂ ਖੁਸ਼ੀ ਖੁਸ਼ੀ ਆਪਣੇ ਫਲਾਂ ਨੂੰ ਵੰਡ ਸਕਦੇ ਹਾਂ।

੧੬੦

ਬਰਖਾ ਦੀਆਂ ਬੂੰਦਾਂ ਨੇ ਧਰਤੀ ਨੂੰ ਚੁੰਮਿਆ ਤੇ ਹੌਲੀ ਦੇ ਕੇ ਕਿਹਾ, 'ਅਸੀਂ ਤੇਰੇ ਘਰ ਆਉਣ ਲਈ ਵਿਆਕੁਲ ਹੋਈਆਂ ਤੇਰੀਆਂ ਬੱਚੀਆਂ ਹਾਂ

ਤੇ ਸਵਰਗ ਤੋਂ ਮੁੜੀਆਂ ਆ ਰਹੀਆਂ ਹਾਂ, ਮਾਂ!'

੧੬੧

ਮੱਕੜੀ ਦਾ ਜਾਲਾ ਤ੍ਰੇਲ-ਤੁਪਕਿਆਂ ਨੂੰ ਪਕੜਨ ਦਾ ਬਹਾਨਾ ਕਰਕੇ ਮੱਖੀਆਂ ਨੂੰ ਪਿਆ ਫਸਾ ਰਿਹਾ ਹੈ।

੧੬੨

ਪਿਆਰ! ਜਦੋਂ ਤੂੰ ਪੀੜਾ ਦਾ ਬਲਦਾ ਦੀਵਾ ਹੱਥ ਵਿਚ ਫੜ ਕੇ ਆਉਂਦਾ ਹੈਂ, ਮੈਂ ਤੈਨੂੰ ਚਾਨਣ ਵਿਚ ਪਹਿਚਾਨ ਲੈਂਦਾ ਹਾਂ ਤੇ ਇਕ ਰਹਿਮਤ ਸਮਝਦਾ ਹਾਂ।

੧੬੩

ਟਟਹਿਣੇ ਨੇ ਸਤਾਰਿਆਂ ਨੂੰ ਕਿਹਾ, 'ਸਿਆਣਿਆਂ ਦੀ ਰਾਇ ਹੈ ਕਿ ਤੁਹਾਡੀ ਚਮਕ ਇਕ ਦਿਨ ਬੰਦ ਹੋ ਜਾਵੇਗੀ।'

ਅਗੋਂ ਸਤਾਰਿਆਂ ਨੇ ਕੋਈ ਉਤਰ ਨ ਦਿਤਾ।

੧੬੪

ਚੜ੍ਹਦੀ ਪਰਭਾਤ ਦਾ ਪੰਛੀ ਸ਼ਾਮ ਦੀ ਧੁੰਦ ਸਮੇਂ ਮੇਰੀ ਖਾਮੋਸ਼ੀ ਦੇ ਆਹਲਣੇ ਵਿਚ ਆ ਟਿਕਦਾ ਹੈ।

੧੬੫

ਅਕਾਸ਼ ਵਿਚ ਲੰਘੇ ਜਾ ਰਹੇ ਹੰਸਾਂ ਦੀ ਡਾਰ ਵਾਂਙ ਮੇਰੇ ਦਿਲ ਵਿਚ ਖ਼ਿਆਲ ਉਡਾਰੀ ਲਾਉਂਦੇ ਆਉਂਦੇ ਹਨ।

ਤੇ ਮੈਂ ਉਨ੍ਹਾਂ ਦੇ ਖੰਭਾਂ ਦੀ ਅਵਾਜ਼ ਸੁਣਦਾ ਹਾਂ।

੧੬੬

ਨਹਿਰ ਇਹ ਸਮਝਕੇ ਖੁਸ਼ ਹੈ ਕਿ ਦਰਿਆ ਕੇਵਲ ਉਸ ਨੂੰ ਪਾਣੀ ਪੁਚਾਉਣ ਲਈ ਹੀ ਹਨ।

੧੬੭

ਸੰਸਾਰ ਮੇਰੀ ਆਤਮਾ ਨੂੰ ਆਪਣੀ ਵੇਦਨਾ ਨਾਲ ਛੂੰਹਦਾ ਪਿਆ ਹੈ ਤੇ ਉਸ ਦੇ ਬਦਲੇ ਮੇਰੇ ਪਾਸੋਂ ਗੀਤਾਂ ਦੀ ਜਾਚਨਾ ਕਰ ਰਿਹਾ ਹੈ।

੧੬੮

ਮੈਨੂੰ ਕੌਣ ਸਤਾ ਰਿਹਾ ਹੈ ?

ਕੀ ਇਹ ਮੇਰੀ ਹੀ ਆਤਮਾ ਹੈ ਜੋ ਬਾਹਰ ਖੁਲ੍ਹਾਂ ਵਿਚ ਆਉਣ ਦਾ ਜਤਨ ਕਰ ਰਹੀ ਹੈ ? ਯਾ ਫਿਰ ਇਹ ਸੰਸਾਰ ਦੀ ਆਤਮਾ ਹੈ ਜੋ ਮੇਰੇ ਅੰਦਰ ਪਰਵੇਸ਼ ਕਰਨ ਲਈ ਦਰਵਾਜ਼ਾ ਖਟ-ਖਟਾ ਰਹੀ ਹੈ ?

੧੬੯

ਵੀਚਾਰ ਆਪਣੇ ਸ਼ਬਦਾਂ ਰਾਹੀਂ ਹੀ ਪ੍ਰਵਰਸ਼ ਪਾ ਕੇ ਵਧਦਾ ਫੁਲਦਾ ਹੈ।

੧੭੦

ਮੈਂ ਆਪਣੇ ਦਿਲ ਦੇ ਕਟੋਰੇ ਨੂੰ ਖਾਮੋਸ਼ੀ ਦੀ ਘੜੀ ਵਿਚ ਡਬੋ ਦਿਤਾ ਹੈ, ਹੁਣ ਉਹ ਪ੍ਰੇਮ ਨਾਲ ਭਰ ਗਿਆ ਹੈ।

੧੭੧

ਯਾ ਤੁਸੀਂ ਕੁਛ ਕਰ ਰਹੇ ਹੋ ਯਾ ਤੁਸੀਂ ਕੁਛ ਵੀ ਨਹੀਂ ਕਰਦੇ।

ਜਦੋਂ ਤੁਸੀਂ ਇਹ ਪਏ ਕਹਿੰਦੇ ਹੋ, 'ਆਓ ਕੁਛ ਕਰੀਏ।' ਤਾਂ ਇਕ ਤਰ੍ਹਾਂ ਖ਼ਰਾਬੀ ਦਾ ਅਰੰਭ ਹੁੰਦਾ ਹੈ।

੧੭੨

ਸੂਰਜ ਮੁਖੀ ਦਾ ਫੁਲ ਕਿਸੇ ਗੁੰਮਨਾਮ ਫੁਲ ਨਾਲ ਆਪਣਾ ਰਿਸ਼ਤਾ ਦੱਸਕੇ ਸ਼ਰਮਿੰਦਾ ਜੇਹਾ ਹੋ ਗਿਆ। ਜਦੋਂ ਸੂਰਜ ਚੜ੍ਹਿਆ ਤਾਂ ਉਸ ਨੇ ਮੁਸਕਰਾ ਕੇ ਪੁਛਿਆ 'ਮੇਰੇ ਅਜ਼ੀਜ਼! ਰਾਜ਼ੀ ਹੈਂ।'

੧੭੩

ਹੋਣੀ ਵਾਂਙ ਮੈਨੂੰ ਕੌਣ ਅੱਗੇ ਧਕੇਲ ਰਿਹਾ ਹੈ ?

'ਮੇਰੀ ਪਿੱਠ ਤੇ ਸਵਾਰ ਮੇਰੀ ਆਤਮਾ।'

੧੭੪

ਬੱਦਲ ਦੂਰ ਪਹਾੜੀਆਂ ਵਿਚ ਛੁਪਕੇ ਦਰਿਆ ਦੇ ਜਲ-ਪਾਤਰ ਨੂੰ ਭਰਦੇ ਰਹਿੰਦੇ ਹਨ।

੧੭੫

ਮੈਂ ਰਾਹ ਵਿਚ ਟੁਰਿਆ ਆਉਂਦਾ ਆਪਣੇ ਹੀ ਘੜੇ ਦਾ ਪਾਣੀ ਡੋਲ੍ਹਦਾ ਜਾਂਦਾ ਹਾਂ। ਘਰ ਤਕ ਪਹੁੰਚਦਿਆਂ ਪਾਣੀ ਬਿਲਕੁਲ ਥੋੜਾ ਹੀ ਰਹਿ ਜਾਂਦਾ ਹੈ।

੧੭੬

ਭਾਂਡੇ ਵਿਚ ਪਾਇਆ ਪਾਣੀ ਚਮਕ ਰਿਹਾ ਹੈ ਤੇ ਸਮੁੰਦਰ ਵਿਚਲਾ

ਪਾਣੀ ਬੇਲਿਸ਼ਕ ਕਾਲਾ ਜੇਹਾ ਲਗਦਾ ਹੈ। ਨਿਕੀ ਸਚਾਈ ਸ਼ਬਦਾਂ ਰਾਹੀਂ ਪਰਗਟ ਹੋ ਜਾਂਦੀ ਹੈ ਤੇ ਵੱਡੀ ਸਚਾਈ ਵੱਡੀ ਖਾਮੋਸ਼ੀ ਧਾਰਦੀ ਹੈ।

੧੭੭

ਤੁਹਾਡੀ ਮੁਸਕਰਾਹਟ ਤੁਹਾਡੇ ਖੇਤਾਂ ਵਿਚ ਖਿੜੇ ਫੁਲਾਂ ਵਾਲੀ ਸੀ, ਤੁਹਾਡੀ ਗੁਫਤਗੂ ਪਹਾੜੀ ਤੇ ਉਗੀਆਂ ਖਲੋਤੀਆਂ ਤੁਹਾਡੀਆਂ ਹੀ ਚੀਲਾਂ ਦੀ ਸਾਂ ਸਾਂ ਵਰਗੀ ਸੀ, ਪਰੰਤੂ ਤੁਹਾਡਾ ਹਿਰਦਾ ਉਸ ਸੁੰਦਰੀ ਵਾਂਙ ਸੀ, ਜਿਸ ਨੂੰ ਅਸੀਂ ਸਾਰੇ ਜਾਣਦੇ ਹਾਂ।

੧੭੮

ਇਹ ਬੜੀਆਂ ਮਾਮੂਲੀ ਚੀਜ਼ਾਂ ਹਨ ਜੋ ਮੈਂ ਆਪਣੇ ਸਨੇਹੀਆਂ ਲਈ ਛਡ ਚਲਿਆ ਹਾਂ। ਦੁਨੀਆਂ ਦੀਆਂ ਵੱਡੀਆਂ ਚੀਜ਼ਾਂ ਤਾਂ ਹਰ ਇਕ ਲਈ ਹੀ ਹਨ।

੧੭੯

ਸੁੰਦਰੀ! ਤੂੰ ਸੰਸਾਰ ਦੇ ਦਿਲ ਨੂੰ ਆਪਣੇ ਅਥਾਹ ਅੱਥਰੂਆਂ ਨਾਲ ਉਸੇ ਤਰ੍ਹਾਂ ਘੇਰ ਰਖਿਆ ਹੈ, ਜਿਸ ਤਰ੍ਹਾਂ ਸਮੁੰਦਰ ਨੇ ਧਰਤੀ ਨੂੰ ਘੇਰਿਆ ਹੋਇਆ ਹੈ।

੧੮੦

ਊਸ਼ਾ ਦੀ ਲਾਲੀ ਮੁਸਕ੍ਰਾਉਂਦੀ ਹੋਈ ਮੇਰਾ ਸੁਆਗਤ ਕਰਦੀ ਹੈ। ਉਸ ਦੀ ਉਦਾਸ ਭੈਣ ਵਰਖਾ, ਮੇਰੇ ਦਿਲ ਦੇ ਨਾਲ ਗੱਲਾਂ ਪਈ ਕਰਦੀ ਹੈ।

੧੮੧

ਮੇਰੇ ਅਜ ਦੇ ਪੁਸ਼ਪ ਨੇ ਆਪਣੀਆਂ ਪੱਤੀਆਂ ਖਿਲਾਰ ਕੇ ਸੁਟ ਛੱਡੀਆਂ ਹਨ। ਸ਼ਾਮ ਵੇਲੇ ਇਹੋ ਫੁਲ ਪੱਕ ਕੇ ਯਾਦ ਦਾ ਸੁਨਹਿਰੀ ਫਲ ਬਣਦੇ ਗਏ।

੧੮੨

ਮੈਂ ਉਸ ਪੰਧ ਵਾਂਙ ਹਾਂ ਜੋ ਕਿ ਖਾਮੋਸ਼ੀ ਵਿਚ ਰਾਤ ਸਮੇਂ ਆਪਣੀਆਂ ਯਾਦਾਂ ਦੀਆਂ ਪੈਰ-ਅਵਾਜ਼ਾਂ ਸੁਣਿਆ ਕਰਦਾ ਹੈ।

੧੮੩

ਸ਼ਾਮ ਦਾ ਅਸਮਾਨ ਮੇਰੇ ਲਈ ਇਸ ਤਰ੍ਹਾਂ ਹੈ, ਜਿਵੇਂ ਇਕ ਬਾਰੀ, ਇਕ ਜਗਦਾ ਦੀਵਾ ਤੇ ਉਸਦੇ ਪਿਛੇ ਉਡੀਕ।

੧੮੪

ਜੋ ਦੂਸਰਿਆਂ ਦਾ ਭਲਾ ਕਰਨ ਵਿਚ ਹਰਦਮ ਮਸਰੂਫ ਰਹਿੰਦਾ ਹੈ, ਉਹ ਨਿਰੀ ਅਪਣੀ ਭਲਾਈ ਲਈ ਸਮਾਂ ਨਹੀਂ ਕੱਢ ਸਕਦਾ।

੧੮੫

ਮੈਂ ਸਰਦ ਰੁਤ ਦਾ ਪਾਣੀਓਂ-ਸੱਖਣਾ ਬੱਦਲ ਹਾਂ, ਮੇਰੀ ਪੂਰਨਤਾ ਪੱਕੇ ਹੋਏ ਧਾਨਾਂ ਦੇ ਖੇਤਾਂ ਵਿਚ ਤੱਕੋ।

੧੮੬

ਉਨ੍ਹਾਂ ਨੇ ਆਪਸ ਵਿਚ ਨਫ਼ਰਤ ਕੀਤੀ ਤੇ ਇਕ ਦੂਜੇ ਨੂੰ ਮਾਰਿਆ, ਬਾਕੀ ਆਦਮੀਆਂ ਵੀ ਇਸ ਗੱਲ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ।

ਪਰ ਈਸ਼ਵਰ ਲੱਜਿਤ ਹੋ ਕੇ ਇਸ ਯਾਦ ਨੂੰ ਹਰੇ ਘਾਹ ਹੇਠ ਛੁਪਾਉਣ ਲਈ ਉਤਾਵਲਾ ਪੈ ਜਾਂਦਾ ਹੈ।

੧੮੭

'ਅੰਗੂਠੇ' ਉਹ ਉਂਗਲੀਆਂ ਹਨ, ਜਿਨ੍ਹਾਂ ਨੇ ਆਪਣੇ ਬੀਤੇ ਦਾ ਨਿਰਾਦਰ ਕੀਤਾ ਹੈ।

੧੮੮

ਅਨ੍ਹੇਰਾ ਚਾਨਣ ਵਲ ਨੂੰ ਤੁਰਦਾ ਹੈ ਪਰ ਅਗਿਆਨਤਾ ਮੌਤ ਵਲ ਹੀ ਜਾਂਦੀ ਹੈ।

੧੮੯

ਪਾਲਤੂ ਕੁੱਤਾ ਸਮਝਦਾ ਹੈ ਕਿ ਸਾਰਾ ਸੰਸਾਰ ਹੀ ਉਸ ਦੀ ਜਗ੍ਹਾ ਮੱਲਣ ਲਈ ਵਿਉਂਤਾਂ ਘੜ ਰਿਹਾ ਹੈ।

੧੯੦

ਮੇਰੇ ਦਿਲ! ਅਜੇ ਸ਼ਾਂਤੀ ਨਾਲ ਟਿਕਿਆ ਰਹੁ, ਆਪਣੀ ਮਿਟੀ ਨ ਉਡਾ, ਸੰਸਾਰ ਆਪਣੇ ਆਪ ਹੀ ਤੇਰੀ ਢੂੰਡ ਕਰ ਲਏਗਾ।

੧੯੧

ਤੀਰ ਛੁਟਣ ਤੋਂ ਪਹਿਲਾਂ ਧਨੁਖ ਉਸ ਨੂੰ ਹੌਲੀ ਹੌਲੀ ਕਹਿੰਦਾ ਹੈ, 'ਤੇਰੀ ਸੁਤੰਤ੍ਰਤਾ ਮੇਰੀ ਸੁਤੰਤ੍ਰਤਾ ਵੀ ਹੈ।'

੧੯੨

ਹੇ ਸੁੰਦਰੀ! ਤੇਰੇ ਛਣਕਦੇ ਹਾਸੇ ਵਿਚ ਜ਼ਿੰਦਗੀ ਦੇ ਸੋਮੇ ਵਾਲਾ ਸੰਗੀਤ ਹੈ।

੧੯੩

ਕੇਵਲ ਮੰਤਕੀ ਆਦਮੀ ਦਸਤੇ ਤੋਂ ਸੱਖਣੀ ਛੁਰੀ ਵਾਂਙ ਹੈ, ਜੋ ਵਰਤਣ

ਵਾਲੇ ਦੇ ਹੱਥ ਨੂੰ ਹੀ ਖ਼ੂਨ ਨਾਲ ਰੰਗ ਦੇਂਦੀ ਹੈ।

੧੯੪

ਈਸ਼ਵਰ ਮਨੁਖ ਦੇ ਜਗਦੇ ਦੀਵੇ ਨੂੰ ਆਪਣੇ ਮਹਾਨ ਸਤਾਰਿਆਂ ਦੀ ਨਿਸਬਤ ਜ਼ਿਆਦਾ ਪਿਆਰਦਾ ਹੈ।

੧੯੫

ਇਹ ਸੰਸਾਰ ਭਿਆਨਕ ਤੂਫ਼ਾਨਾਂ ਦਾ ਸੰਸਾਰ ਹੈ, ਇਸ ਨੂੰ ਤਾਂ ਸੁੰਦਰਤਾ ਦੇ ਸੰਗੀਤ ਨੇ ਸ਼ਾਂਤ ਰਖਿਆ ਹੋਇਆ ਹੈ।

੧੯੬

ਸ਼ਾਮ ਦੇ ਬੱਦਲ ਨੇ ਸੂਰਜ ਨੂੰ ਆਖਿਆ ਕਿ ਮੇਰਾ ਹਿਰਦਾ ਤਾਂ ਤੇਰੇ ਚੁੰਬਨ ਦੇ ਸੁਨਹਿਰੀ ਡੱਬੇ ਵਾਂਙ ਹੈ।

੧੯੭

ਛੁਹ ਦੁਆਰਾ ਤੂੰ ਮਾਰ ਸਕਦਾ ਹੈਂ ਤੇ ਦੁਰੇਡੇ ਰਹਿਕੇ ਅਧਿਕਾਰ ਵੀ ਜਮਾ ਸਕਦਾ ਹੈਂ।

੧੯੮

ਬੀਂਡੇ ਦੀ ਝੰਕਾਰ ਤੇ ਮੀਂਹ ਦੀ ਅਵਾਜ਼ ਮੇਰੀ ਬੀਤੀ ਜੁਆਨੀ ਦੇ ਸੁਪਨਿਆਂ ਵਾਂਙ ਅੰਧੇਰੇ ਨੂੰ ਚੀਰਦੀ ਹੋਈ ਮੇਰੇ ਪਾਸ ਆਉਂਦੀ ਹੈ।

੧੯੯

ਫੁੱਲ, ਪਰਭਾਤ ਦੇ ਅਕਾਸ਼ ਨੂੰ ਜਿਸ ਦੇ ਸਤਾਰੇ ਗੁਆਚ ਗਏ ਹਨ, ਕਹਿੰਦਾ ਹੈ, 'ਮੇਰਾ ਤ੍ਰੇਲ-ਤੁਪਕਾ ਗੁੰਮ ਗਿਆ ਹੈ।'

੨੦੦

ਬਲਦੀ ਕਾਠ ਦੀ ਗੇਲੀ ਚਿੰਗਿਆੜੇ ਕੱਢਦੀ ਪੁਕਾਰ ਰਹੀ ਹੈ, 'ਇਹੋ ਮੇਰਾ ਫੁਲ ਹੈ ਤੇ ਇਹੋ ਮੇਰੀ ਮੌਤ।'

੨੦੧

ਟਿੱਡੀ ਸਮਝਦੀ ਹੈ ਕਿ ਉਸ ਦੀਆਂ ਗੁਆਂਢਣਾਂ ਸ਼ਹਿਦ-ਮੱਖੀਆਂ ਦਾ ਛਾਤਾ ਬਹੁਤ ਛੋਟਾ ਹੈ। ਸ਼ਹਿਦ ਦੀਆਂ ਮੱਖੀਆਂ ਕਹਿੰਦੀਆਂ ਹਨ :- 'ਤੂੰ ਇਸ ਤੋਂ ਵੀ ਨਿਕਾ ਜ਼ਰਾ ਬਣਾ ਕੇ ਤਾਂ ਦੱਸ।'

੨੦੨

ਕਿਨਾਰੇ ਨੇ ਨਦੀ ਨੂੰ ਆਖਿਆ, 'ਮੈਂ ਤੇਰੀਆਂ ਲਹਿਰਾਂ ਨੂੰ ਨਹੀਂ ਸਾਂਭ

ਸਕਦਾ।' ਉਸ ਦਾ ਜਵਾਬ ਸੀ 'ਲਿਆ, ਫਿਰ ਮੈਂ ਤੇਰੇ ਪੈਰ-ਚਿਤ੍ਰਾਂ ਨੂੰ ਆਪਣੇ ਸੀਨੇ ਵਿਚ ਸਾਂਭ ਕੇ ਰੱਖਾਂ।'

੨੦੩

ਦਿਨ, ਇਸ ਨਿਕੀ ਜਿਹੀ ਧਰਤੀ ਦੇ ਸ਼ੋਰ ਨਾਲ, ਬਾਕੀ ਸਾਰੇ ਸੰਸਾਰ ਦੀ ਸ਼ਾਂਤੀ ਨੂੰ ਡੁਬੋ ਦੇਂਦਾ ਹੈ।

੨੦੪

ਗੀਤ, ਪੌਣ ਵਿਚ ਲਾਇਨੰਤਹਾ (ਅਨੰਤ) ਦਾ, ਧਰਤੀ ਵਿਚ ਚਿਤ੍ਰ ਦਾ, ਪੌਣ ਤੇ ਪ੍ਰਿਥਵੀ ਵਿਚ ਕਵਿਤਾ ਦਾ ਅਨੁਭਵ ਕਰਦਾ ਹੈ ਕਿਉਂਕਿ ਇਸ ਦੇ ਸ਼ਬਦਾਂ ਦੇ ਅਰਥ ਹਰਕਤ ਰਖਦੇ ਤੇ ਇਸ ਦਾ ਸੰਗੀਤ ਉਡਾਰੀ ਲਾਉਣ ਵਾਲਾ ਹੈ।

੨੦੫

ਜਦੋਂ ਸੂਰਜ ਪੱਛਮ ਵਲ ਛਿਪ ਜਾਂਦਾ ਹੈ ਤਾਂ ਪ੍ਰਭਾਤ ਵਾਲੀ ਪੂਰਬ ਦਿਸ਼ਾ ਉਸ ਦੇ ਸਾਹਮਣੇ ਖਾਮੋਸ਼ ਹੋ ਕੇ ਖਲੋ ਜਾਂਦੀ ਹੈ।

੨੦੬

ਦੁਨੀਆਂ ਨਾਲ ਮੈਨੂੰ ਅਯੋਗ ਤਰ੍ਹਾਂ ਨਹੀਂ ਪੇਸ਼ ਆਉਣਾ ਚਾਹੀਦਾ ਤੇ ਉਸ ਨੂੰ ਆਪਣੇ ਵਿਰੁਧ ਨਹੀਂ ਕਰ ਲੈਣਾ ਚਾਹੀਦਾ।

੨੦੭

ਪ੍ਰਸ਼ੰਸਾ ਮੈਨੂੰ ਸ਼ਰਮਿੰਦਿਆਂ ਕਰਦੀ ਹੈ ਕਿਉਂਕਿ ਦਰਅਸਲ ਗੁਪਤ ਤੌਰ ਤੇ ਮੈਂ ਉਸਦੀ ਜਾਚਨਾ ਕਰਦਾ ਰਹਿੰਦਾ ਹਾਂ।

੨੦੮

ਕੰਮ ਦੇ ਨ ਹੋਣ ਤੇ ਵੀ, ਮੈਂ ਆਪਣੇ ਅਣਕੀਤੇਪਣ ਨਾਲ ਸ਼ਾਂਤੀ ਦੀ ਡੂੰਘਾਈ ਵਿਚ ਉਸੇ ਤਰ੍ਹਾਂ ਅਡੋਲ ਰਹਾਂ, ਜਿਸ ਤਰ੍ਹਾਂ ਸਾਗਰ-ਕਿਨਾਰੇ ਦੀ ਸ਼ਾਮ, ਜਲ ਦੇ ਸ਼ਾਂਤ ਹੋਣ ਨਾਲ ਅਡੋਲ ਹੋ ਜਾਂਦੀ ਹੈ।

੨੦੯

ਕੁਮਾਰੀ! ਤੇਰੀ ਸਾਦਗੀ (ਭੋਲਾਪਣ) ਝੀਲ ਦੇ ਨੀਲਤਣ ਵਾਂਙ ਤੇਰੀ ਅਸਲੀਅਤ ਦੀ ਗੰਭੀਰਤਾ ਨੂੰ ਪਰਗਟ ਕਰ ਰਹੀ ਹੈ।

੨੧੦

ਸਰਬੋਤਮਤਾ ਇਕੱਲੀ ਨਹੀਂ ਆਉਂਦੀ, ਉਹ ਸਾਰੇ ਸੰਗ ਦੇ ਨਾਲ

ਆਉਂਦੀ ਹੈ।

੨੧੧

ਈਸ਼ਵਰ ਦਾ ਸੱਜਾ ਹੱਥ ਕੋਮਲ ਪਰ ਉਸਦਾ ਖੱਬਾ ਹੱਥ ਬਹੁਤ ਕਰੜਾ ਹੈ।

੨੧੨

ਓਪਰੇ ਬ੍ਰਿਛਾਂ ਦੇ ਦਰਮਿਆਨ ਇਕ ਮੇਰੀ ਸੰਧਿਆ ਆਈ ਤੇ ਕੁਝ ਬੋਲੀ ਪਰ ਉਸਨੂੰ ਮੇਰੀ ਪ੍ਰਭਾਤ ਦੇ ਸਤਾਰੇ ਸਮਝ ਨ ਸਕੇ।

੨੧੩

ਰਾਤ ਦਾ ਅੰਧੇਰਾ ਇਕ ਥੈਲਾ ਹੈ, ਜਿਸ ਵਿਚੋਂ ਪ੍ਰਭਾਤ ਦਾ ਸੋਨਾ ਨਿਕਲ ਨਿਕਲ ਕੇ ਖਿਲਰਦਾ ਹੈ।

੨੧੪

ਸਾਡੀ ਇਛਾ ਜ਼ਿੰਦਗੀ ਦੇ ਬੁਖ਼ਾਰਾਤ ਤੇ ਧੁੰਦ ਨੂੰ ਸਤਰੰਗੀ ਪੀਂਘ ਦਾ ਰੰਗ ਦੇ ਦੇਂਦੀ ਹੈ।

੨੧੫

ਈਸ਼ਵਰ ਆਪਣੇ ਹੀ ਬਖਸ਼ੇ ਫੁਲਾਂ ਨੂੰ ਮਨੁੱਖ ਦੇ ਹੱਥੋਂ ਭੇਟਾ ਰੂਪ ਵਿਚ ਲੈਣ ਲਈ ਉਡੀਕਦਾ ਰਹਿੰਦਾ ਹੈ।

੨੧੬

ਮੇਰੀਆਂ ਉਦਾਸ ਸੋਚਾਂ ਮੈਥੋਂ ਆਪਣਾ ਨਾਮ ਪੁਛਕੇ ਮੈਨੂੰ ਚਿੜਾਂਦੀਆਂ ਰਹਿੰਦੀਆਂ ਹਨ।

੨੧੭

ਫਲ ਦੀ ਸੇਵਾ ਵਡਮੁੱਲੀ ਹੈ, ਫੁਲ ਦੀ ਖਿਦਮਤ ਵੀ ਮਿਠੀ ਹੈ ਪਰ ਮੇਰੀ ਸੇਵਾ ਸ਼ਰਧਾ-ਭਰਪੂਰ ਭਗਤੀ ਭਾਵ ਨਾਲ ਛਾਇਆ ਕਰਨ ਵਾਲਿਆਂ ਪੱਤਿਆਂ ਦੀ ਸੇਵਾ ਵਾਂਙ ਹੋਵੇ, ਐਸੀ ਮੇਰੀ ਲਾਲਸਾ ਹੈ।

੨੧੮

ਮੇਰੇ ਦਿਲ ਨੇ ਮੱਧਮ ਪੌਣ ਵਿਚ ਹੀ ਆਪਣੀ ਬੇੜੀ ਦੇ ਪਤਵਾਰ ਖੋਲ੍ਹ ਦਿਤੇ ਹਨ, ਉਹ ਭਾਵੇਂ ਇਸ ਨੂੰ ਕਿਸੇ ਵੀ ਛਾਇਆਦਾਰ ਟਾਪੂ ਵਿਚ ਲੈ ਜਾਵੇ।

੨੧੯

ਮਨੁੱਖ ਜ਼ਾਲਮ ਹੁੰਦੇ ਹਨ ਪਰ ਮੱਨੁਖ ਦਯਾਵਾਨ ਹੁੰਦਾ ਹੈ।

੨੨੦

ਤੂੰ ਮੈਨੂੰ ਆਪਣਾ ਪਿਆਲਾ ਬਣਾ ਲੈ ਤੇ ਮੇਰੀ ਪੂਰਨਤਾ ਤੇਰੀ ਤੇ ਕੇਵਲ ਤੇਰੇ ਲਈ ਹੀ ਹੋਵੇ।

੨੨੧

ਤੂਫ਼ਾਨ ਕਿਸੇ ਅਜੇਹੇ ਦੇਵਤਾ ਦੇ ਵਿਰਲਾਪ ਵਾਂਙ ਹੈ ਜਿਸ ਦੇ ਪਿਆਰ ਨੂੰ ਧਰਤੀ ਨੇ ਤ੍ਰਿਸਕਾਰ ਦਿਤਾ ਹੋਵੇ।

੨੨੨

ਸੰਸਾਰ ਮੁਕ ਨਹੀਂ ਸਕਦਾ ਚੂੰਕਿ ਮੌਤ ਕੋਈ ਐਸਾ ਛਿਦ੍ਰ ਨਹੀਂ ਜਿਸ ਰਾਹੀਂ ਸੰਸਾਰ ਦੇ ਸੁਆਸ ਵਹਿ ਨਿਕਲ਼ਣ।

੨੨੩

ਗੁਆਚੀ ਪ੍ਰੀਤਿ ਨੇ ਜੀਵਨ ਨੂੰ ਹੋਰ ਵੀ ਵਡਮੁੱਲਾ ਬਣਾ ਦਿਤਾ ਹੈ।

੨੨੪

ਮੇਰੇ ਮਿਤ੍ਰ! ਪ੍ਰਭਾਤ ਦੀ ਦਮਕਦੀ ਲਾਲੀ ਵਿਚ ਤੁਹਾਡਾ ਮਹਾਨ ਦਿਲ ਉਸੇ ਤਰ੍ਹਾਂ ਦ੍ਰਵ ਰਿਹਾ ਹੈ, ਜਿਸ ਤਰ੍ਹਾਂ ਊਸ਼ਾ ਵੇਲੇ ਕੱਲਮ-ਕੱਲੇ ਪਰਬਤ ਦੀ ਬਰਫ-ਲੱਦੀ ਚੋਟੀ ਚਮਕਦੀ ਹੁੰਦੀ ਹੈ।

੨੨੫

ਮੌਤ ਦਾ ਸੋਮਾ, ਜੀਵਨ ਦੇ ਖਲੋਤੇ ਪਾਣੀ ਨੂੰ ਨਾਚ ਕਰਾਉਂਦਾ ਪਿਆ ਹੈ।

੨੨੬

ਮੇਰੇ ਈਸ਼ਵਰ! ਜਿਨ੍ਹਾਂ ਪਾਸ ਸਭ ਕੁਛ ਹੈ, ਪਰ ਤੂੰ ਨਹੀਂ ਹੈਂ ਉਹ ਲੋਕ ਉਨ੍ਹਾਂ ਦਾ ਮਖੌਲ ਉੜਾਉਂਦੇ ਹਨ ਜਿਨ੍ਹਾਂ ਕੋਲ ਕੇਵਲ ਤੂੰ ਹੀ ਹੈਂ, ਹੋਰ ਕੁਛ ਨਹੀਂ।

੨੨੭

ਜੀਵਨ ਦੀ ਗਤੀ ਆਪਣੇ ਹੀ ਸੰਗੀਤ ਵਿਚ ਵਿਸਰਾਮ ਹਾਸਲ ਕਰਦੀ ਹੈ।

੨੨੮

ਠੋਕਰ ਮਾਰਨ ਨਾਲ ਧਰਤੀ ਵਿਚੋਂ ਮਿਟੀ ਤਾਂ ਉਡ ਸਕਦੀ ਹੈ, ਖੇਤੀ ਨਹੀਂ ਉਗ ਸਕਦੀ।

੨੨੯

ਸਾਡੇ ਨਾਮ ਉਨ੍ਹਾਂ ਦੀਵਿਆਂ ਵਾਂਙ ਹਨ ਜੋ ਸਮੁੰਦਰੀ ਲਹਿਰਾਂ ਤੇ ਕੁਝ

ਸਮੇਂ ਲਈ ਜਾਗਦੇ ਤੇ ਫਿਰ ਬਗ਼ੈਰ ਆਪਣਾ ਨਿਸ਼ਾਨ ਪਿਛੇ ਛਡੇ ਸੁਥ ਜਾਂਦੇ ਹਨ।

੨੩੦

ਗੁਲਾਬ ਤੱਕਣ ਵਾਲੀਆਂ ਅੱਖੀਆਂ ਨੂੰ ਉਸਦੇ ਕੰਡੇ ਵੀ ਤੱਕਣਾ ਦਿਓ।

੨੩੧

ਪੰਛੀ ਦੇ ਖੰਭਾਂ ਨੂੰ ਜੇਕਰ ਤੁਸੀਂ ਸੋਨੇ ਨਾਲ ਸ਼ਿੰਗਾਰ ਦਿਓਗੇ, ਤਾਂ ਉਹ ਮੁੜ ਅਕਾਸ਼ ਵਿਚ ਨਹੀਂ ਉਡ ਸਕੇਗਾ।

੨੩੨

ਸਾਡੇ ਦੇਸ਼ ਦਾ ਉਹੋ ਕਮਲ ਹੋਰ ਥਾਂ ਦੇ ਤਲਾ ਵਿਚ ਵੀ ਉਸੇ ਮਿਠਾਸ ਨਾਲ ਵਿਗਸ ਰਿਹਾ ਹੈ ਪਰ ਉਥੇ ਉਸ ਦਾ ਨਾਮ ਹੋਰ ਹੈ।

੨੩੩

ਦਿਲ ਦੀ ਨਜ਼ਰ ਵਿਚ ਫ਼ਾਸਲਾ ਬਹੁਤ ਜ਼ਿਆਦਾ ਲਗਦਾ ਹੈ।

੨੩੪

ਚੰਨ ਆਪਣੀ ਚਾਨਣੀ ਅਕਾਸ਼ ਵਿਚ ਫੈਲਾਉਂਦਾ ਹੈ ਪਰ ਅਪਣਾ ਕਲੰਕ ਕੇਵਲ ਆਪਣੇ ਪਾਸ ਹੀ ਰਖਦਾ ਹੈ।

੨੩੫

'ਇਹ ਪ੍ਰਭਾਤ ਹੈ' - ਅਜੇਹਾ ਕਹਿਕੇ ਉਸ ਨੂੰ ਕੱਲ ਵਾਲੇ ਪੁਰਾਣੇ ਨਾਂ ਨਾਲ ਚੇਤੇ ਕਰਕੇ ਟਾਲ ਨ ਦੇਵੋ। ਇਕ ਵੇਰਾਂ ਇਸਨੂੰ ਇਉਂ ਤੱਕੋ ਜਿਸ ਤਰ੍ਹਾਂ ਨਵੇਂ ਜੰਮੇ ਬੱਚੇ ਨੂੰ ਤੱਕਦੇ ਹੋ, ਜਿਸਦਾ ਅਜੇ ਨਾਮ ਵੀ ਨਹੀਂ ਰਖਿਆ ਹੁੰਦਾ।

੨੩੬

ਸੁਆਹ ਧਰਤੀ ਕੋਲ ਤੇ ਧੂੰਆਂ ਅਕਾਸ਼ ਪਾਸ ਜਾ ਕੇ ਡੀਂਗ ਮਾਰਦਾ ਹੈ, 'ਅਸੀਂ ਵੀ ਅਗਨੀ ਦੇਵਤਾ ਦੇ ਭੈਣ ਭਰਾ ਹਾਂ।'

੨੩੭

ਬਾਰਸ਼ ਦੀ ਬੂੰਦ ਨੇ ਆਖਿਆ, 'ਤੁਸੀਂ ਮੈਨੂੰ ਹਮੇਸ਼ਾਂ ਲਈ ਆਪਣੇ ਸੀਨੇ ਨਾਲ ਲਾ ਰੱਖੋ', ਚੰਬੇਲੀ ਨੇ ਹੌਕਾ ਭਰਿਆ ਤੇ ਉਹ ਧਰਤੀ ਤੇ ਝੜ ਡਿੱਗੀ।

੨੩੮

ਕਾਇਰ ਵਿਚਾਰੋ! ਤੁਸੀਂ ਮੈਥੋਂ ਕਿਉਂ ਡਰਦੇ ਹੋ, ਮੈਂ ਤਾਂ ਕਵੀ ਹਾਂ।

੨੩੯

ਮੇਰੀ ਮਨ ਦੀ ਮੱਧਮ ਖਾਮੋਸ਼ੀ, ਬੀਂਡੇ ਦੀ ਝੰਕਾਰ ਵਾਂਙ ਸ਼ਾਮ ਦੀ ਅਵਾਜ਼ ਨਾਲ ਗੂੰਜ ਰਹੀ ਹੈ।

੨੪੦

ਹੇ ਆਤਸ਼ਬਾਜ਼ੀ! ਤੇਰੇ ਵਲੋਂ ਸਤਾਰਿਆਂ ਦਾ ਕੀਤਾ ਅਪਮਾਨ ਤੇਰੇ ਨਾਲ ਹੀ ਧਰਤੀ ਤੇ ਵਾਪਸ ਆ ਜਾਂਦਾ ਹੈ।

੨੪੧

ਤੂੰ ਮੇਰੀ ਸ਼ੋਰ-ਭਰੇ ਦਿਨ ਵਿਚ ਅਗਵਾਈ ਕਰਕੇ ਮੇਰੀ ਯਾਤਰਾ ਪੂਰੀ ਕਰਾਈ ਹੈ ਤੇ ਮੈਨੂੰ ਸ਼ਾਮ ਦੀ ਏਕਾਂਤ ਵਿਚ ਪਹੁੰਚਦਾ ਕੀਤਾ ਹੈ।

ਮੈਂ ਰਾਤ ਦੀ ਚੁਪ-ਚਾਪ ਰਾਹੀਂ ਤੇਰੇ ਇਸ ਮੰਤਵ ਦੀ ਵੀਚਾਰ ਕਰ ਰਿਹਾ ਹਾਂ।

੨੪੨

ਇਹ ਜ਼ਿੰਦਗੀ ਇਕ ਸਮੁੰਦਰੀ ਯਾਤ੍ਰਾ ਹੈ, ਜਿਥੇ ਅਸੀਂ ਨਿਕੇ ਜੇਹੇ ਬੇੜੇ ਵਿਚ ਇਕੱਠੇ ਹੁੰਦੇ ਹਾਂ, ਮੌਤ ਕਿਨਾਰੇ ਤੇ ਪਹੁੰਚਣ ਵਾਂਙ ਹੈ, ਜਿਥੋਂ ਸਭ ਲੋਕ ਆਪਣੇ ਆਪਣੇ ਥਾਂਵਾਂ ਨੂੰ ਚਲੇ ਜਾਂਦੇ ਹਨ।

੨੪੩

ਸਚਾਈ ਦੀ ਨਦੀ ਭੁੱਲਾਂ ਦੇ ਪਾਟ ਵਿਚੋਂ ਦੀ ਹੋ ਕੇ ਹੀ ਲੰਘਦੀ ਹੈ।

੨੪੪

ਅਜ ਮੇਰਾ ਦਿਲ, ਸਮੇਂ ਦੇ ਸਾਗਰ ਨੂੰ ਪਾਰ ਕਰਕੇ ਇਕ ਮਿਠੀ ਘੜੀ ਬਿਤਾਉਣ ਲਈ ਤਾਂਘ ਰਿਹਾ ਹੈ।

੨੪੫

ਪੰਛੀਆਂ ਦਾ ਗੀਤ ਪ੍ਰਭਾਤ ਦੇ ਚਾਨਣ ਦੀ (ਧਰਤੀ ਤੋਂ) ਵਾਪਸ ਆਈ ਪ੍ਰਤਿਧੁਨੀ ਹੈ।

੨੪੬

ਪ੍ਰਭਾਤ ਦੀ ਚਾਨਣੀ ਫੁੱਲ ਨੂੰ ਪੁਛਦੀ ਹੈ, 'ਕੀ ਮੇਰੇ ਚੁੰਬਨ ਨਾਲ ਤੁਹਾਨੂੰ ਕੋਈ ਮਾਣ ਦਾ ਨਸ਼ਾ ਜੇਹਾ ਚੜ੍ਹ ਜਾਂਦਾ ਹੈ ?'

੨੪੭

ਨਿਕੇ ਜੇਹੇ ਫੁਲ ਨੇ ਪੁਛਿਆ, 'ਹੇ ਸੂਰਜ! ਮੈਂ ਕਿਸ ਤਰ੍ਹਾਂ ਤੈਨੂੰ ਆਪਣਾ

ਗੀਤ ਸੁਣਾਵਾਂ ਤੇ ਤੇਰੀ ਪੂਜਾ ਕਰਾਂ ?' ਸੂਰਜ ਨੇ ਉਤਰ ਦਿਤਾ, 'ਆਪਣੀ ਪਵਿਤ੍ਰਤਾ ਦੀ ਸਾਦਾ ਖਾਮੋਸ਼ੀ ਨਾਲ।'

੨੪੮

ਮਨੁਖ ਪਸੂ ਨਾਲੋਂ ਵੀ ਬੁਰਾ ਹੋ ਜਾਂਦਾ ਹੈ, ਜਦੋਂ ਉਹ ਪਸ਼ੂ ਹੋ ਜਾਂਦਾ ਹੈ।

੨੪੯

ਚਾਨਣ, ਜਦੋਂ ਕਾਲੇ ਬੱਦਲਾਂ ਨੂੰ ਚੁੰਮਦਾ ਹੈ, ਉਹ ਸਵਰਗ ਦੇ ਫੁਲ ਬਣ ਜਾਂਦੇ ਹਨ।

੨੫੦

ਤਲਵਾਰ ਦੀ ਧਾਰ ਨੂੰ ਇਸ ਗੱਲ ਤੇ ਹੱਸਣਾ ਨਹੀਂ ਚਾਹੀਦਾ ਕਿ ਉਸਦਾ ਦਸਤਾ ਖੁਰਦਰਾ ਹੈ।

੨੫੧

ਰਾਤ ਦੀ ਖਾਮੋਸ਼ੀ ਮੱਧਮ ਦੀਵੇ ਵਾਂਙ ਆਪਣੀਆਂ ਖਿਤੀਆਂ ਦੇ ਚਾਨਣ ਨਾਲ ਜਗਮਗਾ ਰਹੀ ਹੈ।

੨੫੨

ਮੌਤ ਦਾ ਅਨੰਤ ਸਾਗਰ-ਸੰਗੀਤ, ਰਾਤ ਦਿਨ ਸੂਰਜ ਦੁਆਰਾ ਰੌਸ਼ਨ ਜੀਵਨ-ਟਾਪੂ ਦੁਆਲੇ ਬਾਂਹਾਂ ਫ਼ੈਲਾਉਂਦਾ ਰਹਿੰਦਾ ਹੈ।

੨੫੩

ਕੀ ਇਹ ਪਰਬਤ, ਫੁਲ ਵਾਂਙ ਆਪਣੇ ਟਿਲਿਆਂ ਦੀਆਂ ਪੰਖੜੀਆਂ ਰਾਹੀਂ ਸੂਰਜ ਦਾ ਪ੍ਰਕਾਸ਼ ਨਹੀਂ ਪੀ ਰਿਹਾ ?

੨੫੪

ਅਸਲੀਅਤ ਦਾ ਉਲਟ ਅਰਥ ਕੀਤਿਆਂ ਤੇ ਉਸਦੇ ਉਸ ਹਿਸੇ ਤੇ ਜ਼ੋਰ ਦਿਤਿਆਂ ਜਿਸ ਤੇ ਜ਼ੋਰ ਦੇਣਾ ਨਹੀਂ ਚਾਹੀਦਾ, ਅਸਲੀਅਤ ਝੂਠ ਵਿਚ ਬਦਲ ਜਾਂਦੀ ਹੈ।

੨੫੫

ਜਿਸ ਤਰ੍ਹਾਂ ਬੇੜੀ ਪੌਣ ਤੇ ਪਾਣੀ ਦੇ ਵੇਗ ਨਾਲ ਸ਼ੋਭਾ ਪਾਉਂਦੀ ਹੈ, ਇਸੇ ਤਰ੍ਹਾਂ ਹੇ ਮੇਰੇ ਦਿਲ! ਤੂੰ ਵੀ ਸੰਸਾਰ ਦੇ ਵੇਗ ਤੋਂ ਆਪਣੀ ਮਨੋਹਰਤਾ ਹਾਸਲ ਕਰ।

੨੫੬

ਨੈਣਾਂ ਨੂੰ ਆਪਣੀ ਜੋਤਿ ਦਾ ਮਾਣ ਨਹੀਂ ਹੈ, ਜਿਤਨਾ ਕਿ ਐਨਕਾਂ ਦਾ।

੨੫੭

ਮੈਂ ਇਸ ਨਿਕੇ ਜੇਹੇ ਸੰਸਾਰ ਵਿਚ ਵਸਦਾ ਹਾਂ ਤੇ ਹਮੇਸ਼ਾਂ ਡਰਦਾ ਰਹਿੰਦਾ ਹਾਂ ਕਿ ਕਿਤੇ ਇਸ ਵਿਚ ਕੋਈ ਕਮੀ ਨਾ ਆ ਜਾਵੇ। ਹੇ ਪ੍ਰਭੂ! ਤੂੰ ਮੈਨੂੰ ਆਪਣੀ ਦੁਨੀਆਂ ਵਿਚ ਲੈ ਚਲ ਤੇ ਅਜੇਹੀ ਖੁਲ੍ਹ-ਦਿਲੀ ਬਖਸ਼ ਕਿ ਮੈਂ ਆਪਣਾ ਸਭ ਕੁਝ ਖੁਸ਼ੀ ਖੁਸ਼ੀ ਛੱਡ ਸੱਕਾਂ।

੨੫੮

ਝੂਠ ਤਾਕਤ ਹਾਸਲ ਕਰਕੇ ਵੀ ਕਦੀ ਸੱਚ ਨਹੀਂ ਬਣ ਸਕਦਾ।

੨੫੯

ਮੇਰਾ ਹਿਰਦਾ ਸੰਗੀਤ ਦੀਆਂ ਲਿਪਟੀਆਂ ਲਹਿਰਾਂ ਨਾਲ ਇਸ ਸੂਰਜ-ਕਿਰਣਾਂ ਨਾਲ ਜਗਮਗਾਉਂਦੇ ਅਤੇ ਨਿਘੇ ਹੋਏ, ਹਰੇ ਭਰੇ ਸੰਸਾਰ ਨਾਲ ਲਾਡ ਲਡਾਉਣਾ ਚਾਹੁੰਦਾ ਹੈ।

੨੬੦

ਹੇ ਰਾਹ ਦੇ ਕਿਨਾਰੇ ਉਗੇ ਘਾਹ! ਤੂੰ ਸੂਰਜ ਨਾਲ ਪਿਆਰ ਕਰ ਤਾਂ ਹੀ ਤੇਰੇ ਸੁਪਨੇ ਫੁਲ ਬਣ ਕੇ ਖਿੜ ਸਕਣਗੇ।

੨੬੧

ਰੱਬ ਕਰੇ, ਤੁਹਾਡਾ ਸੰਗੀਤ ਤਲਵਾਰ ਦੀ ਤਰ੍ਹਾਂ ਲੋਕਾਂ ਦੇ ਸ਼ੋਰ-ਭਰੇ ਦਿਲ ਨੂੰ ਚੀਰ ਚੀਰ ਨਿਕਲੇ।

੨੬੨

ਇਸ ਬ੍ਰਿਛ ਦੇ ਥਰ-ਥਰਾਂਦੇ ਪੱਤੇ ਮਾਸੂਮ ਬਾਲਕ ਦੀਆਂ ਉਂਗਲਾਂ ਵਾਂਙ ਮੇਰੇ ਦਿਲ ਨੂੰ ਛੂਹ ਰਹੇ ਹਨ।

੨੬੩

ਮੇਰੇ ਪ੍ਰਭੂ! ਮੈਨੂੰ ਮੇਰੇ ਬੀਤੇ ਯੁਗ ਤੋਂ ਰਿਹਾਈ ਦਿਵਾਓ ਜੋ ਕਿ ਵਲ੍ਹੇਟਾ ਮਾਰੀਂ ਮੇਰੀ ਮੌਤ ਨੂੰ ਵੀ ਮੁਸ਼ਕਲ ਬਣਾ ਰਿਹਾ ਹੈ।

ਇਹ ਮੇਰੀ ਰੂਹ ਦੀ ਉਦਾਸੀ, ਦੁਲਹਨ ਦੇ ਘੁੰਡ ਵਾਂਙ ਹੈ ਜੋ ਕਿ ਰਾਤ ਸਮੇਂ ਉਠਾਏ ਜਾਣ ਦੀ ਉਡੀਕ ਵਿਚ ਹੈ।

੨੬੪

ਨਿੱਕਾ ਫੁਲ ਧੂੜ ਵਿਚ ਡਿਗਾ ਪਿਆ ਹੈ, ਇਸ ਨੇ ਤਿਤਲੀ ਦੀ ਰੀਸ ਕਰਨੀ ਚਾਹੀ ਸੀ।

੨੬੫

ਮੈਂ ਰਾਹਾਂ ਦੇ ਸੰਸਾਰ ਵਿਚ ਵਿਚਰ ਰਿਹਾ ਹਾਂ, ਰਾਤ ਹੋ ਰਹੀ ਹੈ, ਮੇਰੇ ਲਈ ਤੂੰ ਆਪਣੇ ਘਰ ਦਾ ਦਰਵਾਜ਼ਾ ਖੋਲ੍ਹ ਦੇ।

੨੬੬

ਮੈਂ ਤੇਰੇ ਦਿਨ ਦੇ ਗੀਤ ਗਾਏ ਹਨ, ਸ਼ਾਮ ਸਮੇਂ ਵੀ ਇਸ ਝੱਖੜਾਂ-ਭਰੇ ਪੰਧ ਤੇ ਤੂੰ ਮੈਨੂੰ ਆਪਣਾ ਦੀਵਾ ਲਈ ਜਾਣ ਦੇ।

੨੬੭

ਮੈਂ ਤੁਹਾਨੂੰ ਆਪਣੇ ਘਰ ਨਹੀਂ ਸੱਦਦੀ, ਮੇਰੇ ਪਿਆਰੇ! ਮੈਨੂੰ ਅਨੰਤ ਏਕਾਂਤ ਵਿਚ ਆ ਕੇ ਮਿਲੋ।

੨੬੮

ਜੀਵਨ ਦਾ ਮੌਤ ਨਾਲ ਉਸੇ ਤਰ੍ਹਾਂ ਦਾ ਸਬੰਧ ਹੈ ਜਿਸ ਤਰ੍ਹਾਂ ਪੈਦਾਇਸ਼ ਦਾ। ਟੁਰਨ ਲਈ ਪੈਰ ਚੁਕਣਾ ਉਤਨਾ ਹੀ ਜ਼ਰੂਰੀ ਹੈ ਜਿਤਨਾ ਪੈਰ ਟਿਕਾਉਣਾ।

੨੬੯

ਮੈਂ ਫੁਲਾਂ ਵਿਚ ਤੇ ਸੂਰਜ ਦੀ ਰੋਸ਼ਨੀ ਵਿਚ ਗੁਣ-ਗੁਣਾਉਂਦੀ ਤੇਰੀ ਗੱਲ-ਬਾਤ ਦਾ ਸਰਲ ਭਾਵ ਸਮਝ ਸਕਿਆ ਹਾਂ।

ਮੈਨੂੰ ਮਤਿ ਦੇ ਕਿ ਮੈਂ ਸੰਕਟ ਤੇ ਮੌਤ ਸਮੇਂ ਵੀ ਤੇਰੇ ਬੋਲਾਂ ਨੂੰ ਜਾਣ ਸਕਾਂ।

੨੭੦

ਰਾਤ ਦੀ ਕਲੀ ਕੁਝ ਲੇਟ ਸੀ, ਜਿਸ ਵੇਲੇ ਪ੍ਰਭਾਤ ਨੇ ਉਸ ਨੂੰ ਚੁੰਮਿਆ ਤਾਂ ਉਹ ਕੰਬਦੀ ਕੰਬਦੀ ਤੇ ਹੌਕੇ ਲੈਂਦੀ ਧਰਤੀ ਉਤੇ ਡਿਗ ਪਈ।

੨੭੧

ਸਾਰੀਆਂ ਚੀਜ਼ਾਂ ਦੀ ਉਦਾਸੀ ਵਿਚ ਮੈਂ ਉਸ ਅਨੰਤ ਮਾਤਾ ਦਾ ਸੰਗੀਤ ਸੁਣਦਾ ਰਹਿੰਦਾ ਹਾਂ।

੨੭੨

ਮੇਰੀ ਧਰਤੀ! ਮੈਂ ਤੇਰੇ ਪਾਸ ਪਰਦੇਸੀ ਵਾਂਙ ਆਇਆ ਸਾਂ ਤੇ

ਮਿਹਮਾਨਾਂ ਵਾਂਙ ਮੈਂ ਤੇਰੇ ਘਰ ਰਿਹਾ ਹਾਂ, ਹੁਣ ਤੇਰਾ ਦਰ ਛੱਡਕੇ ਮਿਤ੍ਰਾਂ ਵਾਂਗ ਜਾ ਰਿਹਾ ਹਾਂ।

੨੭੩

ਜਦੋਂ ਮੈਂ ਚਲਾ ਜਾਵਾਂ ਤਾਂ ਮੇਰੇ ਵੀਚਾਰਾਂ ਨੂੰ ਮੇਰੇ ਕੋਲ ਇਸੇ ਤਰ੍ਹਾਂ ਆਉਣ ਦੇਣਾ, ਜਿਸ ਤਰ੍ਹਾਂ ਛਿਪਦੇ ਸੂਰਜ ਦੀ ਅੰਤਮ ਰੋਸ਼ਨੀ ਖਾਮੋਸ਼ ਸਤਾਰਿਆਂ ਪਾਸ ਆਉਂਦੀ ਹੈ।

੨੭੪

ਮੇਰੇ ਹਿਰਦੇ ਵਿਚ ਆਰਾਮ ਦਾ ਸੰਧਿਆ-ਸਤਾਰਾ ਜਗਾਓ ਤੇ ਰਾਤ੍ਰੀ ਦੇਵੀ ਨੂੰ ਮੇਰੇ ਕੰਨਾਂ ਵਿਚ ਪ੍ਰੇਮ-ਵਾਰਤਾ ਗੁਣਗੁਣਾਉਣ ਦਿਓ।

੨੭੫

ਮੈਂ ਅੰਧੇਰੇ ਵਿਚ ਬੈਠੇ ਬੱਚੇ ਵਾਂਗ ਹਾਂ, ਮਾਂ! ਮੈਂ ਰਾਤ ਦੇ ਪਰਦੇ ਥਾਣੀਂ ਤੇਰੇ ਵਲ ਬਾਂਹਾਂ ਫੈਲਾ ਰਿਹਾ ਹਾਂ।

੨੭੬

ਕੰਮ ਕਾਰ ਦਾ ਦਿਨ ਖ਼ਤਮ ਹੋ ਗਿਆ, ਮਾਂ! ਹੁਣ ਮੇਰਾ ਮੂੰਹ ਆਪਣੀ ਗੋਦ ਵਿਚ ਲੁਕੋ ਲੈ, ਤੇ ਮੈਨੂੰ ਸੁਪਨੇ ਤੱਕਣ ਦੇ।

੨੭੭

ਮਿਲਾਪ ਦਾ ਦੀਵਾ ਚਿਰ ਤਕ ਜਗਦਾ ਰਹਿੰਦਾ ਹੈ, ਪਰ ਵਿਛੋੜਾ ਹੋਣ ਤੇ ਇਹ ਖਿਨ ਵਿਚ ਹੀ ਬੁਝ ਜਾਂਦਾ ਹੈ।

੨੭੮

ਓ ਸੰਸਾਰ! ਮੇਰੇ ਮਰ ਜਾਣ ਤੇ ਆਪਣੀ ਖਾਮੋਸ਼ੀ ਵਿਚ ਮੇਰੀ ਬਾਬਤ ਇਕੋ ਗੱਲ ਯਾਦ ਰਖਣੀ, 'ਮੈਂ ਪਿਆਰ ਕੀਤਾ ਹੈ।'

੨੭੯

ਅਸੀਂ ਉਤਨਾ ਚਿਰ ਹੀ ਇਸ ਸੰਸਾਰ ਵਿਚ ਜੀਉਂਦੇ ਹਾਂ, ਜਿਤਨਾ ਚਿਰ ਅਸੀਂ ਇਸ ਨੂੰ ਪਿਆਰਦੇ ਹਾਂ।

੨੮੦

ਮਰ ਚੁਕੇ ਲੋਕਾਂ ਨੂੰ ਅਮਰ ਪ੍ਰਸਿਧੀ ਦੀ ਲੋੜ ਹੈ ਪਰ ਜੀਉਂਦਿਆਂ ਨੂੰ ਅਮਰ ਪ੍ਰੀਤਿ ਦੀ ਜ਼ਰੂਰਤ ਹੈ।

੨੮੧

ਮੈਂ ਤੈਨੂੰ ਉਸ ਤਰ੍ਹਾਂ ਤੱਕਿਆ ਹੈ ਜਿਸ ਤਰ੍ਹਾਂ ਕੱਚੀ ਨੀਂਦੇ ਉੱਠਿਆ ਬੱਚਾ ਸਵੇਰ ਦੇ ਘੁਸਮੁਸੇ ਵਿਚ ਆਪਣੀ ਮਾਤਾ ਨੂੰ ਤੱਕਦਾ, ਮੁਸਕ੍ਰਾਉਂਦਾ ਤੇ ਫਿਰ ਸੌਂ ਜਾਂਦਾ ਹੈ।

੨੮੨

ਜੀਵਨ ਅਮਰ ਹੈ, ਇਸ ਗੱਲ ਨੂੰ ਜਾਣਨ ਲਈ ਮੈਂ ਬਾਰ ਬਾਰ ਆਪਣੇ ਪ੍ਰਾਣ ਤਿਆਗਾਂ ਗਾ।

੨੮੩

ਜਿਸ ਸਮੇਂ ਮੈਂ ਲੋਕਾਂ ਦੀ ਭੀੜ ਨਾਲ ਰਸਤੇ ਰਸਤੇ ਜਾ ਰਿਹਾ ਸਾਂ, ਮੈਂ ਤੁਹਾਨੂੰ ਅਟਾਰੀ ਤੇ ਮੁਸਕ੍ਰਾਂਦਿਆਂ ਤੱਕਿਆ, ਉਸੇ ਵੇਲੇ ਮੈਂ ਸ਼ੋਰ-ਸ਼ਰਾਬੇ ਨੂੰ ਭੁਲ ਕੇ ਗੀਤ ਗਾਉਣ ਲਗ ਪਿਆ।

੨੮੪

ਸ਼ਰਾਬ ਨਾਲ ਭਰੇ ਪਿਆਲੇ ਵਾਂਗ ਪ੍ਰੇਮ ਦੀ ਭਰਪੂਰਤਾ ਹੀ ਜੀਵਨ ਹੈ।

੨੮੫

ਉਹ ਆਪਣੇ ਆਪਣੇ ਮੰਦਰਾਂ ਵਿਚ ਆਪਣੇ ਦੀਵੇ ਜਗਾ ਕੇ ਆਪਣੀ ਆਪਣੀ ਬੋਲੀ ਵਿਚ ਹੀ ਗੀਤ ਗਾਉਂਦੇ ਹਨ। ਪਰ ਪੰਛੀ, ਤੇਰਾ ਨਾਮ ਤੇਰੀ ਹੀ ਆਪਣੀ ਪ੍ਰਭਾਤ ਦੀ ਰੌਸ਼ਨੀ ਵਿਚ ਗਾਂਦੇ ਹਨ ਚੂੰਕਿ ਤੇਰਾ ਨਾਮ ਹੀ ਪ੍ਰਸੰਨਤਾ ਹੈ।

੨੮੬

ਜਿਥੇ ਤੇਰੀ ਖਾਮੋਸ਼ੀ ਦਾ ਕੇਂਦਰ ਹੈ, ਉਥੇ ਮੈਨੂੰ ਲੈ ਚਲ ਤਾਂ ਕਿ ਮੈਂ ਆਪਣੇ ਦਿਲ ਨੂੰ ਗੀਤਾਂ ਨਾਲ ਭਰ ਸੱਕਾਂ।

੨੮੭

ਮੇਰੇ ਪ੍ਰਭੂ! ਮੇਰਾ ਦਿਲ ਤਾਂ ਤੇਰੇ ਸਤਾਰਿਆਂ ਲਈ ਹੀ ਤਾਂਘ ਰਿਹਾ ਹੈ, ਜੋ ਲੋਕ ਫੁੰਕਾਰੇ ਮਾਰਦੀਆਂ ਆਤਸ਼ਬਾਜ਼ੀਆਂ ਨੂੰ ਵੇਖਣਾ ਚਾਹੁੰਦੇ ਹਨ, ਉਹ ਜੀ ਸਦਕੇ ਵੇਖਣ।

੨੮੮

ਪ੍ਰੇਮ-ਪੀੜਾ ਮੇਰੇ ਜੀਵਨ ਦੁਆਲੇ ਅਥਾਹ ਸਾਗਰ ਵਾਂਗ ਤੇ ਪ੍ਰੇਮ-ਅਨੰਦ

ਫੁਲਾਂ-ਭਰੇ ਬਣ ਦੇ ਪੰਛੀਆਂ ਵਾਂਗ ਮੇਰੇ ਗਿਰਦ ਨਾਦ ਛੇੜ ਰਿਹਾ ਹੈ।

੨੮੯

ਜਦ ਤੇਰੀ ਮਰਜ਼ੀ ਹੋਵੇ, ਦੀਵਾ ਬੁਝਾ ਦੇਵੀਂ। ਮੈਂ ਤੇਰੇ ਅੰਧੇਰੇ ਨੂੰ ਪਛਾਣ ਲਵਾਂਗਾ ਤੇ ਇਸਨੂੰ ਪਿਆਰ ਕਰਾਂਗਾ।

੨੯੦

ਦਿਨ ਦੇ ਖਤਮ ਹੋਣ ਤੇ ਜਦੋਂ ਮੈਂ ਤੇਰੇ ਸਾਹਮਣੇ ਆਵਾਂਗਾ ਤਾਂ ਤੂੰ ਮੇਰੇ ਫੱਟਾਂ ਨੂੰ ਤੱਕੇਂਗਾ ਤੇ ਜਾਣੇਂਗਾ ਕਿ ਮੇਰੇ ਕਾਰੀ ਜ਼ਖਮ ਲੱਗੇ ਹੋਏ ਹਨ ਤੇ ਉਹ ਰਾਜ਼ੀ ਵੀ ਹੋ ਰਹੇ ਹਨ।

੨੯੧

ਕਿਸੇ ਦਿਨ ਕਿਸੇ ਹੋਰ ਦੁਨੀਆਂ ਵਿਚ ਮੈਂ ਤੈਨੂੰ ਪ੍ਰਭਾਤ ਵੇਲੇ ਇਹ ਗੀਤ ਗਾ ਕੇ ਸੁਣਾਵਾਂਗਾ : 'ਮੈਂ ਤੈਨੂੰ ਇਸ ਤੋਂ ਪਹਿਲਾਂ ਧਰਤੀ ਦੇ ਚਾਨਣ ਵਿਚ ਮਨੁੱਖ ਦੇ ਪਿਆਰ ਅੰਦਰ ਤੱਕਿਆ ਹੈ।'

੨੯੨

ਬੀਤੇ ਦਿਨਾਂ ਦੇ ਮੇਘ ਮੇਰੇ ਜੀਵਨ ਵਿਚ ਘੁੰਮਦੇ ਘੁੰਮਾਂਦੇ ਆਉਂਦੇ ਹਨ ਪਰ ਹੁਣ ਮੀਂਹ ਬਰਸਾਣ ਨਹੀਂ ਆਉਂਦੇ, ਨਾ ਹੀ ਉਹ ਅੰਧੇਰੀ ਝੱਖੜ ਦੀ ਸੂਚਨਾ ਦਿੰਦੇ ਹਨ। ਉਹ ਹੁਣ ਮੇਰੇ ਛਿਪਦੇ ਸੂਰਜ ਵਾਲੇ ਆਕਾਸ਼ ਨੂੰ ਰੰਗਣ ਲਈ ਆਉਂਦੇ ਹਨ।

੨੯੩

ਸਚਾਈ ਆਪਣੇ ਵਿਰੁਧ ਇਕ ਅੰਧੇਰੀ ਪੈਦਾ ਕਰ ਲੈਂਦੀ ਹੈ ਤੇ ਇਹ ਅੰਧੇਰੀ ਹੀ ਉਸ ਦੇ ਬੀਜਾਂ ਨੂੰ ਦੂਰ ਦੂਰ ਖਿੰਡਾ ਦੇਂਦੀ ਹੈ।

੨੯੪

ਬੀਤੀ ਰਾਤ ਦੇ ਤੂਫ਼ਾਨ ਨੇ ਅਜ ਦੀ ਪ੍ਰਭਾਤ ਨੂੰ ਸੁਨਹਿਰੀ ਸ਼ਾਂਤੀ ਦਾ ਤਾਜ ਪਹਿਨਾ ਦਿਤਾ ਹੈ।

੨੯੫

ਮਾਲੂਮ ਹੁੰਦਾ ਹੈ ਕਿ ਸਚਾਈ ਆਪਣੇ ਅੰਤਮ ਸ਼ਬਦ ਰਾਹੀਂ ਆਉਂਦੀ ਹੈ ਪਰ ਇਹੋ ਅੰਤਮ ਸ਼ਬਦ ਇਸ ਤੋਂ ਅਗਲੇ ਸ਼ਬਦ ਨੂੰ ਜਨਮ ਦੇਂਦਾ ਹੈ।

੨੯੬

ਉਹ ਮਨੁਖ ਧੰਨ ਹੈ ਜਿਸ ਦੀ ਪ੍ਰਸਿੱਧੀ ਉਸਦੀ ਅਸਲੀਅਤ ਤੋਂ ਵਧੇਰੇ ਫੈਲੀ ਹੋਈ ਨਹੀਂ।

੨੯੭

ਜਦੋਂ ਮੈਂ ਆਪਣੇ ਆਪ ਨੂੰ ਭੁਲ ਜਾਂਦਾ ਹਾਂ ਤੇ ਮੇਰੇ ਦਿਲ ਨੂੰ ਤੇਰੇ ਨਾਮ ਦੀ ਮਿਠਾਸ ਹੀ ਭਰਦੀ ਹੈ। ਜਿਵੇਂ ਕਿ ਤੇਰਾ ਪ੍ਰਭਾਤ ਦਾ ਸੂਰਜ, ਧੁੰਦ ਦੇ ਮਿਟ ਜਾਣ ਤੇ ਧਰਤੀ ਨੂੰ ਚਾਨਣ-ਭਰਪੂਰ ਕਰਦਾ ਹੈ।

੨੯੮

ਖਾਮੋਸ਼ ਰਾਤ ਵਿਚ ਮਾਤਾ ਵਾਲੀ ਮਨੋਹਰਤਾ ਤੇ ਸ਼ੋਰ-ਭਰੇ ਦਿਨ ਵਿਚ ਬਾਲਕ ਦੀ ਸੁੰਦਰਤਾ ਮਾਲੂਮ ਦਿੰਦੀ ਹੈ।

੨੯੯

ਜਦੋਂ ਮਨੁਖ ਮੁਸਕ੍ਰਾਇਆ ਤਾਂ ਸੰਸਾਰ ਨੇ ਉਸ ਨਾਲ ਪ੍ਰੇਮ ਕੀਤਾ ਜਦੋਂ ਉਹ ਖਿੜ ਖਿੜਾ ਕੇ ਜ਼ੋਰ ਨਾਲ ਹੱਸਿਆ ਤਾਂ ਸੰਸਾਰ ਇਸ ਤੋਂ ਡਰ ਗਿਆ।

੩੦੦

ਰੱਬ ਇਸ ਗੱਲ ਦੀ ਉਡੀਕ ਵਿਚ ਹੈ ਕਿ ਮਨੁੱਖ ਸਿਆਣਪ ਵਿਚ ਆਪਣੇ ਬਚਪਨ ਨੂੰ ਮੁੜ ਜਿਵਾਲ ਸਕੇ।

੩੦੧

ਪ੍ਰਭੂ! ਮੈਨੂੰ ਇਸ ਗੱਲ ਦਾ ਅਨੁਭਵ ਕਰਨ ਦੇ ਕਿ ਸੰਸਾਰ ਤੇਰਾ ਸਾਕਾਰ ਪ੍ਰੇਮ ਹੈ। ਤਾਂ ਮੇਰੀ ਪ੍ਰੀਤਿ ਵੀ ਇਸ ਦੀ ਸਹਾਇਤਾ ਕਰੇਗੀ।

੩੦੨

ਤੇਰਾ ਸੂਰਜ-ਪ੍ਰਕਾਸ਼ ਬਸੰਤੀ ਫੁਲਾਂ ਬਾਬਤ ਨਿਸਚਿੰਤ ਹੋਇਆ ਹੋਇਆ, ਮੇਰੇ ਦਿਲ ਦੇ ਸ਼ੀਤ-ਕਾਲ ਤੇ ਮੁਸਕ੍ਰਾ ਰਿਹਾ ਹੈ।

੩੦੩

ਈਸ਼ਵਰ ਆਪਣੇ ਪ੍ਰੇਮ ਵਿਚ ਸੀਮਾ ਵਾਲੀਆਂ ਸ਼ੈਆਂ ਨੂੰ ਛੁੰਹਦਾ ਹੈ ਤੇ ਮਨੁੱਖ ਅਸੀਮ ਅਨੰਤ ਨੂੰ।

੩੦੪

ਪੂਰਣਤਾ ਦੀ ਘੜੀ ਨੂੰ ਹਾਸਲ ਕਰਨ ਲਈ ਤੂੰ ਵਰ੍ਹਿਆਂ ਤੋਂ ਵੀਰਾਨ

ਰੇਤ ਥਲਾਂ ਨੂੰ ਪਿਆ ਗਾਹੁੰਦਾ ਹੈਂ।

੩੦੫

ਈਸ਼ਵਰ ਦਾ ਮੌਨ-ਮਨੁਖੀ ਵੀਚਾਰਾਂ ਦੇ ਸਿੱਟਿਆਂ ਨੂੰ ਪਕਾ ਕੇ ਬਾਹਰ ਕੱਢਦਾ ਹੈ।

੩੦੬

ਹੇ ਅਨੰਤ ਪਾਂਧੀ! ਤੂੰ ਆਪਣੇ ਪੈਰ-ਚਿਤ੍ਰ ਮੇਰੇ ਗੀਤਾਂ ਵਿਚ ਤਕੇਂਗਾ।

੩੦੭

ਪਿਤਾ! ਤੂੰ ਆਪਣੀ ਮਹਿਮਾ ਆਪਣੇ ਬੱਚਿਆਂ ਵਿਚ ਜ਼ਾਹਰ ਕਰਦਾ ਹੈਂ, ਮੈਨੂੰ ਅਜੇਹੀ ਸੋਝੀ ਦੇ ਕਿ ਮੈਂ ਤੈਨੂੰ ਲੱਜਿਤ ਨ ਕਰਾਂ।

੩੦੮

ਦਿਨ ਪ੍ਰਸੰਨਤਾ-ਹੀਣ ਹੈ, ਤਿਊੜੀਆਂ-ਚੜ੍ਹੇ ਬੱਦਲਾਂ ਹੇਠ ਚਾਨਣ ਏਸ ਤਰ੍ਹਾਂ ਹੈ ਜਿਵੇਂ ਕੋਈ ਮਾਰਿਆ ਕੁਟਿਆ ਬੱਚਾ ਹੁੰਦਾ ਹੈ ਜਿਸ ਦੀਆਂ ਪੀਲੀਆਂ ਗੱਲ੍ਹਾਂ ਉਤੇ ਅਜੇ ਵੀ ਹੰਝੂਆਂ ਦੇ ਨਿਸ਼ਾਨ ਬਾਕੀ ਹਨ।

ਪੌਣ ਦੀ ਗਰਜ ਪੀੜਤ ਸੰਸਾਰ ਦੀ ਕੁਰਲਾਹਟ ਵਾਂਗ ਹੈ ਲੇਕਿਨ ਮੈਂ ਜਾਣਦਾ ਹਾਂ ਕਿ ਮੈਂ ਆਪਣੇ ਮਿਤ੍ਰ ਨੂੰ ਮਿਲਣ ਲਈ ਜਾ ਰਿਹਾ ਹਾਂ।

੩੦੯

ਅਜ ਰਾਤ ਸਮੇਂ ਤਾੜ ਦੀਆਂ ਪੱਤੀਆਂ ਅਚੱਲ ਹਨ, ਸਮੁੰਦਰ ਵਿਚ ਉਛਾਲਾ ਹੈ ਤੇ ਪੂਰਾ ਚੰਨ ਸੰਸਾਰ ਦੀ ਦਿਲੀ ਧੜਕਣ ਵਾਂਗ ਮਾਲੂਮ ਦੇਂਦਾ ਹੈ। ਕਿਸ ਅਣਜਾਤੇ ਅਕਾਸ਼ ਤੋਂ, ਤੂੰ ਆਪਣੀ ਖਾਮੋਸ਼ੀ ਵਿਚ ਪ੍ਰੀਤਿ ਦਾ ਪੀੜਾ-ਭਰਪੂਰ ਰਹੱਸ ਲੈ ਕੇ ਆਇਆ ਹੈਂ ?

੩੧੦

ਮੈਂ ਇਕ ਅਜੇਹੇ ਸਤਾਰੇ ਦਾ, ਇਕੋ ਅਜੇਹੇ ਪ੍ਰਕਾਸ਼-ਪੂਰਣ ਟਾਪੂ ਦਾ, ਸੁਪਨਾ ਤੱਕ ਰਿਹਾ ਹਾਂ ਜਿਥੇ ਮੇਰਾ ਜਨਮ ਹੋਵੇਗਾ, ਉਥੇ ਪੂਰੀ ਤਰ੍ਹਾਂ ਮੇਰਾ ਜੀਵਨ ਇਸ ਤਰ੍ਹਾਂ ਆਪਣੇ ਕੰਮਾਂ ਨੂੰ ਸਫ਼ਲ ਬਣਾਏਗਾ ਜਿਵੇਂ ਸਰਦ ਰੁਤ ਦਾਂ ਸੂਰਜ ਧਾਨ ਦੇ ਖੇਤਾਂ ਨੂੰ ਪਕਾਉਂਦਾ ਹੈ।

੩੧੧

ਮੀਂਹ ਨਾਲ ਭਿਜੀ ਹੋਈ ਧਰਤੀ ਦੀ ਮਹਿਕ ਬੇਅਵਾਜ਼ ਤੇ ਮਾਮੂਲੀ ਭੀੜ ਦੀ ਪ੍ਰਸ਼ੰਸਾ ਦੀ ਧੁਨ ਵਾਂਙ ਉਤਾਂਹ ਉਠ ਰਹੀ ਹੈ।

੩੧੨

ਅਸੀਂ ਇਹ ਕਦੀ ਨਹੀਂ ਮੰਨ ਸਕਦੇ ਕਿ ਪਿਆਰ ਕਦੀ ਹਾਰਦਾ ਵੀ ਹੈ।

੩੧੩

ਕਿਸੇ ਦਿਨ ਨੂੰ ਅਸੀਂ ਜਾਣ ਜਾਵਾਂਗੇ ਕਿ ਮੌਤ ਸਾਡੀ ਆਤਮਾ ਦੀ ਦੌਲਤ ਨੂੰ ਨਹੀਂ ਚੁਰਾ ਸਕਦੀ। ਉਹ ਤੇ ਉਨ੍ਹਾਂ ਚੀਜ਼ਾਂ ਤੇ ਹੀ ਅਧਿਕਾਰ ਜਮਾ ਸਕਦੀ ਹੈ, ਜੋ ਉਸ ਜੇਹੀਆਂ ਹੀ ਹੋਣ।

੩੧੪

ਈਸ਼ਵਰ ਮੇਰੇ ਪਿਛਲੇ ਸਮੇਂ ਦੇ ਸੰਭਾਲ-ਰਖੇ ਤਾਜ਼ਾ ਫੁਲਾਂ ਨੂੰ ਲੈ ਕੇ ਹੀ ਧੁੰਦਲੀ ਸ਼ਾਮ ਦੇ ਵੇਲੇ ਮੇਰੇ ਕੋਲ ਆਉਂਦਾ ਹੈ।

੩੧੫

ਜਦੋਂ ਮੇਰੇ ਜੀਵਨ ਦੀਆਂ ਤਾਰਾਂ ਇਕ-ਸੁਰ ਹੋ ਜਾਣਗੀਆਂ, ਤਾਂ ਮੇਰੇ ਸੁਆਮੀ! ਤੁਹਾਡੀ ਹਰ ਛੁਹ ਨਾਲ ਪ੍ਰੀਤ-ਤਰਾਨਾ ਛਿੜੇਗਾ।

੩੧੬

ਹੇ ਪ੍ਰਭੂ! ਮੈਨੂੰ ਸਚਾਈ-ਭਰਿਆ ਜੀਵਨ ਬਸਰ ਕਰਨ ਦੇ, ਜਿਸ ਕਰਕੇ ਮੇਰੀ ਮੌਤ ਵੀ ਮੇਰੇ ਲਈ ਸੱਚ ਹੋਵੇ।

੩੧੭

ਮਨੁੱਖੀ ਇਤਿਹਾਸ, ਤ੍ਰਿਸਕਾਰੇ ਮਨੁੱਖ ਦੀ ਕਾਮਯਾਬੀ ਦੀ ਬੜੇ ਠਰ੍ਹੰਮੇ ਨਾਲ ਉਡੀਕ ਕਰ ਰਿਹਾ ਹੈ।

੩੧੮

ਕੱਟੇ ਗਏ ਸੁੰਞੇ ਖੇਤ ਉਤੇ ਪ੍ਰਭਾਤ ਵੇਲੇ ਪੈ ਰਹੀ ਸੂਰਜ-ਜੋਤੀ ਵਾਂਙ ਮੈਂ ਆਪਣੇ ਦਿਲ ਉਤੇ ਤੇਰੇ ਪ੍ਰਕਾਸ਼ ਨੂੰ ਇਸ ਘੜੀ ਅਨੁਭਵ ਕਰ ਰਿਹਾ ਹਾਂ।

੩੧੯

ਮੈਂ ਇਸ ਸ਼ੋਰ-ਸ਼ਰਾਬੇ ਭਰੇ ਸਾਗਰ ਨੂੰ ਪਾਰ ਕਰਕੇ ਉਸ ਗੀਤਾਂ ਦੇ ਟਾਪੂ ਵਿਚ ਪਹੁੰਚਣ ਦੀ ਲੋਚਨਾ ਕਰ ਰਿਹਾ ਹਾਂ।

੩੨੦

ਛਿਪਦੇ ਸੂਰਜ ਦੇ ਸੰਗੀਤ ਵਿਚੋਂ ਰਾਤ ਦਾ ਅਰੰਭ ਹੁੰਦਾ ਹੈ, ਇਹ ਸੰਗੀਤ ਅਕਥਨੀਜ ਅੰਧਕਾਰ ਦਾ ਸਤੋਤ੍ਰ ਹੈ।

੩੨੧

ਮੈਂ ਪ੍ਰਸਿੱਧੀ ਦੀ ਆਖ਼ਰੀ ਚੋਟੀ ਤੇ ਚੜ੍ਹ ਚੁਕਿਆ ਹਾਂ, ਪਰ ਇਸ ਵੈਰਾਨ ਤੇ ਬੰਜਰ ਪ੍ਰਦੇਸ ਵਿਚ ਮੈਨੂੰ ਆਸਰਾ ਨਹੀਂ ਮਿਲਿਆ। ਮੇਰੇ ਸੁਆਮੀ! ਦਿਨ ਦੇ ਛੁਪਾ ਤੋਂ ਪਹਿਲਾਂ ਹੀ ਮੈਨੂੰ ਉਸ ਸ਼ਾਂਤੀ ਦੀ ਵਾਦੀ ਵਿਚ ਪਹੁੰਚਾ ਦੇ ਜਿਥੇ ਜੀਵਨ ਦੀ ਖੇਤੀ ਗਿਆਨ ਦੇ ਸੁਨਹਿਰੀ ਸਿਟਿਆਂ ਨਾਲ ਪੱਕਦੀ ਹੈ।

੩੨੨

ਸ਼ਾਮ ਦੇ ਘੁਸਮੁਸੇ ਵਿਚ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਅਜੀਬ ਦਿਖਾਈ ਦੇਂਦੀਆਂ ਹਨ, ਮੀਨਾਰਾਂ ਦੀਆਂ ਨੀਹਾਂ ਅਨ੍ਹੇਰੇ ਵਿਚ ਖੋ ਗਈਆਂ ਹਨ, ਬਿਰਛਾਂ ਦੀਆਂ ਚੋਟੀਆਂ ਸਿਆਹੀ ਦੇ ਧੱਬਿਆਂ ਵਾਂਙ ਮਾਲੂਮ ਦੇਂਦੀਆਂ ਹਨ। ਮੈਂ ਪ੍ਰਭਾਤ ਦੀ ਉਡੀਕ ਕਰਾਂਗਾ ਤੇ ਉਸੇ ਦੀ ਰੌਸ਼ਨੀ ਵਿਚ ਤੇਰੇ ਸ਼ਹਿਰ ਨੂੰ ਤੱਕਾਂਗਾ।

੩੨੩

ਮੈਂ ਸਖਤੀਆਂ ਵੀ ਝੱਲੀਆਂ ਹਨ, ਮਾਯੂਸ ਵੀ ਹੋਇਆ ਹਾਂ। ਮੌਤ ਨਾਲ ਵੀ ਜਾਣ-ਪਛਾਣ ਕੀਤੀ ਹੈ, ਪਰ ਮੈਂ ਖੁਸ਼ ਹਾਂ ਕਿ ਮੈਂ ਇਸ ਮਹਾਨ ਸੰਸਾਰ ਵਿਚ ਹਾਂ।

੩੨੪

ਮੇਰੇ ਜੀਵਨ ਵਿਚ ਕਈ ਸੁੰਵੇ ਤੇ ਸੱਖਣੇ ਥਾਂ ਹਨ, ਇਹ ਅਜੇਹੇ ਖੁਲ੍ਹੇ ਮੈਦਾਨ ਹਨ, ਜਿਥੇ ਮੇਰੇ ਰੁਝੇਵਿਆਂ-ਭਰੇ ਦਿਨਾਂ ਨੂੰ ਹਵਾ ਤੇ ਰੌਸ਼ਨੀ ਮਿਲਦੀ ਰਹੀ ਹੈ।

੩੨੫

ਹੇ ਪ੍ਰਭੂ ! ਮੇਰੇ ਇਹੀ ਅੰਤਮ ਸ਼ਬਦ ਹੋਣ, 'ਮੈਨੂੰ ਤੇਰੇ ਪ੍ਰੇਮ ਵਿਚ ਪੂਰਨ ਵਿਸ਼ਵਾਸ ਹੈ।'

❖ ❖ ❖

ਟੈਗੋਰ ਜੀਵਨ - ਘਟਨਾਵਲੀ

1861 - 6 ਮਈ ਦਿਨ ਸੋਮਵਾਰ, ਪਿਤਾ ਸ੍ਰੀ ਦੇਵਿੰਦਰਨਾਥ ਤੇ ਮਾਤਾ ਸ਼ਾਰਦਾ ਦੇਵੀ ਦੇ ਘਰ ਕਲਕੱਤੇ ਜਨਮ। ਬਾਬਾ ਦੁਆਰਕਾਨਾਥ ਬਹੁਤ ਵੱਡਾ ਜ਼ਿਮੀਦਾਰ ਸੀ, ਯੂਰਪ ਦਾ ਸੈਲਾਨੀ ਸੀ, ਦਾਨਾ ਤੇ ਦਾਨੀ, ਸੀ ਬ੍ਰਾਹਮਣ ਪਰ 'ਠਾਕੁਰ' (ਰਈਸ) ਕਰਕੇ ਬੁਲਾਇਆ ਜਾਂਦਾ ਸੀ। ਇਸੇ ਠਾਕੁਰ ਪਦ ਤੋਂ ਟੈਗੋਰ ਨਾਂ ਬਣਿਆ।

1863 - ਪਿਤਾ ਦੇਵਿੰਦਰਨਾਥ ਨੇ ਬੋਲਪੁਰ ਲਾਗੇ ਛੇ ਏਕੜ ਜ਼ਿਮੀਨ ਖਰੀਦੀ, ਜਿਥੇ ਅੱਜਕਲੁ 'ਸ਼ਾਂਤੀ ਨਿਕੇਤਨ' ਹੈ।

1873 - ਹਿਮਾਲਾ, ਪ੍ਰੇਮੀ ਰਿਸ਼ੀ ਦੇਵਿੰਦਰ ਨਾਥ ਅੰਮ੍ਰਿਤਸਰ ਆਏ, ਮਹੀਨਾ ਠਹਿਰੇ ਬਾਲਕ ਰਵਿੰਦਰ ਨਾਲ ਸੀ ਤੇ ਪਿਛੋਂ ਡਲਹੌਜ਼ੀ ਵੀ ਚਾਰ ਮਹੀਨੇ ਰਹੇ

1874 - ਸ਼ੇਕਸਪੀਅਰ ਦੇ ਨਾਟਕ 'ਮੈਕਬੈਥ' ਦਾ ਬੰਗਾਲੀ ਤਰਜਮਾ ਕੀਤਾ।

1878 - ਆਪਣੇ ਵੱਡੇ ਭਾਈ ਸਤੇਂਦਰ ਨਾਥ ਪਾਸ ਅਹਿਮਾਦਾਬਾਦ ਗਿਆ ਤੇ ਉਥੋਂ ਨਾਲ ਹੀ ਵਲੈਤ, ਕਾਲਜ ਵਿਚ ਪੜ੍ਹਾਈ ਕੀਤੀ। 1880 ਵਿਚ ਵਾਪਸ ਆਇਆ।

1883 - 2 ਦਸੰਬਰ ਮ੍ਰਿਣਾਲਨੀ ਦੇਵੀ ਨਾਲ ਵਿਆਹ ਕੀਤਾ।

1884 - ਬ੍ਰਹਿਮੋਸਮਾਜ ਦਾ ਸਕੱਤਰ ਥਾਪਿਆ ਗਿਆ।

1890 - 23 ਅਗਸਤ - ਇੰਗਲੈਂਡ, ਫਰਾਂਸ ਤੇ ਇਟਲੀ ਆਦਿ ਦੌਰਾ

1891 - ਸ਼ਾਂਤੀ ਨਿਕੇਤਨ ਦਾ ਮੰਦਰ ਤਿਆਰ, 'ਸਾਧਨਾ' ਪੱਤ੍ਰਿਕਾ ਚਲਾਈ।

1897 - ਬੰਗਾਲ ਕਾਨਫ੍ਰੰਸ ਵਿਚ ਹਿਸਾ ਲਿਆ, ਕਵੀ ਦਾ ਖਿਆਲ ਸੀ ਕਿ ਸਾਰੀ ਕਾਰਵਾਈ ਬੰਗਾਲੀ ਵਿਚ ਹੋਵੇ ਪਰ ਇਹ ਅੰਗ੍ਰੇਜ਼ੀ ਵਿਚ ਹੀ ਹੋਈ।

1901 - 'ਬੰਗਲਾ ਦਰਸ਼ਨ' ਪੱਤ੍ਰ ਚਲਾਇਆ, ਪੁਰਾਣਾ ਸ਼ਹਿਰੀ ਘਰ ਛੱਡ ਕੇ ਸ਼ਾਂਤੀ ਨਿਕੇਤਨ ਆ ਨਿਵਾਸ ਕੀਤਾ।

1902 - 13 ਨਵੰਬਰ ਪਤਨੀ ਦਾ ਦੇਹਾਂਤ, ਮਾਇਕ ਔਕੜ ਕਾਰਣ ਪੁਰੀ ਵਾਲਾ ਘਰ ਵੇਚਿਆ।

1905 - 9 ਜਨਵਰੀ ਪਿਤਾ ਜੀ ਦਾ ਦੇਹਾਂਤ। 8 ਮਾਰਚ 1874 ਮਾਤਾ ਦਾ ਦੇਹਾਂਤ

1907 - ਰਿਸ਼ੀ ਅਰਬਿੰਦੂ ਘੋਸ਼ ਦੇ ਹੱਕ ਵਿੱਚ ਲੇਖ ਲਿਖੇ ਤੇ ਇਕ ਲੰਮੀ ਕਵਿਤਾ।

1909 - ਕਵੀ ਦਾ ਸਪੁੱਤਰ ਰਾਠਿੰਦਰਨਾਥ ਅਮ੍ਰੀਕਾ ਤੋਂ ਵਿਦਿਆ ਪਾ ਕੇ ਵਾਪਸ ਦੇਸ਼ ਆਇਆ।

1910 - ਬੰਗਾਲੀ ਵਿੱਚ 'ਗੀਤਾਂਜਲੀ' ਗੀਤ-ਸੰਗ੍ਰਹਿ ਛਾਪਿਆ।

1912 - 'ਬੰਗ ਸਾਹਿਤ ਪਰਿਸ਼ਦ' ਨੇ ਕਵੀ ਦੀ ਜੁਬਲੀ ਮਨਾਈ, ਸਨਮਾਨ ਦਿੱਤਾ। ਚੋਣਵੇਂ ਗੀਤਾਂ ਦਾ ਅੰਗ੍ਰੇਜ਼ੀ ਅਨੁਵਾਦ 'ਗੀਤਾਂਜਲੀ' ਨਾਂ ਹੇਠ ਤਿਆਰ ਹੋਇਆ। ਕਵੀ 27 ਅਕਤੂਬਰ ਨੂੰ ਇੰਗਲੈਂਡ ਤੋਂ ਅਮ੍ਰੀਕਾ ਰਵਾਨਾ ਹੋਇਆ।

1913 - ਹਾਰਵਰਡ ਯੂਨੀਵਰਸਿਟੀ ਵਿਚ ਲੈਕਚਰ ਦਿੱਤੇ ਜੋ 'ਸਾਧਨਾ' ਨਾਂ ਹੇਠ ਛਪੇ। ਸਤੰਬਰ ਵਿਚ ਦੇਸ਼ ਵਾਪਸ। 13 ਨਵੰਬਰ ਨੋਬਲ ਪੁਰਸਕਾਰ ਮਿਲਣ ਦੀ ਇਤਲਾਹ ਮਿਲੀ। ਸਾਹਿਤ-ਪ੍ਰੇਮੀਆਂ ਵਧਾਈਆਂ ਦਿੱਤੀਆਂ, ਜਸ਼ਨ ਮਨਾਇਆ ਤੇ ਕਲਕੱਤਾ ਯੂਨੀਵਰਸਿਟੀ ਨੇ ਡਾਕਟ੍ਰੇਟ ਦੀ ਡਿਗਰੀ ਪ੍ਰਦਾਨ ਕੀਤੀ।

1914 - ਲਾਰਡ ਕਾਰਮਾਇਕਲ 29 ਜਨਵਰੀ ਨੂੰ ਨੋਬਲ ਪੁਰਸਕਾਰ ਦੇਣ ਹਿਤ ਆਪ ਕਲਕੱਤੇ ਆਏ।

1915 - ਮਹਾਤਮਾ ਗਾਂਧੀ ਤੇ ਕਸਤੂਰਾ ਬਾਈ ਸ਼ਾਂਤੀ ਨਿਕੇਤਨ ਆਏ ਅਤੇ ਹਿੰਦ ਸਰਕਾਰ ਨੇ 'ਸਰ' ਦਾ ਖ਼ਿਤਾਬ ਦਿੱਤਾ।

1916 - ਕਵੀਰਾਜ ਦੀ ਸਮੂੰਹ ਬੰਗਾਲੀ ਰਚਨਾਵਲੀ ਦਸ ਜਿਲਦਾਂ ਵਿਚ ਛਾਪੀ ਗਈ। ਜਾਪਾਨ ਤੇ ਅਮ੍ਰਿਕਾ ਦਾ ਦੌਰਾ, ਮਾਰਚ 1917 ਵਿਚ ਵਾਪਸ।

1919 - ਦੱਖਣੀ ਪ੍ਰਾਂਤਾਂ ਦਾ ਦੌਰਾ, ਕਲੱਕਤੇ ਵਿੱਚ 'ਵਿਦਿਆ' ਬਾਰੇ ਪ੍ਰਭਾਵਸ਼ਾਲੀ ਅੰਗ੍ਰੇਜ਼ੀ ਲੈਕਚਰ ਦਿੱਤਾ। ਜੱਲ੍ਹਿਆਂ ਵਾਲੇ ਬਾਗ਼ ਦੇ ਸਾਕੇ ਕਾਰਣ 'ਸਰ' ਦਾ ਖ਼ਿਤਾਬ ਵਾਪਸ।

1920 - ਯੂਰਪ ਤੇ ਅਮ੍ਰਿਕਾ ਦਾ ਦੌਰਾ, ਥਾਂ ਥਾਂ ਲੈਕਚਰ। 1921 ਵਿਚ ਵਾਪਸੀ ਤੇ ਬਰਲਿਨ ਯੂਨੀਵਰਸਿਟੀ ਵਿਚ ਮਾਣ ਸਨਮਾਨ।

1921 - 22 ਦਸੰਬਰ 'ਵਿਸ਼ਵ ਭਾਰਤੀ' ਦੀ ਸਥਾਪਨਾ, ਪੇਂਡੂ ਜੀਵਨ ਦੀ ਸੰਭਾਲ ਹਿਤ, 'ਸ੍ਰੀ ਨਿਕੇਤਨ' ਵਿਚ 'ਗ੍ਰਾਮ ਵਿਕਾਸ ਮੰਡਲ' ਦੀ ਕਾਇਮ ਕੀਤਾ। ਲੰਕਾ ਦਾ ਦੌਰਾ।

1924 - ਚੀਨ ਦੀ ਯਾਤਰਾ। 1925-ਦੱਖਣੀ ਅਮ੍ਰਿਕਾ ਤੇ ਯੂਰਪ ਦਾ ਦੌਰਾ

1927 - ਜਾਵਾ, ਸਮਾਟਰਾ ਤੇ ਬਰਮਾ, ਸਿਆਮ ਦਾ ਦੌਰਾ।

1929 - ਯੂਰਪ ਦਾ ਦੌਰਾ, ਕੈਨੇਡਾ ਤੇ ਅਮ੍ਰਿਕਾ ਦੀ ਫੇਰੀ।

1930 - ਯੂਰਪ, ਰੂਸ ਤੇ ਅਮ੍ਰਿਕਾ ਦੀ ਯਾਤਰਾ।

1932 - ਈਰਾਨ ਯਾਤਰਾ, ਰਜ਼ਾਸ਼ਾਹ ਪਹਿਲਵੀ ਨੇ ਸਨਮਾਨ ਕੀਤਾ।

1935 - ਬਨਾਰਸ ਯੂਨੀਵਰਸਿਟੀ ਵਲੋਂ ਡਾਕਟ੍ਰੇਟ। ਵਿਦਿਆਰਥੀਆਂ ਦੀ ਕਾਨਫ੍ਰੰਸ ਤੇ ਲਾਹੌਰ ਆਏ।

1936 - ਢਾਕਾ ਯੂਨੀਵਰਸਿਟੀ ਅਤੇ ਉਸਮਾਨੀਆ ਯੂਨੀਵਰਸਿਟੀ ਵਲੋਂ ਡਾਕਟ੍ਰੇਟ ਦਾ ਸਨਮਾਨ। ਸ਼ਾਂਤੀ ਨਿਕੇਤਨ ਲਈ ਫੰਡ ਇਕੱਠਾ ਕਰਨ ਲਈ ਦੇਸ਼ ਭਰ ਦਾ ਦੌਰਾ ਕੀਤਾ।

1940 - ਆਕਸਫੋਰਡ ਯੂਨੀਵਰਸਿਟੀ ਲੰਡਨ ਵਲੋਂ ਡਾਕਟ੍ਰੇਟ ਦੀ ਡਿਗਰੀ ਸ਼ਾਂਤੀ ਨਿਕੇਤਨ ਭੇਜੀ ਗਈ। ਮਰਨ ਤੋਂ ਪਹਿਲਾਂ ਅਪਣਾ ਕਲਕੱਤੇ ਵਾਲਾ ਵੱਡਾ ਮਕਾਨ 'ਵਿਸ਼ਵ ਭਾਰਤੀ ਟ੍ਰਸਟ' ਨੂੰ ਸੌਂਪ ਦਿੱਤਾ।

1941 - ਤ੍ਰਿਪੁਰਾ ਦੇ ਮਹਾਰਾਜੇ ਵਲੋਂ 'ਭਾਰਤ ਭਾਸਕਰ' ਦੀ ਉਪਾਧੀ। ਅੱਸੀ-ਸਾਲਾ ਬਜ਼ੁਰਗ ਸਾਹਿਤਕਾਰ ਤੇ ਸਭਿਆਚਾਰ ਦਾ ਰਾਜਦੂਤ, 7 ਅਗਸਤ ਨੂੰ ਸਾਥੋਂ ਸਦਾ ਲਈ ਵਿਦਾ ਹੋ ਗਿਆ।

ਸਰਬੰਗੀ ਸਾਹਿਤਕਾਰ

ਮਹਾਂਕਵੀ ਟੈਗੋਰ ਗੀਤਕਾਰ ਤੋਂ ਇਲਾਵਾ ਨਾਵਲਕਾਰ, ਕਹਾਣੀਕਾਰ ਤੇ ਨਿਬੰਧਕਾਰ ਵੀ ਸਨ ਪਰ ਨਾਟਕਕਾਰ ਸਭ ਤੋਂ ਵੱਧ। ਬੰਗਾਲੀ ਵਿੱਚ ਉਨ੍ਹਾਂ ਦੇ ਚਾਰ ਦਰਜਨ ਨਾਟਕ ਮਿਲਦੇ ਹਨ, ਜਿਵੇਂ ਕਿ- ਬਾਲਮੀਕਿ ਪ੍ਰਤਿਭਾ, ਰੁਦ੍ਰਦੰਡ, ਕਾਲ ਮ੍ਰਿਗਯਾ, ਪ੍ਰਕ੍ਰਿਤਿਰ ਪ੍ਰਤਿਸ਼ੋਧ, ਨਲਿਨੀ, ਸਯਾਰ ਖੇਲਾ, ਰਾਜਾ ਓ ਰਾਨੀ, ਵਿਸਰਜਨ, ਗੋੜਾਇ ਗਲਦ, ਬੈਕੁੰਠੇਰ ਖਾਤਾ, ਕਾਹਨੀ, ਹਾਸ ਕੌਂਤਕ, ਵਿਅੰਗ ਕੌਂਤਕ, ਸ਼ਰਦੋਤਸਵ, ਮੁਕਟ, ਪ੍ਰਾਯਸ਼ਚਿਤ, ਰਾਜਾ, ਡਾਕਘਰ, ਮਾਲਨੀ, ਵਿਦਾਯ ਅਭਿਸ਼ਾਪ, ਅਚਲਾਯਤਨ (ਗੁਰੂ), ਫਾਲਗੁਨੀ, ਰਿਣ ਸ਼ੋਧ, ਮੁਕਤਧਾਰਾ, ਬਸੰਤ, ਗ੍ਰਿਹ ਪ੍ਰਵੇਸ਼, ਚਿਰ ਕੁਮਾਰ ਸਭਾ, ਸ਼ੋਧ ਬੋਧ, ਨਟੀਰ ਪੂਜਾ, ਰਕਤ ਕਰਬੀ, ਰਿਤੂ ਰੰਗ, ਸ਼ੋਧ ਸ਼ਿਕਸਾ, ਪਰਿਤ੍ਰਾਣ, ਤਾਪਤੀ, ਨਵੀਨ (ਸ਼ਾਪ ਮੋਚਨ), ਕਾਲੇਰ ਯਾਤਰਾ, ਚੰਡਾਲਿਕਾ, ਤਾਸੇਰ ਦੇਸ, ਬਾਂਸਰੀ, ਸ੍ਰਾਵਣ ਗਾਥਾ, ਚਿਤ੍ਰਾਂਗਦਾ, ਸਿਆਮ, ਮੁਕਤੀਰ ਉਪਾਯ, ਰਿਤੂ ਉਤਸ਼ਵ ਆਦਿ।

ਇਨ੍ਹਾਂ ਵਿਚੋਂ ਕਈ ਨਾਟਕਾਂ ਦਾ ਅੰਗ੍ਰੇਜ਼ੀ ਰੂਪਾਂਤਰ ਵੀ ਹੋਇਆ ਜਿਵੇਂ ਕਿ ਪੋਸਟ ਆਫਿਸ, ਚਿਤ੍ਰਾ, ਚੰਡਾਲਿਕਾ, ਨਟੀਰ ਪੂਜਾ, ਮੁਕਤਧਾਰਾ ਆਦਿ। (ਸੂਚੀਕਾਰ-ਗੁਰਨੇਕ ਸਿੰਘ ਤਾਜ)

ਰਾਸ਼ਟਰੀ ਗੀਤ

ਜਨ ਗਣ ਮਨ ਅਧਿਨਾਇਕ ਜਯ ਹੇ, ਭਾਰਤ ਭਾਗਯ ਵਿਧਾਤਾ।
ਪੰਜਾਬ, ਸਿੰਧ, ਗੁਜਰਾਤ, ਮਰਾਠਾ, ਦ੍ਰਾਵੜ, ਉਤਕਲ, ਬੰਗ।
ਵਿੰਧਯ, ਹਿਮਾਚਲ, ਯਮੁਨਾ, ਗੰਗਾ, ਉੱਛਲ ਜਲਧਿ ਤਰੰਗ।
ਤਵ ਸ਼ੁਭ ਨਾਮੇ ਜਾਗੇ, ਤਵ ਸ਼ੁਭ ਆਸ਼ਿਸ ਮਾਂਗੇ, ਗਾਏ ਤਵ ਜਯ-ਗਾਥਾ।
ਜਨ ਗਣ ਮੰਗਲ ਦਾਯਕ ਜਯ ਹੇ, ਭਾਰਤ ਭਾਗਯ ਵਿਧਾਤਾ।
ਜੈ ਹੇ, ਜੈ ਹੇ, ਜੈ ਹੇ, ਜੈ ਜੈ ਜੈ ਜੈ ਹੇ, ਭਾਰਤ ਭਾਗਯ ਵਿਧਾਤਾ।

ਅੰਤਿਕਾ -

<u>ਬੰਗਾਲ ਤੇ ਪੰਜਾਬ</u> :- ਹੁਗਲੀ ਦਰਿਆ ਬੜਾ ਸ਼ੁਗਲੀ ਤੇ ਵਿਸ਼ਾਲ-ਚਿਤ ਹੈ, ਜਿਸਨੇ ਕਲਕੱਤੇ ਨੂੰ ਕਲਿੰਗੜੀ ਵਿਚ ਲਿਆ ਹੋਇਆ ਹੈ। ਇਸਦੇ ਕਿਨਾਰਿਆਂ ਤੇ ਸੰਤ ਸਾਧੂ, ਕਲਾਕਾਰ ਗਵਈਏ ਤੇ ਪ੍ਰੇਮੀ ਜੋੜੇ ਸਦਾ ਘੁੰਮਦੇ ਦੇਖੀਦੇ ਹਨ। ਪੰਜ ਸਦੀਆਂ ਪਹਿਲਾਂ ਇਥੇ ਜਦ ਭਾਈ ਮਰਦਾਨੇ ਨੇ ਰਬਾਬ ਛੇੜੀ ਤਾਂ ਅਨੇਕਾਂ ਗਵੰਤਰੀਆਂ ਤੇ ਵਜੰਤ੍ਰੀਆਂ ਦਾ ਝੁਰਮਟ ਲਗ ਗਿਆ ਸੀ। ਗੁਰੂ ਨਾਨਕ ਸਾਹਿਬ ਤੇ ਸੁਆਮੀ ਚੈਤੰਨ ਪ੍ਰਭੂ ਦੀ ਮੁਲਾਕਾਤ ਨੇ ਰੂਹਾਨੀ ਰਿਸ਼ਤੇ ਰਾਹੀਂ ਪੰਜਾਬ ਤੇ ਬੰਗਾਲ ਨੂੰ ਸਦਾ ਲਈ ਜੋੜ ਦਿੱਤਾ। ਉਦਾਸੀ ਮਹਾਤਮਾ ਕਿਤੇ ਕਿਤੇ ਗੁਰੂ ਦੀ ਬਾਣੀ ਸੁਣਾਉਂਦੇ ਤੇ ਥਾਂ-ਥਾਂ 'ਨਾਨਕ ਨਿਰੰਕਾਰ' ਦੇ ਧੂਣੇ ਰਮਾਉਂਦੇ ਗਏ।

ਰਾਬਿੰਦਰ ਨਾਥ ਦੇ ਪਿਤਾ ਰਿਸ਼ੀ ਦੇਵਿੰਦਰ ਨਾਥ ਯਾਤਰੂ ਬਿਰਤੀ ਦੇ ਮਹਾਂਪੁਰਸ਼ ਸਨ। ਉਹ 1872 ਵਿਚ ਹਰਿਮੰਦਰ ਅੰਮ੍ਰਿਤਸਰ ਆਏ ਤੇ ਛੋਟੇ ਪੁੱਤਰ ਰਵੀ ਨੂੰ ਵੀ ਨਾਲ ਲਿਆਏ, ਲਗਭਗ ਮਹੀਨਾ-ਭਰ ਰਹੇ ਤੇ ਹਰਿਮੰਦਰ ਅਤੇ ਹਰਿਕੀਰਤਨ ਨੇ ਉਨ੍ਹਾਂ ਦਾ ਮਨ ਮੋਹ ਲਿਆ। ਕਈ ਵਾਰ ਚੰਗੇ ਰਬਾਬੀ ਆਪ ਦੇ ਨਿਵਾਸ ਉੱਤੇ ਜਾ ਕੇ ਵੀ ਸ਼ਬਦ ਸੁਣਾਉਂਦੇ ਤੇ ਆਦਰ ਸਨਮਾਨ ਪਾਉਂਦੇ। ਇਕ ਵਾਰ ਭਾਈ ਸੁੰਦਰ ਸਿੰਘ ਕੀਰਤਨ ਕਰ ਰਹੇ ਸਨ ਤਾਂ ਸੁਣ ਕੇ ਮਹਾਂਰਿਸ਼ੀ ਨੇ ਕਿਹਾ, 'ਜੇ ਮੇਰਾ ਵਸ ਚਲੇ ਤਾਂ ਇਨ੍ਹਾਂ ਨੂੰ ਉਧਾਲਕੇ ਸ਼ਾਂਤੀ ਨਿਕੇਤਨ ਲੈ ਜਾਵਾਂ।' ਇਸ ਤੋਂ ਪਿਛੋਂ ਵੀ ਸ੍ਰੀ ਦੇਵਿੰਦਰ ਨਾਥ ਕਈ ਵਾਰ ਅੰਮ੍ਰਿਤਸਰ ਤੇ ਡਲਹੌਜ਼ੀ ਆਏ ਤੇ ਆ ਕੇ ਚੋਣਵੇਂ ਸ਼ਬਦ ਲਿਖਕੇ ਲੈ ਜਾਂਦੇ ਰਹੇ, ਜੋ ਕਿ ਪਿਛੋਂ ਬ੍ਰਹਿਮੂ ਸਮਾਜ ਦੇ ਸਤਿਸੰਗਾਂ ਵਿਚ ਗਾਇਨ ਕੀਤੇ ਜਾਂਦੇ ਰਹੇ। ਰਵੀ ਬਾਬੂ ਵੀ ਇਹ ਰੂਹਾਨੀ ਗੀਤ ਸੁਣਦੇ ਤੇ ਵਜਦ ਵਿਚ ਆ ਕੇ ਆਪਣੇ ਪਾਸ ਲਿਖਦੇ ਰਹਿੰਦੇ। 'ਗਗਨ ਮੈ ਥਾਲ' ਵਾਲੀ ਆਰਤੀ ਦਾ ਭਾਵ ਉਨ੍ਹਾਂ ਇਕ ਬੰਗਾਲੀ ਗੀਤ ਵਿਚ ਗੁੰਦ ਕੇ ਸਦਾ ਲਈ ਸੰਭਾਲਿਆ। ਰਵੀ ਬਾਬੂ ਦੀ ਪਾਲਣਾ-ਪੋਸਣਾ ਕਰਨ ਵਾਲਾ ਇਕ ਪੰਜਾਬੀ ਨੌਕਰ ਲਹਿਣੂ

ਸੀ, ਇਹ ਉਸ ਨਾਲ ਸਦਾ ਖੇਡਾਂ ਕਲੋਲਾਂ ਕਰਕੇ ਬਹੁਤ ਖੁਸ਼ ਹੁੰਦੇ। ਪੰਜਾਬੀਆਂ ਸਬੰਧੀ ਉਨ੍ਹਾਂ ਆਪਣੀਆਂ 'ਯਾਦਾਂ' ਵਿੱਚ ਲਿਖਿਆ ਹੈ, 'ਪੰਜਾਬੀਆਂ' ਦਾ ਦੇਸ਼ ਭਰ ਵਿਚ ਮਾਣ ਆਦਰ ਉਸੇ ਪ੍ਰਕਾਰ ਦਾ ਹੈ, ਜੇਹਾ ਕਿ ਭੀਮ, ਅਰਜਨ ਦਾ। ਇਹ ਲੋਕ ਬੀਰ ਜੋਧੇ ਹਨ, ਇਹ ਕਈ ਵਾਰ ਭਾਵੇਂ ਜਿਤੇ ਤੇ ਭਾਵੇਂ ਹਾਰੇ, ਕਸੂਰ ਉਨ੍ਹਾਂ ਦਾ ਨਹੀਂ, ਦੁਸ਼ਮਣਾਂ ਦਾ ਹੀ ਹੁੰਦਾ ਸੀ।'

ਟੈਗੋਰ ਉਤੇ ਸਿੱਖ ਸੂਰਮਗਤੀ ਦਾ ਡੂੰਘਾ ਪ੍ਰਭਾਵ ਸੀ, ਜਿਸ ਕਰਕੇ ਉਨ੍ਹਾਂ ਗੁਰੂ ਗੋਬਿੰਦ, ਬੰਦੀ ਬੀਰ, ਸ਼ੇਸ਼ ਸ਼ਿਕਸਾ ਤੇ ਤੀਤ ਦਾਨ ਜੈਸੀਆਂ ਪੰਜ ਛੇ ਬੰਗਾਲੀ ਨਜ਼ਮਾਂ ਲਿਖੀਆਂ ਜੋ ਬੰਗਾਲ ਦੇ ਸਕੂਲਾਂ ਵਿਚ ਚਿਰਕਾਲ ਪੜ੍ਹਾਈਆਂ ਜਾਂਦੀਆਂ ਰਹੀਆਂ ਕਿਉਂਕਿ ਉਨ੍ਹਾਂ ਵਿਚ ਆਜ਼ਾਦੀ, ਨਿਰਭੈਤਾ ਤੇ ਦ੍ਰਿੜ੍ਹਤਾ ਦਾ ਸਬਕ ਸੀ। ਅਚਾਰਯ ਹਜ਼ਾਰੀ ਪ੍ਰਸਾਦ ਦ੍ਵਿਵੇਦੀ ਨੇ ਦੱਸਿਆ ਹੈ ਕਿ ਜਦ ਕਦੀ ਸ਼ਾਂਤੀ ਨਿਕੇਤਨ ਵਿਚ ਕੁਝ ਲੋਕ 'ਹਿਪ ਹਿਪ ਹੁਰਰੇ' ਦੇ ਅਵਾਜ਼ੇ ਲਾਉਂਦੇ ਤਾਂ ਗੁਰਦੇਵ ਸਦਾ ਇਹੋ ਕਹਿੰਦੇ ਕਿ 'ਗੁਰੂ ਕੀ ਫਤਿਹ' ਕਿਉਂ ਨਹੀਂ ਗਜਾਉਂਦੇ, ਇਹ ਵਧੀਆ ਸ੍ਵਦੇਸ਼ੀ ਨਾਅ੍ਰਰਾ ਹੈ। ਉਹ ਲਾਹੌਰ ਦੋ ਵਾਰ ਆਏ, ਪਹਿਲੇ 1935 ਵਿਚ ਵਿਦਿਆਰਥੀ ਕਾਨਫਰੰਸ ਦੀ ਪ੍ਰਧਾਨਗੀ ਕਰਨ ਲਈ, ਦੋ ਹਫ਼ਤੇ ਰਹੇ। ਦੂਜੀ ਵਾਰ 1936 ਵਿੱਚ ਨਾਟਕ ਪਾਰਟੀ ਲੈਕੇ ਆਏ ਤੇ ਤਿੰਨ ਚਾਰ ਦਿਨ ਠਹਿਰੇ। ਰਾਸ ਬਿਹਾਰੀ ਬੋਸ ਜੈਸੇ ਕ੍ਰਾਂਤੀਕਾਰੀ ਡੇਹਰਾਦੂਨ ਪ੍ਰੋ. ਪੂਰਨ ਸਿੰਘ ਪਾਸ ਰਹਿ ਕੇ ਬੰਬ ਬਣਾਉਂਦੇ ਰਹੇ। ਸੁਭਾਸ਼ ਬਾਬੂ ਦੀ ਹਾਮੀ ਭਰਨ ਵਾਲੇ ਕਈ ਸਿੱਖ ਨੇਤਾ ਸਨ। ਜਦ ਉਹ ਦੇਸ਼ ਤੋਂ ਫ਼ਰਾਰ ਹੋਏ ਤਾਂ ਅਨੇਕਾਂ ਅਕਾਲੀ ਆਗੂ ਲਾਹੌਰ ਕਿਲੇ ਵਿਚ ਨਜ਼ਰਬੰਦ ਕਰ ਦਿੱਤੇ ਗਏ ਸਨ। ਹੁਣ ਵੀ ਕਲਕੱਤੇ ਦੇ ਗੁਰਦੁਆਰਿਆਂ ਵਿਚ ਬੰਗਾਲ ਤੇ ਪੰਜਾਬ ਦੀ ਦੋਸਤੀ ਦਾ ਨਜ਼ਾਰਾ ਦੇਖਿਆ ਜਾ ਸਕਦਾ ਹੈ। ਸ੍ਰੀ ਸੇਨ ਗੁਪਤਾ ਨੇ ਆਪਣੇ ਅੰਗ੍ਰੇਜ਼ੀ ਲੇਖ ਵਿੱਚ ਬਿਉਰੇਵਾਰ ਇਸ ਰਿਸ਼ਤੇ ਦਾ ਚਰਚਾ ਕੀਤਾ ਹੈ। ਉਹ ਅਸਲ ਲਿਖਤ ਅੱਗੇ ਦਿੱਤੀ ਜਾ ਰਹੀ ਹੈ।

TAGORE AND PUNJAB

By D.K. Sengupta

It was not given to any other poet to receive in his life time the great appreciation from the wide world that Tagore did before his death. In Mahatma Gandhi's words "Tagore was a poet in line with Vyas and Valmiki" were the highest approbation for any Indian poet at any time, among the finest tributes to the poet came from Punjab. "What Plato and Socrates were to the ancient Western world, Rabindranath is to modern India", write Dr. Satya Pal in "Sixty Years of Congress". "The Punjab", continues the tribute" has special reasons to be eternally grateful to this standard-bearer of Indian nationalism He took a very memorable stand when Punjab was bleeding and groaning, because of the indescribable atrocities that had been committed and the ruthless repression that was carried on for a long time". If Tagore had taken a memorable stand when Punjab was bleeding and groaning, it was an expression not of tenderness and sympathy suddenly felt, but of a life-long love and admiration brought by force of events to a mounting climax.

That Punjab was given the first place among the States mentioned in the National Anthem, was not perhaps solely due to the requirements of poetic rhythm.

Child Rabindranath had the same reverence for the Punjabis as he has for Bhim and Arjun of the Mahabharata. They were warriors and if they had some times fought and lost, that was the enemy's fault.

Opportunity

An opportunity for direct contact presented itself quite unexpectedly for Rabindranath at his eleventh year when his father, while going to the Himalayas, offered to take the poet also with him. This was the first time he has an experience of travel by train. After making short halt at a few places on the way, Debendranath and Rabindranath reached Amritsar where they intended to stay for a month. About the Darbar Sahib,

Tagore wrote, "The Golden Temple of Amritsar comes back to me like a dream. Many a morning have I accompanied my father to this Guru Darbar of the Sikhs in the middle of the lake."

His father was so much impressed by the method of worship in the Golden Temple through Akhand Path and continous singing of Shabd Kirtan that in later years he adopted the same with some modification in the Brahma Mandir at Santiniketan where under his direction readings from his book "Brahmo-Dharma" and recitals of Brahma-Sangeet were included in the morning and evening service everyday. This practice was in vogue for a long time at Santiniketan.

From Amritsar they came to Dalhousie. This journey up the hills in a jhampan made a great impact on young Rabindranath's sensitive mind, and he passionately described it in his "Reminiscences." "Why, oh why, had we to leave such spots behind, cried my thirsting heart, why could we not stay on there for ever ?"

They took a house on the Bakrota Hills at Dalhousie. Rabindranath was allowed to wander about freely from one peak to another, between gorges, on the hilly tracks and in the wilderness of lordly forest trees.

In subsequent years the love of the Tagores for Punjab found an unorthodox expression. Rabindranath's niece, Sarala Devi daughter of his elder sister Swarana Kumari Devi - was married to the late Rambhaja Datta Chowdhry a well-known social reformer of Punjab, Chowdhry Rambhaja Datta, from Kanjrur Dattan, was a Barrister practising law at the Lahore High Court. He was well-known in the field of politics and social welfare.

Fierce Spirit

Tagore's narrative poems on themes based on legends from the Sikh, Marhatta and Rajput history are not commonly known outside Bengal. But in concentrated narration and patriotic fervour, these poems show Tagore as a fierce and vigorous spirit, different from the one of the wistful-mystical

poems of Gitanjli. These poems, collected in "Katha-O-Kahini", were written between the years 1897 and 1899. It would, therefore, seem that all these poems came to his mind at one time flying like a flock of birds. Only one poem, the one on Guru Gobind Singh was written about a decade earlier when he was only 27 years old. It appears, therefore, that this great poem came to him like a stray bird cleaving its lonely way in the sky of the poet's mind. Perhaps this poem was composed out of an inspiration to pay homage to the great Guru.

The poem "Bandi Vir" (The Imprisoned Hero), depicting the supreme sacrifice of Banda Vairagi, is the most popular poem among boys and girls in Bengal. In the post-Rabindranath period, Punjab is introduced to Bengali children through this poem. Apart from these two poems, other poems based on legends from the Sikh history that are well-known, include "The gift that exceeded the Prayer", "The last Lesson." and "A useless Gift."

In 1893 about October or November, Rabindranath passed a few days at "Wood Field" Simla, with his elder brother Satyendranath Tagore, the first Indian I.C.S. It is believed that during this period of stay at Simla Rabindranath had composed his poems entitled "The memory Unfaded" and "A Letter."

Jallianwala Bagh Tragedy

The history of the Jallianwala Bagh massacre is now written in words of fire on the hearts of every educated Indian. But immediately after the incident on April 13, 1919, the Press was ruthlessly gagged and no one in the country dared raise his voice of protest. Tagore, with his highly sensitive mind, was terribly shocked by the news and he became anxious to rush to Punjab. He sent Andrews to Mahatma Gandhi with the proposal that Gandhi and Tagore should enter Punjab together to break the martial law so that the attention of the entire world was focussed on the dire situation in Punjab. To the poet's utter disappointment, Andrews came back unsuccessful in his mission. Tagore was thus left to take whatever action he could on his own and he immediately renunciated the knighthood offered on him three years earlier. The letter, now a national document, which he had written to the Viceroy, Lord

Chelmsford while renunciating the title of knighthood, showed how profoundly his feelings were stirred by the inhuman atrocities perpetrated at Jallianwala Bagh, In fact, It was through the poet's voice that the dumb millions of India spoke out in dismay and helpless anger.

Next year Tagore was in Bombay on April 13 when Jallianwala Bagh was being observed under the presidentship of Mohammed Ali Jinnab, at whose request Tagore had sent a statement to be read out in the public meeting. Thereafter he went on a visit to England. The British Parliament was then debating, Jallianwala Bagh affairs. Tagore's indignation at the callcusness of the British electorate at the Indian situation was expressed in the following words :

"Parliament debates about Dyerism in Punjab and other symptoms of an arrogant spirit of contempt and callousness about India have deeply grieved me."

Devotional Songs

Tagore had composed two devotional songs on the ideas based on two well-known 'shabd kirtan' by Guru Nanak Dev.

Guru Nanak Dev's 'shabd' runs as follows :-

"Gagan Men Thall Ravi Chandra Deepak Bane,
Tarika Mandal Janak Moti,
Dhoop Mala Anlo Pavan Chavro Kara,
Sagal Banroy Phulant Jyoti."

The following was the song of Tagore based on it :

"Tare Aarti Kare Chandra Tapan, Dev Manav Vande Charan, Aaseen Se Vishva-Sarn, Taar Jagat Mandire, Anadikaal Ananta Gagan, Se Aseem Mahima-Magan,

Tay Tarang Uthe Saghan, Aananda Nanda Nanda Re."

Tagore came to Lahore twice - first on February 14, 1935 and later on March 23, 1936. During his first visit, he stayed on for two weeks as a guest of Mr. Dhani Ram Bhalla. During the second visit he was at Lahore with his ballet troupe, Chitrangada and was there for two days. He was then 74.

When one recalls Tagore's first visit to Punjab at the age of 11, one feels happy that this tie of mutual regard that bound Tagore with Punjab over a period of half a century, only became stronger with years. (The Tribune 19-5-1961)

ਨਵੀਆਂ ਪ੍ਰਕਾਸ਼ਨਾਂ

੧. ਪੰਥ ਤੇ ਪੰਥ ਦਾ ਵਾੱਲੀ : ਇਹ ਪਹਿਲੀ ਖੋਜ-ਪੁਸਤਕ ਹੈ ਜਿਸ ਵਿੱਚ ਖਾਲਸਾ ਪੰਥ ਦੀ ਉਤਪਤੀ ਤੇ ਵਿਕਾਸ ਬਾਰੇ ਪ੍ਰਮਾਣਿਕ ਲਿਖਤਾਂ ਦੇ ਹਵਾਲਿਆਂ ਨਾਲ ਪ੍ਰਕਾਸ਼ ਪਾਇਆ ਗਿਆ ਹੈ। ਇਥੋਂ ਤੱਕ ਕਿ ਕਾਜ਼ੀ ਨੂਰ ਮੁਹੰਮਦ ਦੇ ਜੰਗਨਾਮੇ ਦਾ ਖੁਲਾਸਾ ਵੀ ਸ਼ਾਮਲ ਕੀਤਾ ਗਿਆ ਹੈ। ਪੰਨੇ 160, ਕੀਮਤ 60.00


੨. ਸਿੱਖ ਸੰਪ੍ਰਦਾਵਲੀ : ਇਹ ਪੁਸਤਕ ਵੀ ਵਿਲੱਖਣ ਹੈ ਜਿਸ ਵਿੱਚ ਸਿੱਖਾਂ ਦੀਆਂ ਮੋਹਰੀ ਸੰਪ੍ਰਦਾਵਾਂ - ਉਦਾਸੀ, ਨਿਰਮਲੇ, ਸੇਵਾ ਪੰਥੀ, ਦਿਵਾਨੇ, ਨਿਹੰਗ ਆਦਿ ਭੇਖਾਂ ਦਾ ਹਾਲ ਦਰਜ ਕਰਕੇ ਇਨ੍ਹਾਂ ਦੀ ਪੰਥਕ ਸੇਵਾ ਦਾ ਵਰਣਨ ਕੀਤਾ ਹੈ। ਪੰਨੇ 216, ਕੀਮਤ 100.00

੩. ਪੰਜਾਬ ਦੀ ਗੌਰਵ-ਗਾਥਾ : ਗੁਰੂਆਂ ਜਿਥੇ ਰੱਬੀ ਈਮਾਨ ਤੇ ਗੁਰੂ ਗਿਆਨ ਉਤੇ ਵਿਸ਼ਵਾਸ ਰੱਖਣਾ ਸਿਖਾਇਆ, ਉਥੇ ਇਹ ਵੀ ਦ੍ਰਿੜ ਕਰਾਇਆ ਕਿ ਆਤਮ-ਸਨਮਾਨ ਬਹੁਤ ਜ਼ਰੂਰੀ ਹੈ ਤੇ ਖਾਲਸਾ ਪੰਥ ਭਾਰਤ ਦੀ ਸਭਿਅਤਾ, ਸ੍ਵੈਮਾਨ ਤੇ ਅਣਖ ਆਣ ਲਈ ਤਿੰਨ ਸਦੀਆਂ ਤੋਂ ਸੰਗ੍ਰਾਮ ਰਚਾਉਂਦਾ ਆਇਆ, ਇਸਦੇ ਵਿਸਤਾਰ ਜਾਣਨ ਲਈ ਇਹ ਪੁਸਤਕ ਪੜ੍ਹਨਾ ਜ਼ਰੂਰੀ ਹੈ। ਪੰਨੇ 304 ਕੀਮਤ 125.00

੪. ਮਦਾਰੀ - ਦੇਸੀ ਬਿਦੇਸੀਆਂ ਸੋਲਾਂ ਕਹਾਣੀਆਂ ਦਾ ਸੁੰਦਰ ਗੁਲਦਸਤਾ, ਜੋ ਕਿ ਮਨੁੱਖ ਦੀਆਂ ਇਖਲਾਕੀ ਕੀਮਤਾਂ ਦੀ ਮਹਿਮਾ ਦਾ ਵਖਿਆਨ ਕਰਦਾ ਹੈ। ਪੰਨੇ 112, ਕੀਮਤ 40.00

੫. ਗੁਰਮੁਖੀ ਲਿਪੀ ਦਾ ਇਤਿਹਾਸ : ਅੱਖਰ ਦਾ ਗੌਰਵ ਕੀ ਹੈ, ਲਿਪੀ ਨੇ ਕਿਵੇਂ ਸਾਡੀ ਵਿਰਾਸਤ ਸੰਭਾਲਕੇ ਰੱਖੀ ਤੇ ਗੁਰਮੁਖੀ ਨੇ ਪੰਜਾਬ ਦੇ ਸਾਹਿਤ, ਇਤਿਹਾਸ ਨੂੰ ਅੱਗੇ ਤੋਰਦਿਆਂ ਕੀ ਕੀ ਰੂਪ ਧਾਰੇ ਤੇ ਕੀ ਕੀ ਕੰਮ ਕੀਤੇ। ਲਿਪੀ ਬਾਰੇ ਇਸ ਤੋਂ ਵਧੀਆ ਕਿਤਾਬ ਸ਼ਾਯਦ ਹੋਰ ਨਹੀਂ ਮਿਲੇਗੀ। (ਸਚਿੱਤਰ) ਪੰਨੇ 112, ਕੀਮਤ 40.00

ਕਲਮ ਮੰਦਿਰ, ਲੋਯਰ ਮਾਲ, ਪਟਿਆਲਾ



ਕਲਮ ਮੰਦਰ
ਲੋਅਰ ਮਾਲ, ਪਟਿਆਲਾ